








Twenty-Sixth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 40; October 3, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਘਟਨਾ ਤੋਂ ਪੰਜ ਦਿਨ ਪਹਿਲਾਂ ਰਚੀ ਗਈ ਸੀ ਲਵਲੀ ਯੂਨੀਵਰਸਿਟੀ ਵਿਚ ਹਿੰਸਾ ਦੀ ਸਾਜ਼ਿਸ਼

### ਸੋਮਵਾਰ ਦੇ ਵਾਇਰਲ ਮੈਸੇਜ 'ਤੇ ਸ਼ਨਿਚਰਵਾਰ ਨੂੰ ਭੜਕੇ ਵਿਦਿਆਰਥੀ



**ਜਲੰਧਰ:** ਫਗਵਾੜਾ ਸਥਿਤ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ.ਪੀ.ਯੂ.) ਸ਼ਨਿਚਰਵਾਰ ਰਾਤ ਤੋਂ ਸ਼ੁਰੂ ਹੋਇਆ ਹੰਗਾਮਾ ਪੁਲਿਸ ਜਾਂਚ 'ਚ ਪਹਿਲੀ ਨਜ਼ਰੇ ਇਕ ਵੱਡੀ ਸਾਜ਼ਿਸ਼ ਦਾ ਹਿੱਸਾ ਹੈ। ਪੁਲਿਸ ਦੇ ਹੱਥ ਅਜਿਹਾ ਮੈਸੇਜ ਲੱਗਾ ਹੈ, ਜੋ ਉੱਥੇ ਵੱਡੇ ਪੱਧਰ 'ਤੇ ਭੰਨਤੋੜ ਅਤੇ ਅੱਗਜ਼ਨੀ ਤੋਂ ਪੰਜ ਦਿਨ ਪਹਿਲਾਂ ਇੰਟਰਨੈੱਟ ਮੀਡੀਆ ਦੇ ਰੈਡਿਟ ਪਲੇਟਫਾਰਮ ਰਾਹੀਂ ਐੱਲਪੀਯੂ ਦੀਆਂ ਵਿਦਿਆਰਥਣਾਂ ਦੇ ਇਕ ਹੋਸਟਲ 'ਚ ਪਹੁੰਚਿਆ ਸੀ। ਇੱਥੋਂ ਹੀ ਇਹ ਪੂਰੇ ਕੈਂਪਸ 'ਚ ਵਾਇਰਲ ਕੀਤਾ ਗਿਆ। ਉਸ ਸਮੇਂ ਵਿਦਿਆਰਥੀਆਂ ਨੇ ਇਸ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਸੀ।

ਪੁਲਿਸ ਹੁਣ ਇਹ ਪਤਾ ਲਗਾਉਣ 'ਚ ਰੁੱਝੀ ਹੈ ਕਿ ਆਖ਼ਰ ਪੰਜ ਦਿਨ ਬਾਅਦ ਸ਼ਨਿਚਰਵਾਰ ਨੂੰ ਅਜਿਹਾ ਕੀ ਹੋਇਆ ਕਿ ਦੇਰ ਰਾਤ ਵਿਦਿਆਰਥੀ ਭੜਕ ਗਏ ਅਤੇ ਕੈਂਪਸ 'ਚ ਭੰਨਤੋੜ ਦੇ ਨਾਲ-ਨਾਲ ਵਾਹਨਾਂ ਨੂੰ ਅੱਗ ਲਗਾਉਣ ਲਈ ਉਤਾਰੂ ਹੋ ਗਏ। ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਵੀ ਇਸ ਗੱਲ ਨੂੰ ਮੰਨਿਆ ਹੈ ਕਿ ਮੈਸੇਜ ਵਿਦਿਆਰਥਣਾਂ ਦੇ ਹੋਸਟਲ ਤੋਂ ਹੀ ਵਾਇਰਲ ਹੋਇਆ ਸੀ। ਇਸ 'ਚ ਇਕ ਵਿਦਿਆਰਥਣ ਨਾਲ ਹੋਸਟਲ 'ਚ ਜਬਰ-ਜਨਾਹ ਅਤੇ ਦੋ ਦਿਨ ਬਾਅਦ ਉਸ ਵੱਲੋਂ ਖ਼ੁਦਕੁਸ਼ੀ ਕਰਨ ਦੀ ਗੱਲ ਕਹੀ ਗਈ ਸੀ।

ਪੁਲਿਸ ਦਾ ਸਾਈਬਰ ਸੈੱਲ ਹੁਣ ਇਸ ਮੈਸੇਜ ਨੂੰ ਵਿਦਿਆਰਥਣਾਂ ਦੇ ਹੋਸਟਲ ਤੱਕ ਪਹੁੰਚਾਉਣ ਵਾਲੇ ਦਾ ਆਈਪੀ ਐਡਰੈੱਸ ਪਤਾ ਲਗਾਉਣ 'ਚ ਰੁੱਝਾ ਹੈ। ਇਹ ਹੁੱਲੜਬਾਜ਼ੀ ਇਕ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਸੀ, ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਹੁੱਲੜਬਾਜ਼ਾਂ ਨੇ ਆਪਣੇ ਮੂੰਹ ਕਾਲੇ ਕੱਪੜਿਆਂ ਨਾਲ ਢਕੇ ਹੋਏ ਸਨ ਅਤੇ ਉਨ੍ਹਾਂ ਦੇ ਹੱਥਾਂ 'ਚ ਲੋਹੇ ਦੀਆਂ ਰਾਡਾਂ ਤੱਕ ਸਨ। ਉਹ ਮੁਜ਼ਾਹਰਾਕਾਰੀ ਵਿਦਿਆਰਥੀਆਂ ਵਿਚਾਲੇ ਆਏ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹੁੱਲੜਬਾਜ਼ੀ ਲਈ ਭੜਕਾਇਆ।

ਪੁਲਿਸ ਸੀਸੀਟੀਵੀ ਫੁਟੇਜ ਰਾਹੀਂ ਅੱਠ ਨਕਾਬਪੋਸ਼ਾਂ ਦੀ ਪਛਾਣ ਕਰਨ 'ਚ ਰੁੱਝੀ ਹੈ, ਪਰ ਨਕਾਬ ਦੇ ਪਿੱਛੇ ਲੁਕੇ ਚਿਹਰਿਆਂ ਦੀ ਪਛਾਣ ਕਰਨਾ ਪੁਲਿਸ ਲਈ ਵੱਡੀ ਚੁਣੌਤੀ ਹੈ।

ਉੱਥੇ ਹੀ, ਇਸ ਮਾਮਲੇ 'ਚ

(ਬਾਕੀ ਸਫ਼ਾ 4 'ਤੇ)

### ਮਾਮਲੇ ਦੀ ਗੰਭੀਰਤਾ ਨਾਲ ਹੋ ਰਹੀ ਹੈ ਜਾਂਚ: ਗੌਰਵ ਯਾਦਵ

**ਜਲੰਧਰ:** ਐੱਲ.ਪੀ.ਯੂ. ਕੈਂਪਸ 'ਚ ਪੁੱਜੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਦਾਅਵਾ ਕੀਤਾ ਕਿ ਯੂਨੀਵਰਸਿਟੀ ਤੇ ਇਸ ਦੇ ਆਸ- ਪਾਸ ਦੀ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਤੇ ਅਮਨ-ਕਾਨੂੰਨ ਬਣਾਈ ਰੱਖਣ ਤੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਲੋੜੀਂਦੇ ਪੁਲਿਸ ਪ੍ਰਬੰਧ ਕੀਤੇ ਗਏ ਹਨ। ਡੀਜੀਪੀ ਨੇ ਕਿਹਾ ਕਿ ਪੁਲਿਸ ਵੱਲੋਂ ਸਥਿਤੀ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ ਤੇ ਇਲਾਕੇ 'ਚ ਸ਼ਾਂਤੀ, ਸੁਰੱਖਿਆ ਤੇ ਜਨਤਕ ਵਿਵਸਥਾ ਬਣਾਈ ਰੱਖਣ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਨੇ ਸ਼ਾਂਤੀ ਬਣਾਈ ਰੱਖਣ ਤੇ ਵਿਦਿਆਰਥੀਆਂ ਦੀਆਂ ਚਿੰਤਾਵਾਂ ਦਾ ਹੱਲ ਕਰਨ

(ਬਾਕੀ ਸਫ਼ਾ 4 'ਤੇ)

## ਵੋਟਰ ਸੂਚੀਆਂ ਵਿਚ ਸੋਧ ਰੋਕਣ ਦੀ ਮੰਗ ਤੇਜ਼

### ਸਾਬਕਾ ਜਲ ਸੈਨਾ ਮੁਖੀ ਸਮੇਤ 2000 ਸ਼ਖ਼ਸੀਅਤਾਂ ਨੇ ਚੀਫ਼ ਜਸਟਿਸ ਨੂੰ ਲਿਖੀ ਚਿੱਠੀ

**ਨਵੀਂ ਦਿੱਲੀ:** ਦੇਸ਼ ਦੀਆਂ ਦੋ ਹਜ਼ਾਰ ਤੋਂ ਵੱਧ ਸ਼ਖ਼ਸੀਅਤਾਂ ਨੇ ਚੀਫ਼ ਜਸਟਿਸ ਸੂਰਿਆਕਾਂਤ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਚੋਣ ਕਮਿਸ਼ਨ ਦੀ ਵਿਸ਼ੇਸ਼ ਵਿਆਪਕ ਮੁੜ ਨਿਰੀਖਣ ਦੀ ਨਿਆਇਕ ਸਮੀਖਿਆ ਪੂਰੀ ਹੋਣ ਅਤੇ ਅਦਾਲਤ ਦਾ ਫੈਸਲਾ



ਆਉਣ ਤੱਕ ਇਸ 'ਤੇ ਰੋਕ ਲਗਾਉਣ ਦੀ ਅਪੀਲ ਕੀਤੀ ਹੈ। ਚਿੱਠੀ ਉਤੇ ਦਸਤਖ਼ਤ ਕਰਨ ਵਾਲਿਆਂ 'ਚ ਸਾਬਕਾ ਜਲ ਸੈਨਾ ਮੁਖੀ ਐਡਮਿਰਲ ਵਿਸ਼ਣੂ ਭਾਗਵਤ, ਸਾਬਕਾ ਰਾਜ ਸਭਾ ਸੰਸਦ ਮੈਂਬਰ ਅਤੇ ਪ੍ਰਸਾਰ ਭਾਰਤੀ ਦੇ ਮੁਖੀ ਜਵਾਹਰ ਸਰਦਾਰ, ਅਰਥਸ਼ਾਸਤਰੀ ਜਯਤੀ ਘੋਸ਼ ਅਤੇ ਕਮਲ ਮਲਹੋਤਰਾ, ਜੇ.ਐਨ.ਯੂ. ਦੇ ਰਿਟਾਇਰਡ ਪ੍ਰੋ. ਆਦਿਤਿਯ ਮੁਖਰਜੀ ਅਤੇ ਮਰਦੂਲਾ ਮੁਖਰਜੀ, ਸਮਾਜਿਕ ਕਾਰਕੁੰਨ ਯੋਗੇਂਦਰ ਯਾਦਵ ਤੇ ਅੰਜਲੀ ਭਾਰਦਵਾਜ ਅਤੇ ਸਾਇੰਸਦਾਨ ਗੋਹਰ ਰਜ਼ਾ ਸ਼ਾਮਿਲ ਹਨ।

ਚਿੱਠੀ 'ਤੇ ਮਨੁੱਖੀ ਹੱਕਾਂ ਦੇ ਕਾਰਕੁੰਨ ਸ਼ਬਨਮ ਹਾਸ਼ਮੀ, ਲੇਖਿਕਾ ਸੈਯਦਾ ਹਮੀਦ, ਪੱਤਰਕਾਰ ਜਿਆ ਉਸਲਾਮ, ਸਿੱਖਿਆ ਖੇਤਰ ਗਈ। ਇਸ 'ਚ ਬੈਠਕਾਂ ਦੇ ਸਿਸਟਮ, ਏਜੰਡਾ, ਫਾਈਲ ਕੋਟਿੰਗ, ਆਈ.ਆਈ-ਏਕਸੈੱਸ ਰਿਕਾਰਡ, ਫਾਰਮ 6 ਅਤੇ ਈ.ਸੀ.ਆਈ. ਨੈੱਟ ਆਦਿ ਨਾਲ ਜੁੜੇ ਰਿਕਾਰਡ ਸ਼ਾਮਿਲ ਹਨ। ਪਟੀਸ਼ਨਕਰਤਾ ਨੇ ਮੰਗ ਕੀਤੀ ਕਿ ਕਮਿਸ਼ਨ ਦੀ ਮਨਜ਼ੂਰੀ ਤੋਂ ਬਿਨਾਂ ਲਏ ਗਏ ਕਥਿਤ ਫੈਸਲਿਆਂ ਨੂੰ ਰੱਦ ਕੀਤਾ ਜਾਏ।

### ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ

**ਨਵੀਂ ਦਿੱਲੀ:** ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਲੈ ਕੇ ਸੁਪਰੀਮ ਕੋਰਟ 'ਚ ਇਕ ਹੋਰ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ 'ਚ ਇਲਜ਼ਾਮ ਲਗਾਇਆ ਗਿਆ ਹੈ ਕਿ ਚੋਣ ਕਮਿਸ਼ਨ ਦੇ ਨਾਂਅ 'ਤੇ ਕਈ ਫ਼ੈਸਲੇ ਚੋਣ ਕਮਿਸ਼ਨਰ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਦੀ ਮਨਜ਼ੂਰੀ ਤੋਂ ਬਿਨਾਂ ਲਏ ਗਏ। ਪਟੀਸ਼ਨਕਰਤਾ ਰਾਕੇਸ਼ ਕੁਮਾਰ ਨੇ ਪਟੀਸ਼ਨ 'ਚ ਕਿਹਾ ਹੈ ਕਿ

(ਬਾਕੀ ਸਫ਼ਾ 4 'ਤੇ)








# ਪ੍ਰਿੰਸੀਪਲ ਬ੍ਰਿਜਿੰਦਰ ਸਿੰਘ ਸਿੱਧੂ ਦੀ ਕਿਤਾਬ 'ਨੇੜਿਓਂ ਤੱਕੀ ਜ਼ਿੰਦਗੀ' ਰਿਲੀਜ਼






*ਫੋਟੋ 1) ਪ੍ਰਿੰਸੀਪਲ (ਰਿਟਾਇਰਡ) ਬ੍ਰਿਜਿੰਦਰ ਸਿੰਘ ਸਿੱਧੂ ਦੀ ਨਵੀਂ ਕਿਤਾਬ 'ਨੇੜਿਓਂ ਤੱਕੀ ਜ਼ਿੰਦਗੀ' ਨੂੰ ਰਿਲੀਜ਼ ਕਰਨ ਸਮੇਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਦੇ ਪ੍ਰਧਾਨ ਕੁਲਵਿੰਦਰ, ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ, ਓਰੀਐਂਟਲ ਕਾਲਜ ਯੂਨੀਵਰਸਿਟੀ ਆਫ਼ ਪੰਜਾਬ ਪਾਕਿਸਤਾਨ ਦੇ ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ, ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਸ਼ਾਇਰ ਹਰਜਿੰਦਰ ਕੰਗ ਤੇ ਲੇਖਕ ਦੇ ਸਪੁੱਤਰ ਇੰਜੀਨੀਅਰ ਅਮਰਦੀਪ ਸਿੰਘ ਸਿੱਧੂ (ਸੰਨੀ ਸਿੱਧੂ) ਤਸਵੀਰ: ਮਸੂਦ ਮੱਲ੍ਹੀ। ਫੋਟੋ 2): ਪੁਸਤਕ ਦਾ ਸਰਵਰਕ*

ਫਰੀਮਾਂਟ: ਪ੍ਰਿੰਸੀਪਲ (ਰਿਟਾਇਰਡ) ਬ੍ਰਿਜਿੰਦਰ ਸਿੰਘ ਸਿੱਧੂ ਦੀ ਕਿਤਾਬ 'ਨੇੜਿਓਂ ਤੱਕੀ ਜ਼ਿੰਦਗੀ' ਪੰਜਾਬੀ ਸਾਹਿਤ, ਭਾਸ਼ਾ, ਬੋਲੀ ਅਤੇ ਸਭਿਆਚਾਰ ਨੂੰ ਸਮਰਪਿਤ ਸਾਹਿਤਕ ਸੰਸਥਾ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਦੀ 26ਵੀਂ ਸਾਲਾਨਾ ਕਾਨਫਰੰਸ ਮੌਕੇ ਰਿਲੀਜ਼ ਕੀਤੀ ਗਈ। ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਵਲੋਂ ਪ੍ਰਕਾਸ਼ਿਤ ਇਹ ਕਿਤਾਬ ਕਾਲਮਨਵੀਸ ਵਜੋਂ ਕਾਫ਼ੀ ਪੜ੍ਹੇ ਜਾਂਦੇ ਪ੍ਰਿੰਸੀਪਲ (ਰਿਟਾਇਰਡ) ਬ੍ਰਿਜਿੰਦਰ ਸਿੰਘ ਸਿੱਧੂ ਦੇ 'ਪੰਜਾਬ ਟਾਈਮਜ਼ ਯੂ.ਐੱਸ.ਏ.' ਵਿਚ ਛਪਦੇ ਰਹੇ ਚੋਣਵੇਂ ਕਾਲਮਾਂ ਦਾ ਸੰਗ੍ਰਹਿ ਹੈ। ਪ੍ਰੋ. ਸਿੱਧੂ ਨੇ ਇਹ ਕਿਤਾਬ ਅਖਬਾਰ ਦੇ ਬਾਨੀ ਮਰਹੂਮ ਸ. ਅਮੋਲਕ ਸਿੰਘ ਜੰਮੂ ਨੂੰ ਸਮਰਪਿਤ ਕੀਤੀ ਹੈ।

ਲੰਘੇ ਐਤਵਾਰ ਕਾਨਫਰੰਸ ਦੇ ਬਾਅਦ ਦੁਪਹਿਰ ਦੇ ਸੈਸ਼ਨ ਮੌਕੇ ਕਿਤਾਬ ਰਿਲੀਜ਼ ਸਮਾਰੋਹ ਦੌਰਾਨ ਓਰੀਐਂਟਲ ਕਾਲਜ ਯੂਨੀਵਰਸਿਟੀ ਆਫ਼ ਪੰਜਾਬ ਪਾਕਿਸਤਾਨ ਦੇ ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ, ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਅਕਾਦਮੀ ਦੇ ਪ੍ਰਧਾਨ ਸ਼ਾਇਰ ਕੁਲਵਿੰਦਰ ਅਤੇ ਸ਼ਾਇਰ ਹਰਜਿੰਦਰ ਕੰਗ ਨੇ ਇਸ ਕਿਤਾਬ ਨੂੰ ਕਾਨਫਰੰਸ ਵਿਚ ਸ਼ਾਮਲ ਵਿਦਵਾਨਾਂ, ਪਾਠਕਾਂ ਤੇ ਦਰਸ਼ਕਾਂ ਦੇ ਰੂਬਰੂ ਕੀਤਾ। ਪ੍ਰਿੰਸੀਪਲ ਡਾ. ਨਬੀਲਾ ਰਹਿਮਾਨ ਨੇ ਕਿਤਾਬ ਦੇ ਮੁਖੜੇ ਅਤੇ ਸੋਹਣੀ ਛਪਾਈ ਦੀ ਸਰਾਹਨਾ ਕਰਦਿਆਂ ਕਿਹਾ ਕਿ ਉਹ ਇਸ ਕਿਤਾਬ ਨੂੰ ਜ਼ਰੂਰ ਪੜ੍ਹਨਗੇ। ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ, ਜਿਨ੍ਹਾਂ ਨੇ ਇਸ ਪੁਸਤਕ ਦੀ ਸੰਪਾਦਨਾ ਅਤੇ ਪ੍ਰਕਾਸ਼ਨਾਂ 'ਚ ਸਹਿਯੋਗ ਦਿੱਤਾ ਹੈ ਤੇ ਲੇਖਕ ਦੇ ਸਪੁੱਤਰ ਇੰਜੀਨੀਅਰ ਅਮਰਦੀਪ ਸਿੰਘ ਸਿੱਧੂ (ਸੰਨੀ ਸਿੱਧੂ) ਵੀ ਇਸ ਮੌਕੇ ਹਾਜ਼ਰ ਸਨ। ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ ਪੰਜਾਬ ਗਏ ਹੋਣ ਕਾਰਨ ਖ਼ੁਦ ਹਾਜ਼ਰ ਨਾ ਹੋ ਸਕੇ।

# 'ਸ਼ਬਦ' ਮੈਗਜ਼ੀਨ ਦਾ ਸੁਰਿੰਦਰ ਗੀਤ ਨੂੰ ਸਮਰਪਿਤ ਵਿਸ਼ੇਸ਼ ਅੰਕ ਲੋਕ-ਅਰਪਣ

ਕੈਲਗਰੀ: ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਲੰਘੇ ਸ਼ਨਿਚਰਵਾਰ ਕੋਸੋ ਹਾਲ ਵਿਚ ਪੱਤਰਕਾਰ ਪਰਮਵੀਰ ਬਾਠ ਦੀ ਪ੍ਰਧਾਨਗੀ ਵਿਚ ਹੋਈ। ਇਸ ਇਕੱਤਰਤਾ ਵਿਚ ਹਰਜੀਤ ਅਟਵਾਲ (ਇੰਗਲੈਂਡ) ਦੀ ਅਗਵਾਈ ਅਤੇ ਉੱਘੇ ਲੇਖਕ ਜਿੰਦਰ ਦੀ ਸੰਪਾਦਨਾ ਹੇਠ ਛਪਦੀ ਮੈਗਜ਼ੀਨ 'ਸ਼ਬਦ' ਦਾ 47ਵਾਂ ਅੰਕ ਜੋ ਸੁਰਿੰਦਰ ਗੀਤ ਨੂੰ ਸਮਰਪਿਤ ਵਿਸ਼ੇਸ਼ ਅੰਕ ਦੇ ਤੌਰ 'ਤੇ ਛਪਿਆ ਹੈ, ਲੋਕ-ਅਰਪਣ ਕੀਤਾ ਗਿਆ। ਰਵੀ ਸ਼ੇਰਗਿੱਲ ਦੇ ਹਵਾਲੇ ਨਾਲ ਇਹ ਅੰਕ ਸੁਰਿੰਦਰ ਗੀਤ ਦੀ ਰਚਨਾ ਨੂੰ ਇੱਕੋ ਕੋਣ ਤੋਂ ਦੇਖਣ ਦੀ ਥਾਂ ਵੱਖ-ਵੱਖ ਆਲੋਚਨਾਤਮਕ ਦ੍ਰਿਸ਼ਟੀ ਰਾਹੀਂ ਸਮਝਣ ਦਾ ਯਤਨ ਹੈ। ਇਸ ਵਿਚ ਮੁਲਾਕਾਤ, ਖੋਜ-ਪੱਤਰ ਅਤੇ ਆਲੋਚਨਾਤਮਕ ਲੇਖ ਉਸ ਦੀ ਸਿਰਜਣਾ ਦੇ ਸਮਾਜਿਕ, ਸਭਿਆਚਾਰਕ, ਨਾਰੀ ਵਾਦੀ, ਮਾਨਵੀ ਅਤੇ ਕਲਾਤਮਕ ਪੱਖਾਂ ਨੂੰ ਉਜਾਗਰ ਕਰਦੇ ਹਨ। ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੇ ਸੁਰਿੰਦਰ ਗੀਤ ਦੇ ਰਚਨਾ ਸੰਸਾਰ ਅਤੇ ਮਿਲੇ ਮਾਣ-ਸਨਮਾਨਾਂ ਬਾਰੇ ਜਾਣਕਾਰੀ ਦਿੱਤੀ।

ਪ੍ਰੋਗਰਾਮ ਦੀ ਸ਼ੁਰੂਆਤ ਸੁਰਿੰਦਰ ਗੀਤ ਦੀ ਇਕ ਗ਼ਜ਼ਲ ਨਾਲ ਕੀਤੀ ਗਈ, ਜਿਸ ਨੂੰ ਸੁਖਮੰਦਰ ਗਿੱਲ ਨੇ ਆਵਾਜ਼ ਦਿੱਤੀ।

'ਏਥੇ ਮੇਰਾ ਜੀਅ ਨਹੀਂ ਲਗਦਾ,
ਰਾਜ ਹੈ ਪੌਣ ਕੁਪੱਤੀ ਦਾ
ਸਾਡੀ ਹਾੜੀ-ਸਾਉਣੀ ਦਾ
ਹੁਣ ਕੌਡੀ ਮੁੱਲ ਨੀ ਵੱਟੀਦਾ'

ਕੈਲਗਰੀ ਵੱਸਦੇ ਸੁਹਿਰਦ ਲੇਖਕ ਤੇ ਆਲੋਚਕ ਬਲਜਿੰਦਰ ਸੰਘਾ ਨੇ ਕਿਹਾ ਕਿ ਅਜਿਹੇ ਅੰਕ ਲੇਖਕ ਦੀ ਸਮੁੱਚੀ ਲੇਖਣੀ ਅਤੇ ਸ਼ਖ਼ਸੀਅਤ ਨੂੰ ਜਾਣਨ ਵਿਚ ਬਹੁਤ ਸਹਾਈ ਹੁੰਦੇ ਹਨ। ਸੁਰਿੰਦਰ ਗੀਤ 1996 ਤੋਂ ਲਗਾਤਾਰ ਲਿਖ ਰਹੀ ਹੈ। ਕਵਿਤਾ, ਗ਼ਜ਼ਲ ਤੇ ਕਹਾਣੀ ਦੇ ਖੇਤਰ ਵਿਚ ਉਸ ਵੱਲੋਂ ਪਾਏ ਯੋਗਦਾਨ ਨੂੰ 'ਸ਼ਬਦ' ਦੇ ਇਸ ਵਿਸ਼ੇਸ਼ ਅੰਕ ਨੇ ਪੰਜਾਬੀ ਸਾਹਿਤ ਜਗਤ ਦੇ ਸਾਹਮਣੇ ਬੜੀ ਖ਼ੂਬਸੂਰਤੀ ਨਾਲ ਪਰੋਸਿਆ ਹੈ।

ਉੱਘੇ ਅਤੇ ਨਿਧੜਕ ਪੱਤਰਕਾਰ ਪਰਮਵੀਰ ਬਾਠ ਨੇ ਇਸ ਅੰਕ ਨੂੰ ਲੋਕ-ਅਰਪਣ ਕੀਤਾ। ਉਨ੍ਹਾਂ ਕਿਹਾ ਕਿ ਜਿੰਦਰ ਤੀਖਣ ਬੁੱਧੀ ਦਾ ਮਾਲਕ ਹੈ, 'ਸ਼ਬਦ' ਮੈਗਜ਼ੀਨ ਦੇ ਵਿਸ਼ੇਸ਼ ਅੰਕ ਲਈ ਸੁਰਿੰਦਰ ਗੀਤ ਦੀ ਚੋਣ ਵਧੀਆ ਹੈ। ਉਨ੍ਹਾਂ ਕਿਹਾ ਕਿ ਸੁਰਿੰਦਰ ਗੀਤ ਨੂੰ ਕਿਸਾਨ ਸੰਘਰਸ਼ ਦੇ ਸਮੇਂ ਤੋਂ ਜਾਣਦਾ ਹਾਂ। ਉਦੋਂ ਸੁਰਿੰਦਰ ਗੀਤ ਨੇ ਆਪਣੀ ਲੇਖਣੀ ਰਾਹੀਂ ਜੋ ਯੋਗਦਾਨ ਪਾਇਆ ਉਹ ਸ਼ਲਾਘਾਯੋਗ ਹੈ।

ਜਗਦੇਵ ਸਿੱਧੂ ਨੇ ਕਿਹਾ ਕਿ ਇਹ ਹਥਲਾ, ਸੁਰਿੰਦਰ ਗੀਤ ਵਿਸ਼ੇਸ਼ ਅੰਕ ਬੜੀ ਮਿਹਨਤ ਅਤੇ ਸੁਚੱਜਤਾ ਨਾਲ ਤਿਆਰ ਕੀਤਾ ਗਿਆ ਹੈ। ਡਾ. ਨਰੇਸ਼ ਦੁਆਰਾ ਕੀਤੀ ਗਈ ਮੁਲਾਕਾਤ ਦੀ ਉਨ੍ਹਾਂ ਰੱਜ ਕੇ ਸ਼ਲਾਘਾ ਕੀਤੀ ਤੇ ਕਿਹਾ, 'ਪੁੱਛੇ ਗਏ ਸਵਾਲ ਬਹੁਤ ਉੱਚ ਪਾਏ ਦੇ ਹਨ ਅਤੇ ਉਨ੍ਹਾਂ ਸਵਾਲਾਂ ਦੇ ਜਵਾਬਾਂ ਨਾਲ ਸੰਬੰਧਿਤ ਕਵਿਤਾ ਦੀਆਂ ਤੁਕਾਂ ਨੇ ਮੁਲਾਕਾਤ ਨੂੰ ਬਹੁਤ ਰੌਚਕ ਤੇ



ਪ੍ਰਭਾਵਸ਼ਾਲੀ ਬਣਾ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਅੰਕ ਸਾਹਿਤ-ਪ੍ਰੇਮੀਆਂ ਅਤੇ ਖੋਜਾਰਥੀਆਂ ਦੇ ਬਹੁਤ ਕੰਮ ਆਵੇਗਾ। ਇਸ ਅੰਕ ਵਿਚਲੇ ਵੱਖ-ਵੱਖ ਲੇਖਕਾਂ ਦੇ ਵਿਚਾਰਾਂ 'ਤੇ ਸੰਖੇਪ ਵਿਚ ਚਾਨਣਾ ਪਾਇਆ। ਜਗਦੇਵ ਸਿੱਧੂ ਨੇ ਦੱਸਿਆ ਕਿ ਇਸ ਵਿਚ ਛਪਿਆ ਹਰ ਲੇਖ ਨਵਾਂ ਹੈ। ਕੋਈ ਵੀ ਚੀਜ਼ ਏਧਰੋਂ-ਓਧਰੋਂ ਨਹੀਂ ਚੁੱਕੀ ਗਈ। ਸੁਰਿੰਦਰ ਗੀਤ ਦੀ ਕਲਮ ਸਦਾ ਹੱਕ ਤੇ ਸੱਚ ਦੀ ਗੱਲ ਕਰਦੀ ਹੈ ਤੇ ਕਰਦੀ ਰਹੇਗੀ।

'ਲੜਾਈ ਸੱਚ ਦੀ ਹੋਵੇ ਅਸੂਲਾਂ ਜਾਂ ਸਿਧਾਂਤਾਂ ਦੀ, ਕਵੀ ਦਾ ਧਰਮ ਹੁੰਦਾ ਹੈ ਸਦਾ ਮਜ਼ਲੂਮ ਵੱਲ ਖੜ੍ਹਨਾ।' -ਸੁਰਿੰਦਰ ਗੀਤ

ਨਾਟਕਕਾਰ ਗੁਰਬਾਣੀ ਗਿੱਲ ਨੇ ਕਿਹਾ ਕਿ ਕੁਝ ਕਲਮਾਂ ਸਿਆਹੀ ਨਾਲ ਨਹੀਂ ਚੱਲਦੀਆਂ, ਉਹ ਆਪਣੇ ਅੰਦਰ ਸਾਂਭੇ ਹੋਏ ਮੌਸਮਾਂ ਨਾਲ ਲਿਖਦੀਆਂ ਨੇ। ਸੁਰਿੰਦਰ ਗੀਤ ਜੀ ਦੀ ਕਲਮ ਵੀ ਉਨ੍ਹਾਂ ਵਿਚੋਂ ਇੱਕ ਹੈ—ਜਿਹੜੀ ਕਾਗ਼ਜ਼ ਉੱਤੇ ਅੱਖਰ ਨਹੀਂ ਧਰਦੀ, ਸਗੋਂ ਮਨੁੱਖੀ ਮਨ ਦੀਆਂ ਉਨ੍ਹਾਂ ਪਰਤਾਂ ਨੂੰ ਛੂੰਹਦੀ, ਜਿੱਥੇ ਸ਼ਬਦ ਪਹੁੰਚਣ ਤੋਂ ਪਹਿਲਾਂ ਹੀ ਭਾਵਨਾਵਾਂ ਆਪਣਾ ਘਰ ਬਣਾ ਲੈਂਦੀਆਂ ਨੇ।

ਇਸ ਮੌਕੇ ਹਾਜ਼ਰ ਸਾਹਿਤ ਪ੍ਰੇਮੀਆਂ ਨੇ ਆਪੋ-ਆਪਣੀਆਂ ਰਚਨਾਵਾਂ ਰਾਹੀਂ ਸਮੇਂ ਨੂੰ ਰੌਣਕ ਬਖ਼ਸ਼ੀ। ਜਰਨੈਲ ਸਿੰਘ ਤੱਗੜ, ਸੋਹਣ ਸਿੰਘ ਭੁੱਚੋ, ਸੁਖਵਿੰਦਰ ਸਿੰਘ ਤੂਰ, ਮੁਨੱਵਰ ਅਹਿਮਦ ਨੇ ਡਾ. ਪਾਤਰ ਦੀ ਗ਼ਜ਼ਲ, ਲਖਵਿੰਦਰ ਸਿੰਘ ਸਿੱਧੂ ਨੇ ਆਪਣੀ ਮੌਲਿਕ ਰਚਨਾ, ਅਤੇ ਸਰਵਨ ਸਿੰਘ, ਗੁਰਦੀਪ ਸਿੰਘ ਧਾਲੀਵਾਲ, ਇਕਬਾਲ ਕੌਰ ਭੁੱਲਰ, ਮਨਮੋਹਨ ਸਿੰਘ ਬਾਠ, ਜੈ ਸਿੰਘ ਅਤੇ ਸ੍ਰੀ ਸੁਭਾਸ਼ ਸ਼ਰਮਾ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਇਸ ਤੋਂ ਇਲਾਵਾ ਮੰਗਲ ਚੱਠਾ, ਸੀਮਾ ਚੱਠਾ, ਸੁਖਬੀਰ ਸਿੰਘ ਸੰਧੂ, ਰੌਬੀ, ਮਨਜੀਤ ਕੌਰ ਖਹਿਰਾ, ਦਰਸ਼ਨ ਸਿੰਘ ਮਹਿਰੋਕ, ਜੋਧ ਵੀਰ ਸਿੰਘ ਉੱਪਲ, ਦਿਲਾਵਰ ਸਿੰਘ ਸਮਰਾ, ਗੁਰਮੀਤ ਕੌਰ ਸਮਰਾ, ਗੁਰਬਖ਼ਸ਼ ਸਿੰਘ ਗਿੱਲ, ਸੁਰਿੰਦਰ ਸਿੰਘ ਢਿੱਲੋਂ ਨੇ ਹਾਜ਼ਰੀ ਲਵਾਈ।

ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਈ। ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਸੁਰਿੰਦਰ ਗੀਤ ਨੂੰ 403-605-3734 ਜਾਂ ਗੁਰਦਿਆਲ ਸਿੰਘ ਖਹਿਰਾ ਨੂੰ 403 -968- 2880 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਅੰਤ ਵਿਚ ਸੁਰਿੰਦਰ ਗੀਤ ਨੇ ਸਾਰਿਆਂ ਦਾ ਧੰਨਵਾਦ ਕੀਤਾ। ਅਕਤੂਬਰ ਮਹੀਨੇ ਦੀ ਇਕੱਤਰਤਾ 24 ਅਕਤੂਬਰ 2026, ਬਾਦ ਦੁਪਹਿਰ ਦੋ ਵਜੇ ਕੋਸੋ ਹਾਲ ਵਿਚ ਹੋਵੇਗੀ।

***ਰਿਪੋਰਟ: ਗੁਰਦਿਆਲ ਸਿੰਘ ਖਹਿਰਾ ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਕੈਲਗਰੀ***

# ਖੱਬੀਆਂ ਪਾਰਟੀਆਂ ਵੱਲੋਂ ਇਕਜੁੱਟਤਾ ਦੇ ਯਤਨ

**ਨਵੀਂ ਦਿੱਲੀ**:ਸੀਪੀਆਈ, ਸੀਪੀਆਈ (ਐਮ) ਅਤੇ ਸੀਪੀਆਈ(ਐਮਐਲ)-ਲਿਬਰੇਸ਼ਨ ਦੀ ਸਾਂਝੀ ਮੀਟਿੰਗ ਨਵੀਂ ਦਿੱਲੀ ਦੇ ਏ.ਕੇ.ਜੀ. ਭਵਨ ਵਿਖੇ ਹੋਈ। ਮੀਟਿੰਗ ਵਿੱਚ ਦੇਸ਼ ਦੀ ਮੌਜੂਦਾ ਰਾਜਨੀਤਿਕ ਸਥਿਤੀ ਅਤੇ ਭਾਰਤ ਦੀ ਚੋਣ ਪ੍ਰਣਾਲੀ ਨੂੰ ਦਰਪੇਸ਼ ਗੰਭੀਰ ਸੰਕਟ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਵਿੱਚ ਸੀਪੀਆਈ ਦੇ ਜਨਰਲ ਸਕੱਤਰ ਡੀ. ਰਾਜਾ, ਸੀਪੀਆਈ(ਐਮ) ਦੇ ਜਨਰਲ ਸਕੱਤਰ ਐਮ. ਏ. ਬੇਬੀ, ਸੀਪੀਆਈ(ਐਮਐਲ)-ਲਿਬਰੇਸ਼ਨ ਦੇ ਜਨਰਲ ਸਕੱਤਰ ਦੀਪੰਕਰ ਭੱਟਾਚਾਰੀਆ, ਸੀਪੀਆਈ ਦੇ ਕੌਮੀ ਸਕੱਤਰ ਰਾਮਾ ਕ੍ਰਿਸ਼ਨਾ ਪਾਂਡਾ, ਸੀਪੀਆਈ(ਐਮ) ਪੋਲਿਟ ਬਿਊਰੋ ਮੈਂਬਰ ਬੀ. ਵੀ. ਰਾਘਵੂਲੂ ਅਤੇ ਅਰੁਣ ਕੁਮਾਰ ਅਤੇ ਸੀਪੀਆਈ(ਐਮਐਲ)-ਲਿਬਰੇਸ਼ਨ ਦੇ ਦਿੱਲੀ ਸਕੱਤਰ ਰਵੀ ਰਾਏ ਸ਼ਾਮਲ ਹੋਏ।

ਖੱਬੀਆਂ ਪਾਰਟੀਆਂ ਨੇ 'ਦ ਇੰਡੀਅਨ ਐਕਸਪ੍ਰੈੱਸ' ਦੀ ਭਾਰਤੀ ਚੋਣ ਕਮਿਸ਼ਨ ਦੇ ਕੰਮਕਾਜ ਸਬੰਧੀ ਜਾਂਚ-ਪੜਤਾਲ ਵਿੱਚ ਸਾਹਮਣੇ ਆਏ ਖੁਲਾਸਿਆਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਬਿਆਨ ਅਨੁਸਾਰ, ਇਨ੍ਹਾਂ ਖੁਲਾਸਿਆਂ ਨੇ ਵਿਰੋਧੀ ਪਾਰਟੀਆਂ ਵੱਲੋਂ ਵਾਰ-ਵਾਰ ਉਠਾਏ ਗਏ ਵਿਸ਼ੇਸ਼



ਗਹਿਰਾਈ ਵਾਲੀ ਵੋਟਰ ਸੂਚੀ ਸੋਧ, ਫਾਰਮ-6 ਵਿੱਚ ਤਬਦੀਲੀਆਂ ਅਤੇ ਸਥਾਪਿਤ ਨਿਯਮਾਂ ਤੇ ਪ੍ਰਕਿਰਿਆਵਾਂ ਦੇ ਟੁੱਟਣ ਸਬੰਧੀ ਸਵਾਲਾਂ ਨੂੰ ਹੋਰ ਉਭਾਰਿਆ ਹੈ।

ਬਿਆਨ ਵਿੱਚ ਕਿਹਾ ਗਿਆ ਕਿ ਚੋਣ ਕਮਿਸ਼ਨਰਾਂ ਨੇ ਖੁਦ ਵੀ ਕਈ ਫੈਸਲਿਆਂ 'ਤੇ ਗੰਭੀਰ ਇਤਰਾਜ਼ ਦਰਜ ਕਰਵਾਏ ਸਨ, ਪਰ ਉਨ੍ਹਾਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਖੱਬੀਆਂ ਪਾਰਟੀਆਂ ਨੇ ਦੋਸ਼ ਲਗਾਇਆ ਕਿ ਚੋਣ ਕਮਿਸ਼ਨ ਇੱਕ ਸੁਤੰਤਰ ਸੰਸਥਾ ਵਜੋਂ ਕੰਮ ਨਹੀਂ ਕਰ ਰਿਹਾ, ਸਗੋਂ ਭਾਜਪਾ ਦੇ ਇੱਕ ਸਾਧਨ ਵਜੋਂ ਕੰਮ ਕਰ ਰਿਹਾ ਹੈ।

ਬਿਆਨ ਵਿੱਚ ਕਿਹਾ ਗਿਆ ਕਿ ਚੋਣ ਕਮਿਸ਼ਨ ਕੋਈ ਆਮ ਸੰਸਥਾ ਨਹੀਂ ਹੈ। ਭਾਰਤ ਦੇ ਚੋਣਤੰਤਰ ਦੀ ਭਰੋਸੇਯੋਗਤਾ ਇਸ ਦੀ ਆਜ਼ਾਦੀ, ਨਿਰਪੱਖਤਾ ਅਤੇ ਨਿਆਂਪੂਰਨ ਕਾਰਗੁਜ਼ਾਰੀ 'ਤੇ ਨਿਰਭਰ ਕਰਦੀ ਹੈ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਕੰਮਕਾਜ, ਜਿਸ ਵਿੱਚ ਕਰੋੜਾਂ ਵੋਟਰਾਂ ਦੇ ਨਾਂ ਵੋਟਰ ਸੂਚੀਆਂ ਵਿੱਚੋਂ ਹਟਾਏ ਜਾਣ ਦਾ ਦੋਸ਼ ਵੀ ਸ਼ਾਮਲ ਹੈ, ਨੇ ਕਮਿਸ਼ਨ ਪ੍ਰਤੀ ਲੋਕਾਂ ਦੇ ਭਰੋਸੇ ਨੂੰ ਗੰਭੀਰ ਢੰਗ ਨਾਲ ਪ੍ਰਭਾਵਿਤ ਕੀਤਾ ਹੈ।

ਖੱਬੀਆਂ ਪਾਰਟੀਆਂ ਨੇ ਕਿਹਾ ਕਿ ਗਿਆਨੇਸ਼ ਕੁਮਾਰ ਨੂੰ ਅਹੁਦੇ 'ਤੇ ਬਣੇ ਰਹਿਣ ਦਾ ਨੈਤਿਕ ਅਧਿਕਾਰ ਨਹੀਂ ਹੈ ਅਤੇ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਬਹਾਲ ਕਰਨ ਲਈ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ।

ਖੱਬੀਆਂ ਪਾਰਟੀਆਂ ਦੀਆਂ ਮੰਗਾਂ:

-ਗਿਆਨੇਸ਼ ਕੁਮਾਰ ਅਸਤੀਫ਼ਾ ਦੇਣ।

- SIR ਦੀ ਪ੍ਰਕਿਰਿਆ ਤੁਰੰਤ ਰੋਕੀ ਜਾਵੇ ਅਤੇ ਜਿਨ੍ਹਾਂ ਵੋਟਰਾਂ ਨੂੰ ਗਲਤ ਢੰਗ ਨਾਲ ਵੋਟਰ ਸੂਚੀਆਂ ਵਿੱਚੋਂ ਬਾਹਰ ਕੀਤਾ ਗਿਆ ਹੈ, ਉਨ੍ਹਾਂ ਦੇ ਵੋਟ ਦੇ ਅਧਿਕਾਰ ਬਹਾਲ ਕੀਤੇ ਜਾਣ।

-ਚੋਣ ਕਮਿਸ਼ਨ ਦੀ ਸੁਤੰਤਰ ਅਤੇ ਜਮਹੂਰੀ ਕਾਰਗੁਜ਼ਾਰੀ ਬਹਾਲ ਕੀਤੀ ਜਾਵੇ।

-ਚੋਣ ਕਮਿਸ਼ਨਰਾਂ ਦੀ ਨਿਯੁਕਤੀ ਦੀ ਮੌਜੂਦਾ ਪ੍ਰਣਾਲੀ ਨੂੰ ਬਦਲ ਕੇ ਸੁਪਰੀਮ ਕੋਰਟ ਵੱਲੋਂ ਪ੍ਰਸਤਾਵਿਤ ਚੋਣ ਕਮੇਟੀ ਅਨੁਸਾਰ ਪ੍ਰਣਾਲੀ ਬਣਾਈਜਾਵੇ ।

ਇਹ ਵਿਰੋਧ ਪ੍ਰਦਰਸ਼ਨ ਚੋਣ ਕਮਿਸ਼ਨ ਦੀ ਆਜ਼ਾਦੀ ਅਤੇ ਭਰੋਸੇਯੋਗਤਾ ਦੇ ਕਥਿਤ ਖਾਤਮੇ ਵਿਰੁੱਧ ਅਤੇ ਵੋਟ ਦੇ ਅਧਿਕਾਰ ਤੇ ਭਾਰਤ ਦੇ ਚੋਣਤੰਤਰ ਦੀ ਰੱਖਿਆ ਲਈ ਕੀਤੇ ਜਾਣਗੇ। ਵੋਟ ਦੇ ਅਧਿਕਾਰ ਦੀ ਰੱਖਿਆ ਕਰੋ। ਚੋਣ ਕਮਿਸ਼ਨ ਦੀ ਭਰੋਸੇਯੋਗਤਾ ਬਹਾਲ ਕਰੋ।



# ਪੰਜਾਬ ਯੂਨੀਵਰਸਿਟੀ ਸੈਨੇਟ ਚੋਣਾਂ ਵਿਚ ਡਾ. ਸੁਖਦੇਵ ਸਿੰਘ ਸਿਰਸਾ ਜੇਤੂ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਹੋਈਆਂ ਸੈਨੇਟ ਚੋਣਾਂ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਅਤੇ ਉੱਘੇ ਸਾਹਿਤਕਾਰ ਡਾ. ਸੁਖਦੇਵ ਸਿੰਘ ਸਿਰਸਾ ਨੇ ਜਿੱਤ ਦਰਜ ਕਰਦਿਆਂ ਸੈਨੇਟ ਵਿਚ ਆਪਣੀ ਥਾਂ ਬਣਾਈ ਹੈ। ਇਨ੍ਹਾਂ ਚੋਣਾਂ ਵਿੱਚ ਕੁੱਲ 51 ਉਮੀਦਵਾਰਾਂ ਨੇ ਆਪਣੀ ਕਿਸਮਤ ਅਜ਼ਮਾਈ ਜਿਨ੍ਹਾਂ ਵਿਚੋਂ 15 ਉਮੀਦਵਾਰ ਚੁਣੇ ਗਏ।

ਜ਼ਿਕਰਯੋਗ ਹੈ ਕਿ ਡਾ. ਸਿਰਸਾ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਵੀ ਰਹਿ ਚੁੱਕੇ ਹਨ ਅਤੇ ਮਗਰੋਂ ਉਥੇ ਹੀ ਪੰਜਾਬੀ ਵਿਭਾਗ ਦੇ ਹੈੱਡ ਆਫ ਦਿ ਡਿਪਾਰਟਮੈਂਟ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ। ਯੂਨੀਵਰਸਿਟੀ ਦੀਆਂ ਸੈਨੇਟ ਚੋਣਾਂ ਵਿਚ ਉਨ੍ਹਾਂ ਦੀ ਜਿੱਤ ਵੱਡੇ ਮਾਣ ਵਾਲੀ ਗੱਲ ਹੈ।

# ਅਮਰੀਕਾ 'ਚ ਟੋਨੀ ਸੰਧੂ ਨੇ ਮੁੜ ਗੱਡੇ ਜਿੱਤ ਦੇ ਝੰਡੇ

## ਓਲੰਪੀਆ 'ਚ ਦੂਜੀ ਵਾਰ ਜਿੱਤਿਆ ਗੋਲਡ ਮੈਡਲ

**ਲਾਸ ਵੇਗਸ:** ਪਾਵਰਲਿਫਟਿੰਗ ਦੇ ਖੇਤਰ ਵਿਚ ਆਪਣੀ ਤਾਕਤ ਅਤੇ ਕਾਬਲੀਅਤ ਦਾ ਲੋਹਾ ਮਨਵਾ ਰਹੇ ਪੰਜਾਬੀ ਗੱਭਰੂ ਟੋਨੀ ਸੰਧੂ ਨੇ ਇੱਕ ਵਾਰ ਫਿਰ ਵੱਡੀ ਮੱਲ ਮਾਰਦਿਆਂ ਲਾਸ ਵੇਗਸ ਵਿਖੇ ਹੋਈ ਓਲੰਪੀਆ ਚੈਂਪੀਅਨਸ਼ਿਪ ਵਿਚ ਗੋਲਡ ਮੈਡਲ ਆਪਣੇ ਨਾਂ ਕੀਤਾ ਹੈ। ਟੋਨੀ ਸੰਧੂ ਵੱਲੋਂ ਇਸ ਵੱਕਾਰੀ ਮੁਕਾਬਲੇ ਵਿਚ ਦੂਜੀ ਵਾਰ ਸੋਨ ਤਮਗਾ ਜਿੱਤਣ ਨਾਲ ਪੰਜਾਬੀ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਹੈ। ਇਸ ਤੋਂ ਤੋ ਪਹਿਲਾਂ USPA ਚੈਂਪੀਅਨਸ਼ਿਪ ਵਿਚ ਵੀ ਉਹ ਗੋਲਡ ਮੈਡਲ ਆਪਣੇ ਨਾਮ ਕਰ ਚੁੱਕਾ ਹੈ।

ਵਰਲਡ ਸਟਰੌਂਗਮੈਨ ਇੰਡੀਆ ਦੇ ਪ੍ਰਧਾਨ ਹਰਵਿੰਦਰ ਸਲੀਣਾ ਨੇ ਦੱਸਿਆ ਕਿ ਚੈਂਪੀਅਨਸ਼ਿਪ ਵਿਚ ਦੁਨੀਆ ਦੇ ਵੱਖ-ਵੱਖ ਦੇਸ਼ਾਂ ਤੋਂ ਆਏ ਖਿਡਾਰੀਆਂ ਨੇ ਹਿੱਸਾ ਲੈ ਕੇ ਆਪਣੀ ਤਾਕਤ ਅਤੇ ਹੁਨਰ ਦਾ ਪ੍ਰਦਰਸ਼ਨ ਕੀਤਾ। ਸਖ਼ਤ ਮੁਕਾਬਲੇ ਦੌਰਾਨ ਟੋਨੀ ਸੰਧੂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ 'ਤੇ ਕਬਜ਼ਾ ਕੀਤਾ ਅਤੇ ਇੱਕ ਵਾਰ ਫਿਰ ਪੰਜਾਬ ਅਤੇ ਭਾਰਤ ਦਾ ਨਾਂ ਰੌਸ਼ਨ ਕੀਤਾ।

ਟੋਨੀ ਸੰਧੂ ਦੀ ਇਹ ਕਾਮਯਾਬੀ ਉਸ ਦੀ ਲੰਮੇ ਸਮੇਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਆਪਣੇ ਟੀਚੇ ਪ੍ਰਤੀ ਦ੍ਰਿੜ੍ਹ ਲਗਨ ਦਾ ਨਤੀਜਾ ਹੈ। ਵਿਦੇਸ਼ੀ ਧਰਤੀ 'ਤੇ ਪਾਵਰਲਿਫਟਿੰਗ ਵਰਗੀ ਤਾਕਤਵਰ ਖੇਡ ਵਿਚ ਵਾਰ-ਵਾਰ ਮਾਣਮੱਤੀਆਂ ਪ੍ਰਾਪਤੀਆਂ ਹਾਸਲ ਕਰਕੇ ਉਹ ਨਵੀਂ ਪੀੜ੍ਹੀ ਦੇ ਖਿਡਾਰੀਆਂ ਲਈ ਵੀ ਪ੍ਰੇਰਨਾ ਸਰੋਤ ਬਣ ਰਿਹਾ ਹੈ।

ਟੋਨੀ ਸੰਧੂ ਦੀ ਇਸ ਮਾਣਮੱਤੀ ਜਿੱਤ 'ਤੇ ਉਸ ਦੇ ਪਰਿਵਾਰ, ਦੋਸਤਾਂ, ਖੇਡ ਪ੍ਰੇਮੀਆਂ ਅਤੇ ਪੰਜਾਬੀ ਭਾਈਚਾਰੇ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਸ ਨੂੰ ਮੁਬਾਰਕਾਂ ਦਿੱਤੀਆਂ ਗਈਆਂ। ਨਾਲ ਹੀ ਉਸ ਦੇ ਸੁਨਹਿਰੇ ਖੇਡ ਭਵਿੱਖ ਅਤੇ ਆਉਣ ਵਾਲੇ ਮੁਕਾਬਲਿਆਂ ਵਿਚ ਹੋਰ ਵੱਡੀਆਂ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਹਨ।

*-ਨੀਟਾ ਮਾਛੀਕੇ/ ਕੁਲਵੰਤ ਧਾਲੀਆਂ*







UMA TRAVELS

2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

Call: 773-338-5603



SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*

For Emergency
Call anytime at
847-673-3825



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੇ ਦੀ ਲੋੜ ਹੈ

Ramgarhia family looking for a USA citizen/Green card holder match for their beautiful, family oriented 29 years old, height 5'5" daughter. She has work visa and located in Virginia (USA). Cast no bar. Please contact us at: 757-238-1686 or E-Mail: prabkaur031997@gmail.com

39-42

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੀ ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਪੜ੍ਹੇ-ਲਿਖੇ ਅਤੇ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ ਵਾਲੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।
ਚਾਹਵਾਨ 734-444-5774 'ਤੇ ਸੰਪਰਕ ਕਰਨ।

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered.
Contact us at: 269-830-0980

## ਲੜਕੀ ਦੀ ਲੋੜ ਹੈ

Dhaliwal Jatt Sikh family is looking for a suitable match for their son, born June 1998, 6'2" tall, currently living in the USA. He has a Diploma in Engineering. The family is from Ludhiana, Punjab, and owns 11 acres of agricultural land, a spacious house in Punjab, and a house in the USA. Family includes grandparents, parents, and one married sister. Looking for an educated girl from a good family. Serious and genuine inquiries only, please. Please Contact us at: 929-395-3922

39-42

Gursikh parents are looking for a suitable match, for their USA born vegetarian son. 29 years old, height 6 ft. He has done MSc, BSc ( Exercise Science) and is a Licensed and Certified Athletic Trainer in Department of Sports Medicine (Future job in 3 years - Doctor of Physical Therapy). Family is well settled in North Carolina and owned two family homes. He has one elder sister (married). Looking for a Gursikh Amritdhari Girl with Dumala/Keski. Contact us at 919-599-0464 (WhatsApp Message Only).
For Detailed Bio Data email at: Sanjog97ds@gmail.com

**Jatt Sikh family seeks suitable match for their son, 31 years old, 6'4", raised in Canada from a young age and well established here. He holds a university degree in Business and works in a technology role with a bank. Seeking an educated and professionally established match. Open to relocating to the USA and building a life there. Please contact 604-725-9033 if interested.**

"USA ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, 1987 Born, 5'-11" ਕੱਦ, ਅਮਰੀਕਾ ਤੋ Master Degree Holder, ਸਾਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣੇ ਘਰ ਦੇ ਮਾਲਿਕ, Senior Software Product Leader ਵਜੋਂ ਜੋਬ, Green Card Filed, issueless divorcee (4 ਮਹੀਨੇ ਦਾ ਵਿਆਹ) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਿਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਣ ਲਈ ਤਿਆਰ ਹੋਵੇ), ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। USA/ Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ। ਦੂਜੇ ਦੇਸ਼ਾਂ ਤੋਂ ਸਹੀ ਰਿਸ਼ਤੇ ਲਈ Sponsorship 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ/ਵਿਧਵਾ ਰਿਸ਼ਤੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਵਧੇਰੀ ਜਾਣਕਾਰੀ ਲਈ ਅੱਜ ਹੀ +1 (510) 291 7676 'ਤੇ ਕਾਲ ਕਰੋ ਜਾਂ + (91) 98993 79442 'ਤੇ ਵਟਸਐਪ ਕਰੋ ਜਾਂ singhmat001@gmail.com 'ਤੇ ਈਮੇਲ ਕਰੋ।

37-40

ਅਮਰੀਕਾ ਵਿਚ ਵਧੀਆ ਸਥਾਪਤ ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਨ ਸਿਟੀਜ਼ਨ ਲੜਕੇ, ਉਮਰ 29 ਸਾਲ, ਕੱਦ 5'10" ਲਈ ਅਮਰੀਕਨ ਸਿਟੀਜ਼ਨ, ਪੜ੍ਹੀ-ਲਿਖੀ, ਹੋਹਣੀ-ਸੁਨੱਖੀ ਲੜਕੀ ਦੀ ਲੋੜ ਹੈ। ਲੜਕਾ ਬਿਜ਼ਨਸ ਫਾਈਨੈਂਸ ਦੀ ਵਧੀਆ ਜੌਬ ਕਰਦਾ ਹੈ। ਇੰਡੀਆ ਵਿਚ ਚੰਗੀ ਜ਼ਮੀਨ-ਜਾਇਦਾਦ ਹੈ। ਚਾਹਵਾਨ ਸੰਪਰਕ ਕਰਨ: 224-422-4773

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇ ਕੇ ਪੰਜਾਬ ਨੂੰ ਬਣਾਇਆ ਨੰਬਰ ਇਕ: ਭਗਵੰਤ ਮਾਨ





**ਲੁਧਿਆਣਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਭਗਤ ਸਿੰਘ ਸਿਰਫ਼ ਇੱਕ ਵਿਅਕਤੀ ਨਹੀਂ, ਸਗੋਂ ਇਕ ਵਿਚਾਰ ਤੇ ਇਨਕਲਾਬ ਦਾ ਨਾਮ ਹੈ। ਉਹ ਅੱਜ ਵੀ ਨੌਜਵਾਨਾਂ ਦੇ ਦਿਲਾਂ 'ਚ ਵੱਸਦੇ ਹਨ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ ਬਣੇ ਰਹਿਣਗੇ। ਉਨ੍ਹਾਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇ ਕੇ ਹੀ ਸਿੱਖਿਆ ਤੇ ਸਿਹਤ ਦੇ ਖੇਤਰ 'ਚ ਪੰਜਾਬ ਨੂੰ ਨੰਬਰ ਇਕ ਸੂਬਾ ਬਣਾਉਣਾ ਟੀਚਾ ਮਿੱਥਿਆ ਹੈ। ਮੁੱਖ ਮੰਤਰੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ 119 ਵੇਂ ਜਨਮ ਦਿਵਸ ਮੌਕੇ ਲੁਧਿਆਣਾ ਸਥਿਤ ਪੰਜਾਬ 'ਖੇਤੀਬਾੜੀ ਯੂਨੀਵਰਸਿਟੀ ਦੇ ਫੁੱਟਬਾਲ ਮੈਦਾਨ 'ਚ ਕਰਵਾਏ ਗਏ ਜਸ਼ਨ-ਏ-ਇਨਕਲਾਬ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਭਗਤ ਸਿੰਘ ਨੇ ਦੇਸ਼ ਦੀ ਆਜ਼ਾਦੀ ਦੇ ਨਾਲ-ਨਾਲ ਆਜ਼ਾਦ ਭਾਰਤ ਦੇ ਭਵਿੱਖ ਬਾਰੇ ਵੀ ਸੋਚਿਆ ਸੀ। ਉਨ੍ਹਾਂ ਦੀ ਸੋਚ ਦਾ ਕੇਂਦਰ ਚੰਗੀ ਸਿੱਖਿਆ, ਇਮਾਨਦਾਰ ਪ੍ਰਸ਼ਾਸਨ, ਸੱਚਾਈ ਤੇ ਬਰਾਬਰੀ ਵਾਲਾ ਸਮਾਜ ਸੀ।ਭਗਤ ਸਿੰਘ ਦੀ ਸ਼ਹਾਦਤ ਨੂੰ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੱਤਾ ਜਾਵੇ। ਭਗਵੰਤ ਮਾਨ ਨੇ ਕਿਹਾ ਕਿ ਭਗਤ ਸਿੰਘ ਨੇ ਦੇਸ਼ ਨੂੰ ਆਪਣਾ ਮਹਿਬੂਬ ਬਣਾਉਣ ਦੀ ਗੱਲ ਕੀਤੀ ਸੀ। ਇਸੇ ਲਈ ਅੱਜ ਵੀ ਉਨ੍ਹਾਂ ਦੇ ਨਾਮ 'ਤੇ ਮੇਲੇ ਲੱਗਦੇ ਹਨ ਤੇ ਨੌਜਵਾਨ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਭਗਤ ਸਿੰਘ ਨੂੰ ਸਿਰਫ਼ ਜਨਮ ਦਿਵਸ ਜਾਂ ਸ਼ਹੀਦੀ ਦਿਵਸ ਮੌਕੇ ਯਾਦ ਕਰਨਾ ਕਾਫ਼ੀ ਨਹੀਂ ਹੈ, ਸਗੋਂ ਉਨ੍ਹਾਂ ਦੇ ਵਿਚਾਰਾਂ ਨੂੰ ਅਮਲ 'ਚ ਲਿਆਉਣ ਦੀ ਲੋੜ ਹੈ। ਭਗਤ ਸਿੰਘ ਚਾਹੁੰਦੇ ਸਨ ਕਿ ਦੇਸ਼ ਦੇ ਨੌਜਵਾਨ ਪੜ੍ਹੇ-ਲਿਖੇ, ਜਾਗਰੂਕ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ। ਇਸੇ ਲਈ ਉਨ੍ਹਾਂ ਦੀ ਸਰਕਾਰ ਨੇ ਸ਼ਹੀਦ ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦਿੰਦਿਆਂ ਸਿੱਖਿਆ ਤੇ ਸਿਹਤ ਵਰਗੇ ਖੇਤਰਾਂ 'ਚ ਪੰਜਾਬ ਨੂੰ ਨੰਬਰ ਇਕ ਬਣਾਇਆ। ਮੁੱਖ ਮੰਤਰੀ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਕੋਟਿ- ਕੋਟਿ ਪ੍ਰਣਾਮ ਕਰਦਿਆਂ ਕਿਹਾ ਕਿ ਸ਼ਹੀਦ ਕਦੇ ਮਰਦੇ ਨਹੀਂ, ਉਹ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾ ਜਿਉਂਦੇ ਰਹਿੰਦੇ ਹਨ। ਮੁੱਖ ਮੰਤਰੀ ਨੇ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਮਾਰਟ ਕਲਾਸ ਰੂਮ, ਲੈਬਾਰਟਰੀਆਂ ਤੇ ਲਾਇਬ੍ਰੇਰੀਆਂ ਬਣਾਈਆਂ ਗਈਆਂ ਹਨ। ਅਧਿਆਪਕਾਂ ਤੇ ਨਾਨ-ਟੀਚਿੰਗ ਸਟਾਫ਼ ਦੀ ਭਰਤੀ ਕੀਤੀ ਗਈ ਤੇ ਅਧਿਆਪਕਾਂ ਨੂੰ ਵਿਦੇਸ਼ਾਂ 'ਚ ਸਿਖਲਾਈ ਲਈ ਭੇਜਿਆ ਗਿਆ। ਮਾਨ ਨੇ ਦਾਅਵਾ ਕੀਤਾ ਕਿ 2021 'ਚ ਸਕੂਲ ਸਿੱਖਿਆ ਦੇ ਮਾਮਲੇ 'ਚ ਪੰਜਾਬ 28 ਸੂਬਿਆਂ 'ਚ 27ਵੇਂ ਸਥਾਨ 'ਤੇ ਸੀ, ਜਦਕਿ ਹੁਣ ਕੇਂਦਰ ਸਰਕਾਰ ਦੀ ਰੈਂਕਿੰਗ 'ਚ ਪੰਜਾਬ ਪਹਿਲੇ ਸਥਾਨ 'ਤੇ ਪੁੱਜ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਮੈਡੀਕਲ ਸਿੱਖਿਆ ਦੇ ਦਰਵਾਜ਼ੇ ਵੀ ਖੁੱਲ੍ਹੇ ਹਨ।

ਉਨ੍ਹਾਂ ਦੱਸਿਆ ਕਿ 2021 'ਚ ਸਰਕਾਰੀ ਸਕੂਲਾਂ ਦੇ 80 ਵਿਦਿਆਰਥੀਆਂ ਨੇ ਨੀਟ ਪਾਸ ਕੀਤਾ ਸੀ, ਜਦਕਿ ਹਾਲੀਆ ਨਤੀਜੇ,'ਚ ਪੰਜਾਬ ਦੇ ਸਰਕਾਰੀ ਸਕੂਲਾਂ ਦੇ 882 ਵਿਦਿਆਰਥੀਆਂ ਦੇ ਨੀਟ ਪਾਸ ਕਰਨ ਦਾ ਦਾਅਵਾ ਕੀਤਾ।

> **ਮੁੱਖ ਮੰਤਰੀ ਨੇ ਕਿਹਾ ਕਿ ਭਗਤ ਸਿੰਘ ਨੇ ਦੇਸ਼ ਦੀ ਆਜ਼ਾਦੀ ਦੇ ਨਾਲ-ਨਾਲ ਆਜ਼ਾਦ ਭਾਰਤ ਦੇ ਭਵਿੱਖ ਬਾਰੇ ਵੀ ਸੋਚਿਆ ਸੀ। ਉਨ੍ਹਾਂ ਦੀ ਸੋਚ ਦਾ ਕੇਂਦਰ ਚੰਗੀ ਸਿੱਖਿਆ, ਇਮਾਨਦਾਰ ਪ੍ਰਸ਼ਾਸਨ, ਸੱਚਾਈ ਤੇ ਬਰਾਬਰੀ ਵਾਲਾ ਸਮਾਜ ਸੀ।ਭਗਤ ਸਿੰਘ ਦੀ ਸ਼ਹਾਦਤ ਨੂੰ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੱਤਾ ਜਾਵੇ।**

## ਘਟਨਾ ਤੋਂ ਪੰਜ ਦਿਨ ਪਹਿਲਾਂ...

**(ਪਹਿਲੇ ਸਫ਼ੇ ਦਾ ਬਾਕੀ)**

ਸੂਬਾ ਮਹਿਲਾ ਕਮਿਸ਼ਨ ਨੇ ਪਟਿਆਲਾ ਦੀ ਚਿਤਕਾਰਾ ਅਤੇ ਐਲਪੀਯੂ 'ਚ ਹੋਈਆਂ ਘਟਨਾਵਾਂ ਦਾ ਖੁਦ ਨੋਟਿਸ ਲੈਂਦਿਆਂ ਪਟਿਆਲਾ ਅਤੇ ਕਪੂਰਥਲਾ ਦੋਵਾਂ ਦੇ ਐੱਸਐੱਸਪੀਜ਼ ਤੋਂ ਇਸ ਮਾਮਲੇ ਦੀ ਵਿਸਥਾਰਤ ਰਿਪੋਰਟ ਮੰਗੀ ਹੈ। ਯੂਨੀਵਰਸਿਟੀ ਵੱਲੋਂ ਦਸ ਦਿਨਾਂ ਦੀਆਂ ਛੁੱਟੀਆਂ ਦੇ ਐਲਾਨ ਤੋਂ ਬਾਅਦ ਹੋਸਟਲਾਂ 'ਚ ਰਹਿੰਦੇ ਕੁਝ ਵਿਦਿਆਰਥੀ' ਆਪੋ-ਆਪਣੇ ਘਰਾਂ ਨੂੰ ਜਾਣ ਲੱਗੇ ਹਨ।

## ਵਿਦਿਆਰਥੀ ਸੜਕ 'ਤੇ ਨਿਕਲੇ ਤਾਂ ਵਿਗੜੀ ਸਥਿਤੀ

ਦੱਸਿਆ ਜਾ ਰਿਹਾ ਹੈ ਕਿ ਜਦੋਂ ਤੱਕ ਵਿਦਿਆਰਥੀ ਯੂਨੀਵਰਸਿਟੀ ਕੈਂਪਸ ਦੇ ਅੰਦਰ ਰਹੇ, ਉਦੋਂ ਤੱਕ ਸਥਿਤੀ ਪੂਰੀ ਤਰ੍ਹਾਂ ਬੇਕਾਬੂ ਨਹੀਂ ਹੋਈ ਸੀ। ਜਦੋਂ ਕੁਝ ਵਿਦਿਆਰਥੀਆਂ ਨੇ ਮੁੱਖ ਗੇਟ ਖੋਲ੍ਹਿਆ ਤੇ ਵਿਦਿਆਰਥੀ ਬਾਹਰ ਨਿਕਲਣੇ ਸ਼ੁਰੂ ਹੋਏ ਤਾਂ ਸਥਿਤੀ ਤੇਜ਼ੀ ਨਾਲ ਵਿਗੜਨ ਲੱਗੀ। ਪੁਲਿਸ ਹੁਣ ਇਸ ਪੂਰੇ ਘਟਨਾਕ੍ਰਮ ਦੀ ਮਿੰਟ-ਦਰ-ਮਿੰਟ ਕੜੀ ਤਿਆਰ ਕਰ ਰਹੀ ਹੈ-ਕਿ ਮੁੱਖ ਗੇਟ ਖੁੱਲ੍ਹਣ ਤੋਂ ਬਾਅਦ ਕੌਣ-ਕੌਣ ਲੋਕ ਅੰਦਰ ਤੇ ਬਾਹਰ ਗਏ। ਪੁਲਿਸ ਨੂੰ ਖ਼ਦਸ਼ਾ ਹੈ ਕਿ ਮੁੱਖ ਗੇਟ ਖੁੱਲ੍ਹਣ ਤੋਂ ਬਾਅਦ ਕੁਝ ਬਾਹਰੀ ਲੋਕ ਵੀ ਵਿਦਿਆਰਥੀਆਂ ਦੇ ਨਾਲ ਅੰਦਰ ਦਾਖ਼ਲ ਹੋਏ। ਇਸ ਤੋਂ ਬਾਅਦ ਕੈਂਪਸ 'ਚ ਭੰਨਤੋੜ ਤੇ ਅੱਗਜ਼ਨੀ ਦੀਆਂ ਘਟਨਾਵਾਂ ਸਾਹਮਣੇ ਆਈਆਂ। ਉਨ੍ਹਾਂ ਦੀ ਪਛਾਣ ਲਈ ਵੀ ਲਗਾਤਾਰ ਸੀਸੀਟੀਵੀ ਫੁਟੇਜ ਖੰਗਾਲੀ ਜਾ ਰਹੀ ਹੈ। ਇਸੇ ਦੌਰਾਨ ਸੂਬਾ ਮਹਿਲਾ ਕਮਿਸ਼ਨ ਨੇ ਵੀ ਇਸ ਘਟਨਾ ਨੂੰ ਲੈ, ਕੇ ਪੁਲਿਸ ਅਤੇ ਯੂਨੀਵਰਸਿਟੀ, ਪ੍ਰਸ਼ਾਸਨ ਤੋਂ ਰਿਪੋਰਟ ਤਲਬ ਕੀਤੀ ਹੈ। ਯੂਨੀਵਰਸਿਟੀ ਨੇ ਵੀ ਸਥਿਤੀ ਨੂੰ ਦੇਖਦਿਆਂ ਦਸ ਦਿਨਾਂ ਦੀਆਂ ਛੁੱਟੀਆਂ ਦਾ ਐਲਾਨ ਕਰਦਿਆਂ ਪ੍ਰੀਖਿਆਵਾਂ ਮੁਲਤਵੀ ਕਰ ਦਿੱਤੀਆਂ ਸਨ। ਇਸ ਸਥਿਤੀ 'ਚ ਸੋਮਵਾਰ ਨੂੰ ਵੱਡੀ ਗਿਣਤੀ 'ਚ ਹੋਸਟਲਾਂ 'ਚ ਰਹਿੰਦੇ ਵਿਦਿਆਰਥੀ ਘਰਾਂ ਨੂੰ ਪਰਤ ਗਏ। ਵੱਡੀ ਗਿਣਤੀ 'ਚ ਵਿਦਿਆਰਥੀ ਬੱਸਾਂ, ਆਟੋ ਤੇ ਹੋਰ ਸਾਧਨਾਂ ਰਾਹੀਂ ਬੱਸ ਅੱਡੇ ਤੇ ਰੇਲਵੇ ਸਟੇਸ਼ਨ ਵੱਲ ਜਾਂਦੇ ਦੇਖੇ ਗਏ। ਕਈ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਾਪੇ ਵੀ ਲੈਣ ਲਈ ਪਹੁੰਚੇ। ਇਸ ਕਾਰਨ ਜਲੰਧਰ-ਫਗਵਾੜਾ ਨੈਸ਼ਨਲ ਹਾਈਵੇ 'ਤੇ ਦਿਨ ਭਰ ਵਾਹਨਾਂ ਦੀ ਆਵਾਜਾਈ ਪ੍ਰਭਾਵਿਤ ਰਹੀ ਤੇ ਕਈ-ਥਾਵਾਂ 'ਤੇ ਜਾਮ ਵਰਗੀ ਸਥਿਤੀ ਬਣੀ ਰਹੀ।

## ਵੋਟਰ ਸੂਚੀਆਂ ਵਿਚ...

**(ਪਹਿਲੇ ਸਫ਼ੇ ਦਾ ਬਾਕੀ)**



ਭਾਰਤ ਦਾ ਚੋਣ ਕਮਿਸ਼ਨ 3 ਮੈਂਬਰਾਂ ਵਾਲੀ ਸੰਵਿਧਾਨਕ ਸੰਸਥਾ ਹੈ ਅਤੇ ਇਸਦੇ ਅਧਿਕਾਰਾਂ ਦੀ ਵਰਤੋਂ ਸਮੂਹਿਕ ਫ਼ੈਸਲੇ ਦੇ ਅਮਲ ਤਹਿਤ ਹੋਣੀ ਚਾਹੀਦੀ ਹੈ। ਪਟੀਸ਼ਨ 'ਚ ਚੋਣ ਕਮਿਸ਼ਨ ਦੇ ਮੂਲ ਰਿਕਾਰਡ ਸੁਪਰੀਮ ਕੋਰਟ ਅੱਗੇ ਪੇਸ਼ ਕਰਨ ਦੀ ਮੰਗ ਕੀਤੀ ਗਈ। ਇਸ 'ਚ ਬੈਠਕਾਂ ਦੇ ਸਿਸਟਮ, ਏਜੰਡਾ, ਫਾਈਲ ਕੋਟਿੰਗ, ਆਈ.ਆਈ-ਏਕਸੈੱਸ ਰਿਕਾਰਡ, ਫਾਰਮ 6 ਅਤੇ ਈ.ਸੀ.ਆਈ. ਨੈੱਟ ਆਦਿ ਨਾਲ ਜੁੜੇ ਰਿਕਾਰਡ ਸ਼ਾਮਿਲ ਹਨ। ਪਟੀਸ਼ਨਕਰਤਾ ਨੇ ਮੰਗ ਕੀਤੀ ਕਿ ਕਮਿਸ਼ਨ ਦੀ ਮਨਜ਼ੂਰੀ ਤੋਂ ਬਿਨਾਂ ਲਏ ਗਏ ਕਥਿਤ ਫ਼ੈਸਲਿਆਂ ਨੂੰ ਰੱਦ ਕੀਤਾ ਜਾਏ।

ਲਈ ਉਸਾਰੂ ਯਤਨ ਕੀਤੇ ਹਨ। ਫੋਰਸ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਗਏ ਸਨ ਕਿ ਵੱਧ ਤੋਂ ਵੱਧ ਸੰਜਮ ਵਰਤਿਆ ਜਾਵੇ ਤੇ ਵਿਦਿਆਰਥੀਆਂ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦੇ ਬਲ ਦੀ ਵਰਤੋਂ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਵਿਦਿਆਰਥੀ ਸਾਡੇ

## ਮਾਮਲੇ ਦੀ ਗੰਭੀਰਤਾ...

**(ਪਹਿਲੇ ਸਫ਼ੇ ਦਾ ਬਾਕੀ)**

ਵਿਦਿਆਰਥੀਆਂ ਤੇ ਯੂਨੀਵਰਸਿਟੀ ਪ੍ਰਬੰਧਨ ਵਿਚਕਾਰ ਗੱਲਬਾਤ ਕਰਵਾਉਣ 'ਤੇ ਵਿਚਾਰ-




ਬੱਚਿਆਂ ਵਾਂਗ ਹਨ ਤੇ ਸਾਡੀ ਤਰਜੀਹ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਸੀ। ਅਸੀਂ

ਵਟਾਂਦਰੇ ਰਾਹੀਂ ਮਸਲੇ ਦਾ ਹੱਲ ਕਰਨ ਲਈ ਹਰ ਸੰਭਵ ਯਤਨ ਕੀਤਾ।

ਹਿੰਸਕ ਘਟਨਾਵਾਂ ਬਾਰੇ ਡੀਜੀਪੀ ਨੇ ਕਿਹਾ ਕਿ ਪੁਲਿਸ ਵੱਲੋਂ ਉਪਲਬਧ ਸਾਰੀਆਂ ਵੀਡੀਓ ਫੁਟੇਜਾਂ, ਸੀਸੀਟੀਵੀ ਰਿਕਾਰਡਿੰਗਸ ਤੇ ਹੋਰ ਤਕਨੀਕੀ ਸਬੂਤਾਂ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਪਛਾਣ ਕੀਤੀ ਜਾ ਸਕੇ। ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਪਹਿਲਾਂ ਹੀ ਗਠਿਤ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹਿੰਸਾ 'ਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜਾਂਚ ਤੋਂ ਬਾਅਦ ਜੋ ਵੀ ਵਿਅਕਤੀ ਜ਼ਿੰਮੇਵਾਰ ਪਾਇਆ ਗਿਆ, ਉਸ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਹੋਵੇਗੀ। ਡੀਜੀਪੀ ਨੇ 'ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ 'ਤੇ ਬਿਨਾਂ ਤਸਦੀਕ ਕੀਤੀਆਂ ਵੀਡੀਓਜ਼, ਆਡੀਓ ਕਲਿੱਪਾਂ ਜਾਂ ਕਿਸੇ ਵੀ ਤਰ੍ਹਾਂ ਦੀ ਗੁੰਮਰਾਹਕੁੰਨ ਸ਼ਮੱਗਰੀ ਸਾਂਝੀ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਲੋਕਾਂ ਨੂੰ ਸਿਰਫ਼ ਸਰਕਾਰੀ ਤੇ ਤਸਦੀਕਸ਼ੁਦਾ ਸਰੋਤਾਂ ਰਾਹੀਂ ਜਾਰੀ ਕੀਤੀ ਜਾਣਕਾਰੀ 'ਤੇ ਭਰੋਸਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜਾਣਬੁੱਝ ਕੇ ਗੁੰਮਰਾਹਕੁੰਨ ਸਮੱਗਰੀ ਫੈਲਾਉਣ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਦਿੱਲੀ ਦੇ ਸੰਵੇਦਨਸ਼ੀਲ ਇਲਾਕਿਆਂ ’ਚ ਸੁਰੱਖਿਆ ਆਡਿਟ ਦਾ ਹੁਕਮ

**ਨਵੀਂ ਦਿੱਲੀ:** ਐੱਨਸੀਆਰ ਵਿਚ ਪਿਛਲੇ ਦਿਨਾਂ ਦੌਰਾਨ ਵਾਪਰੀਆਂ ਜਬਰ-ਜਨਾਹ ਦੀਆਂ ਘਟਨਾਵਾਂ ਅਤੇ ਮਹਿਲਾ ਸੁਰੱਖਿਆ ‘ਤੇ ਚਿੰਤਾ ਪ੍ਰਗਟ ਕਰਦਿਆਂ ਸੁਪਰੀਮ ਕੋਰਟ ਨੇ ਮਾਮਲੇ ‘ਤੇ ਖ਼ੁਦ ਨੋਟਿਸ ਲਿਆ ਹੈ। ਅਦਾਲਤ ਨੇ ਕਿਹਾ ਕਿ ਸਿਰਫ਼ ਚਿੰਤਾ ਪ੍ਰਗਟ ਕਰਨ ਤੱਕ ਸੀਮਤ ਰਹਿਣ ਦੀ ਬਜਾਏ. ਜ਼ਮੀਨੀ ਪੱਧਰ ‘ਤੇ ਸੁਰੱਖਿਆ ਪ੍ਰਬੰਧਾਂ ਵਿਚ ਸੁਧਾਰ ਲਈ ਸਮਾਂਬੱਧ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇਸੇ ਨੂੰ ਧਿਆਨ ਵਿਚ ਰੱਖਦਿਆਂ ਸਿਖਰਲੀ ਅਦਾਲਤ ਨੇ ਮਹਿਲਾਵਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਿਆਪਕ ਨਿਰਦੇਸ਼ ਜਾਰੀ ਕੀਤੇ ਹਨ। ਅਦਾਲਤ ਨੇ ਪੁਲਿਸ ਨੂੰ ਚਾਰ ਹਫ਼ਤਿਆਂ ਦੇ ਅੰਦਰ ਸੰਵੇਦਨਸ਼ੀਲ ਇਲਾਕਿਆਂ ਦਾ ਸਰਵੇ ਕਰਵਾਉਣ, ਅਜਿਹੇ ਸੰਵੇਦਨਸ਼ੀਲ ਖੇਤਰਾਂ ਦਾ ਨਕਸ਼ਾ ਤਿਆਰ ਕਰਨ, ਪੁਲਿਸ ਗਸ਼ਤ ਵਧਾਉਣ ਅਤੇ ਖ਼ਰਾਬ ਸਟ੍ਰੀਟ ਲਾਈਟਾਂ ਤੇ ਸੀਸੀਟੀਵੀ ਕੈਮਰਿਆਂ ਨੂੰ ਠੀਕ ਕਰਨ ਦੇ ਹੁਕਮ ਦਿੱਤੇ ਹਨ। ਜਸਟਿਸ ਜੇ ਬੀ ਪਾਰਡੀਵਾਲਾ ਅਤੇ ਜਸਟਿਸ ਕੇ. ਵਿਨੋਦ ਚੰਦਰਨ ਦੇ ਬੈਂਚ ਨੇ ਮਹਿਲਾ ਸੁਰੱਖਿਆ ਨੂੰ ਤਰਜੀਹ ਦਿੰਦਿਆਂ ਕੁਝ ਉਪਾਅ ਤੁਰੰਤ ਅੰਤ੍ਰਿਮ ਤੌਰ ‘ਤੇ ਚਾਰ ਹਫ਼ਤਿਆਂ ਵਿਚ ਕਰਨ ਦੇ ਨਿਰਦੇਸ਼ ਦਿੱਤੇ। ਹਨ। ਕੋਰਟ ਨੇ ਕਿਹਾ ਕਿ ਦਿੱਲੀ ਦੇ ਪੁਲਿਸ ਕਮਿਸ਼ਨਰ ਹਰ ਪੁਲਿਸ ਜ਼ਿਲ੍ਹੇ ਲਈ ਵਿਸ਼ੇਸ਼ ਪੁਲਿਸ ਟੀਮਾਂ ਦਾ ਗਠਨ ਕਰਨਗੇ। ਇਨ੍ਹਾਂ ਟੀਮਾਂ ਦੀ ਅਗਵਾਈ ਡੀਐੱਸਪੀ ਤੋਂ ਹੇਠਲੇ ਰੈਂਕ ਦਾ ਅਧਿਕਾਰੀ ਨਹੀਂ ਕਰੇਗਾ। ਇਹ ਟੀਮਾਂ ਆਪੋ-ਆਪਣੇ ਇਲਾਕਿਆਂ ਵਿਚ ਸੰਵੇਦਨਸ਼ੀਲ ਥਾਵਾਂ ਦਾ ਤੁਰੰਤ ਸਰਵੇਖਣ ਅਤੇ ਨਿਰੀਖਣ ਕਰਨਗੀਆਂ। ਇਸ ਵਿਚ ਬਾਹਰੀ ਇਲਾਕੇ, ਸੁੰਨਸਾਨ ਖੇਤਰ, ਪਾਰਕ, ਆਵਾਜਾਈ ਕੇਂਦਰ, ਬਾਜ਼ਾਰ, ਵਿੱਦਿਅਕ ਸੰਸਥਾਵਾਂ ਦੇ ਆਲੇ-ਦੁਆਲੇ ਦੇ ਇਲਾਕੇ ਅਤੇ ਹੋਰ ਜਨਤਕ ਥਾਵਾਂ ਸ਼ਾਮਲ ਹੋਣਗੀਆਂ। ਇਹ ਆਡਿਟ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਦੇ ਅੰਕੜਿਆਂ, ਸਥਾਨਕ ਖੁਫੀਆ ਜਾਣਕਾਰੀ, ਪਿਛਲੀਆਂ ਅਤੇ ਮੌਜੂਦਾ ਸ਼ਿਕਾਇਤਾਂ, ਪਹਿਲਾਂ ਵਾਪਰੀਆਂ ਘਟਨਾਵਾਂ ਅਤੇ ਹੋਰ ਸੰਕੇਤਾਂ ਦੇ ਆਧਾਰ ‘ਤੇ ਕੀਤਾ ਜਾਵੇਗਾ। ਇਸ ਦਾ ਮਕਸਦ ਉਨ੍ਹਾਂ ਥਾਵਾਂ ਦੀ ਪਛਾਣ ਕਰਨਾ ਹੈ,ਜਿੱਥੇ ਖ਼ਰਾਬ ਰੋਸ਼ਨੀ, ਨਿਗਰਾਨੀ ਦੀ ਘਾਟ, ਨਾਕਾਫ਼ੀ ਗਸ਼ਤ, ਖਾਲੀ ਜਾਂ ਛੱਡੇ ਹੋਏ ਢਾਂਚੇ, ਦਾਖ਼ਲਾ ਕੰਟਰੋਲ ਦੀ ਕਮੀ ਜਾਂ ਹੋਰ ਖਾਮੀਆਂ ਕਾਰਨ ਅਪਰਾਧ ਦਾ ਖ਼ਤਰਾ ਵਧ ਸਕਦਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਜ਼ਿਲ੍ਹਾਵਾਰ ਸੰਵੇਦਨਸ਼ੀਲਤਾ ਦਾ ਨਕਸ਼ਾ ਤਿਆਰ ਕੀਤਾ ਜਾਵੇਗਾ ਅਤੇ ਇਸ ਨੂੰ ਨੇੜਲੇ ਪੁਲਿਸ ਥਾਣਿਆਂ ਨਾਲ ਸਾਂਝਾ ਕੀਤਾ ਜਾਵੇਗਾ, ਤਾਂ ਜੋ ਵਾਰ-ਵਾਰ ਸਾਹਮਣੇ ਆਉਣ ਵਾਲੇ ਅਪਰਾਧਕ ਪੈਟਰਨ ਅਤੇ ਆਦਤਨ ਅਪਰਾਧੀਆਂ ਨਾਲ ਸਬੰਧਤ ਜਾਣਕਾਰੀ - ਕਿਸੇ ਇੱਕ ਪੁਲਿਸ ਥਾਣੇ ਦੇ ਖੇਤਰ ਤੱਕ ਸੀਮਤ ਨਾ ਰਹੇ। ਚਿੰਨ੍ਹਿਤ ਕੀਤੇ ਸਾਰੇ ਜਨਤਕ ਪਾਰਕਾਂ ਅਤੇ ਸੰਵੇਦਨਸ਼ੀਲ ਖੇਤਰਾਂ ਵਿਚ ਹਰ ਸਮੇਂ ਗਸ਼ਤ ਅਤੇ ਸੁਰੱਖਿਆ ਪ੍ਰਬੰਧ ਰਹਿਣਗੇ। ਖ਼ਾਸ ਤੌਰ ‘ਤੇ ਸਵੇਰ ਅਤੇ ਸ਼ਾਮ ਦੇ ਸ਼ੁਰੂਆਤੀ ਸਮੇਂ ਅਤੇ ਸੰਵੇਦਨਸ਼ੀਲਤਾ ਦੇ ਮੁਲਾਂਕਣ ਦੇ ਆਂਧਾਰ ‘ਤੇ ਸਾਹਮਣੇ ਆਉਣ ਵਾਲੇ ਹੋਰ ਸਮਿਆਂ ਦੌਰਾਨ ਵੀ ਨਿਗਰਾਨੀ ਕੀਤੀ ਜਾਵੇਗੀ।





Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org




TBF
THE BAINS FIRM
Manpreet S. Bains
Personal Injury and Wrongful Death Attorneys
Case Results*
$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results
Offices in San Francisco and Union City

WILLIAM E. WEISS
Of Counsel
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



Homeopathicvibes
Harminder Singh Gill
Homeopathic Consultant and Practitioner
D.H.M.S; B.C.I.H
(Ex Homeopathic Medical officer Punjab Govt.)

Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
Harminder S. Gill
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਅਮਰੀਕਾ ਨੂੰ ਛੇਤੀ ਅਰਬ ਸਾਗਰ ਤੋਂ ਖਦੇੜ ਦੇਵਾਂਗੇ: ਮੋਜਤਬਾ ਖਾਮਨੇਈ

### ਹੋਰਮੁਜ਼ ਖੋਲ੍ਹਣ ਬਦਲੇ ਈਰਾਨ ਦੀਆਂ ਸ਼ਰਤਾਂ

ਈਰਾਨ ਨੇ ਕਿਹਾ ਹੈ ਕਿ ਜੇਕਰ ਉਸ ਦੀਆਂ ਬੰਦਰਗਾਹਾਂ ਦੀ ਸਮੁੰਦਰੀ ਨਾਕਾਬੰਦੀ ਖ਼ਤਮ ਕੀਤੀ ਜਾਵੇ, ਤੇਲ ਦੀ ਵਿਕਰੀ 'ਤੇ ਲੱਗੀਆਂ ਪਾਬੰਦੀਆਂ ਹਟਾਈਆਂ ਜਾਣ, ਵਿਦੇਸ਼ਾਂ 'ਚ ਜਮ੍ਹਾ ਉਸ ਦੇ ਅਰਬਾਂ ਡਾਲਰ ਜਾਰੀ ਕੀਤੇ ਜਾਣ ਅਤੇ ਲਿਬਨਾਨ ਤੇ ਯਮਨ ਸਮੇਤ ਵੱਖ-ਵੱਖ ਮੋਰਚਿਆਂ 'ਤੇ ਜੰਗ ਖ਼ਤਮ ਕਰਨ ਦਾ ਐਲਾਨ ਹੋਵੇ ਤਾਂ ਉਹ ਸੱਤ ਦਿਨਾਂ ਦੇ ਅੰਦਰ ਹੋਰਮੁਜ਼ ਜਲਡਮਰੂਮੱਧ ਖੋਲ੍ਹ ਸਕਦਾ ਹੈ। ਇਸ ਤੋਂ ਬਾਅਦ ਪਰਮਾਣੂ ਪ੍ਰੋਗਰਾਮ 'ਤੇ ਵਿਆਪਕ ਗੱਲਬਾਤ ਸ਼ੁਰੂ ਕਰਨ ਦੀ ਗੱਲ ਕਹੀ ਗਈ ਹੈ।





**ਨਵੀਂ ਦਿੱਲੀ:** ਪੱਛਮੀ ਏਸ਼ੀਆ 'ਚ ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਦਰਮਿਆਨ ਈਰਾਨ ਦੇ ਸਰਬਉੱਚ ਨੇਤਾ ਮੋਜਤਬਾ ਖਾਮਨੇਈ ਨੇ ਦੁਸ਼ਮਣ ਨੂੰ ਹੋਰਮੁਜ਼ ਤੋਂ ਦੂਰ ਰਹਿਣ ਅਤੇ ਜਲਦੀ ਤੋਂ ਜਲਦੀ ਅਰਬ ਸਾਗਰ ਛੱਡਣ ਦੀ ਚਿਤਾਵਨੀ ਦਿੱਤੀ ਹੈ। ਏਪੀ ਮੁਤਾਬਕ, ਉਨ੍ਹਾਂ ਕਿਹਾ ਕਿ ਜੇਕਰ ਦੁਸ਼ਮਣ ਨੇ ਜਲਦੀ ਅਜਿਹਾ ਨਾ ਕੀਤਾ ਤਾਂ ਉਸ ਨੂੰ ਅਰਬ ਸਾਗਰ ਤੋਂ ਵੀ ਖਦੇੜ ਦਿੱਤਾ ਜਾਵੇਗਾ। ਮੋਜਤਬਾ ਖੁਦ ਸਾਹਮਣੇ ਨਹੀਂ ਆਏ ਅਤੇ ਉਨ੍ਹਾਂ ਦਾ ਸੰਦੇਸ਼ ਸਰਕਾਰੀ ਟੀਵੀ 'ਤੇ ਪ੍ਰਸਾਰਿਤ ਕੀਤਾ। ਗਿਆ। ਲਿਬਨਾਨ ਦੇ ਨੇਤਾ ਹਸਨ ਨਸਰੁੱਲਾਹ ਦੀ ਮੌਤ ਦੀ ਦੂਜੀ ਬਰਸੀ 'ਤੇ ਮੋਜਤਬਾ ਨੇ ਈਰਾਨੀ ਲੜਾਕਿਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਹੋਰਮੁਜ਼ 'ਚ ਦੁਸ਼ਮਣ ਬਲਾਂ ਨੂੰ ਰੋਕਣ 'ਚ ਵੱਡੀ ਭੂਮਿਕਾ ਨਿਭਾਈ ਹੈ। ਸ ਏਐੱਨਆਈ. ਮੁਤਾਬਕ, ਆਈਆਰਜੀਸੀ ਨੇ ਲਗਾਤਾਰ ਦੂਜੇ ਦਿਨ ਅਮਰੀਕੀ ਪਣਡੁੱਬੀ ਫੌਨ ਫੜਨ ਦਾ ਦਾਅਵਾ ਕੀਤਾ ਹੈ। ਕਿ ਆਈਆਰਜੀਸੀ ਦੇ ਬੁਲਾਰੇ ਬ੍ਰਿਗੇਡੀਅਰ ਖ਼ ਜਨਰਲ ਹੋਸੈਨ ਮੋਹੇਬੀ ਨੇ ਲਿਖਿਆ ਕਿ ਇਕ ਦਿਨ ਪਹਿਲਾਂ 'ਰੇਮਸ600' ਨੂੰ ਫੜਿਆ ਗਿਆ ਸੀ, ਐਤਵਾਰ ਨੂੰ 'ਐੱਮਕੇ 18 ਮੋਡ 2 ਕਿੰਗਫਿਸ਼' ਨੂੰ ਦਬੋਚਿਆ ਗਿਆ ਹੈ।

ਹਾਲਾਂਕਿ, ਪੱਛਮੀ ਏਸ਼ੀਆ 'ਚ ਜੰਗ ਵਿਚਾਲੇ ਕੂਟਨੀਤੀ ਦੀ ਇਕ ਹੋਰ ਖਿੜਕੀ ਖੁੱਲ੍ਹਦੀ ਦਿਖਾਈ ਦੇ ਰਹੀ ਹੈ। ਅਮਰੀਕਾ ਅਤੇ ਈਰਾਨ ਵਿਚਾਲੇ ਅੜਿੱਕਾ ਤੋੜਨ ਲਈ ਕਤਰ ਨੇ ਵਿਚੋਲਗੀ ਤੇਜ਼ ਕਰ ਦਿੱਤੀ ਹੈ। ਰਾਇਟਰ ਮੁਤਾਬਕ, ਕਤਰ ਦੇ ਅਧਿਕਾਰੀ ਸੋਮਵਾਰ ਅਤੇ ਮੰਗਲਵਾਰ ਨੂੰ ਨਿਊਯਾਰਕ 'ਚ ਦੋਵਾਂ ਧਿਰਾਂ ਨਾਲ ਵੱਖ-ਵੱਖ ਗੱਲਬਾਤ ਕਰਨਗੇ। ਈਰਾਨ ਵੱਲੋਂ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਗੱਲਬਾਤ 'ਚ ਸ਼ਾਮਲ ਹੋਣਗੇ। ਸੰਯੁਕਤ ' ਰਾਸ਼ਟਰ ਮਹਾ ਸਭਾ ਲਈ ਨਿਊਯਾਰਕ ਪਹੁੰਚੇ ਅਰਾਘਚੀ ਅਜੇ ਤਹਿਰਾਨ ਨਹੀਂ ਪਰਤੇ ਹਨ। ਤਣਾਅ ਕਾਰਨ ਕੱਚੇ ਤੇਲ ਦੀ ਕੀਮਤ ਦੋ ਫ਼ੀਸਦੀ ਵਧ ਕੇ 106 ਡਾਲਰ ਪ੍ਰਤੀ ਬੈਰਲ 'ਤੇ ਪਹੁੰਚ ਗਈ ਹੈ। ਗੱਲਬਾਤ ਦਾ ਕੇਂਦਰ ਈਰਾਨ ਦਾ ਸੱਤ ਦਿਨ ਦਾ ਪ੍ਰਸਤਾਵ ਰਹੇਗਾ, ਜਿਸ ਨੂੰ ਉਸ ਨੇ ਪਿਛਲੇ ਹਫ਼ਤੇ ਸੰਯੁਕਤ ਰਾਸ਼ਟਰ ਮਹਾ ਸਭਾ ਦੌਰਾਨ ਵਿਚੋਲਿਆਂ ਰਾਹੀਂ ਅਮਰੀਕਾ ਤੱਕ ਪਹੁੰਚਾਇਆ ਸੀ।

### ਹਵਾਈ ਪਾਬੰਦੀਆਂ 'ਤੇ ਵੀ ਸ਼ਿਕਾਇਤ

ਈਰਾਨ ਦੇ ਸ਼ਹਿਰੀ ਹਵਾਬਾਜ਼ੀ ਸੰਗਠਨ ਨੇ ਅਮਰੀਕੀ ਪਾਬੰਦੀਆਂ ਨੂੰ ਲੈ ਕੇ ਅੰਤਰਰਾਸ਼ਟਰੀ ਸ਼ਹਿਰੀ ਹਵਾਬਾਜ਼ੀ ਸੰਗਠਨ ਕੋਲ ਸ਼ਿਕਾਇਤ ਕੀਤੀ ਹੈ। ਈਰਾਨ ਦਾ ਕਹਿਣਾ ਹੈ ਕਿ ਉਹ ਮੁਅੱਤਲ ਉਡਾਣ ਮਾਰਗਾਂ ਨੂੰ ਬਹਾਲ ਕਰਵਾਉਣ ਲਈ ਕੂਟਨੀਤਕ ਅਤੇ ਕਾਨੂੰਨੀ ਰਾਹ ਅਪਣਾ ਰਿਹਾ ਹੈ। ਸੰਗਠਨ ਦੇ ਮੁਖੀ ਅਬੁਜ਼ਾਰ ਸ਼ਿਰੋਦੀ ਮੁਤਾਬਕ, ਅਮਰੀਕਾ ਵਿਰੁੱਧ ਅੰਤਰਰਾਸ਼ਟਰੀ ਅਦਾਲਤ 'ਚ ਵੀ ਸ਼ਿਕਾਇਤ ਦਰਜ ਕਰਵਾਈ ਗਈ ਹੈ।

## 10 ਬਾਗ਼ੀ ਵਿਧਾਇਕਾਂ ਦੇ ਮਾਮਲੇ 'ਚ ਸੁਪਰੀਮ ਕੋਰਟ ਵਲੋਂ ਟਿੱਪਣੀ

**ਨਵੀਂ ਦਿੱਲੀ:** ਪੱਛਮੀ ਬੰਗਾਲ ਵਿਧਾਨ ਸਭਾ ਦੇ ਸਪੀਕਰ ਰਬੀਂਦਰ ਨਾਥ ਬੋਸ ਵੱਲੋਂ ਟੀ.ਐੱਮ.ਸੀ. ਦੇ ਬਾਗ਼ੀ ਵਿਧਾਇਕਾਂ ਦੀ ਅਯੋਗਤਾ ਸੰਬੰਧੀ ਪਟੀਸ਼ਨਾਂ 'ਤੇ ਫ਼ੈਸਲਾ ਲੈਣ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ ਅਹਿਮ ਟਿੱਪਣੀ ਕੀਤੀ ਹੈ।

ਚੀਫ਼ ਜਸਟਿਸ ਸੂਰਿਆਕਾਂਤ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਅਦਾਲਤ ਕੋਲ ਇਹ ਮੰਨਣ ਦਾ ਪੂਰਾ ਕਾਰਨ ਹੈ ਕਿ ਵਿਧਾਨ ਸਭਾ ਸਪੀਕਰ, ਤੈਅ ਸਮੇਂ ਹੱਦ (3 ਮਹੀਨੇ) ਤੋਂ ਪੂਰੀ ਤਰ੍ਹਾਂ ਜਾਣੂ ਹਨ ਅਤੇ ਉਹ ਇਸ ਨਿਰਧਾਰਿਤ ਸਮੇਂ ਦੇ ਅੰਦਰ ਹੀ ਯੋਗ ਫ਼ੈਸਲਾ ਲੈਣਗੇ। ਦਰਅਸਲ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਦੇ ਵਿਧਾਇਕ ਸੋਹਨਦੇਵ ਚੱਟੋਪਾਧਿਆਏ ਨੇ ਸੁਪਰੀਮ ਕੋਰਟ ਤੱਕ ਪਹੁੰਚ ਕਰਕੇ ਮੰਗ ਕੀਤੀ ਸੀ ਕਿ ਸਪੀਕਰ ਨੂੰ 10 ਬਾਗ਼ੀ ਟੀ.ਐੱਮ.ਸੀ. ਵਿਧਾਇਕਾਂ (ਰਿਤਬਰਤਾ ਬੈਨਰਜੀ ਧੜੇ) ਦੇ ਖ਼ਿਲਾਫ਼ ਦਲ-ਬਦਲੀ ਕਾਨੂੰਨ ਤਹਿਤ ਦਾਇਰ ਅਯੋਗਤਾ ਪਟੀਸ਼ਨਾਂ 'ਤੇ ਜਲਦ ਫ਼ੈਸਲਾ ਸੁਣਾਉਣ ਦੇ ਨਿਰਦੇਸ਼ ਦਿੱਤੇ ਜਾਣ। ਸੁਪਰੀਮ ਕੋਰਟ ਨੇ ਇਸ ਪਟੀਸ਼ਨ ਨੂੰ ਖਾਰਜ (ਨਿਪਟਾਰਾ) ਕਰਦਿਆਂ ਕਿਹਾ ਕਿ ਇਸ ਮਾਮਲੇ ਵਿਚ ਸਪੀਕਰ 'ਤੇ ਸ਼ੱਕ ਕਰਨ ਦਾ ਕੋਈ ਕਾਰਨ ਨਹੀਂ ਹੈ। ਇਹ ਅਯੋਗਤਾ ਪਟੀਸ਼ਨਾਂ 8 ਜੁਲਾਈ 2026 ਨੂੰ ਦਾਇਰ ਕੀਤੀਆਂ ਗਈਆਂ ਸਨ। ਇਸ ਲਿਹਾਜ਼ ਨਾਲ 3 ਮਹੀਨਿਆਂ ਦੀ ਇਹ ਮਿਆਦ 8 ਅਕਤੂਬਰ ਤੋਂ 10 ਅਕਤੂਬਰ 2026 ਦੇ ਵਿਚਕਾਰ ਖ਼ਤਮ ਹੋ ਰਹੀ ਹੈ ਅਤੇ ਅਦਾਲਤ ਨੂੰ ਭਰੋਸਾ ਹੈ ਕਿ ਸਪੀਕਰ ਇਸੇ ਹਫ਼ਤੇ ਦੇ ਅੰਦਰ ਆਪਣਾ ਫ਼ੈਸਲਾ ਲੈ ਲੈਣਗੇ।

## ਗਮਾਡਾ ਤੋਂ ਬਾਅਦ ਟੀ.ਡੀ.ਆਈ. ਦਫ਼ਤਰ 'ਤੇ ਈ.ਡੀ. ਦਾ ਛਾਪਾ

### 16 ਕਰੋੜ ਦੇ ਕਥਿਤ ਮੁਆਵਜ਼ਾ ਘੁਟਾਲੇ ਦੀ ਜਾਂਚ ਲਈ 15 ਮੈਂਬਰੀ ਟੀਮ ਪੁੱਜੀ

**ਮੁਹਾਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਗਮਾਡਾ ਦਫ਼ਤਰ ਦੀ ਲੰਬੀ ਜਾਂਚ ਤੋਂ ਬਾਅਦ ਮੁਹਾਲੀ 'ਚ ਮੁੜ ਵੱਡੀ ਕਾਰਵਾਈ ਕੀਤੀ ਗਈ। ਈ.ਡੀ. ਦੀ 15 ਮੈਂਬਰੀ ਟੀਮ ਨੇ ਤਿੰਨ ਗੱਡੀਆਂ 'ਚ ਪਹੁੰਚ ਕੇ ਸੈਕਟਰ-119 ਸਥਿਤ ਟੀਡੀਆਈ ਇਨਫਰਾਟੈੱਕ ਲਿਮਟਿਡ ਦੇ ਦਫ਼ਤਰ 'ਤੇ ਛਾਪੇਮਾਰੀ ਕੀਤੀ। ਖ਼ਬਰ ਲਿਖੇ ਜਾਣ ਤੱਕ ਜਾਂਚ ਜਾਰੀ ਸੀ ਅਤੇ ਦਫ਼ਤਰ ਨੂੰ ਸੀਲ ਕੀਤਾ ਹੋਇਆ ਸੀ।

ਸੂਤਰਾਂ ਅਨੁਸਾਰ ਦਫ਼ਤਰ 'ਚ ਦਾਖ਼ਲ ਹੁੰਦਿਆਂ ਹੀ ਟੀਮ ਨੇ ਮੌਜੂਦ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਮੋਬਾਈਲ ਫ਼ੋਨ ਆਪਣੇ ਕਬਜ਼ੇ 'ਚ ਲੈ ਲਏ। ਇਸ ਤੋਂ ਬਾਅਦ ਕੰਪਨੀ ਦੇ ਵਿੱਤੀ ਰਿਕਾਰਡ, ਜ਼ਮੀਨ ਨਾਲ ਸਬੰਧਤ ਦਸਤਾਵੇਜ਼ਾਂ ਅਤੇ ਖਾਤਿਆਂ ਦੀ ਜਾਂਚ ਕੀਤੀ ਗਈ। ਮੁੱਢਲੀ ਪੁੱਛਗਿੱਛ ਤੋਂ ਬਾਅਦ ਕੁਝ ਕਰਮਚਾਰੀਆਂ ਦੇ ਮੋਬਾਈਲ ਫ਼ੋਨ ਵਾਪਸ ਵੀ ਕਰ ਦਿੱਤੇ ਗਏ।

ਜਾਣਕਾਰੀ ਅਨੁਸਾਰ ਕਾਰਵਾਈ ਪੀਆਰ-6 ਸੜਕ ਲਈ ਐਕਵਾਇਰ ਕੀਤੀ. ਗਈ ਜ਼ਮੀਨ ਦੀ ਮੁਆਵਜ਼ਾ ਰਾਸ਼ੀ 'ਚ ਕਥਿਤ ਗੜਬੜ ਨਾਲ ਜੁੜੀ ਹੈ। ਦੋਸ਼ ਹੈ ਕਿ ਮਾਸਟਰ ਪਲਾਨ ਅਧੀਨ ਆਉਂਦੀ ਜ਼ਮੀਨ ਦਾ ਸੀਐੱਲਯੂ ਹੋਣ ਤੋਂ ਬਾਅਦ ਵੱਧ 'ਮੁਆਵਜ਼ਾ ਲੈਣ ਲਈ ਜ਼ਮੀਨਾਂ ਦੀਆਂ ਰਜਿਸਟਰੀਆਂ ਕੰਪਨੀ ਦੇ ਨਜ਼ਦੀਕੀ ਰਿਸ਼ਤੇਦਾਰਾਂ ਦੇ ਨਾਂ 'ਤੇ ਕਰਵਾਈਆਂ ਗਈਆਂ। ਸੂਤਰਾਂ ਮੁਤਾਬਕ ਇਸ ਤਰ੍ਹਾਂ ਸਰਕਾਰ ਤੋਂ ਵਪਾਰਕ ਜਾਂ ਰਿਹਾਇਸ਼ੀ ਦਰਾਂ 'ਤੇ ਵੱਧ ਮੁਆਵਜ਼ਾ ਲੈਣ ਦੀ ਕੋਸ਼ਿਸ਼ ਕੀਤੀ ਗਈ। ਸੂਤਰਾਂ ਅਨੁਸਾਰ ਕਥਿਤ ਗੜਬੜ ਦੀ ਰਕਮ ਕਰੀਬ 6 ਕਰੋੜ ਰੁਪਏ ਹੈ। ਮਾਮਲਾ ਸਾਹਮਣੇ ਆਉਣ ਤੋਂ ਬਾਅਦ ਕੰਪਨੀ ਵੱਲੋਂ ਗਮਾਡਾ ਨਾਲ ਰਾਬਤਾ ਕਰਕੇ ਇਨ੍ਹਾਂ ਰਜਿਸਟਰੀਆਂ ਨੂੰ ਰੱਦ ਕਰਨ ਦੀ ਮੰਗ ਕੀਤੀ। ਜਾਣ ਦੀ ਵੀ ਜਾਣਕਾਰੀ ਹੈ। ਗਮਾਡਾ ਨੇ ਕਥਿਤ ਤੌਰ 'ਤੇ ਕੰਪਨੀ ਨੂੰ ਸਪੱਸ਼ਟ ਕੀਤਾ ਸੀ ਕਿ ਰਜਿਸਟਰੀਆਂ ਰੱਦ ਕਰਨ ਦਾ ਅਧਿਕਾਰ ਅਥਾਰਟੀ ਕੋਲ ਨਹੀਂ ਹੈ ਅਤੇ ਇਸ ਲਈ ਅਦਾਲਤੀ ਹੁਕਮ ਲੈਣਾ ਪਵੇਗਾ।




**ਗਮਾਡਾ ਦੇ ਰਿਕਾਰਡ ਅਨੁਸਾਰ ਪੀਆਰ-6** ਲਈ ਜ਼ਮੀਨ ਐਕਵਾਇਰ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਣ ਦੇ ਬਾਵਜੂਦ ਕੁਝ ਰਜਿਸਟਰੀਆਂ ਕਰਵਾਈਆਂ ਗਈਆਂ ਸਨ।

ਇਸ ਸਬੰਧੀ ਸਰਕਾਰੀ ਖ਼ਜ਼ਾਨੇ ਨੂੰ ਕਥਿਤ ਤੌਰ 'ਤੇ ਕਰੀਬ 6 ਕਰੋੜ ਰੁਪਏ ਦਾ ਨੁਕਸਾਨ ਹੋਣ ਦੇ ਦੋਸ਼ ਲੱਗੇ ਹਨ। ਇਸ ਮਾਮਲੇ ਦੀ ਜਾਂਚ ਹੁਣ ਈਡੀ ਵੱਲੋਂ ਕੀਤੀ ਜਾ ਰਹੀ ਹੈ।

ਇਹ ਮਾਮਲਾ ਹਾਈ ਕੋਰਟ 'ਚ ਵੀ ਵਿਚਾਰ ਅਧੀਨ ਹੈ। ਬਿਲਡਰ ਵੱਲੋਂ ਪੀਆਰ- 6 ਰੋਡ 'ਤੇ ਲੱਗੀ ਸਟੇਅ ਹਟਾਉਣ ਲਈ ਅਰਜ਼ੀ ਦਾਇਰ ਕੀਤੀ ਗਈ ਹੈ।

## ਪੰਜਾਬ ਤੇ ਹਰਿਆਣਾ ਦੇ ਰਾਜਪਾਲਾਂ ਵਲੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ

**ਨਵੀਂ ਦਿੱਲੀ:** ਹਰਿਆਣਾ ਅਤੇ ਪੰਜਾਬ ਦੇ ਰਾਜਪਾਲਾਂ ਨੇ ਸੋਮਵਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਵੱਖ-ਵੱਖ ਮੀਟਿੰਗਾਂ ਦੌਰਾਨ, ਹਰਿਆਣਾ ਦੇ ਰਾਜਪਾਲ ਆਸ਼ਿਮ ਕੁਮਾਰ ਘੋਸ਼ ਅਤੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਗ੍ਰਹਿ ਮੰਤਰੀ ਨਾਲ ਆਪਣੇ-ਆਪਣੇ ਰਾਜਾਂ ਨਾਲ ਸੰਬੰਧਿਤ ਮੁੱਦਿਆਂ 'ਤੇ ਚਰਚਾ ਕੀਤੀ। ਗ੍ਰਹਿ ਮੰਤਰੀ ਦੇ ਦਫ਼ਤਰ ਨੇ 'ਐਕਸ' 'ਤੇ ਪੋਸਟ ਕੀਤਾ ਕਿ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਇਕ ਹੋਰ ਪੋਸਟ 'ਚ, ਦਫ਼ਤਰ ਨੇ ਕਿਹਾ ਕਿ ਹਰਿਆਣਾ ਦੇ ਰਾਜਪਾਲ ਆਸ਼ਿਮ ਕੁਮਾਰ ਘੋਸ਼ ਨੇ ਕੇਂਦਰੀ ਗ੍ਰਹਿ ਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ।



## ਕਾਂਗਰਸ ਵਲੋਂ ਮੁੱਖ ਚੋਣ ਕਮਿਸ਼ਨਰ ਦੇ ਘਰ ਅੱਗੇ ਪ੍ਰਦਰਸ਼ਨ

**ਆਗਰਾ:** ਕਾਂਗਰਸ ਦੇ ਵਰਕਰਾਂ ਨੇ ਆਗਰਾ ਵਿਖੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਘਰ ਦੇ ਬਾਹਰ ਪ੍ਰਦਰਸ਼ਨ ਕਰਦਿਆਂ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਘਰ ਦੇ ਮੁੱਖ ਗੇਟ ਤੇ ਕੰਧ 'ਤੇ ਸਪਰੇਅ ਪੇਂਟ ਨਾਲ ਇਤਰਾਜ਼ਯੋਗ ਨਾਅਰੇ ਲਿਖੇ। ਉਨ੍ਹਾਂ ਘਰ ਦੇ ਬਾਹਰ ਸਟਿੱਕਰ ਅਤੇ ਪੈਂਫਲਿਟ ਵੀ ਚਿਪਕਾਏ। ਕਾਂਗਰਸ ਤੇ ਇਸ ਨਾਲ ਸੰਬੰਧਿਤ ਸੰਗਠਨਾਂ ਦੇ ਵਰਕਰ ਸਵੇਰੇ ਵੱਡੀ ਗਿਣਤੀ ਵਿਚ ਵਿਜੇ ਨਗਰ ਸਥਿਤ ਕੁਮਾਰ ਦੀ ਰਿਹਾਇਸ਼ ਦੇ ਬਾਹਰ ਇਕੱਠੇ ਹੋਏ। ਕਾਂਗਰਸ ਚੋਣ ਕਮਿਸ਼ਨ 'ਤੇ ਭਾਜਪਾ ਦੇ ਹੱਕ ਵਿਚ ਕਾਰਵਾਈ ਕਰਨ ਦੇ ਦੋਸ਼ ਲਗਾ ਰਹੀ ਹੈ। ਰਾਹੁਲ ਗਾਂਧੀ ਨੇ ਵੀ ਮੁੱਖ ਚੋਣ ਕਮਿਸ਼ਨਰ 'ਤੇ ਕਥਿਤ ਤੌਰ 'ਤੇ ਗੈਰ-ਸੰਵਿਧਾਨਕ ਕਦਮ ਚੁੱਕਣ ਦੇ ਦੋਸ਼ ਲਗਾਏ ਹਨ। ਇਸ ਦੇ ਜਵਾਬ 'ਚ ਭਾਜਪਾ ਆਗੂ ਚੋਣ ਕਮਿਸ਼ਨ ਦੀ ਕਾਰਵਾਈ ਦਾ ਬਚਾਅ ਕਰ ਰਹੇ ਹਨ। ਇਤਰਾਜ਼ਯੋਗ ਨਾਅਰੇ ਲਿਖਣ ਦੇ ਮਾਮਲੇ 'ਚ ਪੁਲਿਸ ਵਲੋਂ 2 ਕਾਂਗਰਸੀ ਆਗੂਆਂ ਵਿਰੁੱਧ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।




## ਮੇਰਾ ਪਿੰਡ 360 ਫਾਊਂਡੇਸ਼ਨ

**ਪੰਜਾਬ ਦੇ ਪੇਂਡੂ ਨੌਜਵਾਨਾਂ ਵੱਲੋਂ ਰਜਿਸਟ੍ਰੇਸ਼ਨ ਲਈ ਬਹੁਤ ਵਧੀਆ ਹੁੰਗਾਰਾ ਮਿਲਿਆ ਹੈ। 'ਪੰਜਾਬ ਦੀ ਰੂਹ ਸੇਵਾ ਗ੍ਰਾਂਟ' (Punjab Di Rooh Seva Grant) ਲਈ 1000 ਤੋਂ ਵੱਧ ਨੌਜਵਾਨ ਪਹਿਲਾਂ ਹੀ ਰਜਿਸਟਰ ਕਰ ਚੁੱਕੇ ਹਨ। ਇਨ੍ਹਾਂ ਗ੍ਰਾਂਟਾਂ ਲਈ 100 'ਬਦਲਾਅ ਲਿਆਉਣ ਵਾਲੇ ਨੌਜਵਾਨਾਂ' (change makers) ਦੀ ਚੋਣ ਕੀਤੀ ਜਾਵੇਗੀ। ਹਰੇਕ ਨੌਜਵਾਨ ਨੂੰ ਪ੍ਰਤੀ ਪ੍ਰੋਜੈਕਟ $100 ਦਿੱਤੇ ਜਾਣਗੇ। ਅੱਗੇ ਆਉਣ ਵਾਲੇ ਸਪਾਂਸਰਾਂ ਦੀ ਗਿਣਤੀ ਦੇ ਆਧਾਰ 'ਤੇ 100 ਤੋਂ ਵੱਧ ਨੌਜਵਾਨਾਂ ਦੀ ਚੋਣ ਵੀ ਕੀਤੀ ਜਾ ਸਕਦੀ ਹੈ। ਇਸ ਨਾਲ ਸਬੰਧਤ ਪੋਸਟਰ ਵੀ ਨਾਲ ਨੱਥੀ ਹੈ।**




### *ਮੇਰਾ ਪਿੰਡ 360 ਫਾਊਂਡੇਸ਼ਨ ਦੇ ਸਾਰੇ 8 ਕੇਂਦਰ*

**ਪੇਂਡੂ ਪੰਜਾਬ ਵਿਚ ਪਿੰਡ ਵਾਸੀਆਂ ਨੂੰ 'ਮਨੁੱਖੀ ਵਿਕਾਸ' ਦੇ ਹਰ ਖੇਤਰ ਵਿਚ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਸਾਰੀਆਂ ਸੇਵਾਵਾਂ ਬਿਲਕੁਲ ਮੁਫ਼ਤ ਹਨ।**

**ਜ਼ਰੂਰਤਮੰਦਾਂ ਨੂੰ ਵਿੱਤੀ ਮਦਦ, ਉਹਨਾਂ ਦੇ ਬੱਚਿਆਂ ਦੀ ਉੱਚ ਸਿੱਖਿਆ ਲਈ ਸਹਾਇਤਾ। ਲਾਇਬ੍ਰੇਰੀ, ਇਤਿਹਾਸਕ ਦਿਵਸ ਮੁਕਾਬਲੇ, ਕੰਪਿਊਟਰ ਲੈਬ ਰਾਹੀਂ ਆਈ.ਟੀ. ਟ੍ਰੇਨਿੰਗ, ਹੁਨਰ ਵਿਕਾਸ ਟ੍ਰੇਨਿੰਗ, ਮਿੱਟੀ ਟੈਸਟਿੰਗ, ਕਿਸਾਨਾਂ ਲਈ ਖੇਤੀ ਸਬਸਿਡੀਆਂ ਅਤੇ ਹੋਰ ਸੇਵਾਵਾਂ।**

**ਐਨ.ਆਰ.ਆਈ. ਡਾਕਟਰ ਪਿੰਡ ਵਾਸੀਆਂ ਲਈ ਈ- ਕਲੀਨਿਕ ਚਲਾਉਂਦੇ ਹਨ, ਰਿਮੋਟ ਵੈਬਿਨਾਰ/ਸੈਮੀਨਾਰ ਅਤੇ ਸਾਰੀਆਂ ਸਰਕਾਰੀ ਸੇਵਾਵਾਂ ਪਿੰਡਾਂ ਵਿਚ ਹੀ ਦਿੱਤੀਆਂ ਜਾਂਦੀਆਂ ਹਨ।**

**ਇਹ ਕੇਂਦਰ ਐਨ.ਆਰ.ਆਈ ਭਰਾਵਾਂ ਵੱਲੋਂ ਆਪਣੇ ਬਜ਼ੁਰਗਾਂ ਦੇ ਖਾਲੀ ਪਏ ਘਰਾਂ ਵਿਚ ਖੋਲ੍ਹੇ ਗਏ ਹਨ। ਸ਼ਿਕਾਗੋ ਦੇ ਭੁਪਿੰਦਰ ਐਸ. ਹੁੰਦਲ (+1630-802-2179) ਇਸ ਕਾਰਜ ਦੀ ਅਗਵਾਈ ਕਰ ਰਹੇ ਹਨ।**

# ਚਿਤਕਾਰਾ ਤੋਂ ਲਵਲੀ ਤੱਕ ਫ਼ਰਜ਼ੀ ਨੈਰੇਟਿਵ ਦਾ ਜਾਲ






**ਚੰਡੀਗੜ੍ਹ:** ਪੰਜਾਬ ਦੇ ਵੱਡੇ ਸਿੱਖਿਆ ਸੰਸਥਾਨਾਂ ਨੂੰ ਨਿਸ਼ਾਨਾ ਬਣਾ ਕੇ ਸੋਸ਼ਲ ਮੀਡੀਆ 'ਤੇ ਫਰਜ਼ੀ ਖ਼ਬਰਾਂ ਅਤੇ ਡਰ ਫੈਲਾਉਣ ਵਾਲੇ ਨੈਰੇਟਿਵ ਪ੍ਰਸਾਰਿਤ ਕਰਨ ਦਾ ਮਾਮਲਾ ਗੰਭੀਰ ਹੋ ਗਿਆ ਹੈ।

ਚਿਤਕਾਰਾ ਯੂਨੀਵਰਸਿਟੀ ਵਿੱਚ ਦੋ ਵਿਦਿਆਰਥਣਾਂ ਵੱਲੋਂ ਖ਼ੁਦਕੁਸ਼ੀ, ਹੋਸਟਲ ਵਿੱਚ ਭੂਤ ਦਾ ਸਾਇਆ ਅਤੇ ਚੀਕਾਂ ਸੁਣਾਈ ਦੇਣ ਦੀਆਂ ਅਫ਼ਵਾਹਾਂ ਤੋਂ ਬਾਅਦ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ.ਪੀ.ਯੂ.) ਵਿੱਚ ਵਿਦਿਆਰਥਣ ਨਾਲ ਕਥਿਤ ਜਬਰ ਜਨਾਹ ਅਤੇ ਸੁਰੱਖਿਆ ਪ੍ਰਬੰਧਾਂ ਵਿੱਚ ਵੱਡੀ ਕਮੀ ਦਾ ਵੀਡੀਓ ਵਾਇਰਲ ਕੀਤਾ ਗਿਆ।

ਪੁਲਿਸ ਦੀ ਜਾਂਚ ਵਿੱਚ ਇਨ੍ਹਾਂ ਮਾਮਲਿਆਂ ਨਾਲ ਜੁੜੇ ਕਈ ਦਾਅਵੇ ਝੂਠੇ ਪਾਏ ਗਏ ਹਨ। ਦੋਵੇਂ ਸੰਸਥਾਨਾਂ ਨੂੰ ਲਗਭਗ ਇੱਕੋ ਸਮੇਂ ਨਿਸ਼ਾਨਾ ਬਣਾਏ ਜਾਣ ਕਾਰਨ ਪੁਲਿਸ ਵੱਲੋਂ ਇਸ ਪਿੱਛੇ ਕਿਸੇ ਸੁਨਿਯੋਜਿਤ ਕੋਸ਼ਿਸ਼ ਦੀ ਸੰਭਾਵਨਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਚਿਤਕਾਰਾ ਯੂਨੀਵਰਸਿਟੀ ਬਾਰੇ ਸੋਸ਼ਲ ਮੀਡੀਆ 'ਤੇ ਹੋਸਟਲ ਵਿੱਚ ਭੂਤ ਦਾ ਸਾਇਆ ਹੋਣ ਅਤੇ ਦੋ ਵਿਦਿਆਰਥਣਾਂ ਵੱਲੋਂ ਖ਼ੁਦਕੁਸ਼ੀ ਕਰਨ ਦੀਆਂ ਗੱਲਾਂ ਫੈਲਾਈਆਂ ਗਈਆਂ। ਵਿਦਿਆਰਥਣਾਂ ਦੇ ਚੀਕਣ ਅਤੇ ਹੋਸਟਲ ਵਿੱਚ ਡਰ ਦਾ ਮਾਹੌਲ ਹੋਣ ਦੇ ਦਾਅਵੇ ਵੀ ਕੀਤੇ ਗਏ। ਪੁਲਿਸ ਦੀ ਜਾਂਚ ਵਿੱਚ ਇਨ੍ਹਾਂ ਦਾਅਵਿਆਂ ਦੀ ਪੁਸ਼ਟੀ ਨਹੀਂ ਹੋਈ। ਨਾ ਦੋ ਵਿਦਿਆਰਥਣਾਂ ਦੀ ਖ਼ੁਦਕੁਸ਼ੀ ਦਾ ਮਾਮਲਾ ਸਾਹਮਣੇ ਆਇਆ ਅਤੇ ਨਾ ਹੀ ਉਨ੍ਹਾਂ ਦੇ ਲਾਪਤਾ ਹੋਣ ਦੀ ਕੋਈ ਸ਼ਿਕਾਇਤ ਮਿਲੀ। ਅਫ਼ਵਾਹਾਂ ਤੋਂ ਬਾਅਦ ਪੁਲਿਸ ਨੇ ਕੈਂਪਸ ਵਿੱਚ ਗਸ਼ਤ ਵਧਾ ਦਿੱਤੀ।

ਐੱਲ.ਪੀ.ਯੂ. ਨਾਲ ਸਬੰਧਤ ਇੱਕ ਵੀਡੀਓ ਵਾਇਰਲ ਕਰਕੇ ਵਿਦਿਆਰਥਣ ਨਾਲ ਕਥਿਤ ਜਬਰ ਜਨਾਹ ਅਤੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਖੜ੍ਹੇ ਕੀਤੇ ਗਏ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਕਿ ਵੀਡੀਓ ਵਿੱਚ ਦਿਖਾਇਆ ਗਿਆ ਘਟਨਾਕ੍ਰਮ ਸਕ੍ਰਿਪਟਿਡ ਸੀ ਅਤੇ ਇਸ ਦੇ ਆਧਾਰ 'ਤੇ ਫੈਲਾਇਆ ਗਿਆ ਨੈਰੇਟਿਵ ਗਲਤ ਸੀ। ਹਾਲਾਂਕਿ, ਯੂਨੀਵਰਸਿਟੀ ਨਾਲ ਸਬੰਧਤ ਅਸਲ ਘਟਨਾਕ੍ਰਮ ਦੇ ਮਾਮਲੇ ਵਿੱਚ ਪੁਲਿਸ ਨੇ ਅਣਪਛਾਤੇ ਸ਼ਰਾਰਤੀ ਤੱਤਾਂ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਹੈ। ਸਾਵਧਾਨੀ ਵਜੋਂ ਕਲਾਸਾਂ 10 ਦਿਨਾਂ ਲਈ ਮੁਲਤਵੀ ਕੀਤੀਆਂ ਗਈਆਂ ਹਨ।

## ਦੋਸ਼ੀਆਂ ਨੂੰ ਨਹੀਂ ਬਖ਼ਸ਼ਾਂਗੇ



ਸਿੱਖਿਆਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਵੱਡਾ ਸਿੱਖਿਆ ਕੇਂਦਰ ਹੈ ਅਤੇ ਦੇਸ਼-ਵਿਦੇਸ਼ ਤੋਂ ਵਿਦਿਆਰਥੀ ਇੱਥੇ ਪੜ੍ਹਨ ਆਉਂਦੇ ਹਨ। ਉਨ੍ਹਾਂ ਸਿੱਖਿਆ ਵਿਭਾਗ ਅਤੇ ਸਥਾਨਕ ਪ੍ਰਸ਼ਾਸਨ ਨੂੰ ਅਫ਼ਵਾਹਾਂ ਦਾ ਤੁਰੰਤ ਖੰਡਨ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ 'ਤੇ ਫੈਲਾਈ ਜਾ ਰਹੀ ਅਪੁਸ਼ਟ ਜਾਣਕਾਰੀ 'ਤੇ ਭਰੋਸਾ ਨਾ ਕਰਨ ਦੀ ਅਪੀਲ ਕੀਤੀ। ਬੈਂਸ ਨੇ ਕਿਹਾ ਕਿ ਸੰਸਥਾਨਾਂ ਵਿੱਚ ਕੋਈ ਕਮੀ ਮਿਲੀ ਤਾਂ ਕਾਰਵਾਈ ਹੋਵੇਗੀ, ਪਰ ਜੇ ਸਾਜ਼ਿਸ਼ਸਾਹਮਣੇ ਆਈ ਤਾਂ ਇਸ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ।

## ਸੋਸ਼ਲ ਮੀਡੀਆ ਖੰਗਾਲ ਰਿਹਾ ਸਾਈਬਰ ਸੈੱਲ

ਸਾਈਬਰ ਸੈੱਲ ਦੀ ਤਕਨੀਕੀ ਟੀਮ ਵੱਲੋਂ ਵਾਟਸਐਪ ਅਤੇ ਇੰਸਟਾਗ੍ਰਾਮ 'ਤੇ ਫੈਲੀ ਸਮੱਗਰੀ ਦੀ ਪੂਰੀ ਲੜੀ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਫਰਜ਼ੀ ਸਮੱਗਰੀ ਸਭ ਤੋਂ ਪਹਿਲਾਂ ਕਿਸ ਨੇ ਤਿਆਰ ਕੀਤੀ, ਕਿਹੜੇ ਖਾਤੇ ਤੋਂ ਇਸ ਦਾ ਪ੍ਰਸਾਰ ਸ਼ੁਰੂ ਹੋਇਆ ਅਤੇ ਬਾਅਦ ਵਿੱਚ ਕਿਹੜੇ ਖਾਤਿਆਂ ਰਾਹੀਂ ਇਸ ਨੂੰ ਅੱਗੇ ਫੈਲਾਇਆ ਗਿਆ। ਦੋਵੇਂ ਸੰਸਥਾਨਾਂ ਨੂੰ ਇੱਕੋ . ਸਮੇਂ ਨਿਸ਼ਾਨਾ ਬਣਾਇਆ ਜਾਣਾ ਮਹਿਜ਼ ਇਤਫ਼ਾਕ ਹੈ ਜਾਂ ਕਿਸੇ ਯੋਜਨਾਬੱਧ ਕੋਸ਼ਿਸ਼ ਦਾ ਹਿੱਸਾ, ਇਸ ਦੀ ਵੀ ਜਾਂਚ ਜਾਰੀ ਹੈ।

## ਮੂਲ ਸਰੋਤ ਤੱਕ ਪਹੁੰਚ ਰਹੀ ਪੁਲਿਸ



ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਦੋਵੇਂ ਯੂਨੀਵਰਸਿਟੀਆਂ ਵਿੱਚ ਕਾਨੂੰਨ-ਵਿਵਸਥਾ ਕਾਬੂ ਹੇਠ ਹੈ। ਉਨ੍ਹਾਂ ਦੱਸਿਆ ਕਿ ਐੱਲਪੀਯੂ ਮਾਮਲੇ ਵਿੱਚ ਅਣਪਛਾਤੇ ਸ਼ਰਾਰਤੀ ਤੱਤਾਂ ਖ਼ਿਲਾਫ਼ ਤੁਰੰਤ ਐੱਫਆਈਆਰ ਦਰਜ ਕੀਤੀ ਗਈ ਹੈ। ਪੁਲਿਸ ਹੁਣ ਅਫ਼ਵਾਹਾਂ ਦੇ ਮੂਲ ਸਰੋਤ ਤੱਕ ਪਹੁੰਚਣ ਲਈ ਜਾਂਚ ਕਰ ਰਹੀ ਹੈ।

# ਅਮਰੀਕੀ ਰਾਜਦੂਤ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ, ਸਿੱਖ ਆਗੂਆਂ ਨੇ ਰੱਖੇ ਮੁੱਦੇ



**ਅੰਮ੍ਰਿਤਸਰ:** ਅਮਰੀਕਾ ਦੇ ਭਾਰਤ 'ਚ ਰਾਜਦੂਤ ਸਰਜੀਓ ਗੋਰ 28 ਮੈਂਬਰੀ ਵਫ਼ਦ ਨਾਲ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ। ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਅਸਥਾਨ ਵਿਖੇ ਮੱਥਾ ਟੇਕਿਆ ਅਤੇ ਗੁਰਬਾਣੀ ਕੀਰਤਨ ਸਰਵਣ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਉਨ੍ਹਾਂ ਦਾ ਸਨਮਾਨ ਕੀਤਾ। ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸਰਜੀਓ ਗੋਰ ਨੂੰ ਸੋਨੇ ਦਾ ਮਾਡਲ, ਧਾਰਮਿਕ ਪੁਸਤਕਾਂ ਅਤੇ ਸਿਰੋਪਾਓ ਭੇਟ ਕੀਤਾ ਗਿਆ। ਐਡਵੋਕੇਟ ਧਾਮੀ ਨੇ ਅਮਰੀਕਾ 'ਚ ਇਕ ਪੋਸਟਰ 'ਚ 'ਸਿੰਘ' ਸ਼ਬਦ ਦੀ ਵਰਤੋਂ ਅਤੇ ਉੱਥੇ ਸਿੱਖਾਂ ਦੀ ਸੁਰੱਖਿਆ ਸਮੇਤ ਵੱਖ-ਵੱਖ ਮੁੱਦਿਆਂ 'ਤੇ ਗੱਲਬਾਤ ਕੀਤੀ। ਉਹ ਕਰੀਬ 15 ਸਾਲ ਪਹਿਲਾਂ ਵੀ ਸ੍ਰੀ ਹਰਿਮੰਦਰ ਸਾਹਿਬ ਆ ਚੁੱਕੇ ਹਨ।




## ਖਾਲਿਸਤਾਨੀ ਝੰਡੇ ਦਿਖਾਏ

ਅਮਰੀਕੀ ਰਾਜਦੂਤ ਦੀ ਫੇਰੀ ਦੌਰਾਨ ਅਕਾਲੀ ਦਲ ਅੰਮ੍ਰਿਤਸਰ ਦੇ ਵਰਕਰਾਂ ਨੇ ਖਾਲਿਸਤਾਨੀ ਝੰਡੇ ਦਿਖਾਏ। ਸੁਰੱਖਿਆ ਕਰਮਚਾਰੀਆਂ ਨੇ ਉਨ੍ਹਾਂ ਨੂੰ ਘੇਰ ਲਿਆ। ਪਾਰਟੀ ਆਗੂ ਈਮਾਨ ਸਿੰਘ ਮਾਨ ਨੇ ਕਿਹਾ ਕਿ ਉਹ ਸਿੱਖ ਧਾਰਮਿਕ ਆਜ਼ਾਦੀ, ਬੰਦੀ ਸਿੰਘਾਂ, ਐੱਸਜੀਪੀਸੀ ਚੋਣਾਂ, ਭਾਰਤ-ਪਾਕਿਸਤਾਨ ਤਣਾਅ ਅਤੇ ਸਿੰਧੂ ਜਲ ਸੰਧੀ ਸਮੇਤ ਵੱਖ- ਵੱਖ ਮੁੱਦਿਆਂ ਸਬੰਧੀ ਮੰਗ-ਪੱਤਰ ਦੇਣਾ ਚਾਹੁੰਦੇ ਸਨ।

# ਨੇਤਾਵਾਂ ਦੇ ਕੇਸਾਂ ਦੀ ਜਾਣਕਾਰੀ ਇਕੱਠੀ ਕਰਨ ਕੇਂਦਰੀ ਏਜੰਸੀਆਂ




**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੇਂਦਰੀ ਏਜੰਸੀਆਂ ਨੂੰ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨਾਲ ਸਬੰਧਤ ਅਪਰਾਧਿਕ ਮਾਮਲਿਆਂ ਦੀ ਨਿਗਰਾਨੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਜਾਣਕਾਰੀ ਇਕੱਠੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਸੋਮਵਾਰ ਨੂੰ ਸੁਣਵਾਈ ਦੌਰਾਨ, ਅਦਾਲਤ ਨੇ ਨੋਟ ਕੀਤਾ ਕਿ ਮਾਮਲੇ ਨਾਲ ਸਬੰਧਤ ਕੁਝ ਹਲਫਨਾਮੇ ਅਜੇ ਵੀ ਵਿਚਾਰਅਧੀਨ ਹਨ ਜਿਸ ਕਾਰਨ ਸੁਣਵਾਈ ਹੁਣ 7 ਅਕਤੂਬਰ ਨੂੰ ਹੋਵੇਗੀ।

ਸੁਣਵਾਈ ਦੌਰਾਨ, ਪੰਜਾਬ ਸਰਕਾਰ ਨੇ ਕਿਹਾ ਕਿ ਈਡੀ, ਸੀਬੀਆਈ ਅਤੇ ਆਮਦਨ ਕਰ ਵਿਭਾਗ ਦੁਆਰਾ ਚਲਾਏ ਜਾ ਰਹੇ ਬਹੁਤ ਸਾਰੇ ਮਾਮਲਿਆਂ ਦੇ ਪੂਰੇ ਵੇਰਵੇ ਤੁਰੰਤ ਉਪਲਬਧ ਨਹੀਂ ਹਨ। ਹਾਈ ਕੋਰਟ ਨੇ ਕੇਂਦਰੀ ਏਜੰਸੀਆਂ ਨੂੰ ਜਾਣਕਾਰੀ ਇਕੱਠੀ ਕਰਨ ਅਤੇ ਅਦਾਲਤ ਵਿੱਚ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੂੰ ਵਿਚਾਰਅਧੀਨ ਮਾਮਲਿਆਂ ਦੀ ਪਛਾਣ ਲਈ ਰੰਗ-ਕੋਡ ਸਿਸਟਮ ਨੂੰ ਸਪੱਸ਼ਟ ਕਰਨ ਦੇ ਵੀ ਨਿਰਦੇਸ਼ ਦਿੱਤੇ। ਪਿਛਲੀ ਸੁਣਵਾਈ ਵਿੱਚ, ਪੰਜਾਬ ਸਰਕਾਰ ਦੇ ਵਕੀਲ ਨੇ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਡਵੀਜ਼ਨ ਬੈਂਚ ਨੂੰ ਦੱਸਿਆ ਕਿ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨਾਲ ਸਬੰਧਤ ਕਈ ਮਾਮਲਿਆਂ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ), 'ਤੇ ਸੀਬੀਆਈ ਅਤੇ ਆਮਦਨ ਕਰ ਵਿਭਾਗ ਵੱਲੋਂ ਮੁਕੱਦਮਾ ਚਲਾਇਆ ਜਾ ਰਿਹਾ ਹੈ, ਪਰ ਰਾਜ ਸਰਕਾਰ ਕੋਲ ਪੂਰੇ ਵੇਰਵੇ ਨਹੀਂ ਹਨ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਰਾਜ ਅਤੇ ਕੇਂਦਰੀ ਏਜੰਸੀਆਂ ਦੇ ਅੰਕੜਿਆਂ ਵਿੱਚ ਕੋਈ ਅੰਤਰ ਪੈਦਾ ਹੁੰਦਾ ਹੈ, ਤਾਂ ਸਬੰਧਤ ਅਧਿਕਾਰੀ ਜਾਂਚ ਕਰ ਸਕਦੇ ਹਨ,ਅਤੇ ਸਥਿਤੀ ਨੂੰ ਸਪੱਸ਼ਟ ਕਰ ਸਕਦੇ ਹਨ।

## ਹੁਣ ਰੰਗ ਦੱਸੇਗਾ ਕੇਸ ਕਿੰਨਾ ਪੁਰਾਣਾ

ਡਵੀਜ਼ਨ ਬੈਂਚ ਨੇ ਰਜਿਸਟਰੀ ਦੁਆਰਾ ਤਿਆਰ ਕੀਤੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨਾਲ ਸਬੰਧਤ ਲੰਬਿਤ ਮਾਮਲਿਆਂ ਦੀ ਰੰਗ-ਕੋਡ ਵਾਲੀ ਸੂਚੀ ਦੀ ਵੀ ਸਮੀਖਿਆ ਕੀਤੀ। ਇਸ ਨੇ ਉਨ੍ਹਾਂ ਮਾਮਲਿਆਂ ਲਈ ਇੱਕ ਵੱਖਰੀ ਸ਼੍ਰੇਣੀ ਬਣਾਈ ਜਿੱਥੇ ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਆਦੇਸ਼ਾਂ ਦੁਆਰਾ ਕਾਰਵਾਈ ਰੁਕੀ ਹੋਈ ਹੈ। ਅਦਾਲਤ ਨੇ ਕਿਹਾ ਕਿ ਲੰਬੇ' ਸਮੇਂ ਤੋਂ ਪੈਂਡਿੰਗ ਪਏ ਮਾਮਲਿਆਂ ਨੂੰ ਵਧੇਰੇ ਪ੍ਰਮੁੱਖ ਅਤੇ ਪ੍ਰਮੁੱਖ ਰੰਗ ਵਿੱਚ ਪ੍ਰਦਰਸ਼ਿਤ ਕੀਤਾ ਜਾਣਾ ਚਾਹੀਦਾ ਹੈ।

# ਨੇਤਨਯਾਹੂ ਦੀ ਯੂ.ਏ.ਈ. ਦੇ ਮੁਖੀ ਨਾਲ ਗੁਪਤ ਮੁਲਾਕਾਤ ਦੇ ਚਰਚੇ



**ਯਰੂਸ਼ਲਮ:** ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਐਤਵਾਰ ਨੂੰ ਸੰਯੁਕਤ ਅਰਬ ਅਮੀਰਾਤ (ਯੂਏਈ) ਦਾ ਗੁਪਤ ਦੌਰਾ ਕਰ ਕੇ ਉੱਥੋਂ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜਾਇਦ ਅਲ ਨਾਹਯਾਨ ਨਾਲ ਮੁਲਾਕਾਤ ਕੀਤੀ। ਇਸ ਯਾਤਰਾ ਦੇ ਗਵਾਹ ਰਹੇ ਦੋ ਲੋਕਾਂ ਨੇ ਸੋਮਵਾਰ ਨੂੰ ਦੌਰੇ ਦੀ ਪੁਸ਼ਟੀ ਕੀਤੀ। ਨੇਤਨਯਾਹੂ ਦੇ ਇਸ ਦੌਰੇ ਬਾਰੇ ਇਜ਼ਰਾਈਲ ਦੇ ਚੈਨਲ 12 ਟੀਵੀ ਨੇ ਸਭ ਤੋਂ ਪਹਿਲਾਂ ਜਾਣਕਾਰੀ ਦਿੱਤੀ ਹੈ। ਵਿਦਿਤ ਹੋਵੇ ਕਿ ਸੰਯੁਕਤ ਰਾਸ਼ਟਰ ਮਹਾਸਭਾ ਦੇ ਅਧਿਵੇਸ਼ਨ 'ਚ ਹਾਲ ਹੀ 'ਚ ਦਿੱਤੇ ਨੇਤਨਯਾਹੂ ਦੇ ਭਾਸ਼ਣ ਦਾ ਜਦੋਂ ਲਗਭਗ ਸਾਰੇ ਮੁਸਲਿਮ ਦੇਸ਼ਾਂ ਨੇ ਬਾਈਕਾਟ ਕੀਤਾ ਸੀ ਤਾਂ ਸਿਰਫ਼ ਯੂਏਈ ਦੇ ਨੁਮਾਇੰਦੇ ਨੇ ਉੱਥੇ ਬੈਠ ਕੇ ਨੇਤਨਯਾਹੂ ਨੂੰ ਸੁਣਿਆ ਸੀ।

ਦੱਸਿਆ ਗਿਆ ਹੈ ਕਿ ਸੱਤ ਅਕਤੂਬਰ, 2023 ਨੂੰ ਇਜ਼ਰਾਈਲ 'ਤੇ ਹਮਾਸ ਦੇ ਹਮਲੇ ਤੋਂ ਬਾਅਦ ਯੂਏਈ ਦੇ ਰਾਸ਼ਟਰਪਤੀ ਵੱਲੋਂ ਨੇਤਨਯਾਹੂ ਨੂੰ ਚਿਤਾਵਨੀ ਦਿੱਤੇ ਜਾਣ ਦੀ ਚਰਚਾ ਚੱਲੀ ਸੀ। ਪਰ ਅਸਲ 'ਚ ਅਜਿਹਾ ਕੁਝ ਨਹੀਂ ਹੋਇਆ ਸੀ। ਤਾਜ਼ਾ ਮੁਲਾਕਾਤ 'ਚ ਦੋਵਾਂ ਆਗੂਆਂ ਨੇ ਇਸ ਮਾਮਲੇ ਸਮੇਤ ਕਈ ਮੁੱਦਿਆਂ 'ਤੇ ਗੱਲਬਾਤ ਕੀਤੀ ਹੈ। ਦੋਵਾਂ ਆਗੂਆਂ ਨੇ ਦੁਵੱਲੇ ਮਾਮਲਿਆਂ 'ਤੇ ਵੀ ਗੱਲ ਕੀਤੀ ਹੈ। ਇਜ਼ਰਾਈਲੀ ਅਖ਼ਬਾਰ ਹਾਰੇਤਜ਼ 'ਚ ਪ੍ਰਕਾਸ਼ਿਤ ਮੁਲਾਕਾਤ ਦੀ ਖ਼ਬਰ ਦਾ ਪ੍ਰਧਾਨ ਮੰਤਰੀ ਨੇਤਨਯਾਹੂ ਦੇ ਦਫ਼ਤਰ ਨੇ ਖੰਡਨ ਕੀਤਾ ਹੈ। ਯੂਏਈ ਦੇ ਵਿਦੇਸ਼ ਮੰਤਰਾਲੇ ਨੇ ਦੋਵਾਂ ਆਗੂਆਂ ਦੀ ਮੁਲਾਕਾਤ' ਸਬੰਧੀ ਕੋਈ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ, ਪਰ ਕਿਹਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਸਿੱਧੀ ਫ਼ੋਨ ਲਾਈਨ ਹੈ, ਉਨ੍ਹਾਂ 'ਤੇ ਗੱਲਬਾਤ ਹੋ ਸਕਦੀ ਹੈ।

# ਏਅਰਬੇਸ 'ਤੇ ਹਮਲੇ ਦੀ ਸਾਜ਼ਿਸ਼ 'ਚ ਪੰਜ ਫੜੇ, ਮਿਲੀ ਜ਼ਮਾਨਤ

**ਫੇਅਰਫੋਰਡ**:ਬ੍ਰਿਟੇਨ ਦੇ ਫੇਅਰਫੋਰਡ ਹਵਾਈ ਅੱਡੇ ਦੇ ਨੇੜੇ ਵੱਡੀ ਮਾਤਰਾ ਵਿਚ ਵਿਸਫੋਟਕਾਂ ਨਾਲ ਗ੍ਰਿਫਤਾਰ ਕੀਤੇ ਗਏ ਪੰਜ ਵਿਅਕਤੀਆਂ ਤੋਂ ਅੱਤਵਾਦ ਰੋਕਥਾਮ ਸ਼ਾਖਾ ਦੇ ਅਧਿਕਾਰੀ ਸਾਜ਼ਿਸ਼ ਦੇ ਸਬੰਧ ਵਿਚ ਪੁੱਛਗਿੱਛ ਕਰਦੇ ਰਹੇ। ਬਾਅਦ 'ਚ ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ। ਤਫ਼ਤੀਸ਼ ਵਿਚ ਪਤਾ ਲੱਗਾ ਹੈ ਕਿ ਗ੍ਰਿਫਤਾਰ ਕੀਤੇ ਗਏ ਸਾਰੇ ਸ਼ੱਕੀ ਬ੍ਰਿਟਿਸ਼ ਨਾਗਰਿਕ ਹਨ। ਅਤੇ ਉਨ੍ਹਾਂ ਦਾ ਸਬੰਧ ਈਰਾਨ ਨਾਲ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਪੰਜ ਲੋਕ ਹਵਾਈ ਅੱਡੇ 'ਤੇ ਹਮਲਾ ਕਰਨ ਦੀ ਨੀਅਤ ਨਾਲ ਜਾ ਰਹੇ ਸਨ।



ਈਰਾਨ 'ਤੇ ਹਮਲੇ ਲਈ ਅਮਰੀਕੀ ਹਵਾਈ ਫ਼ੌਜ ਦੁਆਰਾ ਵਰਤੇ ਜਾ ਰਹੇ ਬ੍ਰਿਟੇਨ ਦੇ ਫੇਅਰਫੋਰਡ ਏਅਰਬੇਸ ਦੇ ਨੇੜੇ ਪੁਲਿਸ ਅਤੇ ਹੋਰ ਸੁਰੱਖਿਆ ਬਲਾਂ ਨੇ ਸ਼ਨੀਵਾਰ-ਐਤਵਾਰ ਦੀ ਅੱਧੀ ਰਾਤ ਤੋਂ ਬਾਅਦ ਪੰਜ ਲੋਕਾਂ ਨੂੰ ਤਿੰਨ ਵੱਡੇ ਵਾਹਨਾਂ ਵਿਚ ਲੋਡ ਕੀਤੇ ਵਿਸਫੋਟਕਾਂ ਨਾਲ ਗ੍ਰਿਫਤਾਰ ਕੀਤਾ ਸੀ। ਪੁਲਿਸ ਨੂੰ ਜਾਣਕਾਰੀ ਮਿਲੀ ਸੀ ਕਿ ਇਹ ਲੋਕ ਹਵਾਈ ਅੱਡੇ 'ਤੇ ਹਮਲਾ ਕਰਨ ਲਈ ਵਿਸਫੋਟਕ ਲੈ ਕੇ ਜਾ ਰਹੇ ਹਨ। ਇਸੇ ਆਧਾਰ 'ਤੇ ਉਨ੍ਹਾਂ ਨੂੰ ਘੇਰ ਕੇ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ 'ਤੇ ਦਹਿਸ਼ਤ ਫੈਲਾਉਣ ਅਤੇ ਗੈਰ-ਕਾਨੂੰਨੀ ਤੌਰ 'ਤੇ ਵਿਸਫੋਟਕ ਰੱਖਣ ਦੇ ਦੋਸ਼ ਲਗਾਏ ਗਏ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਗ੍ਰਿਫਤਾਰ ਕੀਤੇ ਗਏ ਲੋਕ ਵੱਡਾ ਨੁਕਸਾਨ ਕਰਨ ਜਾ ਰਹੇ ਸਨ, ਹੁਣ ਉਨ੍ਹਾਂ ਤੋਂ ਬ੍ਰਿਟੇਨ ਅਤੇ ਅਮਰੀਕਾ ਦੇ ਅਧਿਕਾਰੀ ਪੁੱਛਗਿੱਛ ਕਰ ਰਹੇ ਹਨ।ਪੁੱਛਗਿੱਛ ਵਿਚ ਲੱਗੇ ਵੱਖ-ਵੱਖ ਏਜੰਸੀਆਂ ਦੇ ਅਧਿਕਾਰੀਆਂ ਨੂੰ ਮੁਲਜ਼ਮਾਂ ਤੋਂ ਕਈ ਮਹੱਤਵਪੂਰਨ ਜਾਣਕਾਰੀਆਂ ਮਿਲੀਆਂ ਹਨ।ਤਫ਼ਤੀਸ਼ ਵਿਚ ਪਤਾ ਲਗਾਇਆ ਜਾ ਰਿਹਾ ਹੈ ਕਿ ਮੁਲਜ਼ਮਾਂ ਦਾ ਰੂਸੀ ਖ਼ੁਫ਼ੀਆ ਏਜੰਸੀ ਜਾਂ ਕਿਸੇ ਇਸਲਾਮਿਕ ਅੱਤਵਾਦੀ ਸੰਸਥਾ ਨਾਲ ਸਬੰਧ ਤਾਂ ਨਹੀਂ ਹੈ। ਹਵਾਈ ਅੱਡੇ ਦੇ ਨੇੜੇ ਰਹਿਣ ਵਾਲੀ ਇਕ ਮਹਿਲਾ ਕਿਸਾਨ ਨੇ ਦੱਸਿਆ ਕਿ ਉਸ ਨੇ ਹੁੱਡੀ ਅਤੇ ਮਾਸਕ ਪਹਿਨੇ ਕੁਝ ਲੋਕਾਂ ਨੂੰ ਖੇਤਾਂ ਵਿਚ ਦੌੜਦੇ ਹੋਏ ਦੇਖਿਆ। ਉਨ੍ਹਾਂ ਦੀਆਂ ਗਤੀਵਿਧੀਆਂ ਸ਼ੱਕੀ ਲੱਗਣ 'ਤੇ ਉਸ ਨੇ ਪੁਲਿਸ ਨੂੰ ਫੋਨ ਕੀਤਾ ਸੀ। ਸ਼ਾਇਦ ਸੂਚਨਾ ਮਿਲਣ 'ਤੇ ਪੁਲਿਸ ਦੇ ਸਰਗਰਮ ਹੋਣ ਨਾਲ ਸਾਜ਼ਿਸ਼ ਦਾ ਪਰਦਾਫਾਸ਼ ਹੋਇਆ ਹੈ। ਉਂਜ, ਬ੍ਰਿਟੇਨ 'ਤੇ ਅੱਤਵਾਦੀ ਹਮਲੇ ਦਾ ਖ਼ਤਰਾ ਪਿਛਲੇ ਕਈ ਸਾਲਾਂ ਤੋਂ ਬਣਿਆ ਹੋਇਆ ਹੈ। ਫਰਵਰੀ ਵਿਚ ਈਰਾਨ 'ਤੇ ਅਮਰੀਕੀ ਹਮਲੇ ਮਗਰੋਂ ਇਹ ਖ਼ਤਰਾ ਹੋਰ ਵਧ ਗਿਆ ਹੈ। ਇਸ ਕਾਰਨ ਬ੍ਰਿਟੇਨ ਵਿਚ ਅਮਰੀਕੀ ਟਿਕਾਣਿਆਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ।

# ਬ੍ਰਿਟਿਸ਼ ਯੂਨੀਵਰਸਿਟੀ 'ਚ ਪੜ੍ਹਾਉਣਗੇ ਅਨੰਤ ਅੰਬਾਨੀ

**ਨਵੀਂ ਦਿੱਲੀ**:ਬ੍ਰਿਟੇਨ ਦੀ ਪ੍ਰਸਿੱਧ ਨਿਊਕੈਸਲ ਯੂਨੀਵਰਸਿਟੀ ਨੇ ਰਿਲਾਇੰਸ ਇੰਡਸਟਰੀਜ਼ ਦੇ ਕਾਰਜਕਾਰੀ ਨਿਰਦੇਸ਼ਕ ਅਨੰਤ ਅੰਬਾਨੀ ਨੂੰ 'ਪ੍ਰੋਫੈਸਰ ਆਫ ਪ੍ਰੈਕਟਿਸ ਇਨ ਸਸਟੇਨੇਬਿਲਿਟੀ ਨਿਯੁਕਤ ਕੀਤਾ ਹੈ। ਇਹ ਸਨਮਾਨ ਉਨ੍ਹਾਂ ਨੂੰ ਗ੍ਰੀਨ ਐਨਰਜੀ, ਜੈਵ ਵਿਭਿੰਨਤਾ ਸੰਭਾਲ, ਜੰਗਲੀ ਜੀਵ ਕਲਿਆਣ ਤੇ ਵਾਤਾਵਰਨ ਪ੍ਰਬੰਧਨ ਦੇ ਖੇਤਰ 'ਚ ਉਨ੍ਹਾਂ ਦੀ ਵਿਹਾਰਕ ਤੇ ਅਹਿਮ ਅਗਵਾਈ ਲਈ ਦਿੱਤਾ ਗਿਆ ਹੈ। ਇਸ ਦੌਰਾਨ ਉਹ ਵਿਦਿਆਰਥੀਆਂ ਨਾਲ ਇਸ ਨਾਲ ਜੁੜੇ ਆਪਣੇ ਤਜਰਬੇ ਸਾਂਝੇ ਕਰਨਗੇ।



ਯੂਨੀਵਰਸਿਟੀਆਂ 'ਚ ਪ੍ਰੋਫੈਸਰ ਆਫ ਪ੍ਰੈਕਟਿਸ ਦਾ ਅਹੁਦਾ ਵੱਖ-ਵੱਖ ਖੇਤਰਾਂ 'ਚ ਵਿਸ਼ੇਸ਼ ਤਜਰਬਾ ਰੱਖਣ ਵਾਲੇ ਲੋਕਾਂ ਨੂੰ ਯੂਨੀਵਰਸਿਟੀਆਂ ਵੱਲੋਂ ਸਨਮਾਨ ਵਜੋਂ ਦਿੱਤਾ ਜਾਂਦਾ ਹੈ। ਇਸ ਲਈ ਕਿਸੇ ਡਿਗਰੀ, ਖੋਜ ਜਾਂ ਪੀਐੱਚ.ਡੀ ਦੀ ਲੋੜ ਨਹੀਂ ਹੁੰਦੀ, ਸਗੋਂ ਆਪਣੇ ਖੇਤਰ 'ਚ ਵਿਹਾਰਕ ਤਜਰਬਾ ਰੱਖਣ ਵਾਲੇ ਦਿੱਗਜਾਂ ਨੂੰ ਇਹ ਸਨਮਾਨ ਦਿੱਤਾ ਜਾਂਦਾ ਹੈ। ਆਕਸਫੋਰਡ ਅਤੇ ਹਾਰਵਰਡ ਵਰਗੀਆਂ ਯੂਨੀਵਰਸਿਟੀਆਂ ਲੰਬੇ ਸਮੇਂ ਤੋਂ ਅਜਿਹੇ ਅਹੁਦੇ ਸਿਰਜਦੀਆਂ ਰਹੀਆਂ ਹਨ। ਸਾਲ 2022 'ਚ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ ਵੀ ਦੇਸ਼ ਦੀਆਂ ਯੂਨੀਵਰਸਿਟੀਆਂ ਨੂੰ ਅਜਿਹੇ ਅਹੁਦੇ ਸਿਰਜਣ ਦੀ ਮਨਜ਼ੂਰੀ ਦਿੱਤੀ ਹੈ, ਜਿਸ 'ਚ ਦੀ ਮਨਜ਼ੂਰੀ ਹੈ, ਉਦਯੋਗ ਸਮੇਤ ਹੋਰ ਅਹਿਮ ਖੇਤਰਾਂ ਨਾਲ ਜੁੜੇ ਮਾਹਿਰ ਵਿਦਿਆਰਥੀਆਂ ਦੀ ਮੈਂਟਰਿੰਗ ਕਰਦੇ ਹਨ। ਨਿਊਕੈਸਲ ਯੂਨੀਵਰਸਿਟੀ ਨੇ ਰਿਲਾਇੰਸ ਗਰੁੱਪ 'ਚ ਊਰਜਾ ਪਰਿਵਰਤਨ ਦੇ ਖੇਤਰ 'ਚ ਅਨੰਤ ਅੰਬਾਨੀ ਦੀ ਲੀਡਰਸ਼ਿਪ ਨੂੰ ਦੇਖਦਿਆਂ ਉਨ੍ਹਾਂ ਨੂੰ ਇਸ ਅਹੁਦੇ ਨਾਲ ਸਨਮਾਨਿਤ ਕੀਤਾ ਹੈ।

ਅਨੰਤ ਅੰਬਾਨੀ ਨੇ 2035 ਤੱਕ ਰਿਲਾਇੰਸ ਨੂੰ ਤੇਲ-ਗੈਸ ਤੇ ਰਿਫਾਈਨਿੰਗ ਦੀ ਪੁਰਾਣੇ ਅਕਸ ਤੋਂ ਕੱਢ ਕੇ ਪੂਰੀ ਤਰ੍ਹਾਂ ਨੈੱਟ ਜ਼ੀਰੋ ਕਾਰਬਨ ਕੰਪਨੀ ਬਣਾਉਣ ਦਾ ਟੀਚਾ ਰੱਖਿਆ ਹੈ। ਇਸ ਲਈ 10 ਬਿਲੀਅਨ ਡਾਲਰ ਦਾ ਨਿਵੇਸ਼ ਕੀਤਾ ਗਿਆ ਹੈ।ਹੋ ਸਕਦਾ ਹੈ

ਗੁਜਰਾਤ ਦੇ ਜਾਮਨਗਰ 'ਚ ਪੰਜ ਹਜ਼ਾਰ ' ਏਕੜ 'ਚ ਫੈਲੇ ਧੀਰੂਭਾਈ ਅੰਬਾਨੀ ਗ੍ਰੀਨ ਐਨਰਜੀ ਗੀਗਾ ਕੰਪਲੈਕਸ ਦਾ ਨਿਰਮਾਣ ਉਨ੍ਹਾਂ ਦੀ ਅਗਵਾਈ 'ਚ ਹੋ ਰਿਹਾ ਹੈ, ਜਿਸ 'ਚ ਪੰਜ ਵੱਡੀਆਂ ਗੀਗਾ- ਫੈਕਟਰੀਆਂ ਸ਼ਾਮਲ ਹਨ। ਇਸ ਦੇ ਨਾਲ ਸੋਲਰ ਅਤੇ ਗ੍ਰੀਨ ਹਾਈਡ੍ਰੋਜਨ ਦੀ ਪਹਿਲ ਵੀ ਸ਼ਾਮਲ ਹੈ। ਉੱਥੇ ਹੀ ਉਨ੍ਹਾਂ ਦੀ ਨਿਗਰਾਨੀ ਹੇਠ ਜਾਮਨਗਰ 'ਚ ਇਕ ਕਰੋੜ ਤੋਂ ਵੱਧ ਪੌਦੇ ਲਗਾਉਣ ਤੇ 3,500 ਏਕੜ 'ਚ ਜੰਗਲੀ ਜੀਵ ਮੁੜ ਵਸੇਬਾ ਕੇਂਦਰ 'ਵਨਤਾਰਾ' ਦੀ ਸਥਾਪਨਾ ਕਰਕੇ ਉਨ੍ਹਾਂ ਨੇ ਵਾਤਾਵਰਣ ਸੰਭਾਲ ਤੇ ਜੰਗਲੀ ਜੀਵ ਪੁਨਰਵਾਸ ਵਰਗੀਆਂ ਪਹਿਲਾਂ ਨੂੰ ਵੀ ਰਫ਼ਤਾਰ ਦਿੱਤੀ ਹੈ। ਹਾਲਾਂਕਿ ਵਨਤਾਰਾ ਨੂੰ ਲੈ ਕੇ ਵਾਤਾਵਰਨ ਨਾਲ ਜੁੜੇ ਕੁਝ ਲੋਕਾਂ ਨੇ ਕੇਸ ਵੀ ਕੀਤਾ ਸੀ ਪਰ ਸੁਪਰੀਮ ਕੋਰਟ ਨੇ ਇਸ ਮਾਮਲੇ 'ਚ ਵਨਤਾਰਾ ਨੂੰ ਪੂਰੀ ਤਰ੍ਹਾਂ ਸਹੀ ਦੱਸਿਆ ਸੀ। ਵਨਤਾਰਾ 'ਚ ਸੰਕਟਗ੍ਰਸਤ ਸੈਂਕੜੇ ਹਾਥੀਆਂ ਨੂੰ ਬਚਾ ਕੇ ਲਿਆਂਦਾ ਗਿਆ ਹੈ ਅਤੇ ਉਨ੍ਹਾਂ ਨੂੰ ਲਾਈਫਟਾਈਮ ਸ਼ੈਲਟਰ ਦਿੱਤਾ ਗਿਆ ਹੈ। ਇੱਥੇ ਹਾਈਡ੍ਰੋਥੈਰੇਪੀ ਪੂਲ, ਰਬੜ ਫਲੋਰਿੰਗ ਅਤੇ ਵਿਸ਼ੇਸ਼ ਆਹਾਰ ਪ੍ਰਬੰਧਨ ਦੀ ਵਿਵਸਥਾ ਕੀਤੀ ਗਈ ਹੈ। ਇੱਥੇ 650 ਬਿਸਤਰਿਆਂ ਦਾ ਮਲਟੀਸਪੈਸ਼ਲਿਟੀ ਜੰਗਲੀ ਜੀਵ ਹਸਪਤਾਲ ਬਣਾਇਆ ਗਿਆ ਹੈ। ਇਹ ਹਸਪਤਾਲ ਮਨੁੱਖਾਂ ਵਾਲੇ ਹਸਪਤਾਲਾਂ ਦੀ ਤਰ੍ਹਾਂ ਆਧੁਨਿਕ ਡਾਇਗਨੋਸਟਿਕ ਸਹੂਲਤਾਂ ਜਿਵੇਂ ਵੈਟਰਨਰੀ ਐੱਮਆਰਆਈ, ਸੀਟੀ ਸਕੈਨਰ ਅਤੇ ਰੋਬੋਟਿਕ ਸਰਜੀਕਲ ਯੂਨਿਟਾਂ ਨਾਲ ਲੈਸ ਹੈ।

# ਰੂਸ ਦੇ ਹਮਲਿਆਂ ਨਾਲ ਕੰਬਿਆ ਯੂਕਰੇਨ

## ਸੱਤ ਮਰੇ, 67 ਜ਼ਖ਼ਮੀ, ਕਈ ਇਮਾਰਤਾਂ ਬਣੀਆਂ ਨਿਸ਼ਾਨਾ

**ਕੀਵ**:ਰੂਸ ਦੇ ਲਗਾਤਾਰ ਹਮਲਿਆਂ ਨਾਲ ਸੋਮਵਾਰ ਨੂੰ ਯੂਕਰੇਨ ਥਰਥਰਾ ਉੱਠਿਆ। ਰਾਜਧਾਨੀ ਕੀਵ, ਦੂ ਵੱਡੇ ਸ਼ਹਿਰ ਖਾਰਕੀਵ ਸਮੇਤ ਕਈ ਸ਼ਹਿਰ 'ਤੇ ਰੂਸ ਨੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲੇ ਕੀਤੇ ਹਨ। ਇਨ੍ਹਾਂ ਹਮਲਿਆਂ 'ਚ ਸੱਤ ਲੋਕ ਮਾਰੇ ਗਏ ਅਤੇ 60 ਤੋਂ ਵੱਧ ਜ਼ਖ਼ਮੀ ਹੋਏ ਹਨ।



ਰੂਸੀ ਹਮਲੇ 'ਚ ਕੀਵ ਦੀਆਂ ਬਹੁਮੰਜ਼ਿਲਾ ਰਿਹਾਇਸ਼ੀ ਇਮਾਰਤਾਂ, ਦਫ਼ਤਰ, ਡਾਟਾ ਸੈਂਟਰ, ਗੈਸ ਸਟੇਸ਼ਨ, ਫਾਰਮਾਸਿਊਟੀਕਲ ਕੰਪਨੀ ਅਤੇ ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼ ਦੀ ਇਮਾਰਤ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਕੀਵ 'ਚ ਹੋਏ ਹਮਲਿਆਂ 'ਚ ਚਾਰ ਲੋਕ ਮਾਰੇ ਗਏ ਅਤੇ ਅੱਠ ਜ਼ਖ਼ਮੀ ਹੋਏ ਹਨ। ਜਦਕਿ ਨਿਪਰੋ 'ਚ ਹੋਏ ਹਮਲੇ 'ਚ ਤਿੰਨ ਲੋਕ ਮਾਰੇ ਗਏ ਅਤੇ 12 ਜ਼ਖ਼ਮੀ ਹੋਏ ਹਨ। ਖਾਰਕੀਵ 'ਚ ਨੌਂ ਮੰਜ਼ਿਲਾ ਇਮਾਰਤ 'ਤੇ ਹੋਏ ਹਮਲੇ 'ਚ 11 ਬੱਚਿਆਂ ਸਮੇਤ 43 ਲੋਕ ਜ਼ਖ਼ਮੀ ਹੋਏ ਹਨ। ਇਸੇ ਤਰ੍ਹਾਂ ਚਾਰਨੀਹੀਵ 'ਚ ਰੂਸੀ ਹਮਲੇ 'ਚ ਚਾਰ ਲੋਕ ਜ਼ਖ਼ਮੀ ਹੋਏ ਹਨ। ਇਸ ਤੋਂ ਇਲਾਵਾ ਰੂਸੀ ਫੌਜ ਨੇ ਕਾਲਾ ਸਾਗਰ 'ਚ ਇਕ ਮਾਲਵਾਹਕ ਜਹਾਜ਼ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਯੂਕਰੇਨ ਦੇ ਕੋਰਨੋਮੋਰਸਕ ਬੰਦਰਗਾਹ 'ਤੇ ਲੰਗਰ ਪਾਏ ਇਕ ਹੋਰ ਜਹਾਜ਼ 'ਤੇ ਵੀ ਹਮਲਾ ਕੀਤਾ ਹੈ। ਰੂਸ ਦੇ ਇਨ੍ਹਾਂ ਹਮਲਿਆਂ ਨਾਲ ਯੂਕਰੇਨ ਦੀ ਖ਼ੁਰਾਕ ਬਰਾਮਦ ਪ੍ਰਭਾਵਿਤ ਹੋਈ ਹੈ।

ਰੋਬੋਟ ਨਾਲ ਹਮਲਾ ਕਰ ਕੇ ਯੂਕਰੇਨ ਨੇ 51 ਵਰਗ ਕਿਲੋਮੀਟਰ ਜ਼ਮੀਨ ਮੁੜਹਾਸਲ ਕੀਤੀ : ਯੂਕਰੇਨ ਦੀ ਫੌਜ ਨੇ ਕਿਹਾ

ਹੈ ਕਿ ਉਹ ਪੂਰਬੀ ਦਿਸ਼ਾ 'ਚ ਅੱਗੇ ਵਧ ਰਹੀ ਹੈ ਅਤੇ ਰੂਸੀ ਫੌਜ ਨੂੰ ਪਿੱਛੇ ਧੱਕਦਿਆਂ ਉਸ ਨੇ ਆਪਣੀ ਗੁਆਈ ਜ਼ਮੀਨ 'ਤੇ ਮੁੜਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਹੈ। ਯੂਕਰੇਨੀ ਫੌਜ ਨੇ ਹਾਲ ਹੀ 'ਚ ਚਲਾਏ 'ਆਪ੍ਰੇਸ਼ਨ ਵਿਵਾਲਡੀ' 'ਚ ਕਰੀਬ 51 ਵਰਗ ਕਿਲੋਮੀਟਰ ਜ਼ਮੀਨ ਮੁੜ ਹਾਸਲ ਕੀਤੀ ਹੈ।

ਇਸ ਮੁਹਿੰਮ 'ਚ ਯੂਕਰੇਨੀ ਫੌਜ ਨੇ ਰੋਬੋਟਾਂ ਰਾਹੀਂ ਰੂਸੀ ਮੋਰਚਿਆਂ ਅਤੇ ਉਸ ਦੇ ਅੰਦਰੂਨੀ ਹਿੱਸਿਆਂ 'ਤੇ ਹਮਲੇ ਕੀਤੇ। ਕਈ ਥਾਵਾਂ 'ਤੇ ਰੋਬੋਟਾਂ ਨੂੰ ਡਰੋਨ ਰਾਹੀਂ ਜ਼ਮੀਨ 'ਤੇ ਉਤਾਰਿਆ ਗਿਆ ਅਤੇ ਇਸ ਤੋਂ ਬਾਅਦ ਰੋਬੋਟ ਰੂਸੀ ਟਿਕਾਣਿਆਂ ਦੇ ਨੇੜੇ ਜਾ ਕੇ ਖੁਦ ਨੂੰ ਧਮਾਕੇ ਨਾਲ ਉਡਾ ਲੈਂਦੇ ਸਨ। ਇਸ ਨਾਲ ਕਈ ਟਿਕਾਣਿਆਂ 'ਤੇ ਰੂਸੀ ਫੌਜ ਨੂੰ ਜਾਨ-ਮਾਲ ਦਾ ਭਾਰੀ ਨੁਕਸਾਨ ਝੱਲਣਾ ਪਿਆ। ਇਸ ਤੋਂ ਇਲਾਵਾ ਯੂਕਰੇਨ ਨੇ ਰੂਸ ਦੇ ਅੰਦਰ ਵੀ ਕਈ ਥਾਵਾਂ 'ਤੇ ਡਰੋਨ ਹਮਲੇ ਕੀਤੇ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਦੱਸਿਆ ਹੈ ਕਿ ਇਨ੍ਹਾਂ ਹਮਲਿਆਂ 'ਚ ਰੂਸ ਦੇ ਤੁਲਾ ਅਤੇ ਵੋਰੋਨੇਜ਼ ਇਲਾਕਿਆਂ 'ਚ ਸਥਿਤ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਕ੍ਰਾਸਨੋਦਾਰ 'ਚ ਸਥਿਤ ਇਕ ਤੇਲ ਟਿਕਾਣਾ ਵੀ ਯੂਕਰੇਨੀ ਡਰੋਨ ਦਾ ਨਿਸ਼ਾਨਾ ਬਣਿਆ। ਇਸ ਤੋਂ ਇਲਾਵਾ ਮਾਸਕੋ ਦੇ ਰਸਤੇ 'ਤੇ ਸਥਿਤ ਕਈ ਆਇਲ ਡਿਪੋ ਅਤੇ ਕਾਰਖਾਨਿਆਂ ਨੂੰ ਵੀ ਡਰੋਨ ਹਮਲਿਆਂ ਨਾਲ ਨੁਕਸਾਨ ਪਹੁੰਚਾਇਆ ਗਿਆ।

# ਨਸ਼ੇ ਨਾਲ ਉਜੜੇ ਪਰਿਵਾਰਾਂ ਲਈ ਆਵਾਜ਼ ਉਠਾਉਣ 'ਤੇ ਵੀ ਰੋਕ: ਢਿੱਲੋਂ




**ਜਲੰਧਰ**:ਭਾਜਪਾ ਵੱਲੋਂ ਕੱਢੀਆਂ ਜਾ ਰਹੀਆਂ ਚਾਰ 'ਨਸ਼ਾ ਮੁਕਤ ਪੰਜਾਬ ਯਾਤਰਾਵਾਂ' ਦੌਰਾਨ ਜਲੰਧਰ 'ਚ ਨਸ਼ੇ ਨਾਲ ਉੱਜੜੇ ਪਰਿਵਾਰਾਂ ਨੇ ਆਪਣਾ ਦਰਦ ਸਾਂਝਾ ਕੀਤਾ। ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਨਸ਼ੇ ਨਾਲ ਉੱਜੜੇ ਪਰਿਵਾਰਾਂ ਦਾ ਦਰਦ ਪੰਜਾਬ ਦੀ ਜ਼ਮੀਨੀ ਹਕੀਕਤ ਦੱਸਦਾ ਹੈ। ਉਨ੍ਹਾਂ ਪੰਜਾਬ ਸਰਕਾਰ 'ਤੇ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਸਵਾਲ ਚੁੱਕਦਿਆਂ ਦੋਸ਼ ਲਾਇਆ ਕਿ ਨਸ਼ਾ ਬੰਦ ਕਰਨ ਦੀ ਬਜਾਏ ਨਸ਼ਿਆਂ ਵਿਰੁੱਧ ਬੋਲਣ ਵਾਲਿਆਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ, ਭ੍ਰਿਸ਼ਟਾਚਾਰ, ਗੈਂਗਸਟਰਵਾਦ, ਕਾਨੂੰਨ- ਵਿਵਸਥਾ ਅਤੇ ਰੁਜ਼ਗਾਰ ਪੰਜਾਬ ਦੇ ਮੁੱਖ ਮੁੱਦੇ ਹਨ। ਢਿੱਲੋਂ ਨੇ ਕਿਹਾ ਕਿ ਨਸ਼ਿਆਂ ਨਾਲ ਉੱਜੜੇ ਪਰਿਵਾਰਾਂ ਦੇ ਮੁੜ-ਵਸੇਬੇ 'ਤੇ ਵੀ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ 'ਚ ਭਾਜਪਾ ਦੀ ਸਰਕਾਰ ਬਣਨ 'ਤੇ ਦੋ ਸਾਲਾਂ ਅੰਦਰ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਕਾਰਵਾਈ ਕੀਤੀ ਜਾਵੇਗੀ। ਭਾਜਪਾ ਵੱਲੋਂ ਪੰਜਾਬ ਨੂੰ ਦੋ ਸਾਲਾਂ ਵਿੱਚ ਨਸ਼ਾ ਮੁਕਤ ਕਰਨ ਦਾ ਇਹ ਦਾਅਵਾ ਪਹਿਲਾਂ ਵੀ ਕੀਤਾ ਗਿਆ ਹੈ। ਤਿਲਕ ਨਗਰ ਦੀ ਇਕ ਔਰਤ ਨੇ ਵੀ ਨਸ਼ੇ ਕਾਰਨ ਪਰਿਵਾਰ ਉੱਜੜਨ ਦੀ ਦਾਸਤਾਨ ਸੁਣਾਈ। ਉਸ ਨੇ ਦੱਸਿਆ ਕਿ ਉਸ ਦੇ ਦੋ ਪੁੱਤ ਨਸ਼ੇ ਕਾਰਨ ਮਰ ਚੁੱਕੇ ਹਨ। ਇਕ ਦੀ ਮੌਤ ਤੋਂ ਬਾਅਦ ਉਸ ਦੀ ਪਤਨੀ ਤੇ ਬੱਚਾ ਘਰ ਛੱਡਗਏ, ਜਦਕਿ ਦੂਜੇ ਦੀਆਂ ਦੋ ਪਤਨੀਆਂ ਤੇ ਬੱਚੇ ਵੀ ਚਲੇ ਗਏ। ਉਸ ਨੇ ਦਾਅਵਾ ਕੀਤਾ ਕਿ ਪਰਿਵਾਰ ਦੀ ਜਾਇਦਾਦ ਵੀ ਵੇਚ ਦਿੱਤੀ ਗਈ। ਔਰਤ ਨੇ ਦੋਸ਼ ਲਾਇਆ ਕਿ ਤਿਲਕ ਨਗਰ ਦੇ ਕਈ ਮੁਹੱਲਿਆਂ ਵਿੱਚ ਨਸ਼ਾ ਵਿਕ ਰਿਹਾ ਹੈ ਅਤੇ ਪੁਲਿਸ ਦੀ ਕਾਰਵਾਈ 'ਤੇ ਵੀ ਸਵਾਲ ਖੜ੍ਹੇ ਕੀਤੇ।

### ਉੱਜੜੇ ਪਰਿਵਾਰਾਂ ਦੀ ਹੱਡਬੀਤੀ

ਜਲੰਧਰ ਜ਼ਿਲ੍ਹੇ ਦੇ ਬਿਲਗਾ ਵਾਸੀ ਰਮੇਸ਼ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਕਿਹਾ ਕਿ ਨਸ਼ੇ ਕਾਰਨ ਉਸ ਦੇ ਦੋ ਪੁੱਤਾਂ ਦੀ ਮੌਤ ਹੋ ਚੁੱਕੀ ਹੈ ਅਤੇ ਪਤਨੀ ਵੀ ਨਹੀਂ ਰਹੀ। ਉਸ ਨੇ ਦੱਸਿਆ ਕਿ ਅੱਖਾਂ ਦੀ ਰੋਸ਼ਨੀ ਵੀ ਚਲੀ ਗਈ ਹੈ ਅਤੇ ਹੁਣ ਉਸ ਦਾ ਕੋਈ ਸਹਾਰਾ ਨਹੀਂ। ਉਹ ਗੁਰਦੁਆਰੇ ਵਿੱਚ ਰਾਤਾਂ ਕੱਟ ਰਿਹਾ ਹੈ। ਰਮੇਸ਼ ਨੇ ਕਿਹਾ ਕਿ ਉਸ ਨੂੰ ਇਹ ਵੀ ਨਹੀਂ ਪਤਾ ਕਿ ਉਸ ਦੀ ਮੌਤ ਤੋਂ ਬਾਅਦ ਉਸ ਦੀ ਚਿਤਾ ਨੂੰ ਲਾਂਬੂ ਕੌਣ ਲਾਵੇਗਾ।

# ਪੰਜਾਬ 'ਚ ਕੋਈ ਭਲਾਈ ਸਕੀਮ ਨਹੀਂ ਹੋਵੇਗੀ ਬੰਦ: ਨਾਇਬ ਸੈਣੀ

**ਸੁਨਾਮ**:ਪੰਜਾਬ ਦੇ ਮੌਜੂਦਾ ਸਿਆਸੀ ਮਾਹੌਲ ਦਰਮਿਆਨ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਆਮ ਆਦਮੀ ਪਾਰਟੀ 'ਤੇ ਤਿੱਖਾ ਨਿਸ਼ਾਨਾ ਲਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਮਹਿਜ਼ 6 ਮਹੀਨੇ ਪਹਿਲਾਂ ਮਹਿਲਾਵਾਂ ਨੂੰ ਇੱਕ ਹਜ਼ਾਰ ਦੇਣ ਦਾ ਆਗਾਜ਼ ਕਰ ਕੇ ਜਨਤਾ ਨੂੰ ਗੁੰਮਰਾਹ ਕਰਨ ਦਾ ਕੰਮ ਕੀਤਾ ਹੈ, ਜਦਕਿ ਹਰਿਆਣਾ ਵਿੱਚ ਭਾਜਪਾ ਦੀ ਸਰਕਾਰ ਬਣਦਿਆਂ ਹੀ ਪਹਿਲੀ ਹੀ ਕੈਬਨਿਟ ਮੀਟਿੰਗ ਵਿੱਚ ਔਰਤਾਂ ਲਈ 5,000 ਕਰੋੜ ਰੁਪਏ ਦਾ ਬਜਟ ਮਨਜ਼ੂਰ ਕਰ ਕੇ ਯੋਜਨਾਵਾਂ ਤੁਰੰਤ ਲਾਗੂ ਕਰ ਦਿੱਤੀਆਂ ਗਈਆਂ ਸਨ।



ਸੁਨਾਮ ਵਿਖੇ ਭਾਜਪਾ ਮਹਿਲਾ ਆਗੂ ਅਤੇ ਜ਼ਿਲ੍ਹਾ ਪ੍ਰਧਾਨ ਦਾਮਨ ਬਾਜਵਾ ਦੇ ਨਿਵਾਸ ਅਸਥਾਨ 'ਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਾਫ਼ ਸ਼ਬਦਾਂ ਵਿੱਚ ਭਰੋਸਾ ਦਿਵਾਇਆ "ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ 'ਤੇ ਇੱਕ ਵੀ ਜਨ-ਕਲਿਆਣਕਾਰੀ ਯੋਜਨਾ ਬੰਦ ਨਹੀਂ ਹੋਵੇਗੀ, ਸਗੋਂ ਉਨ੍ਹਾਂ ਦਾ ਘੇਰਾ (ਦਾਇਰਾ) ਅਤੇ ਬਜਟ ਦੋਵੇਂ ਵਧਾਏ ਜਾਣਗੇ।" 'ਆਪ' ਦੇ ਡਰ ਵਾਲੇ ਪ੍ਰਚਾਰ 'ਤੇ ਪਲਟਵਾਰ ਕਰਦਾ ਨਾਇਬ ਸਿੰਘ ਸੈਣੀ ਨੇ ਪੰਜਾਬ ਦੇ ਵੋਟਰਾਂ (ਖ਼ਾਸ ਕਰਕੇ ਔਰਤਾਂ) ਦੇ ਮਨਾਂ ਵਿੱਚ ਆਪ ਵੱਲੋਂ ਫੈਲਾਏ ਜਾ ਰਹੇ ਇਸ ਭਰਮ ਨੂੰ ਤੋੜਨ ਵਾਲਾ ਹੈ ਕਿ ਵਿਰੋਧੀ ਪਾਰਟੀਆਂ ਦੇ ਆਉਣ 'ਤੇ ਜਨਹਿਤ ਦੀਆਂ ਯੋਜਨਾਵਾਂ ਬੰਦ ਹੋ ਜਾਣਗੀਆਂ।

# ਐੱਨ.ਆਈ.ਏ. ਕਰੇ ਲਵਲੀ ਵਿਚ ਹੋਏ ਹੰਗਾਮੇ ਦੀ ਜਾਂਚ: ਸੁਨੀਲ ਜਾਖੜ

**ਚੰਡੀਗੜ੍ਹ:** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲਪੀਯੂ) ਵਿੱਚ ਐਤਵਾਰ ਰਾਤ ਹੋਏ ਹੰਗਾਮੇ ਅਤੇ ਪੁਲਿਸ ਕਾਰਵਾਈ ਬਾਅਦ ਪੰਜਾਬ ਦੀ ਸਿਆਸਤ ਗਰਮਾ ਗਈ ਹੈ। ਵਿਰੋਧੀ ਧਿਰ ਦੇ ਆਗੂਆਂ ਨੇ ਇਸ ਘਟਨਾ ਵਿੱਚ ਸਰਕਾਰ ਅਤੇ ਪੁਲਿਸ ਕਾਰਵਾਈ 'ਤੇ ਸਵਾਲ ਚੁੱਕੇ ਹਨ। ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੂਰੇ ਮਾਮਲੇ ਦੀ ਰਾਸ਼ਟਰੀ ਜਾਂਚ ਏਜੰਸੀ(ਐੱਨਆਈਏ) ਤੋਂ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਦੌਰਾਨ ਹਥਿਆਰਬੰਦ ਵਿਅਕਤੀਆਂ ਦੀ ਕਥਿਤ ਮੌਜੂਦਗੀ ਅਤੇ ਉਸ ਤੋਂ ਬਾਅਦ ਸਥਿਤੀ ਦੇ ਵਿਗੜਨ ਦੀ ਤਹਿ ਤੱਕ ਜਾਣਾ ਜ਼ਰੂਰੀ ਹੈ। ਜਾਖੜ ਨੇ ਸਵਾਲ ਕੀਤਾ ਕਿ ਕੀ ਵਿਦਿਆਰਥੀ ਭਾਵਨਾਵਾਂ ਦੀ ਆੜ੍ਹ ਵਿੱਚ ਪੰਜਾਬ ਵਿੱਚ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਜਾਂਚ ਵਿੱਚ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕੀ ਇਸ. ਘਟਨਾ ਪਿੱਛੇ ਕੋਈ ਬਾਹਰੀ ਜਾਂ ਅੰਦਰੂਨੀ ਤਾਕਤਾਂ ਸਨ।



ਜਾਖੜ ਨੇ ਦੋਸ਼ ਲਾਇਆ ਕਿ ਨੌਜਵਾਨਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਰਾਜਨੀਤਿਕ ਦੁਸ਼ਮਣੀ ਦੇ ਹਿੱਸੇ ਵਜੋਂ ਕੀਤਾ ਗਿਆ ਹੋ ਸਕਦਾ ਹੈ। ਉਨ੍ਹਾਂ ਗੁਆਂਢੀ ਦੇਸ਼ਾਂ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਸਥਿਤ ਵੱਖਵਾਦੀਆਂ ਦੇ ਕਥਿਤ ਸੰਚਾਲਕਾਂ ਦੀ ਭੂਮਿਕਾ ਦੀ ਜਾਂਚ ਦੀ ਵੀ ਮੰਗ ਕੀਤੀ ਹੈ। ਆਮ ਆਦਮੀ ਪਾਰਟੀ 'ਤੇ ਰਾਜਨੀਤਿਕ ਬਦਲਾਖੋਰੀ ਦਾ ਦੋਸ਼ ਲਾਉਂਦੇ ਹੋਏ, ਉਨ੍ਹਾਂ ਕਿਹਾ ਕਿ ਚੋਣਾਂ ਨੇੜੇ ਆ ਰਹੀਆਂ ਹਨ, ਇਸ ਪਹਿਲੂ ਦੀ ਵੀ ਜਾਂਚ ਕਰਨ ਦੀ ਲੋੜ ਹੈ।।

ਪਾਰਟੀ ਨੇਤਾਵਾਂ ਨੇ ਖਦਸ਼ਾ ਪ੍ਰਗਟ ਕੀਤਾਕਿ ਇਹ ਵਿਵਾਦ ਨਸ਼ਾ ਮੁਕਤੀ ਮੁਹਿੰਮ ਤੋਂ ਲੋਕਾਂ ਦਾ ਧਿਆਨ ਹਟਾਉਣ ਅਤੇ ਯਾਤਰਾ ਨੂੰ ਪਟੜੀ ਤੋਂ ਉਤਾਰਨ ਦੀ ਕੋਸ਼ਿਸ਼ ਸੀ। ਸਾਬਕਾ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਵੀ ਇੰਟਰਨੈੱਟ ਮੀਡੀਆ 'ਤੇ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਪੂਰੀ ਘਟਨਾ ਦੀ ਕੇਂਦਰੀ ਏਜੰਸੀ ਤੋਂ ਜਾਂਚ ਦੀ ਮੰਗ ਕੀਤੀ।

# ਵਾਇਰਲ ਹੋ ਰਹੀਆਂ ਖਬਰਾਂ ਬਾਰੇ ਪੰਜਾਬ ਰਾਜ ਮਹਿਲਾ ਕਮਿਸ਼ਨ ਸਖ਼ਤ

**ਬਨੂੜ:** ਪੰਜਾਬੀ ਚਿਤਕਾਰਾ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨਾਲ ਜੁੜੇ ਮਾਮਲੇ ਤੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਖ਼ਬਰਾਂ ਦਾ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਨੋਟਿਸ ਲਿਆ ਹੈ। ਕਮਿਸ਼ਨ ਨੇ ਪਟਿਆਲਾ ਦੇ ਸਬੰਧਤ ਪੁਲਿਸ ਅਧਿਕਾਰੀਆਂ ਅਤੇ ਯੂਨੀਵਰਸਿਟੀ ਪ੍ਰਬੰਧਕਾਂ ਤੋਂ ਮਾਮਲੇ ਦੀ ਤੱਥ-ਆਧਾਰਿਤ ਰਿਪੋਰਟ ਤਲਬ ਕੀਤੀ ਹੈ।



ਕਮਿਸ਼ਨ ਵੱਲੋਂ ਜਾਰੀ ਪੱਤਰ ਵਿਚ ਕਿਹਾ ਗਿਆ ਹੈ ਕਿ ਚਿਤਕਾਰਾ ਯੂਨੀਵਰਸਿਟੀ ਵਿਚ ਵਿਦਿਆਰਥਣਾਂ ਨਾਲ ਸਬੰਧਤ ਕੁਝ ਖ਼ਬਰਾਂ/ਜਾਣਕਾਰੀਆਂ ਸੋਸ਼ਲ ਮੀਡੀਆ ਅਤੇ ਮੀਡੀਆ ਵਿਚ ਸਾਹਮਣੇ ਆਈਆਂ ਹਨ। ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤੇ ਜਾਣ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਮਹਿਲਾ ਕਮਿਸ਼ਨ ਨੇ ਇਸ ਮਾਮਲੇ ਵਿੱਚ ਵਿਦਿਆਰਥਣਾਂ ਦੀ ਸੁਰੱਖਿਆ, ਕਥਿਤ ਤੌਰ 'ਤੇ ਵਿਦਿਆਰਥਣਾਂ ਦੇ ਲਾਪਤਾ ਹੋਣ ਨਾਲ ਸਬੰਧਤ ਸ਼ਿਕਾਇਤਾਂ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਖ਼ਬਰਾਂ ਦੀ ਸੱਚਾਈ ਨੂੰ ਲੈ ਕੇ ਪੁਲਿਸ ਤੋਂ ਵਿਸਥਾਰਤ ਜਾਣਕਾਰੀ ਮੰਗੀ ਹੈ। ਕਮਿਸ਼ਨ ਨੇ ਅਧਿਕਾਰੀਆਂ ਤੋਂ ਮੁੱਖ ਤੌਰ 'ਤੇ ਚਾਰ ਨੁਕਤਿਆਂ 'ਤੇ ਰਿਪੋਰਟ ਮੰਗੀ ਹੈ ਜਿਨਾਂ ਵਿਚ ਯੂਨੀਵਰਸਿਟੀ ਕੈਂਪਸ ਜਾਂ ਹੋਸਟਲ ਵਿਚ ਕਿਸੇ ਵਿਦਿਆਰਥਣ ਦੇ ਲਾਪਤਾ ਹੋਣ ਜਾਂ ਕਿਸੇ ਅਣਸੁਖਾਵੀਂ ਘਟਨਾ ਨੂੰ ਲੈ ਕੇ ਪੁਲਿਸ ਕੋਲ ਕੋਈ ਸ਼ਿਕਾਇਤ ਦਰਜ ਹੋਈ ਹੈ ਜਾਂ ਨਹੀਂ, ਅਤੇ ਉਸ 'ਤੇ ਕੀ ਕਾਰਵਾਈ ਕੀਤੀ ਗਈ।

ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨ ਨੂੰ ਲੈ ਕੇ ਯੂਨੀਵਰਸਿਟੀ ਪ੍ਰਬੰਧਕਾਂ ਵੱਲੋਂ ਕੀਤੇ ਗਏ ਯਤਨਾਂ ਦੀ ਜਾਣਕਾਰੀ, ਮੀਡੀਆ ਤੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਖ਼ਬਰਾਂ/ਅਫ਼ਵਾਹਾਂ ਦੀ ਸੱਚਾਈ ਦੀ ਜਾਂਚ ਸਬੰਧੀ ਪੁਲਿਸ ਕਾਰਵਾਈ ਅਤੇ ਤੱਥ- ਆਧਾਰਿਤ ਰਿਪੋਰਟ, ਵਿਦਿਆਰਥਣਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਭਵਿੱਖ ਵਿੱਚ ਅਜਿਹੀ ਸਥਿਤੀ ਰੋਕਣ ਲਈ ਯੂਨੀਵਰਸਿਟੀ ਵੱਲੋਂ ਚੁੱਕੇ ਗਏ ਕਦਮਾਂ ਦੀ ਜਾਣਕਾਰੀ।

# ਟਰੰਪ ਨੇ ਸ਼ੀ ਤੋਂ ਪੁੱਛਿਆ-ਅਮਰੀਕਾ ਤੋਂ ਹਥਿਆਰ ਲਓਗੇ

**ਵਾਸ਼ਿੰਗਟਨ:** ਚੀਨ ਵਿਚ ਅਮਰੀਕੀ ਰਾਜਦੂਤ ਡੇਵਿਡ ਪਰਡਿਊ ਨੇ ਇਕ ਇੰਟਰਵਿਊ 'ਚ ਦੱਸਿਆ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਤੋਂ ਪੁੱਛਿਆ ਸੀ ਕਿ ਕੀ ਉਹ ਅਮਰੀਕੀ ਹਥਿਆਰਾਂ ਨੂੰ ਖ਼ਰੀਦਣਾ ਚਾਹੁੰਦੇ ਹਨ। ਪਿਛਲੇ ਹਫ਼ਤੇ ਸ਼ੀ ਦੇ ਵਾਸ਼ਿੰਗਟਨ ਦੌਰੇ ਬਾਰੇ ਗੱਲ ਕਰਦਿਆਂ, ਪਰਡਿਊ ਨੇ ਕਿਹਾ, 'ਰਾਸ਼ਟਰਪਤੀ ਟਰੰਪ ਹਮੇਸ਼ਾ ਕਹਿੰਦੇ ਹਨ ਕਿ ਅਸੀਂ ਦੁਨੀਆ ਭਰ ਵਿਚ ਹੋਰਨਾਂ ਨੂੰ ਹਥਿਆਰ ਵੇਚਦੇ ਹਾਂ।' ਉਨ੍ਹਾਂ ਨੇ ਅਸਲ ਵਿਚ ਰਾਸ਼ਟਰਪਤੀ ਸ਼ੀ ਤੋਂ ਪੁੱਛਿਆ ਸੀ ਕਿ ਕੀ ਉਹ ਕੁਝ ਹਥਿਆਰ ਖ਼ਰੀਦਣੇ ਚਾਹੁੰਦੇ ਹਨ। ਪਰਡਿਊ ਨੇ ਇਸ ਬਾਰੇ ਹੋਰ ਜਾਣਕਾਰੀ ਨਹੀਂ ਦਿੱਤੀ ਅਤੇ ਨਾ ਹੀ ਸ਼ੀ ਦਾ ਜਵਾਬ ਦੱਸਿਆ। ਇਹ ਗੱਲ ਮੰਨਣਾ ਕਿ ਅਮਰੀਕੀ ਰਾਸ਼ਟਰਪਤੀ ਨੇ ਚੀਨ ਨੂੰ ਹਥਿਆਰ ਵੇਚਣ ਦੀ ਪੇਸ਼ਕਸ਼ ਕੀਤੀ ਸੀ, ਬੇਹੱਦ ਅਸਾਧਾਰਨ ਹੈ। ਇਸ ਦਾ ਕਾਰਨ ਇਹ ਹੈ ਕਿ ਜ਼ਿਆਦਾਤਰ ਅਮਰੀਕੀ ਸੰਸਦ ਮੈਂਬਰ ਚੀਨ ਨੂੰ ਅਮਰੀਕਾ ਦਾ ਸਭ ਤੋਂ ਵੱਡਾ ਫ਼ੌਜੀ, ਆਰਥਿਕ ਅਤੇ ਕੂਟਨੀਤਕ ਮੁਕਾਬਲੇਬਾਜ਼ ਮੰਨਦੇ ਹਨ, ਜੋ ਮਹਾ-ਸ਼ਕਤੀ ਦੇ ਤੌਰ 'ਤੇ ਅਮਰੀਕਾ ਨੂੰ ਅਸਲ ਚੁਣੌਤੀ ਦੇਣ ਵਾਲਾ ਇੱਕੋ-ਇੱਕ ਦੇਸ਼ ਹੈ। ਇਸ ਮਾਮਲੇ 'ਤੇ ਵ੍ਹਾਈਟ ਹਾਊਸ ਨੇ ਕਿਹਾ ਕਿ ਅਮਰੀਕਾ ਦੀ ਚੀਨ ਨੂੰ ਹਥਿਆਰ ਵੇਚਣ ਦੀ ਕੋਈ ਯੋਜਨਾ ਨਹੀਂ ਹੈ।



# 'ਆਪ' ਦੀ ਸ਼ਰਾਰਤ ਕਾਰਨ ਲਵਲੀ ਯੂਨੀਵਰਸਿਟੀ 'ਚ ਹੋਈ ਹਿੰਸਾ: ਸੁਖਬੀਰ

## ਕਿਹਾ, ਘਟਨਾ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਤਾਂ ਹੋਵੇਗਾ ਵੱਡਾ ਖੁਲਾਸਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸ਼ਰਾਰਤ ਕਾਰਨ ਹੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਵਿਖੇ ਅਗਜ਼ਨੀ ਤੇ ਹਿੰਸਾ ਵਾਪਰੀ ਤੇ ਇਹ ਕਾਰਵਾਈ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਚਾਂਸਲਰ ਤੇ ਰਾਜ ਸਭਾ ਮੈਂਬਰ ਅਸ਼ੋਕ ਕੁਮਾਰ ਮਿੱਤਲ ਵੱਲੋਂ ਦਿੱਲੀ 'ਚ ਆਪਣਾ ਸਰਕਾਰੀ ਬੰਗਲਾ "ਆਪ" ਕਨਵੀਨਰ ਅਰਵਿੰਦ ਕੇਜਰੀਵਾਲ ਤੋਂ ਵਾਪਸ ਲੈਣ ਦੀ ਸਜ਼ਾ ਵਜੋਂ ਕੀਤੀ ਗਈ।

ਅਕਾਲੀ ਦਲ ਦੇ ਪ੍ਰਧਾਨ, ਜਿਨ੍ਹਾਂ ਨੇ ਪਾਰਟੀ ਦੀ ਪੰਜਾਬ ਬਚਾਓ ਮੁਹਿੰਮ ਦੇ ਤਹਿਤ ਇੱਥੇ ਵਿਸ਼ਾਲ ਸਿਆਸੀ ਕਾਨਫਰੰਸ ਨੂੰ ਸੰਬੋਧਨ ਕੀਤਾ, ਨੇ ਕਿਹਾ ਕਿ ਜੇਕਰ ਸਾਰੀ ਘਟਨਾ ਦੀ ਨਿਰਪੱਖ ਜਾਂਚ ਹੋ ਗਈ ਤਾਂ ਇਹ ਖੁਲਾਸਾ ਹੋ ਜਾਵੇਗਾ ਕਿ ਆਪ ਸਰਕਾਰ ਨੇ ਹੀ ਇਹ ਸਾਰੀ ਗੜਬੜ ਕਰਵਾਈ। ਉਨ੍ਹਾਂ ਕਿਹਾ ਕਿ ਆਪ ਨੇ ਇਹ ਸਾਰੀ ਸ਼ਰਾਰਤ ਮਿੱਤਲ ਨੂੰ ਪਾਰਟੀ ਛੱਡ ਕੇ ਭਾਜਪਾ 'ਚ ਜਾਣ ਲਈ ਸਬਕ ਸਿਖਾਉਣ ਵਜੋਂ ਕੀਤੀ ਗਈ। ਬਾਦਲ ਨੇ ਪੁਲਿਸ ਵੱਲੋਂ ਯੂਨੀਵਰਸਿਟੀ ਦੇ ਰੋਸ ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ 'ਤੇ ਬੇਰਹਿਮੀ ਨਾਲ ਲਾਠੀਚਾਰਜ ਕਰਨ ਦੀ ਵੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਅਜਿਹਾ ਲੱਗ ਰਿਹਾ ਸੀ ਕਿ ਜਿਵੇਂ ਆਪ ਪੁਲਿਸ ਨੂੰ ਇਕ 'ਗੁੰਡਾ ਤਾਕਤ' ਵਜੋਂ ਵਰਤ ਰਹੀ ਹੋਵੇ।

ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਸੂਬੇ ਦੇ ਇਹ ਹਾਲਾਤ ਇਸ ਕਰ ਕੇ ਬਣੇ ਹਨ ਕਿਉਂਕਿ ਬਾਹਰਲਿਆਂ ਨੇ ਪੰਜਾਬ ਤੇ ਇਸ ਦੇ ਸਰੋਤਾਂ 'ਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਵੇਖਿਆ ਹੈ ਕਿ ਕਿਵੇਂ ਬਾਹਰਲਿਆਂ ਨੇ ਸੂਬੇ ਦੇ ਮੰਤਰੀਆਂ ਲਈ 'ਬਣੇ ਬੰਗਲਿਆਂ 'ਤੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਅਕਾਲੀ ਦਲ ਦੀ ਸਰਕਾਰ ਬਣਨ ਮਗਰੋਂ ਇਨ੍ਹਾਂ ਸਾਰੀਆਂ ਗੈਰ ਕਾਨੂੰਨੀ ਕਾਰਵਾਈਆਂ ਦੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਨਾ ਇਨ੍ਹਾਂ ਗੈਰ ਕਾਨੂੰਨੀ ਕਾਬਜ਼ਕਾਰਾਂ ਤੋਂ ਨਾ ਸਿਰਫ ਸਾਰੇ ਬਣਦੇ ਬਕਾਏ ਵਸੂਲਾਂਗੇ ਬਲਕਿ ਇਨ੍ਹਾਂ ਨੂੰ ਮਿਸਾਲੀ ਸਜ਼ਾ ਵੀ ਦੇਵਾਂਗੇ। ਸੀਨੀਅਰ ਆਗੂ ਵੀਰ ਸਿੰਘ ਲੋਪੋਕੇ ਜਿਨ੍ਹਾਂ ਨੂੰ ਉਨ੍ਹਾਂ ਰਾਜਾਸਾਂਸੀ ਹਲਕੇ ਤੋਂ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰ ਘੋਸ਼ਿਤ ਕੀਤਾ, ਦੇ ਨਾਲ ਰਲ ਕੇ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਬਾਦਲ ਨੇ 'ਵਾਰਿਸ ਪੰਜਾਬ ਦੇ' 'ਤੇ ਵੀ ਤਿੱਖਾ ਹਮਲਾ ਬੋਲਿਆ ਤੇ ਉਸ ਪਾਰਟੀ ਨੂੰ ਕੌਮ ਦੇ ਗੱਦਾਰ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪਾਰਟੀ ਤਾਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੀਆਂ ਤਸਵੀਰਾਂ ਦੀ ਦੁਰਵਰਤੋਂ ਵੀ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਪਰਿਵਾਰ ਪਿਛਲੇ 36 ਸਾਲਾਂ ਤੋਂ ਕਾਂਗਰਸ ਪਾਰਟੀ ਦੀ ਹਮਾਇਤ ਕਰਦਾ ਆ ਰਿਹਾ ਹੈ ਤੇ ਹੁਣ ਨਵੀਂ ਬਣੀ ਆਮ ਆਦਮੀ ਪਾਰਟੀ (ਆਪ) ਨਾਲ ਜੁੜ ਗਿਆ ਹੈ। ਬਾਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਸਰਹੱਦੀ ਖਿੱਤੇ ਵਿਚ ਪੈਂਦੀ ਜ਼ਮੀਨ ਦੇ ਕਿਸਾਨਾਂ ਨੂੰ ਮਾਲਕਾਨਾ ਹੱਕ ਦਿੱਤੇ ਜਾਣਗੇ ਜੋ ਉਹ ਵਾਹ ਰਹੇ ਹਨ ਪਰ ਇਹ ਉਨ੍ਹਾਂ ਦੇ ਨਾਂ ਨਹੀਂ ਹਨ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਖਾਲੀ ਪਈਆਂ ਤਿੰਨ ਲੱਖ ਸਰਕਾਰੀ ਆਸਾਮੀਆਂ ਤੁਰੰਤ ਭਰੀਆਂ ਜਾਣਗੀਆਂ ਤੇ ਆਪ ਦੇ ਬਾਹਰਲਿਆਂ ਸਰਕਾਰੀ ਨੌਕਰੀਆਂ ਦੇਣ ਦੇ ਕਾਨੂੰਨ ਵਾਪਸ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਿਰਫ ਪੰਜਾਬੀਆਂ ਨੂੰ ਹੀ ਸੂਬੇ ਵਿਚ ਸਰਕਾਰੀ ਨੌਕਰੀਆਂ ਵਾਸਤੇ ਵਿਚਾਰਿਆ ਜਾਵੇਗਾ।



ਉਨ੍ਹਾਂ ਕਿਹਾ ਕਿ ਉਦਯੋਗਾਂ ਵਾਸਤੇ ਵੀ 75 ਫੀਸਦੀ ਨੌਕਰੀਆਂ ਪੰਜਾਬੀਆਂ ਨੂੰ ਦੇਣਾ ਲਾਜ਼ਮੀ ਹੋਵੇਗਾ। ਇਸ ਮੌਕੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ, ਗੁਲਜ਼ਾਰ ਸਿੰਘ ਰਣੀਕੇ, ਰਣਬੀਰ ਸਿੰਘ ਰਾਣਾ ਲੋਪੋਕੇ, ਰਾਜਾ ਲਾਦੇਹ, ਸੁਰਜੀਤ ਸਿੰਘ ਪਹਿਲਵਾਨ ਅਤੇ ਗੌਰਵਦੀਪ ਸਿੰਘ ਵਲਟੋਹਾ ਨੇ ਵੀ ਸੰਬੋਧਨ ਕੀਤਾ।

# ਹਰਸਿਮਰਤ ਨੇ ਲਾਠੀਚਾਰਜ ਬਾਰੇ ਚੁੱਕੇ ਸਵਾਲ

ਹਰਸਿਮਰਤ ਕੌਰ ਬਾਦਲ ਨੇ ਪੁਲਿਸ ਵੱਲੋਂ ਕੀਤੇ ਗਏ ਕਥਿਤ 'ਹਲਕੇ' ਲਾਠੀਚਾਰਜ 'ਤੇ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਸਾਹਮਣੇ ਆਏ ਵੀਡੀਓਜ਼ ਵਿੱਚ ਨੌਜਵਾਨਾਂ, ਖਾਸ ਕਰਕੇ ਕੁੜੀਆਂ ਨੂੰ ਪੁਲਿਸ ਵਾਲਿਆਂ ਦੁਆਰਾ ਕਥਿਤ ਤੌਰ 'ਤੇ ਕੁੱਟਿਆ, ਧੱਕਾ ਦਿੱਤਾ ਅਤੇ ਜ਼ਮੀਨ 'ਤੇ ਘੜੀਸਿਆ ਜਾਂਦਾ ਦਿਖਾਇਆ ਗਿਆ ਹੈ। ਐਲਪੀਯੂ ਵਿੱਚ ਦੁਨੀਆ ਭਰ ਦੇ ਕਈ ਦੇਸ਼ਾਂ ਦੇ ਵਿਦਿਆਰਥੀ ਹਨ। ਇਸ ਲਈ, ਪੁਲਿਸ ਦੀ ਕਾਰਵਾਈ ਯੂਨੀਵਰਸਿਟੀ ਦੀ ਸਾਖ ਅਤੇ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਸਵਾਲ ਖੜ੍ਹੇ ਕਰਦੀ ਹੈ।



# ਲਵਲੀ ਦੀ ਹਿੰਸਾ ਦੀ ਨਿਰਪੱਖ ਜਾਂਚ ਹੋਵੇ: ਵੜਿੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸੂਬੇ ਦੇ ਕੈਂਪਸਾਂ 'ਚ ਹੋਈ ਹਿੰਸਾ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਦੋ ਯੂਨੀਵਰਸਿਟੀ ਕੈਂਪਸਾਂ 'ਚ ਵਾਪਰੀ ਹਿੰਸਾ ਦਾ ਰੂਪ ਇਕੋ ਜਿਹਾ ਹੈ। ਵੜਿੰਗ ਨੇ ਸੂਬਾ ਸਰਕਾਰ 'ਤੇ ਹਿੰਸਾ ਦੇ ਅਸਲ ਕਾਰਨਾਂ ਤੋਂ ਅਚੇਤ ਸਾਬਤ ਹੋਣ ਦਾ ਦੋਸ਼ ਲਾਇਆ ਤੇ ਕਿਹਾ ਕਿ ਉਹ ਬੇਖ਼ਬਰ ਹੈ। ਉਨ੍ਹਾਂ ਨੇ ਦੋ ਨਿੱਜੀ ਯੂਨੀਵਰਸਿਟੀਆਂ 'ਚ ਹਿੰਸਾ ਨੂੰ ਕਾਨੂੰਨ ਵਿਵਸਥਾ ਦੀ ਢਹਿ-ਢੇਰੀ ਦਾ ਸੰਕੇਤ ਮੰਨਿਆ। ਉਨ੍ਹਾਂ ਨੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਜਤਾਈ ਤੇ ਕਿਹਾ ਕਿ ਸਿਰਫ਼ ਨਿਰਪੱਖ ਜਾਂਚ ਹੀ ਸੱਚਾਈ ਨੂੰ ਸਾਹਮਣੇ ਲਿਆ ਸਕਦੀ ਹੈ।



# ਮਜੀਠੀਆ ਨੇ ਪੁੱਛਿਆ-ਬਾਹਰੀ ਕੌਣ ਸਨ?



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਵੀ ਇਸ ਘਟਨਾ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਰਾਜਨੀਤਿਕ ਲੜਾਈਆਂ ਵਿੱਚ ਮੋਹਰੇ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ। ਉਨ੍ਹਾਂ ਨੇ ਕੰਪਲੈਕਸ ਵਿੱਚ ਬਾਹਰੀ ਲੋਕਾਂ ਦੀ ਕਥਿਤ ਮੌਜੂਦਗੀ ਅਤੇ ਵਾਕੀ-ਟਾਕੀ, ਬੈਟ ਅਤੇ ਹੋਰ ਚੀਜ਼ਾਂ ਦੇ ਦਾਅਵਿਆਂ ਦੀ ਜਾਂਚ ਦੀ ਮੰਗ ਕੀਤੀ। ਉਨ੍ਹਾਂ ਨੇ ਐਨਆਈਏ ਜਾਂ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਤੋਂ ਜਾਂਚ ਦੀ ਮੰਗ ਕੀਤੀ।

# ਪੁਲਿਸ ਨੇ ਪੇਸ਼ੇਵਰ ਢੰਗ ਨਾਲ ਸੰਭਾਲੀ ਸਥਿਤੀ: ਪੰਨੂੰ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਮੀਡੀਆ ਇੰਚਾਰਜ ਬਲਤੇਜ ਸਿੰਘ ਪੰਨੂ ਨੇ ਕਿਹਾ ਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਦੀ ਸਥਿਤੀ ਬਹੁਤ ਸੰਵੇਦਨਸ਼ੀਲ ਸੀ, ਜਿਸ 'ਚ ਪੰਜਾਬ ਤੇ ਹੋਰਨਾਂ ਸੂਬਿਆਂ ਦੇ ਵਿਦਿਆਰਥੀ ਸ਼ਾਮਲ ਸਨ।

ਉਨ੍ਹਾਂ ਨੇ ਦਾਅਵਾ ਕੀਤਾ ਕਿ ਪੰਜਾਬ ਪੁਲਿਸ ਨੇ ਇਸ ਸਥਿਤੀ ਨੂੰ ਬੜੇ ਸੰਜਮ ਨਾਲ ਸੰਭਾਲਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਡੀਜੀਪੀ ਨੂੰ ਐਲ.ਪੀ.ਯੂ. ਦਾ ਦੌਰਾ ਕਰਨ ਦੇ ਨਿਰਦੇਸ਼ ਦਿੱਤੇ।

ਪੁਲਿਸ ਦੇ ਸੀਨੀਅਰ ਅਧਿਕਾਰੀ ਵਿਦਿਆਰਥੀਆਂ ਨਾਲ ਗੱਲਬਾਤ ਕਰ ਰਹੇ ਸਨ, ਤਾਂ ਜੋ ਸਥਿਤੀ ਨੂੰ ਕੰਟਰੋਲ. ਕੀਤਾ ਜਾ ਸਕੇ। ਪੰਨੂ ਨੇ ਕਿਹਾ ਕਿ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਲਈ ਐਸਆਈਟੀ ਦਾ ਗਠਨ ਕੀਤਾ ਹੈ, ਜੋ ਪੂਰੇ ਤੱਥ ਸਾਹਮਣੇ ਲਿਆਵੇਗੀ।

ਉਨ੍ਹਾਂ ਨੇ ਵਿਰੋਧੀ ਧਿਰ ਦੀ ਆਲੋਚਨਾ ਕੀਤੀ, ਜੋ ਵਿਦਿਆਰਥੀਆਂ ਨਾਲ ਜੁੜੇ ਸੰਵੇਦਨਸ਼ੀਲ ਮੁੱਦੇ ਦਾ ਸਿਆਸੀਕਰਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।



ਪੰਜਾਬ ਟਾਈਮਜ਼

3 ਅਕਤੂਬਰ, ਸ਼ਨਿਚਰਵਾਰ

# ਚੋਣ ਕਮਿਸ਼ਨ ਦਾ ਕੀ ਬਣੇਗਾ?

ਮੁੱਖ ਚੋਣ ਕਮਿਸ਼ਨ ਦੀਆਂ ਆਪਹੁਦਰੀਆਂ ਜੱਗ ਜ਼ਾਹਿਰ ਹੋਣ ਨਾਲ ਭਾਰਤ ਸਰਕਾਰ ਦੀ ਜੋ ਕਿਰਕਿਰੀ, ਵਿਸ਼ਵ ਭਰ ਵਿਚ ਹੋਈ ਹੈ, ਉਸ ਦੀ ਭਰਪਾਈ ਹੋਣਾ ਬਹੁਤ ਮੁਸ਼ਕਿਲ ਹੈ। ਭਾਰਤ ਦੀ ਜਮਹੂਰੀਅਤ ਉੱਤੇ ਲਗੇ ਇਸ ਦਾਗ਼ ਦੀ ਭਾਰਤ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਨੂੰ ਰਤਾ ਪਰਵਾਹ ਨਹੀਂ ਹੈ। ਤਿੰਨਾਂ ਹੀ ਚੋਣ ਕਮਿਸ਼ਨਰਾਂ ਨੂੰ ਇਕੱਠੇ ਬਿਠਾ ਕੇ ਤਸਵੀਰ ਖਿਚਵਾ ਲੈਣ ਨਾਲ ਕੀ ਇਹ ਮਾਮਲਾ ਨਜਿੱਠਿਆ ਗਿਆ ਹੈ?

ਕੀ ਚੋਣ ਕਮਿਸ਼ਨ ਦੀ ਇਕਜੁੱਟਤਾ ਵਾਲੀ ਦਿਖਾਊ ਮੀਟਿੰਗ ਤੋਂ ਬਾਅਦ ਚੋਣਾਂ 'ਚ ਧਾਂਦਲੀ ਦਾ ਮਸਲਾ ਖ਼ਤਮ ਹੋ ਗਿਆ ਹੈ? ਕੀ ਚੋਣ ਕਮਿਸ਼ਨ ਦੇ ਪ੍ਰੈੱਸ ਨੋਟ ਰਾਹੀਂ ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਦਾ ਜੋ ਜਵਾਬ ਦਿੱਤਾ ਗਿਆ ਹੈ, ਉਸ ਨਾਲ ਚੋਣ ਕਮਿਸ਼ਨਰ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਵਲੋਂ ਚੁੱਕੇ ਗਏ ਸਵਾਲਾਂ ਦਾ ਹੱਲ ਹੋ ਗਿਆ ਹੈ? ਕੀ ਹੁਣ ਸਾਰਾ ਸ਼ੱਕ ਦੂਰ ਹੋ ਗਿਆ ਹੈ? ਅਸਲੀ ਸਵਾਲ ਤਾਂ ਅਜੇ ਉੱਥੇ ਦਾ ਉੱਥੇ ਹੀ ਹੈ। ਵਿਰੋਧੀ ਪਾਰਟੀਆਂ ਅਤੇ ਕਾਕਰੋਚ ਜਨਤਾ ਪਾਰਟੀ ਇਸ ਮਸਲੇ ਨੂੰ ਅੰਜਾਮ ਤੱਕ ਲੈ ਜਾਣ ਲਈ ਉਤਾਰੂ ਹਨ।

ਅਸਲੀ ਸਵਾਲ ਤਾਂ ਇਹ ਹੈ ਕਿ ਕਿਉਂ ਤੇ ਕਿਸ ਦੇ ਕਹਿਣ 'ਤੇ ਵੋਟਰ ਸੂਚੀ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ? ਕੀ ਇਹ ਮਹਿਜ਼ ਇਕ ਤਕਨੀਕੀ ਗੱਲ ਸੀ, ਕੋਈ ਖਾਮੀ ਸੀ ਜਾਂ ਫਿਰ ਪੂਰੀ ਵੋਟਰ ਸੂਚੀ ਦੇ ਸਿਸਟਮ ਨੂੰ ਅਗਵਾ ਕਰ ਕੇ ਕਿਸੇ ਨੂੰ ਜਿਤਾਉਣ ਅਤੇ ਕਿਸੇ ਨੂੰ ਹਰਾਉਣ ਦੀ ਖੇਡ ਖੇਡੀ ਜਾ ਰਹੀ ਸੀ? ਇੰਡੀਅਨ ਐਕਸਪ੍ਰੈੱਸ ਵਿਚ ਜੋ ਖ਼ਬਰ ਛਪੀ ਸੀ, ਉਸ ਵਿਚ ਸਾਫ਼ ਸੀ ਕਿ ਕਿਸੇ ਬਹੁਤ ਸ਼ਕਤੀਸ਼ਾਲੀ ਵਿਅਕਤੀ ਦੇ ਕਹਿਣ 'ਤੇ ਜਾਂ ਇਸ਼ਾਰੇ 'ਤੇ ਚੋਣ ਰਜਿਸਟ੍ਰੇਸ਼ਨ ਅਧਿਕਾਰੀ (ਈ.ਆਰ.ਓਜ਼) ਕੋਲ ਜੋ ਵੋਟਰ ਸੂਚੀ ਵਿਚ ਨਾਂਅ ਜੋੜਨ ਤੇ ਕੱਟਣ ਦੇ ਅਧਿਕਾਰ ਸਨ, ਉਹ ਕਾਨੂੰਨੀ ਅਧਿਕਾਰ ਸਨ। ਉਨ੍ਹਾਂ ਤੋਂ ਇਲਾਵਾ ਕਿਸੇ ਇਕ ਚੋਣ ਹਲਕੇ ਵਿਚ ਕੋਈ ਹੋਰ ਵੋਟਰ ਦਾ ਨਾਂਅ ਨਹੀਂ ਜੋੜ ਸਕਦਾ ਸੀ ਅਤੇ ਨਾ ਹੀ ਨਾਂਅ ਕੱਟ ਸਕਦਾ ਸੀ। ਪਰ ਇਹ ਅਧਿਕਾਰ ਉਨ੍ਹਾਂ ਤੋਂ ਖੋਹ ਲਿਆ ਗਿਆ ਸੀ ਅਤੇ ਚੁੱਪਚਾਪ ਕਿਸੇ ਹੋਰ ਨੂੰ ਦੇ ਦਿੱਤਾ ਗਿਆ। 1950 ਤੇ 1960 ਦੇ ਕਾਨੂੰਨ ਮੁਤਾਬਕ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵੀ ਇਕ ਵੀ ਵੋਟਰ ਦਾ ਨਾਂਅ ਵੋਟਰ ਸੂਚੀ 'ਚ ਨਾ ਤਾਂ ਜੋੜ ਸਕਦੇ ਹਨ ਅਤੇ ਨਾ ਹੀ ਹਟਾ ਸਕਦੇ ਹਨ। ਪਰ 'ਇੰਡੀਅਨ ਐਕਸਪ੍ਰੈੱਸ' ਦੇ ਕਹਿਣ ਅਨੁਸਾਰ ਇਹ ਅਧਿਕਾਰ ਈ.ਆਰ.ਓਜ਼ ਤੋਂ ਲੈ ਕੇ ਦਿੱਲੀ 'ਚ ਕਿਸੇ ਨੂੰ ਦੇ ਦਿੱਤੇ ਗਏ ਸਨ, ਜੋ ਗੈਰ-ਕਾਨੂੰਨੀ ਹੈ। ਚੋਣ ਕਮਿਸ਼ਨ ਦੀ ਪ੍ਰੈੱਸ ਰਿਲੀਜ਼ ਵਿਚ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ। ਸੁਖਬੀਰ ਸਿੰਘ ਸੰਧੂ ਅਤੇ ਜੋਸ਼ੀ ਨੇ ਇਹ ਸਵਾਲ ਪੁੱਛਿਆ ਸੀ ਕਿ ਬੰਗਾਲ ਵਿਚ 16 ਲੱਖ ਲੋਕਾਂ ਦੇ ਨਾਂਅ ਕੱਟਣ ਸੰਬੰਧੀ ਚੋਣ ਕਮਿਸ਼ਨ ਵਲੋਂ ਟ੍ਰਿਬਿਊਨਲਾਂ ਨੂੰ ਅਪੀਲਾਂ ਕਿਸ ਦੇ ਕਹਿਣ 'ਤੇ ਭੇਜੀਆਂ ਗਈਆਂ ਸਨ, ਇਸ ਦਾ ਜਵਾਬ ਚੋਣ ਕਮਿਸ਼ਨ ਵਲੋਂ ਨਹੀਂ ਮਿਲਿਆ। ਇਸ ਭੇਤ ਤੋਂ ਪਰਦਾ ਕਿਉਂ ਨਹੀਂ ਚੁੱਕਿਆ ਗਿਆ ਕਿ ਚੋਣ ਕਮਿਸ਼ਨਰਾਂ ਦੀ ਜਾਣਕਾਰੀ ਤੋਂ ਬਗੈਰ ਇੰਨੀ ਵੱਡੀ ਗਿਣਤੀ 'ਚ ਨਾਂਅ ਕੱਟਣ ਦੀ ਕਹਾਣੀ ਕਿਸ ਦੀ ਸੀ? ਕੀ ਇਹ ਨਾਂਅ ਕਿਸੇ ਪਾਰਟੀ ਨੂੰ ਫਾਇਦਾ ਪਹੁੰਚਾਉਣ ਲਈ ਕੱਟੇ ਜਾਣ ਵਾਲੇ ਸਨ? ਕੀ ਇਹ ਵੋਟਰ ਕਿਸੇ ਇਕ ਪਾਰਟੀ ਦੇ ਸਮਰਥਕ ਸਨ? ਕੀ ਨਾਂਅ ਕਿਸੇ ਇਕ ਜਾਤ ਜਾਂ ਧਰਮ ਨਾਲ ਜੁੜੇ ਸਨ? ਕੀ ਇਹ ਸਾਰੇ ਨਾਂਅ ਗੈਰ-ਕਾਨੂੰਨੀ ਸਨ? ਕੌਣ ਚਾਹੁੰਦਾ ਸੀ ਕਿ ਇਸ ਭੇਤ ਤੋਂ ਪਰਦਾ ਨਾ ਉੱਠੇ? ਕੀ ਸੰਧੂ ਤੇ ਜੋਸ਼ੀ ਇਹ ਸਵਾਲ ਉਠਾ ਕੇ ਚੁੱਪ ਕਰ ਜਾਣਗੇ ਜਾਂ ਜਾਨਣ ਦੀ ਕੋਸ਼ਿਸ਼ ਕਰਨਗੇ ਕਿ ਉਹ ਕੌਣ ਸੀ? ਜੋ ਚਾਹੁੰਦਾ ਸੀ ਕਿ ਇੰਨੀ ਵੱਡੀ ਗਿਣਤੀ ਵਿਚ ਨਾਂਅ ਕੱਟ ਦਿੱਤੇ ਜਾਣ? ਉਹ ਜਾਣਕਾਰੀ ਸਾਹਮਣੇ ਆਉਣਾ ਭਾਰਤ ਦੇ ਲੋਕਤੰਤਰ ਲਈ ਬੇਹੱਦ ਜ਼ਰੂਰੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਅਸਲੀ ਅਪਰਾਧੀ ਕੌਣ ਹੈ, ਜੋ ਭਾਰਤ ਦੀ ਲੋਕਤੰਤਰੀ ਪ੍ਰਣਾਲੀ ਨਾਲ ਖੇਡ ਰਿਹਾ ਸੀ ਜਿੱਤਣ ਲਈ ਜਾਂ ਕਿਸੇ ਨੂੰ ਜਿਤਾਉਣ ਲਈ? ਫਿਰ ਇਸ ਸਵਾਲ ਦਾ ਜਵਾਬ ਵੀ ਨਹੀਂ ਮਿਲਿਆ ਕਿ ਗੋਆ ਤੋਂ 97 ਵੋਟਰਾਂ ਦੇ ਨਾਂਅ ਈ.ਆਰ.ਓ. ਵਲੋਂ ਵਾਰ-ਵਾਰ ਚਿੱਠੀ ਲਿਖਣ ਦੇ ਬਾਵਜੂਦ ਵੀ ਵੋਟਰ ਸੂਚੀ ਵਿਚ ਕਿਉਂ ਨਹੀਂ ਜੋੜੇ ਗਏ? ਇੱਥੋਂ ਤੱਕ ਕਿ ਦਿੱਲੀ ਵਿਚ ਬੈਠੇ ਡਿਪਟੀ ਚੋਣ ਕਮਿਸ਼ਨਰ ਦੇ ਕਹਿਣ 'ਤੇ ਲਿਖਤੀ ਹੁਕਮ ਦੇਣ ਦੇ ਬਾਵਜੂਦ ਵੀ ਇਹ ਕੰਮ ਨਹੀਂ ਕੀਤਾ ਗਿਆ। ਕੀ ਇਹ ਸਵਾਲ ਵੋਟਰ ਸੂਚੀ ਨੂੰ ਮਨਮਰਜ਼ੀ ਮੁਤਾਬਿਕ ਬਦਲਣ ਦਾ ਨਹੀਂ? ਇਸ ਕੰਮ ਨਾਲ ਮੁੱਖ ਚੋਣ ਕਮਿਸ਼ਨਰ ਜਾਂ ਫਿਰ ਉਨ੍ਹਾਂ ਅਧੀਨ ਜੂਨੀਅਰ ਅਧਿਕਾਰੀਆਂ ਨੂੰ ਤਾਂ ਕੋਈ ਫਾਇਦਾ ਨਹੀਂ ਹੋਣਾ ਸੀ। ਨਾ ਹੀ ਇਸ ਦੇ ਬਦਲੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਵਿੱਤੀ ਲਾਭ ਹੋਣਾ ਸੀ? ਇਨ੍ਹਾਂ ਅਧਿਕਾਰੀਆਂ ਨੇ ਚੋਣ ਵੀ ਨਹੀਂ ਲੜਨੀ ਸੀ, ਕਿ ਇਹ ਵੋਟਰ ਸੂਚੀ ਵਿਚ ਬਦਲਾਅ ਕਰ ਕੇ ਚੋਣ ਜਿੱਤਣ ਦੀ ਕੋਸ਼ਿਸ਼ ਕਰ ਰਹੇ ਸਨ। ਅਜਿਹੇ ਵਿਚ ਇਹ ਸਵਾਲ ਅਹਿਮ ਹੈ ਕਿ ਕਿਸ ਦੇ ਕਹਿਣ 'ਤੇ ਇਹ ਸਭ ਕੁਝ ਕੀਤਾ ਗਿਆ? ਤਿੰਨਾਂ ਕਮਿਸ਼ਨਰਾਂ ਦੇ ਰਹਿੰਦਿਆਂ ਹੁਣ ਕਮਿਸ਼ਨ ਦੀ ਸਾਖ ਨੂੰ ਸੁਧਾਰਿਆ ਨਹੀਂ ਜਾ ਸਕੇਗਾ। ਇਸ ਲਈ ਉਨ੍ਹਾਂ ਤਿੰਨਾਂ ਨੂੰ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ ਅਤੇ ਨਵੇਂ ਕਮਿਸ਼ਨ ਦਾ ਗਠਨ ਹੋਣਾ ਚਾਹੀਦਾ ਹੈ। ਗਿਆਨੇਸ਼ ਕੁਮਾਰ ਦਾ ਅਕਸ ਬਹੁਤ ਖ਼ਰਾਬ ਹੋ ਚੁੱਕਾ ਹੈ। ਉਨ੍ਹਾਂ ਦੇ ਅਹੁਦੇ 'ਤੇ ਬਣੇ ਰਹਿੰਦਿਆਂ ਲੋਕਾਂ ਨੂੰ ਚੋਣ ਕਮਿਸ਼ਨ 'ਤੇ ਸ਼ੱਕ ਬਣਿਆ ਰਹੇਗਾ। ਬਾਕੀ ਦੋਹਾਂ ਨੂੰ ਵੀ ਇਸ ਸਵਾਲ ਦਾ ਜਵਾਬ ਦੇਣਾ ਪਵੇਗਾ ਕਿ ਉਹ ਇਕ ਸਾਲ ਤੱਕ ਕਿਉਂ ਚੁੱਪ ਰਹੇ? ਉਹ ਸੰਵਿਧਾਨਕ ਅਹੁਦਿਆਂ 'ਤੇ ਸਨ। ਉਨ੍ਹਾਂ ਨੂੰ ਪਹਿਲੇ ਹੀ ਦਿਨ ਆਵਾਜ਼ ਉਠਾਉਣੀ ਚਾਹੀਦੀ ਸੀ। ਉਨ੍ਹਾਂ ਕਿਉਂ ਆਵਾਜ਼ ਨਹੀਂ ਉਠਾਈ? ਜਦੋਂ ਨਵੇਂ ਚੋਣ ਕਮਿਸ਼ਨ ਦਾ ਗਠਨ ਹੋਵੇਗਾ ਤਾਂ ਉਸ ਦੀ ਇਮਾਨਦਾਰੀ ਤੇ ਨਿਰਪੱਖਤਾ 'ਤੇ ਸਵਾਲ ਨਹੀਂ ਉੱਠੇਗਾ। ਵਿਰੋਧੀ ਧਿਰ ਨੂੰ ਤਿੰਨਾਂ ਚੋਣ ਕਮਿਸ਼ਨਰਾਂ ਨੂੰ ਹਟਾਉਣ ਲਈ ਕੰਮ ਕਰਨਾ ਚਾਹੀਦਾ ਹੈ। ਕੀ ਉਹ ਕਰ ਪਾਉਣਗੇ? ਕੀ ਇਸ ਮਾਮਲੇ ਦੀ ਕੋਈ ਨਿਰਪੱਖ ਜਾਂਚ ਹੋ ਸਕੇਗੀ? ਆਖਿਰ ਇਸ ਚੋਣ ਕਮਿਸ਼ਨ ਦਾ ਬਣੇਗਾ ਕੀ?

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਰੱਬ ਦੇ ਮਾਡਰਨ ਦੂਤ!

ਚਿਤਰ ਗੁਪਤ ਜੀ ਬਹੁਤ ਨਿਰਾਸ ਹੋ ਕੇ, ਦੋਵੇਂ ਉੱਤਰ ਗਏ ਜੀਆਂ ਦੇ ਮੋਢਿਆਂ ਤੋਂ।
ਧਰਮਰਾਜ ਦੇ ਪਹੁੰਚ ਫਰਿਆਦ ਕੀਤੀ, ਕਹਿੰਦੇ ਤੋਬਾ ਐ ਪ੍ਰਾਣੀਆਂ ਥੋਡਿਆਂ ਤੋਂ।
ਰਹਿੰਦਾ 'ਦੀਨ ਈਮਾਨ' ਨੂੰ ਸਮਝਦੇ ਜੋ, ਥੱਲੇ ਆਪਣੇ ਗਿੱਟਿਆਂ-ਗੋਡਿਆਂ ਤੋਂ।
ਦੇਖੀ ਕਦੇ ਨਾ ਕਿਸੇ ਨੇ 'ਸਜ਼ਾ' ਮਿਲਦੀ, ਆਖਰ ਵੇਲੇ 'ਸਵਾਸਾਂ' ਦੇ ਛੋਡਿਆਂ ਤੋਂ।
ਸੀ.ਸੀ.ਟੀ.ਵੀ ਹੁਣ ਕਰਦੇ ਐ ਕੰਮ ਸਾਡਾ, ਮੰਨਿਆਂ ਜਾਂਦਾ ਅਕੱਟ 'ਸਬੂਤ' ਭਾਈ।
ਧਰਮ ਅਸਥਾਨਾਂ ਦੇ ਵਿਚ ਵੀ ਫਿੱਟ ਹੋਏ, ਹੁਣ ਤਾਂ ਓਹੀ ਹਨ 'ਰੱਬ ਦੇ ਦੂਤ' ਭਾਈ!

# ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਜੰਜਾਲ: ਤਿੰਨ ਖ਼ਾਸ ਪਹਿਲੂ



ਪੰਜਾਬ ਪਿਛਲੇ ਕਾਫ਼ੀ ਸਮੇਂ ਤੋਂ ਸੂਬੇ ਸਿਰ ਚੜ੍ਹੇ ਮਣਾਂ-ਮੂੰਹੀਂ ਕਰਜ਼ੇ ਦੇ ਭਾਰ ਕਾਰਨ ਵਿੱਤੀ ਅਤੇ ਆਰਥਿਕ ਵਿਕਾਸ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪਿਛਲੀਆਂ ਅਕਾਲੀ-ਬੀਜੇਪੀ ਅਤੇ ਕਾਂਗਰਸ ਦੀਆਂ ਸਰਕਾਰਾਂ ਵੇਲੇ ਹੋਏ ਆਰਥਿਕ ਅਤੇ ਵਿੱਤੀ ਕੁ-ਪ੍ਰਬੰਧ, ਖ਼ਾਸ ਕਰਕੇ ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਮੁੱਦੇ ਨੂੰ ਮੁੱਖ ਤੌਰ ਤੇ ਉਭਾਰ ਕੇ ਸੱਤਾ ਵਿਚ ਆਈ ਸੀ। ਆਮ ਆਦਮੀ ਪਾਰਟੀ ਨੇ 2022 ਵਿਚ ਵਿਧਾਨ ਸਭਾ ਚੋਣਾਂ ਦੌਰਾਨ ਵਾਅਦਾ ਕੀਤਾ ਸੀ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣੀ ਤਾਂ ਉਹ ਪੰਜਾਬ ਨੂੰ ਕਰਜ਼ਾ ਮੁਕਤ ਕਰੇਗੀ ਅਤੇ ਸੂਬੇ ਦੀਆਂ



ਡਾਕਟਰ ਕੇਸਰ ਸਿੰਘ ਭੰਗੂ
ਸਾਬਕਾ ਪ੍ਰੋਫੈਸਰ ਅਤੇ ਡੀਨ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਫੋਨ: 98154-27127

ਹੋਰ ਵਿੱਤੀ ਅਤੇ ਆਰਥਿਕ ਸਮੱਸਿਆਵਾਂ ਦਾ ਵੀ ਹੱਲ ਕਰੇਗੀ। ਪੰਜਾਬ ਦੇ ਲੋਕਾਂ ਨੇ ਇਹ ਉਮੀਦ ਲਗਾਈ ਸੀ ਕਿ 2022 ਵਿਚ ਬਣੀ ਨਵੀਂ ਮੌਜੂਦਾ ਸਰਕਾਰ ਹੋਰ ਕਰਜ਼ਾ ਨਹੀਂ ਲਵੇਗੀ, ਨਾਲ ਹੀ ਇਹ ਵੀ ਉਮੀਦ ਲਗਾਈ ਸੀ ਕਿ ਸਾਰਾ ਕਰਜ਼ਾ ਕੁੱਝ ਸਾਲਾਂ ਵਿਚ ਉਤਾਰ ਦਿੱਤਾ ਜਾਵੇਗਾ ਅਤੇ ਪੰਜਾਬ ਵਾਦਿਆਂ ਮੁਤਾਬਕ ਕਰਜ਼ਾ-ਮੁਕਤ ਹੋ ਜਾਵੇਗਾ, ਪਰ ਇਸ ਤਰ੍ਹਾਂ ਨਹੀਂ ਹੋਇਆ ਅਤੇ ਨਾ ਹੀ ਹੋ ਸਕਦਾ ਸੀ ਕਿਉਂਕਿ ਪੰਜਾਬ ਸਰਕਾਰ ਨੂੰ ਹੋਰ ਕਰਜ਼ਾ ਲੈਣਾ ਵੀ ਪੈਣਾ ਸੀ ਅਤੇ ਸਾਰਾ ਕਰਜ਼ਾ ਵਾਪਸ ਕਰਨ ਲਈ ਵੀ ਲੰਮਾਂ ਸਮਾਂ ਲੱਗੇਗਾ। ਕਿਉਂਕਿ ਕਿਸੇ ਵੀ ਸਰਕਾਰ ਕੋਲ ਕੋਈ ਜਾਦੂ ਦੀ ਛੜੀ ਨਹੀਂ ਹੁੰਦੀ ਕਿ ਘੁਮਾਈ ਤੇ ਸਾਰਾ ਕਰਜ਼ਾ ਰਾਤੋ-ਰਾਤ ਵਾਪਸ ਕਰ ਦਿੱਤਾ।

ਹੁਣ ਇੱਕ ਵਾਰ ਫਿਰ ਤੋਂ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਮੁੱਦਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿਉਂਕਿ 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ। ਦੂਜਾ ਦੇਸ਼ ਦੀ ਪਾਰਲੀਮੈਂਟ ਵਿਚ ਕਿਸੇ ਮੈਂਬਰ ਦੇ ਸਵਾਲ ਦਾ ਜਵਾਬ ਦਿੰਦਿਆਂ ਕੇਂਦਰੀ ਵਿੱਤ ਮੰਤਰਾਲੇ ਨੇ ਦੇਸ਼ ਦੇ ਸਾਰੇ ਸੂਬਿਆਂ ਸਿਰ ਚੜ੍ਹੇ ਕਰਜ਼ੇ ਦੇ ਅੰਕੜੇ ਪੇਸ਼ ਕੀਤੇ ਗਏ ਹਨ। ਇਨ੍ਹਾਂ ਅੰਕੜਿਆਂ ਤੋਂ ਬਿਲਕੁਲ ਸਪੱਸ਼ਟ ਹੈ ਕਿ ਪੰਜਾਬ ਦੇਸ਼ ਦੇ ਬਾਕੀ ਸੂਬਿਆਂ ਦੇ ਮੁਕਾਬਲੇ ਕਰਜ਼ੇ ਦੇ ਜੰਜਾਲ ਵਿਚ ਫਸ ਚੁੱਕਾ ਹੈ, ਕਿਉਂਕਿ ਲੱਗਭਗ ਸੂਬੇ ਦੇ ਕਰਜ਼ੇ ਸੰਬੰਧੀ ਸਾਰੇ ਹੀ ਸੂਚਕ ਬਹੁਤ ਖ਼ਰਾਬ ਪੱਧਰ 'ਤੇ ਹਨ ਅਤੇ ਨੇੜਲੇ ਭਵਿੱਖ ਵਿਚ ਕਰਜ਼ੇ ਦੇ ਜੰਜਾਲ ਵਿਚੋਂ ਨਿਕਲਣ ਦਾ ਕੋਈ ਢੁਕਵਾਂ ਹੱਲ ਦਿਖਾਈ ਨਹੀਂ ਦੇ ਰਿਹਾ। ਜਦੋਂ ਪੰਜਾਬ ਦੇ ਕਰਜ਼ੇ ਦੀ ਗੱਲ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਸੂਬਾ ਆਪਣੀਆਂ ਲੋੜਾਂ ਲਈ ਤਿੰਨ ਤਰ੍ਹਾਂ ਦੇ ਕਰਜ਼ੇ ਲੈਂਦਾ ਹੈ- ਪਹਿਲਾਂ ਦੇਸ਼ ਦੇ ਕਰਜ਼ਾ ਬਜ਼ਾਰ ਵਿਚੋਂ ਲੰਮੇਂ ਸਮੇਂ ਲਈ, ਦੂਜਾ ਦੇਸ਼ ਦੇ ਕੇਂਦਰੀ ਬੈਂਕ ਤੋਂ ਉਪਾਅ ਅਤੇ ਸਾਧਨ ਪੇਸ਼ੀਆਂ ਤਹਿਤ ਛੋਟੇ ਸਮੇਂ ਲਈ, ਇਨ੍ਹਾਂ ਦੋਨੋਂ ਕਰਜ਼ਿਆਂ ਦਾ ਜ਼ਿਕਰ ਅਤੇ ਪ੍ਰਬੰਧ ਸੂਬੇ ਦੇ ਬਜਟ ਵਿਚ ਹੁੰਦਾ ਹੈ। ਪਰ ਤੀਜੇ ਕਿਸਮ ਦੇ ਲਏ ਜਾਂਦੇ ਕਰਜ਼ਿਆਂ ਨੂੰ ਬਜਟ ਤੋਂ ਬਾਹਰ ਲਏ ਗਏ ਕਰਜ਼ੇ ਕਿਹਾ ਜਾਂਦਾ ਹੈ ਜਿਹੜੇ ਪੰਜਾਬ ਸਰਕਾਰ ਦੇ ਸਰਕਾਰੀ ਬੋਰਡ, ਕਾਰਪੋਰੇਸ਼ਨਾਂ ਅਤੇ ਹੋਰ ਅਦਾਰੇ ਲੈਂਦੇ ਹਨ ਪਰ ਇਨ੍ਹਾਂ ਦਾ ਬਜਟ ਵਿਚ ਕੋਈ ਜ਼ਿਕਰ ਨਹੀਂ ਕੀਤਾ ਜਾਂਦਾ ਹੈ।

ਜੇਕਰ ਪਹਿਲੇ ਕਿਸਮ ਦੇ ਕਰਜ਼ੇ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਪੰਜਾਬ ਸਿਰ ਇਹ ਕਰਜ਼ਾ ਮਾਰਚ 2012 ਵਿਚ 83099 ਕਰੋੜ ਰੁਪਏ ਸੀ। ਜਦੋਂ ਕਿ ਵੱਧ ਕੇ ਮਾਰਚ 2016 ਵਿਚ 1,28,836 ਕਰੋੜ ਰੁਪਏ, ਮਾਰਚ 2017 ਵਿਚ 1,82,526 ਕਰੋੜ ਰੁਪਏ, ਮਾਰਚ 2022 ਵਿਚ 2,81,773 ਕਰੋੜ ਰੁਪਏ, ਮਾਰਚ 2023 ਵਿਚ 3,14,221 ਕਰੋੜ ਰੁਪਏ, ਮਾਰਚ 2024 ਵਿਚ 3,46,185 ਕਰੋੜ ਰੁਪਏ, ਮਾਰਚ 2025 ਵਿਚ 3,82,935 ਕਰੋੜ ਰੁਪਏ, ਮਾਰਚ 2026 ਵਿਚ 4,17,136 ਕਰੋੜ ਰੁਪਏ ਸੀ ਅਤੇ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਮਾਰਚ 2027 ਵਿਚ 4,55,000 ਕਰੋੜ ਹੋ ਜਾਵੇਗਾ। ਚੋਣਾਂ ਦਾ ਸਾਲ ਹੋਣ ਕਾਰਨ ਅਤੇ ਜਿਵੇਂ ਦੇ ਹਾਲਾਤ ਹਨ, ਕਰਜ਼ਾ ਹੋਰ ਵੱਧਣ ਦੀ ਵਧੇਰੇ ਸੰਭਾਵਨਾ ਹੈ।

ਸੂਬੇ ਸਿਰ ਚੜ੍ਹੇ ਕਰਜ਼ੇ ਨੂੰ ਇੱਕ ਹੋਰ ਪਹਿਲੂ ਤੋਂ ਵੀ ਸਮਝਣਾ ਜ਼ਰੂਰੀ ਹੈ ਕਿ ਪੰਜਾਬ ਸਿਰ 1980 ਤੋਂ 1990 ਦੇ ਦੌਰਾਨ ਹਰ ਸਾਲ 609 ਕਰੋੜ ਰੁਪਏ ਦਾ ਕਰਜ਼ਾ ਚੜਦਾ ਸੀ। 1990-91 ਤੋਂ 2001-02 ਦੇ ਦੌਰਾਨ ਵੱਧ ਕੇ ਹਰ ਸਾਲ 2696 ਕਰੋੜ ਰੁਪਏ ਹੋ ਗਿਆ। 2002-07 ਦੇ ਦਰਮਿਆਨ ਵੱਧ ਕੇ 6389 ਕਰੋੜ ਰੁਪਏ ਹੋ ਗਿਆ। 2011-12 ਤੋਂ 2021-22 ਦੇ ਵਿਚਕਾਰ ਹਰ ਸਾਲ ਚੜ੍ਹਨ ਵਾਲੇ ਕਰਜ਼ੇ ਦੀ ਮਾਤਰਾ 19,867 ਕਰੋੜ ਰੁਪਏ ਹੋ ਗਈ। 2022-23 ਤੋਂ 2024-25 ਦਰਮਿਆਨ 33,721 ਕਰੋੜ ਰੁਪਏ ਅਤੇ ਅੰਦਾਜ਼ਨ 2025-26 ਵਿਚ 34,201 ਕਰੋੜ ਰੁਪਏ ਅਤੇ 2026-27 ਵਿਚ 38,000 ਕਰੋੜ ਰੁਪਏ ਤੋਂ ਵੱਧ ਹੋ ਜਾਵੇਗਾ।

ਦੂਜੀ ਤਰ੍ਹਾਂ ਦੇ ਕਰਜ਼ੇ ਜੋ ਕਿ ਭਾਰਤੀ ਰਿਜ਼ਰਵ ਬੈਂਕ ਤੋਂ ਲਏ ਜਾਂਦੇ ਛੋਟੇ ਸਮੇਂ (90 ਦਿਨਾਂ ਲਈ) ਦੇ ਕਰਜ਼ੇ ਜਿਨ੍ਹਾਂ ਨੂੰ ਬਜਟ ਵਿਚ ਉਪਾਅ ਅਤੇ ਸਾਧਨ ਪੇਸ਼ਗੀਆ (Ways and Means Advances-WMAs) ਕਿਹਾ ਜਾਂਦਾ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਲਈ ਉਪਾਅ ਅਤੇ ਸਾਧਨ ਪੇਸ਼ਗੀਆ (WMAs) ਦਾ ਪ੍ਰਬੰਧ ਰਿਜ਼ਰਵ ਬੈਂਕ ਨੇ ਰਿਜ਼ਰਵ ਬੈਂਕ ਐਕਟ, 1934 ਅਧੀਨ 1997 ਵਿਚ ਕੀਤਾ ਸੀ। ਇਸ ਤੋਂ ਪਹਿਲਾਂ ਸਰਕਾਰਾਂ ਨੂੰ ਰਿਜ਼ਰਵ ਬੈਂਕ ਤੋਂ ਛੋਟੇ ਸਮੇਂ ਲਈ ਕਰਜ਼ੇ ਲੈਣ ਲਈ ਕੁੱਝ ਨਾ ਕੁੱਝ ਗਹਿਣੇ ਰੱਖਣਾ ਪੈਂਦਾ ਸੀ, ਆਮ ਤੌਰ ਤੇ ਸਰਕਾਰੀ ਪ੍ਰਤੀਭੂਤੀਆ (government securities) ਨੂੰ ਗਹਿਣੇ ਰੱਖਿਆ ਜਾਂਦਾ ਸੀ। ਉਪਾਅ ਅਤੇ ਸਾਧਨ ਪੇਸ਼ਗੀਆਂ ਮੱਦ ਅਧੀਨ ਵਿਆਜ਼ ਦੀ ਦਰ ਰੈਪੋ ਦਰ ਦੇ ਬਰਾਬਰ ਹੁੰਦੀ ਹੈ, ਭਾਵ ਜਿਸ ਵਿਆਜ ਦਰ ਤੇ ਰਿਜ਼ਰਵ ਬੈਂਕ ਮੈਂਬਰ ਬੈਂਕਾਂ ਨੂੰ ਕਰਜ਼ੇ ਦਿੰਦਾ ਹੈ। ਸਰਕਾਰਾਂ ਇਹ ਕਰਜ਼ੇ ਛੋਟੇ ਸਮੇਂ ਭਾਵ 90 ਦਿਨਾਂ ਲਈ ਲੈ ਸਕਦੀਆਂ ਹਨ। ਇਨ੍ਹਾਂ ਕਰਜ਼ਿਆਂ ਦਾ ਮੁੱਖ ਮੰਤਵ ਸਰਕਾਰਾਂ ਦੇ ਵਿੱਤੀ ਪ੍ਰਬੰਧਨ, ਵਿੱਤੀ ਅਸਥਿਰਤਾ ਅਤੇ ਵਿੱਤੀ ਗੜਬੜੀ ਨੂੰ ਤੁਰੰਤ ਠੀਕ ਕਰਨਾ ਹੁੰਦਾ ਹੈ, ਭਾਵ ਅੱਜ ਕੱਲ ਜਦੋਂ ਵੀ ਪੰਜਾਬ ਸਰਕਾਰ ਦੇ ਖਾਤੇ ਵਿਚ ਰਕਮ ਹੱਦ ਨਾਲੋਂ ਘੱਟ ਜਾਵੇ ਤਾਂ ਇਸ ਸਹੂਲਤ ਅਧੀਨ ਕਰਜ਼ਾ ਲਿਆ ਜਾ ਸਕਦਾ ਹੈ।

ਸਰਕਾਰਾਂ WMAs ਅਧੀਨ ਕਰਜ਼ੇ ਤਿੰਨ ਤਰੀਕਿਆਂ ਨਾਲ ਲੈ ਸਕਦੀਆਂ ਹਨ: ਪਹਿਲਾ, ਵਿਸ਼ੇਸ਼ ਸਹੂਲਤ ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਸਰਕਾਰੀ ਪ੍ਰਤੀਭੂਤੀਆ ਨੂੰ ਰਿਜ਼ਰਵ ਬੈਂਕ ਕੋਲ ਗਹਿਣੇ ਰੱਖ ਕੇ, ਇਹ ਸਹੂਲਤ ਅਧੀਨ ਵਿਆਜ ਦੀ ਦਰ ਰੈਪੋ ਦਰ ਤੋਂ ਘੱਟ ਹੁੰਦੀ ਹੈ। ਦੂਜਾ, ਆਮ ਉਪਾਅ ਅਤੇ ਸਾਧਨ ਪੇਸ਼ਗੀਆ ਤਹਿਤ , ਇਸ ਅਧੀਨ ਵਿਆਜ਼ ਦੀ ਦਰ ਰੈਪੋ ਦਰ ਦੇ ਬਰਾਬਰ ਹੁੰਦੀ ਹੈ। ਅਤੇ ਤੀਜਾ, ਓਵਰ ਡ੍ਰਾਫਟ ਰਾਹੀਂ ਇਸ ਅਧੀਨ ਵਿਆਜ਼ ਦੀ ਦਰ ਰੈਪੋ ਦਰ ਤੋਂ ਜ਼ਿਆਦਾ ਹੁੰਦੀ ਹੈ।

ਉਪਾਅ ਅਤੇ ਸਾਧਨ ਪੇਸ਼ਗੀਆ ਤਹਿਤ ਕਰਜ਼ੇ ਦੀ ਮਾਤਰਾ ਸੂਬੇ ਦੇ ਪਿਛਲੇ ਤਿੰਨ ਸਾਲਾਂ ਦੇ ਸ਼ੁਧ ਖਰਚੇ ਅਤੇ ਆਮਦਨ ਦੇ ਔਸਤ ਦੇ ਬਰਾਬਰ ਹੁੰਦੀ ਹੈ। ਪੰਜਾਬ ਸਰਕਾਰ ਪਹਿਲਾਂ ਉਪਾਅ ਅਤੇ ਸਾਧਨ ਪੇਸ਼ਗੀਆ ਦੀ ਸਹੂਲਤ ਦੀ ਕਦੇ ਕਦਾਈਂ ਵਰਤੋਂ ਕਰਦੀ ਸੀ, ਪਰ ਹੁਣ ਰਿਪੋਰਟਾਂ ਦੱਸਦੀਆਂ ਹਨ ਕਿ ਇਹ ਸਹੂਲਤ ਦੀ ਵਰਤੋਂ ਆਮ ਹੀ ਕੀਤੀ ਜਾਂਦੀ ਹੈ, ਉਦਾਹਰਣ ਦੇ ਤੌਰ ਵਿੱਤੀ ਵਰ੍ਹੇ 2022-23 ਦੌਰਾਨ ਸਰਕਾਰ ਨੇ ਇਸ ਸਹੂਲਤ ਤਹਿਤ 116 ਵਾਰੀ ਕਰਜ਼ ਲਿਆ ਸੀ। ਵਿੱਤੀ ਸਾਲਾਂ 2023-24 ਅਤੇ 2024-25 ਦੌਰਾਨ ਵੀ ਉਪਾਅ ਅਤੇ ਸਾਧਨ ਪੇਸ਼ਗੀਆਂ ਦੀ ਸਰਕਾਰ ਨੇ ਖੁੱਲ੍ਹ ਕੇ ਵਰਤੋਂ ਕੀਤੀ। ਇਥੇ ਹੀ ਬਸ ਨਹੀਂ, ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਲਏ ਜਾਣ ਵਾਲੇ ਫੰਡਾਂ ਵਿਚ ਵੀ ਚੋਖਾ ਵਾਧਾ ਹੋਇਆ ਹੈ।

ਇਥੇ ਇਹ ਵਰਣਨਯੋਗ ਹੈ ਕਿ ਅੱਜ ਕੱਲ ਸਰਕਾਰ ਵੱਲੋਂ ਲਏ ਜਾਣ ਵਾਲੇ ਪਬਲਿਕ ਕਰਜ਼ੇ ਦੀ ਮਾਤਰਾ ਅਤੇ ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਲਏ ਜਾਣ ਵਾਲੇ ਕਰਜ਼ਿਆਂ ਦੀ ਮਾਤਰਾ ਕਾਫੀ ਵੱਧ ਗਈ ਹੈ ਉਦਾਹਰਣ ਦੇ ਤੌਰ 'ਤੇ ਵਿੱਤੀ ਵਰ੍ਹੇ 2011-12 ਦੌਰਾਨ 8860 ਕਰੋੜ ਰੁਪਏ ਦੇ ਪਬਲਿਕ ਕਰਜ਼ੇ ਲਏ ਸਨ ਜਿਹੜੇ ਹੁਣ ਵੱਧ ਕੇ 49,900 ਕਰੋੜ ਰੁਪਏ ਦੇ ਹੋ ਜਾਣਗੇ। ਇਵੇਂ ਹੀ ਵਿੱਤੀ ਵਰ੍ਹੇ 2011-12 ਦੌਰਾਨ ਉਪਾਅ ਅਤੇ ਸਾਧਨ ਪੇਸ਼ਗੀਆ ਤਹਿਤ 6011 ਕਰੋੜ ਰੁਪਏ ਦੇ ਕਰਜ਼ੇ ਲਏ ਗਏ ਸਨ ਅਤੇ ਇਹ ਹੁਣ ਵੱਧ ਕੇ 71250 ਕਰੋੜ ਰੁਪਏ ਦੇ ਹੋ ਜਾਣਗੇ। ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਅੱਜ ਕੱਲ ਪੰਜਾਬ ਦੀ ਆਰਥਿਕਤਾ ਕਰਜ਼ਿਆਂ ਉਤੇ ਹੀ ਨਿਰਭਰ ਹੋ ਗਈ ਹੈ ਇਹ ਬਹੁਤ ਹੀ ਗੰਭੀਰ ਮਸਲਾ ਹੈ।

ਤੀਜੀ ਤਰ੍ਹਾਂ ਦੇ ਕਰਜ਼ੇ ਦੀ ਗੱਲ ਕੀਤੀ ਜਾਵੇ, ਭਾਵ ਬਜਟ ਤੋਂ ਬਾਹਰ ਲਏ ਜਾਂਦੇ ਕਰਜ਼ਿਆਂ ਦਾ ਮੁੱਦਾ ਹੁਣੇ ਹੀ ਕੈਗ ਨੇ ਉਭਾਰਿਆ ਹੈ, ਅਤੇ ਕੈਗ ਨੇ ਆਪਣੀ ਰਿਪੋਰਟ ਵਿਚ ਸਾਰੇ ਸੂਬਿਆਂ ਨੂੰ ਬਜਟ ਤੋਂ ਬਾਹਰ ਲਏ ਜਾਂਦੇ ਕਰਜ਼ਿਆਂ, ਸ਼ੁਰੂਆਤੀ ਤੌਰ 'ਤੇ ਬਜਟ ਵਿਚ ਸਪੱਸ਼ਟ ਤੌਰ 'ਤੇ ਨਹੀਂ ਦਿਖਾਈ ਦਿੰਦੇ, ਇਸ ਨਾਲ ਅਸਲ ਕਰਜ਼ੇ ਦੀ ਸਥਿਤੀ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਲ ਹੁੰਦਾ ਹੈ, ਨੂੰ ਪੂਰੀ ਪਾਰਦਰਸ਼ਤਾ ਨਾਲ ਦਰਸਾਉਣ ਲਈ ਕਿਹਾ ਹੈ। ਪੰਜਾਬ ਦੇ ਮਾਮਲੇ ਵਿਚ ਕੈਗ ਨੇ 2023-24 ਦੌਰਾਨ 4,093 ਕਰੋੜ ਰੁਪਏ ਦੇ ਬਜਟ ਤੋਂ ਬਾਹਰ ਲਏ ਕਰਜ਼ਿਆਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਅੰਦਾਜ਼ਿਆਂ ਮੁਤਾਬਕ ਹੁਣ ਇਨ੍ਹਾਂ ਕਰਜ਼ਿਆਂ ਦੀ ਮਾਤਰਾ ਬਹੁਤ ਵੱਧ ਗਈ ਹੈ, ਕਿਉਂਕਿ ਸੂਬੇ ਸਰਕਾਰੀ ਖ਼ੁਦਮੁਖ਼ਤਿਆਰ ਅਦਾਰੇ ਸਰਕਾਰ ਦੀਆਂ ਮੁਫ਼ਤ ਸਹੂਲਤਾਂ ਤੇ ਵੱਧ ਖਰਚ ਕਰਨ ਕਰਕੇ ਆਪਣੀ ਵਿੱਤੀ ਸਥਿਤੀ ਨੂੰ ਠੀਕ ਰੱਖਣ ਲਈ ਸਰਕਾਰ ਦੇ ਕਹਿਣ ਜਾਂ ਆਪਣੇ ਪੱਧਰ 'ਤੇ ਕਰਜ਼ੇ ਲੈ ਰਹੇ ਹਨ।

ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਵੱਖ ਵੱਖ ਪਹਿਲੂਆਂ ਦਾ ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਸੂਬਾ ਇਕ ਬਹੁਤ ਹੀ ਗੰਭੀਰ ਅਤੇ ਡੂੰਘੇ ਵਿੱਤੀ ਆਰਥਿਕ ਸੰਕਟ ਵਿਚ ਫਸ ਗਿਆ ਹੈ। ਇਸ ਲਈ ਸਥਿਤੀ ਅਤੇ ਸਮਾਂ ਮੰਗ ਕਰਦਾ ਹੈ ਕਿ ਸੂਬਾ ਸਰਕਾਰ ਵਿੱਤੀ ਅਤੇ ਆਰਥਿਕ ਸਥਿਤੀ ਨੂੰ ਲੀਹ 'ਤੇ ਲਿਆਉਣ ਲਈ ਕੁੱਝ ਸਖ਼ਤ ਫ਼ੈਸਲੇ ਲਏ। ਪਹਿਲਾਂ ਸੂਬੇ ਵਿਚ ਦਿੱਤੀਆਂ ਜਾਂਦੀਆਂ ਵੱਡੇ ਪੱਧਰ ਤੇ ਸਾਰੀਆਂ ਹੀ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਦਾ ਜਲਦੀ ਤੋਂ ਜਲਦੀ ਨਿਰੀਖਣ ਕਰਦੇ ਹੋਏ ਇਨ੍ਹਾਂ ਨੂੰ ਤਰਕਸੰਗਤ ਬਣਾਏ ਭਾਵ ਇਹ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਲੋੜਵੰਦ ਲੋਕਾਂ ਨੂੰ ਹੀ ਦਿੱਤੀਆਂ ਜਾਣ। ਦੂਜਾ ਸਰਕਾਰ ਆਪਣੀ ਫਜ਼ੂਲ ਖਰਚੀ 'ਤੇ ਵੀ ਤੁਰੰਤ ਰੋਕ ਲਗਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਸੂਬਾ ਕੁਝ ਸਾਲਾਂ ਵਿਚ ਹੀ ਕਰਜ਼ੇ ਦੇ ਜਾਲ ਵਿਚ ਇਸ ਕਦਰ ਧਸ ਜਾਵੇਗਾ, ਜਿਥੋਂ ਸੂਬੇ ਦੀ ਆਰਥਿਕਤਾ ਨੂੰ ਕੱਢਣਾ ਅਸੰਭਵ ਹੋ ਜਾਵੇਗਾ।

ਤੀਜਾ, ਸਰਕਾਰ ਨੂੰ ਆਪਣੀ ਟੈਕਸਾਂ ਤੋਂ ਆਮਦਨ ਅਤੇ ਗੈਰ ਟੈਕਸ ਆਮਦਨ ਨੂੰ ਵਧਾਉਣ ਲਈ ਸੁਹਿਰਦ ਯਤਨ ਕਰਨੇ ਚਾਹੀਦੇ ਹਨ। ਚੌਥਾ, ਨਿਵੇਸ਼ ਅਤੇ ਪੂੰਜੀਗਤ ਖਰਚ, ਜਿਹੜੇ ਕਿ ਬਹੁਤ ਨੀਵੇਂ ਪੱਧਰ 'ਤੇ ਹਨ, ਨੂੰ ਵਧਾਉਣ ਦੀ ਹਰ ਕੋਸ਼ਿਸ਼ ਕੀਤੀ ਜਾਵੇ ਇਸ ਸੰਬੰਧੀ ਸੂਬਾ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਇਕ ਲੰਮੇ ਸਮੇਂ ਨਿਵੇਸ਼ ਪੈਕੇਜ ਅਤੇ ਕਰਜ਼ਾ ਰਾਹਤ ਪੈਕੇਜ ਦੀ ਮੰਗ ਕਰਨੀ ਚਾਹੀਦੀ ਹੈ ਤਾਂ ਪੰਜਾਬ ਵਿਚ ਨਿਵੇਸ਼ ਅਤੇ ਪੂੰਜੀਗਤ ਖਰਚ ਦੇ ਪਏ ਹੋਏ ਅਕਾਲ ਨੂੰ ਖਤਮ ਕੀਤਾ ਜਾ ਸਕੇ। ਇਸ ਤੋਂ ਇਲਾਵਾ ਸਰਕਾਰ ਕਰਜ਼ੇ ਦੀ ਵਾਪਸੀ ਤੇ ਰੋਕ (Moratorium) ਦੀ ਮੰਗ ਕਰ ਸਕਦੀ ਹੈ, ਜਿਸ ਨਾਲ ਨਾ ਸਿਰਫ ਕਰਜ਼ੇ ਦੀ ਅਦਾਇਗੀ ਨੂੰ ਰੋਕਿਆ ਜਾ ਸਕੇਗਾ ਬਲਕਿ ਜਮ੍ਹਾਂ ਕਰਜ਼ੇ ਤੇ ਵਸੂਲੇ ਜਾਣ ਵਾਲੇ ਵਿਆਜ਼ ਨੂੰ ਵੀ ਰੋਕ ਦਿੱਤਾ ਜਾਵੇਗਾ।

# ਮੁੱਖ ਚੋਣ ਕਮਿਸ਼ਨਰ ਦੇ ਅਸਤੀਫ਼ੇ ਦੀ ਮੰਗ ਮੂਲ ਮਸਲੇ ਦਾ ਹੱਲ ਨਹੀਂ

ਵੋਟ ਦੇ ਅਧਿਕਾਰ ਉਪਰ ਹਮਲੇ ਪਿੱਛੇ ਕੰਮ ਕਰਦੇ ਫਾਸ਼ੀਵਾਦੀ ਮਨਸੂਬਿਆਂ ਤੋਂ ਫ਼ਿਕਰਮੰਦ ਨਾਗਰਿਕਾਂ ਅਤੇ ਰਾਜਨੀਤਕ ਤਾਕਤਾਂ ਵੱਲੋਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਅਤੇ ਚੋਣ ਕਮਿਸ਼ਨ ਦੇ ਕਾਰਵਿਹਾਰ ਦੀ ਸੁਤੰਤਰ ਜਾਂਚ ਦੀ ਮੰਗ ਭਗਵਾ ਹਕੂਮਤ ਲਈ ਨਵੀਂ ਪ੍ਰੇਸ਼ਾਨੀ ਬਣ ਗਈ ਹੈ। ਕਾਂਗਰਸ ਪਾਰਟੀ ਵੱਲੋਂ ਵੀ ਚੋਣ ਕਮਿਸ਼ਨ ਦੀ ਧਾਂਦਲੀ ਦਾ ਰਾਜਨੀਤਕ ਲਾਹਾ ਲੈਣ ਲਈ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਧਰਨੇ-ਮੁਜ਼ਾਹਰੇ ਕੀਤੇ ਜਾ ਰਹੇ ਹਨ। ਕਾਂਗਰਸ ਤੇ ਹੋਰ ਹਾਕਮ ਜਮਾਤੀ ਪਾਰਟੀਆਂ ਦੇ ਵਿਰੋਧ ਦੇ

**ਬੂਟਾ ਸਿੰਘ ਮਹਿਮੂਦਪੁਰ**

ਖੋਖਲੇਪਣ ਤੋਂ ਸੱਤਾਧਾਰੀ ਧਿਰ ਬਖ਼ੂਬੀ ਜਾਣੂ ਹੈ। ਉਨ੍ਹਾਂ ਦੀ ਅਸਲ ਫ਼ਿਕਰਮੰਦੀ ਇਕ ਹੋਰ ਜਨਤਕ ਅੰਦੋਲਨ ਉਠਣ ਦਾ ਡਰ ਹੈ। ਇਸ ਸੰਭਾਵਨਾ ਤੋਂ ਬੁਖਲਾਈ ਮੋਦੀ ਸਰਕਾਰ ਆਪਣੇ ਚਹੇਤੇ ਮੁੱਖ ਚੋਣ ਕਮਿਸ਼ਨਰ ਨੂੰ ਬਚਾਉਣ ਲਈ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨਾਂ ਨੂੰ ਜਬਰ ਨਾਲ ਦਬਾਉਣ ਦੇ ਰਾਹ ਪੈ ਤੁਰੀ ਹੈ। ਦਿੱਲੀ ਵਿਖੇ ਵਿਰੋਧ ਪ੍ਰਦਰਸ਼ਨ ਨੂੰ ਅਸਫ਼ਲ ਬਣਾਉਣ ਲਈ ਜੰਤਰ ਮੰਤਰ ਨੂੰ ਭਾਰੀ ਬੈਰੀਕੇਡਿੰਗ ਕਰਕੇ ਘੇਰਾ ਘੱਤ ਲਿਆ ਗਿਆ। ਬੱਸਾਂ ਲਗਾ ਕੇ ਰਸਤੇ ਬੰਦ ਕਰ ਦਿੱਤੇ ਗਏ ਅਤੇ ਬਹੁਤ ਸਾਰੇ ਆਗੂ ਤੇ ਕਾਰਕੁਨ ਗ੍ਰਿਫ਼ਤਾਰ ਕਰ ਲਏ ਗਏ। ਕਈ ਦਿਨ ਬੇਸ਼ਰਮੀਂ ਭਰੀ ਚੁੱਪ ਧਾਰੀ ਰੱਖਣ ਤੋਂ ਬਾਅਦ 27 ਸਤੰਬਰ ਨੂੰ ਚੋਣ ਕਮਿਸ਼ਨ ਨੇ ਮੀਟਿੰਗ ਕੀਤੀ ਅਤੇ ਪ੍ਰੈੱਸ ਨੋਟ ਜਾਰੀ ਕਰਕੇ ਇਹ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਕਮਿਸ਼ਨ ਵਿਚ ਸਭ ਕੁਝ ਸਹੀ ਚੱਲ ਰਿਹਾ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਚੋਣ ਕਮਿਸ਼ਨ 'ਇੰਡੀਅਨ ਐਕਸਪ੍ਰੈੱਸ' ਵੱਲੋਂ ਛਾਪੇ ਗਏ ਕਿਸੇ ਵੀ ਤੱਥ ਦਾ ਖੰਡਨ ਨਹੀਂ ਕਰ ਸਕਿਆ। ਕਮਿਸ਼ਨ ਦੀ ਸਾਖ ਬਚਾਉਣ ਲਈ ਭਾਜਪਾ ਦੇ ਬੁਲਾਰਿਆਂ ਨੂੰ ਸਫ਼ਾਈਆਂ ਦੇਣੀਆਂ ਪੈ ਰਹੀਆਂ ਹਨ।

ਮੋਦੀ ਸਰਕਾਰ ਵੱਲੋਂ ਚੋਣ ਸੂਚੀਆਂ ਸੋਧਣ ਅਤੇ 'ਸ਼ੱਕੀ ਬਦੇਸ਼ੀ ਨਾਗਰਿਕਾਂ' ਦੀ ਸ਼ਨਾਖ਼ਤ ਕਰਨ ਦੇ ਨਾਂ ਹੇਠ ਪਿਛਲੇ ਸਾਲ ਐੱਸ.ਆਈ.ਆਰ. ਸ਼ੁਰੂ ਕੀਤਾ ਗਿਆ ਸੀ। ਹਿੰਦੂਤਵ ਫਾਸ਼ੀਵਾਦੀਆਂ ਦੀਆਂ ਕਪਟੀ ਚਾਲਾਂ ਤੋਂ ਸੁਚੇਤ ਕਈ ਹਿੱਸਿਆਂ ਨੇ ਓਦੋਂ ਹੀ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਇਹ ਸਰਕਾਰ ਦੀ ਐੱਨ.ਆਰ.ਸੀ. (ਕੌਮੀ ਨਾਗਰਿਕ ਰਜਿਸਟਰ) ਨੂੰ ਚੋਰੀ-ਚੋਰੀ ਲਾਗੂ ਕਰਨ ਦੀ ਸਾਜ਼ਿਸ਼ ਹੈ। ਐੱਸ.ਆਈ.ਆਰ. ਦੇ ਤਹਿਤ ਡਰਾਫਟ ਦੇ ਪੜਾਅ ਉੱਤੇ ਹੀ 13 ਕਰੋੜ ਤੋਂ ਵਧੇਰੇ ਨਾਮ ਵੋਟਰ ਸੂਚੀਆਂ 'ਚੋਂ ਹਟਾ ਦਿੱਤੇ ਜਾਣ ਨਾਲ ਇਹ ਖਦਸ਼ੇ ਸਹੀ ਸਿੱਧ ਹੋਏ ਹਨ। ਮੁਲਕ ਦੇ ਨਾਗਰਿਕਾਂ ਨੂੰ ਦੋ ਵਰਗਾਂ 'ਚ ਵੰਡਿਆ ਜਾ ਰਿਹਾ ਹੈ: ਇਕ ਜਿਨ੍ਹਾਂ ਕੋਲ ਵੋਟ ਦਾ ਅਧਿਕਾਰ ਹੋਵੇਗਾ; ਦੂਜੇ ਜਿਨ੍ਹਾਂ ਕੋਲ ਵੋਟ ਦਾ ਅਧਿਕਾਰ ਨਹੀਂ ਹੋਵੇਗਾ। ਮੁਲਕ ਦੀ ਵੋਟ ਸਿਆਸਤ ਲੋਕਾਈ ਨੂੰ ਜਿੰਨੀ ਕੁ ਅਹਿਮੀਅਤ ਦਿੰਦੀ ਹੈ, ਉਹ ਸਿਰਫ਼ ਚੋਣਾਂ ਸਮੇਂ ਉਨ੍ਹਾਂ ਦੀਆਂ ਵੋਟਾਂ ਲੈਣ ਖ਼ਾਤਰ ਦਿੰਦੀ ਹੈ। ਹੁਣ ਸਹਿਜੇ ਹੀ ਕਲਪਨਾ ਕੀਤੀ ਜਾ ਸਕਦੀ ਹੈ ਕਿ ਵੋਟ ਤੋਂ ਵਾਂਝੇ ਹਿੱਸਿਆਂ ਦੀ ਸਥਿਤੀ ਕੀ ਹੋਵੇਗੀ।

***ਆਰ.ਐੱਸ.ਐੱਸ-ਭਾਜਪਾ ਨੂੰ ਮੁਲਕ ਦੀ ਸੱਤਾ ਉੱਪਰ ਕਾਬਜ਼ ਹੋਣ ਦਾ ਮੌਕਾ ਕਾਂਗਰਸ ਅਤੇ ਹੋਰ ਹਾਕਮ ਜਮਾਤੀ ਪਾਰਟੀਆਂ ਦੀ ਲੋਕ ਵਿਰੋਧੀ ਖ਼ਸਲਤ ਨੇ ਦਿੱਤਾ ਸੀ। ਇਹ ਖੁਦ ਉਸ 'ਵਿਕਾਸ' ਮਾਡਲ ਦੇ ਪੈਰੋਕਾਰ ਹਨ ਜਿਸ ਨੂੰ ਭਾਜਪਾ ਲਾਗੂ ਕਰ ਰਹੀ ਹੈ। ਆਰ.ਐੱਸ.ਐੱਸ. ਦੀ ਫਾਸ਼ੀਵਾਦੀ ਵਿਚਾਰਧਾਰਾ ਨੂੰ ਹਰਾਉਣਾ ਇਨ੍ਹਾਂ ਪਾਰਟੀਆਂ ਦਾ ਉਦੇਸ਼ ਕਦੇ ਵੀ ਨਹੀਂ ਰਿਹਾ ਅਤੇ ਹੁਣ ਵੀ ਇਹ ਭਗਵਾ ਰਾਜ ਵਿਰੁੱਧ ਵਧ ਰਹੀ ਲੋਕ ਬੇਚੈਨੀ ਉੱਪਰ ਸਵਾਰ ਹੋ ਕੇ ਖ਼ੁਦ ਸੱਤਾ 'ਚ ਆਉਣ ਦੀ ਖ਼ਾਤਰ ਰਾਜਨੀਤਕ ਸਰਗਰਮੀ ਕਰ ਰਹੇ ਹਨ। ਜਦਕਿ ਲੋੜ ਇਸ ਫਾਸ਼ੀਵਾਦੀ ਤਾਕਤ ਨੂੰ ਮਜ਼ਬੂਤ ਲੋਕ-ਰਾਇ ਖੜ੍ਹੀ ਕਰਕੇ ਵਿਚਾਰਧਾਰਕ ਤੌਰ 'ਤੇ ਫ਼ੈਸਲਾਕੁਨ ਰੂਪ 'ਚ ਹਰਾਉਣ ਦੀ ਹੈ। ਭਾਜਪਾ ਇਨ੍ਹਾਂ ਦੀ ਹੋਂਦ ਮਿਟਾ ਕੇ 'ਵਿਰੋਧੀ-ਧਿਰ ਮੁਕਤ' ਹਿੰਦੂ ਰਾਸ਼ਟਰ ਬਣਾਉਣ ਵੱਲ ਵਧ ਰਹੀ ਹੈ। ਇਨ੍ਹਾਂ ਮਾਇਨਿਆਂ 'ਚ ਵਿਰੋਧੀ-ਧਿਰ ਲਈ ਇਹ ਸਰਗਰਮੀ ਆਪਣੀ ਹੋਂਦ ਬਚਾਉਣ ਦੀ ਚਾਰਾਜੋਈ ਹੈ।***

ਅਰਥਸ਼ਾਸਤਰੀ ਅਤੇ ਰਾਜਨੀਤਕ ਤਬਸਰਾਕਾਰ ਪਾਰਾਕਲਾ ਪ੍ਰਭਾਕਰ, ਜੋ ਮੌਜੂਦਾ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਪਤੀ ਹਨ, ਨੇ ਇਕ ਹਾਲੀਆ ਚਰਚਾ ਵਿਚ ਐੱਸ.ਆਈ.ਆਰ. ਦੇ ਇਸ ਅਮਲ ਨੂੰ 'ਖ਼ੂਨ-ਖਰਾਬੇ ਤੋਂ ਬਿਨਾਂ ਰਾਜਨੀਤਕ ਨਸਲਕੁਸ਼ੀ' ਕਿਹਾ ਹੈ। ਉਸਦਾ ਮੰਨਣਾ ਹੈ ਕਿ ਆਖ਼ਿਰਕਾਰ ਇਹ 'ਹਿੰਦੂ ਰਾਸ਼ਟਰ' ਨੂੰ ਸਾਕਾਰ ਕਰਨ ਦਾ ਪ੍ਰੋਜੈਕਟ ਹੈ।

ਚੋਣ ਕਮਿਸ਼ਨ ਦੀ ਸੰਵਿਧਾਨਕ ਜ਼ਿੰਮੇਵਾਰੀ ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਕਰਾਉਣ ਦੀ ਨਿਸ਼ਚਿਤ ਕੀਤੀ ਗਈ ਹੈ। 2001 'ਚ ਚੋਣ ਕਮਿਸ਼ਨ ਦੀ ਗੋਲਡਨ ਜੁਬਲੀ ਮੌਕੇ ਤਤਕਾਲੀ ਉਪ ਰਾਸ਼ਟਰਪਤੀ ਕੇ.ਆਰ.ਨਰਾਇਣਨ ਦਾ ਇਹ ਕਹਿਣਾ ਕਿ ਕਮਿਸ਼ਨ ਦੀ ਭਰੋਸੇਯੋਗਤਾ ਤਾਂ ਨਿਆਂਪ੍ਰਣਾਲੀ ਤੋਂ ਵੀ ਵਧੇਰੇ ਹੈ, ਦਰਸਾਉਂਦਾ ਹੈ ਕਿ ਨੰਗੇ ਅਨਿਆਂ ਅਤੇ ਨਬਰਾਬਰੀ 'ਤੇ ਆਧਾਰਤ ਇਸ ਰਾਜ ਪ੍ਰਬੰਧ ਦੀ ਆਵਾਮ ਦੀਆਂ ਨਜ਼ਰਾਂ 'ਚ ਭਰੋਸੇਯੋਗਤਾ ਬਣਾਈ ਰੱਖਣ ਲਈ ਅਜਿਹੀਆ ਸੰਵਿਧਾਨਕ ਸੰਸਥਾਵਾਂ ਦੀ ਨਾਮਨਿਹਾਦ ਭੂਮਿਕਾ ਨੂੰ ਵਡਿਆਉਣਾ ਹਾਕਮਾਂ ਦੀ ਕਿੰਨੀ ਵੱਡੀ ਜ਼ਰੂਰਤ ਹੈ।

ਮੋਦੀ-ਅਮਿਤ ਸ਼ਾਹ ਵਜ਼ਾਰਤ ਨੇ ਸੱਤਾ ਉੱਪਰ ਪੱਕੇ ਪੈਰੀਂ ਹੋ ਕੇ ਆਪਣੇ ਭਗਵਾ ਪ੍ਰੋਜੈਕਟ ਦਾ ਰਾਹ ਸਾਫ਼ ਕਰਨ ਲਈ ਇਸ ਨਾਮਨਿਹਾਦ ਭੂਮਿਕਾ ਨੂੰ ਵੀ ਖ਼ਤਮ ਕਰਨ ਦੀ ਠਾਣ ਲਈ। 2023 'ਚ ਕਾਨੂੰਨੀ ਰੱਦੋ-ਬਦਲ ਕਰਕੇ ਨਾ ਸਿਰਫ਼ ਮੁੱਖ ਚੋਣ ਕਮਿਸ਼ਨਰ ਨੂੰ, ਸਗੋਂ ਸਾਰੇ ਚੋਣ ਕਮਿਸ਼ਨਰਾਂ ਨੂੰ ਵੀ ਜੀਵਨ ਭਰ ਲਈ ਕਾਨੂੰਨੀ ਛੋਟ ਦੇ ਦਿੱਤੀ ਗਈ। ਇਹ ਕਾਨੂੰਨ ਉਦੋਂ ਪਾਸ ਕੀਤਾ ਗਿਆ ਜਦੋਂ ਵਿਰੋਧੀ ਧਿਰ ਦੇ ਵੱਡੇ ਹਿੱਸੇ ਨੂੰ ਲੋਕ ਸਭਾ 'ਚੋਂ ਮੁਅੱਤਲ ਕੀਤਾ ਹੋਇਆ ਸੀ। ਇਸ ਨੂੰ ਜ਼ਬਾਨੀ ਵੋਟ ਨਾਲ ਪਾਸ ਕੀਤਾ ਗਿਆ। ਚੋਣ ਕਮਿਸ਼ਨਰਾਂ ਦੀ ਚੋਣ ਕਰਨ ਵਾਲੀ ਕਮੇਟੀ ਵਿਚੋਂ ਭਾਰਤ ਦੇ ਮੁੱਖ ਜੱਜ ਨੂੰ ਵੀ ਬਾਹਰ ਕਰ ਦਿੱਤਾ ਗਿਆ। ਹੁਣ ਤਾਂ ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹੀ ਕਿ ਚੋਣ ਕਮਿਸ਼ਨ ਮੌਜੂਦਾ ਸੱਤਾਧਾਰੀ ਧਿਰ ਦੇ ਰਾਜਨੀਤਕ ਪ੍ਰੋਜੈਕਟ ਦਾ ਸੰਦ ਬਣ ਕੇ ਕੰਮ ਕਰ ਰਿਹਾ ਹੈ।

ਇੰਡੀਅਨ ਐਕਸਪ੍ਰੈੱਸ ਵੱਲੋਂ 23 ਸਤੰਬਰ ਨੂੰ ਕੀਤੇ ਖ਼ੁਲਾਸੇ ਦੱਸਦੇ ਹਨ ਕਿ ਮੋਦੀ ਸਰਕਾਰ ਨੇ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਦੀ ਨਾਮਨਿਹਾਦ ਨਿਗਰਾਨ ਭੂਮਿਕਾ ਦਾ ਵੀ ਭੋਗ ਪਾ ਦਿੱਤਾ ਹੈ ਅਤੇ ਇਸ ਨੂੰ ਪੂਰੀ ਤਰ੍ਹਾਂ ਆਪਣੀ ਕਠਪੁਤਲੀ ਬਣਾ ਲਿਆ ਹੈ। ਇਹ ਦਰਅਸਲ ਪੂਰੀ ਤਰ੍ਹਾਂ ਗ਼ਰਕ ਚੁੱਕੇ ਕਾਰਪੋਰੇਟ ਹਿਤੈਸ਼ੀ ਜਾਬਰ ਰਾਜ ਪ੍ਰਬੰਧ ਦੀ ਸੜਿਆਂਦ ਹੈ ਜੋ ਕਦੇ ਨੀਟ ਪ੍ਰੀਖਿਆ ਦੇ ਮਹਾਂ-ਘੁਟਾਲੇ ਅਤੇ ਕਦੇ ਮੁੱਖ ਚੋਣ ਕਮਿਸ਼ਨਰ ਦੀਆਂ ਮਨਮਾਨੀਆਂ ਦੇ ਰੂਪ 'ਚ ਸਾਹਮਣੇ ਆ ਰਹੀ ਹੈ। ਇੰਡੀਅਨ ਐਕਸਪ੍ਰੈੱਸ ਦੀ ਪੱਤਰਕਾਰ ਰਿਤਿਕਾ ਚੋਪੜਾ ਵੱਲੋਂ ਕੀਤੀ ਜਾਂਚ ਦੱਸਦੀ ਹੈ ਕਿ ਪਿਛਲੇ ਦਸ ਮਹੀਨਿਆਂ 'ਚ ਐੱਸ.ਆਈ.ਆਰ. (ਵੋਟ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੋਧ) ਸੰਬੰਧੀ ਮੁੱਖ ਚੋਣ ਕਮਿਸ਼ਨਰ ਵੱਲੋਂ ਲਏ ਫ਼ੈਸਲੇ ਅਤੇ ਜਾਰੀ ਕੀਤੇ ਹੁਕਮ ਐਨੇ ਆਪਹੁਦਰੇ ਸਨ ਕਿ ਉਨ੍ਹਾਂ ਉੱਪਰ ਦੂਜੇ ਦੋ ਚੋਣ




ਕਮਿਸ਼ਨਰਾਂ, ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ, ਵੱਲੋਂ 14 ਵਾਰ ਰਸਮੀਂ ਇਤਰਾਜ਼ ਦਰਜ ਕਰਵਾਏ ਗਏ। ਕੁਝ ਇਤਰਾਜ਼ ਤਾਂ ਇੱਕੋ ਦਿਨ ਵਿਚ ਚਾਰ ਵਾਰ ਦਰਜ ਕਰਾਏ ਗਏ। ਇਹ ਇਤਰਾਜ਼ ਮੁੱਖ ਤੌਰ 'ਤੇ ਫਾਰਮ-6 ਵਿਚ ਤਬਦੀਲੀ, ਵੋਟਰ ਸੂਚੀ ਵਿਚ ਨਾਂ ਜੋੜਨ ਤੇ ਕੱਟਣ ਅਤੇ ਵੋਟਰ ਸੂਚੀਆਂ ਦੇ ਡੇਟਾਬੇਸ ਦੇ ਕੇਂਦਰੀਕਰਨ ਰਾਹੀਂ ਖ਼ੁਦ ਚੋਣ ਕਮਿਸ਼ਨਰਾਂ ਦੀ ਇਸ ਡੇਟਾਬੇਸ ਤੱਕ ਪਹੁੰਚ ਰੋਕਣ ਨਾਲ ਸੰਬੰਧਤ ਸਨ। ਕਈ ਫ਼ੈਸਲੇ ਮੁੱਖ ਚੋਣ ਕਮਿਸ਼ਨਰ ਵੱਲੋਂ ਦੂਜੇ ਦੋ ਚੋਣ ਕਮਿਸ਼ਨਰਾਂ ਨੂੰ ਦੱਸੇ ਬਿਨਾਂ ਲਏ ਗਏ ਅਤੇ ਜਾਰੀ ਕੀਤੇ ਗਏ। ਕੁਝ ਫ਼ੈਸਲੇ ਤਾਂ ਅਜਿਹੇ ਹਨ ਜੋ ਕਮਿਸ਼ਨ ਦੇ ਅਧਿਕਾਰ-ਖੇਤਰ ਦੇ ਮਾਮਲੇ ਹੀ ਨਹੀਂ ਸਨ, ਜਿਵੇਂ ਫਾਰਮ-6 (ਵੋਟਰ ਰਜਿਸਟ੍ਰੇਸ਼ਨ ਲਈ ਵਰਤਿਆ ਜਾਣ ਵਾਲਾ ਫਾਰਮ) ਵਿਚ ਤਬਦੀਲੀ। ਮੁੱਖ ਚੋਣ ਕਮਿਸ਼ਨਰ ਨੇ ਉਨ੍ਹਾਂ ਦੇ ਇਤਰਾਜ਼ਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ।

ਬਿਨਾਂ ਸ਼ੱਕ, ਗਿਆਨੇਸ਼ ਕੁਮਾਰ ਆਪਣੀ ਮਰਜ਼ੀ ਨਾਲ ਫ਼ੈਸਲੇ ਲੈਂਦਾ ਰਿਹਾ ਹੈ, ਪਰ ਦੂਜੇ ਦੋ ਕਮਿਸ਼ਨਰਾਂ ਦੀ ਭੂਮਿਕਾ ਵੀ ਸਵਾਲਾਂ ਦੇ ਘੇਰੇ 'ਚ ਹੈ। ਉਨ੍ਹਾਂ ਨੇ ਆਪਣੇ ਇਤਰਾਜ਼ ਜਨਤਕ ਨਾ ਕਰਕੇ ਭਾਰਤ ਦੇ ਨਾਗਰਿਕਾਂ ਨੂੰ ਹਨੇਰੇ 'ਚ ਰੱਖਿਆ। ਜੇਕਰ ਰਿਪੋਰਟਰ ਪਰਦਾਫਾਸ਼ ਨਾ ਕਰਦੀ, ਕੀ ਇਹ ਸ਼ਖ਼ਸ ਮੂੰਹ ਖੋਲ੍ਹਦੇ?

ਐੱਸ.ਆਈ.ਆਰ., ਆਰ.ਐੱਸ.ਐੱਸ.-ਭਾਜਪਾ ਦਾ ਲੰਮਾ ਸਮਾਂ ਸੱਤਾ ਉੱਪਰ ਕਾਬਜ਼ ਰਹਿਣ ਦਾ ਸੰਦ ਹੈ। ਚੋਣ ਕਮਿਸ਼ਨ ਨੂੰ ਅਗਵਾ ਕਰਕੇ ਭਗਵਾ ਹਕੂਮਤ ਮਨਮਰਜ਼ੀ ਦੇ ਹੁਕਮ ਜਾਰੀ ਕਰਵਾ ਰਹੀ ਹੈ। ਪੱਛਮੀ ਬੰਗਾਲ ਦੀਆਂ ਵਿਧਾਨ-ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਸੋਧਣ ਦੇ ਅਮਲ ਨੇ ਵੋਟਰ ਸੂਚੀਆਂ 'ਚ ਹੇਰਾਫੇਰੀ ਕਰਕੇ ਭਾਜਪਾ ਨੂੰ ਬਹੁਮੱਤ ਨਾਲ ਸੱਤਾ 'ਚ ਲਿਆਂਦਾ। ਉਨ੍ਹਾਂ ਹੀ ਲੀਹਾਂ ਉੱਪਰ ਪੂਰੇ ਭਾਰਤ ਵਿਚ ਵੋਟਰ ਸੂਚੀਆਂ 'ਸੋਧ ਕੇ' ਕੇਂਦਰ ਸਰਕਾਰ ਇਹ ਤੈਅ ਕਰ ਰਹੀ ਹੈ ਕਿ ਕਿਸ ਨੂੰ ਵੋਟ ਦਾ ਅਧਿਕਾਰ ਦੇਣਾ ਹੈ ਅਤੇ ਕਿਸਦਾ ਖੋਹਣਾ ਹੈ। ਵੋਟ ਅਧਿਕਾਰ 'ਤੋਂ ਵੀ ਅੱਗੇ ਨਾਗਰਿਕਤਾ ਦਾ ਹੱਕ ਖੋਹਣਾ ਹੈ। ਐੱਸ.ਆਈ.ਆਰ. ਦੇ ਤਹਿਤ 30 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਖਰੜਾ ਵੋਟਰ ਸੂਚੀਆਂ ਵਿਚੋਂ ਹੁਣ ਤੱਕ 13 ਕਰੋੜ ਤੋਂ ਵੱਧ ਨਾਂ ਹਟਾਏ ਗਏ ਹਨ। ਦਿੱਲੀ ਵਿਚ 47 ਲੱਖ ਦੇ ਕਰੀਬ ਨਾਂ ਗੈਰਹਾਜ਼ਰ, ਥਾਂ ਬਦਲ ਚੁੱਕੇ, ਮ੍ਰਿਤਕ ਜਾਂ ਦੁਹਰਾਏ ਗਏ ਨਾਂਵਾਂ ਵਰਗੀਆਂ ਸ਼੍ਰੇਣੀਆਂ ਵਿਚ ਪਾ ਦਿੱਤੇ ਗਏ। 11 ਲੱਖ ਦੇ ਕਰੀਬ ਨਾਂ ਖਰੜਾ ਸੂਚੀ ਤੋਂ ਬਾਹਰ ਰਹਿ ਗਏ ਅਤੇ ਤਕਰੀਬਨ 32 ਲੱਖ ਵੋਟਰਾਂ ਨੂੰ ਨੋਟਿਸ ਜਾਰੀ ਕੀਤੇ ਗਏ। ਕਈ ਅਹਿਮ ਸਰਕਾਰੀ ਅਤੇ ਸੰਵਿਧਾਨਕ ਅਹੁਦਿਆਂ ਉੱਤੇ ਕੰਮ ਕਰ ਚੁੱਕੇ ਜਾਂ ਕਰ ਰਹੇ ਲੋਕਾਂ ਨੂੰ ਵੀ ਸ਼ੱਕੀ ਕਰਾਰ ਦੇ ਕੇ ਨੋਟਿਸ ਜਾਰੀ ਕੀਤੇ ਗਏ ਹਨ।

ਨਾਮਨਿਹਾਦ ਨਿਗਰਾਨੀ ਦੀ ਭੂਮਿਕਾ ਤਿਆਗ ਚੁੱਕਾ ਚੋਣ ਕਮਿਸ਼ਨ ਸਰੇਆਮ ਭਾਜਪਾ ਲਈ ਕੰਮ ਕਰ ਰਿਹਾ ਹੈ। 2024 ਦੀਆਂ ਆਮ ਚੋਣਾਂ ਦੌਰਾਨ ਕਮਿਸ਼ਨ ਬਿਨਾ ਕਿਸੇ ਲੁਕੋਅ ਦੇ ਭਾਜਪਾ ਦਾ ਮੁੜ ਸੱਤਾ ਵਿਚ ਆਉਣਾ ਯਕੀਨੀ ਬਣਾਉਣ ਲਈ ਕੰਮ ਕਰਦਾ ਰਿਹਾ। ਚੋਣਾਂ ਦੀ ਸਮਾਂ-ਸੂਚੀ ਅਤੇ ਚੋਣਾਂ ਦੇ ਪੜਾਅ ਮੋਦੀ-ਅਮਿਤ ਸ਼ਾਹ ਦੀ ਚੋਣ ਮੁਹਿੰਮ ਨੂੰ ਮੁੱਖ ਰੱਖ ਕੇ ਤੈਅ ਕੀਤੇ ਗਏ। ਭਾਜਪਾ ਆਗੂਆਂ ਨੂੰ ਨਫ਼ਰਤੀ ਚੋਣ ਮੁਹਿੰਮ ਦੀ ਪੂਰੀ ਖੁੱਲ੍ਹ ਦਿੱਤੀ ਗਈ। ਮੋਦੀ, ਯੋਗੀ ਅਤੇ ਹੋਰ ਹਿੰਦੂਤਵੀ ਸਟਾਰ ਪ੍ਰਚਾਰਕਾਂ ਵੱਲੋਂ 'ਆਦਰਸ਼ ਚੋਣ ਜ਼ਾਬਤੇ' ਦੀਆਂ ਰੱਜ ਕੇ ਧੱਜੀਆਂ ਉਡਾਏ ਜਾਣ ਦਾ ਚੋਣ ਕਮਿਸ਼ਨ ਨੇ ਕਦੇ ਨੋਟਿਸ ਨਹੀਂ ਲਿਆ। ਪਹਿਲੇ ਚੋਣ ਕਮਿਸ਼ਨਰਾਂ ਦੇ ਅਸਤੀਫ਼ੇ ਅਤੇ ਅਹੁਦੇ ਛੱਡਣ ਦਾ ਘਟਨਾਕ੍ਰਮ ਵੱਡੇ ਘਾਲ਼ੇ-ਮਾਲ਼ੇ ਦਾ ਸੰਕੇਤ ਸੀ। ਚੋਣ ਕਮਿਸ਼ਨਰ ਅਸ਼ੋਕ ਲਵਾਸਾ ਨੇ ਅਸਤੀਫ਼ਾ ਦੇ ਦਿੱਤਾ ਸੀ। ਚੋਣ ਕਮਿਸ਼ਨਰ ਅਰੁਣ ਗੋਇਲ ਨੇ 2024 ਦੀਆਂ ਆਮ ਚੋਣਾਂ ਐਲਾਨੇ ਜਾਣ ਤੋਂ ਥੋੜ੍ਹੇ ਦਿਨ ਪਹਿਲਾਂ ਹੀ ਅਹੁਦਾ ਛੱਡ ਦਿੱਤਾ ਸੀ ਅਤੇ ਬਾਅਦ 'ਚ ਉਸ ਨੂੰ ਕ੍ਰੋਏਸ਼ੀਆ ਵਿਚ ਰਾਜਦੂਤ ਲਾ ਦਿੱਤਾ ਗਿਆ। ਤਾਜ਼ਾ ਖ਼ੁਲਾਸਿਆਂ ਨੇ ਚੋਣ ਕਮਿਸ਼ਨ ਦੀ ਸ਼ੱਕੀ ਭੂਮਿਕਾ ਦੇ ਸਬੂਤ ਪੇਸ਼ ਕਰ ਦਿੱਤੇ। ਇਸਨੇ ਉਨ੍ਹਾਂ ਸਾਰਿਆਂ ਨੂੰ ਫ਼ਿਕਰਾਂ 'ਚ ਪਾ ਦਿੱਤਾ ਜਿਨ੍ਹਾਂ ਲਈ ਵੋਟਾਂ ਨਾਲ ਸਰਕਾਰ ਬਦਲਣਾ ਹੀ ਰਾਜਨੀਤਕ ਬਦਲਾਅ ਹੈ।

'ਕਾਕਰੋਚ' ਅੰਦੋਲਨਕਾਰੀਆਂ ਨੇ ਗਿਆਨੇਸ਼ ਕੁਮਾਰ ਨੂੰ ਅਸਤੀਫ਼ਾ ਦੇਣ ਦਾ ਅਲਟੀਮੇਟਮ ਦਿੱਤਾ ਅਤੇ ਅਜਿਹਾ ਨਾ ਕਰਨ ਦੀ ਸੂਰਤ 'ਚ ਮੁਲਕ ਪੱਧਰ 'ਤੇ ਅੰਦੋਲਨ ਖੜ੍ਹਾ ਕਰਨ ਅਤੇ 'ਜੰਤਰ ਮੰਤਰ 2' ਦੀ ਚੇਤਾਵਨੀ ਦਿੱਤੀ ਹੈ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਗਿਆਨੇਸ਼ ਕੁਮਾਰ ਨੂੰ 'ਸਰਕਾਰੀ ਗਵਾਹ' ਬਣ ਜਾਣ ਦੀ ਸਲਾਹ ਦਿੱਤੀ ਹੈ। ਕੁਝ ਵਿਰੋਧੀ-ਧਿਰ ਦੀਆਂ ਪਾਰਟੀਆਂ ਉਸ ਨੂੰ ਗ੍ਰਿਫ਼ਤਾਰ ਕਰਨ, ਪਿਛਲੀਆਂ ਚੋਣਾਂ ਨੂੰ ਰੱਦ ਕਰਨ ਅਤੇ ਨਵੇਂ ਸਿਰਿਓਂ ਚੋਣਾਂ ਕਰਾਉਣ ਦੀ ਮੰਗ ਵੀ ਕਰ ਰਹੀਆਂ ਹਨ। ਸਿਵਲ ਸੁਸਾਇਟੀ ਦੇ ਸੰਜੀਦਾ ਬੁੱਧੀਮਾਨ ਹਿੱਸੇ ਅਤੇ ਕੁਝ ਤਬਦੀਲੀਪਸੰਦ ਖੱਬੇਪੱਖੀ ਤਾਂ ਵੋਟ ਅਧਿਕਾਰ ਨੂੰ ਭਗਵਾ ਫਾਸ਼ੀਵਾਦੀਆਂ ਵੱਲੋਂ ਅਗਵਾ ਕਰ ਲਏ ਜਾਣ ਤੋਂ ਸੱਚੀਓਂ ਫ਼ਿਕਰਮੰਦ ਹਨ ਪਰ ਕਾਂਗਰਸ ਸਮੇਤ ਪਾਰਲੀਮੈਂਟਰੀ ਵਿਰੋਧੀ-ਧਿਰ ਦੀ ਇਸ ਮੁੱਦੇ ਪ੍ਰਤੀ ਸਰੋਕਾਰ ਦਿਖਾਉਣ ਦੀ ਅਸਲ ਵਜ੍ਹਾ ਚੋਣ ਗਿਣਤੀਆਂ-ਮਿਣਤੀਆਂ ਹਨ। ਇਸੇ ਲਈ ਉਨ੍ਹਾਂ ਦਾ ਵਿਰੋਧ ਅਸਤੀਫ਼ੇ ਦੀ ਮੰਗ ਤੱਕ ਸੀਮਤ ਹੈ। ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੀ ਮਿਸਾਲ ਗਵਾਹ ਹੈ ਕਿ ਅਸਤੀਫ਼ਿਆਂ ਨਾਲ ਕੁਝ ਨਹੀਂ ਬਦਲਦਾ। ਸਿੱਖਿਆ ਮੰਤਰੀ ਬਦਲ ਗਿਆ ਅਤੇ ਕਾਰਪੋਰੇਟ-ਭਗਵਾ ਸਿੱਖਿਆ ਨੀਤੀ ਬੇਰੋਕ-ਟੋਕ ਜਾਰੀ ਹੈ।

ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਆਰ.ਐੱਸ.ਐੱਸ-ਭਾਜਪਾ ਨੂੰ ਮੁਲਕ ਦੀ ਸੱਤਾ ਉੱਪਰ ਕਾਬਜ਼ ਹੋਣ ਦਾ ਮੌਕਾ ਕਾਂਗਰਸ ਅਤੇ ਹੋਰ ਹਾਕਮ ਜਮਾਤੀ ਪਾਰਟੀਆਂ ਦੀ ਲੋਕ ਵਿਰੋਧੀ ਖ਼ਸਲਤ ਨੇ ਦਿੱਤਾ ਸੀ। ਇਹ ਖੁਦ ਉਸ 'ਵਿਕਾਸ' ਮਾਡਲ ਦੇ ਪੈਰੋਕਾਰ ਹਨ ਜਿਸ ਨੂੰ ਭਾਜਪਾ ਲਾਗੂ ਕਰ ਰਹੀ ਹੈ। ਆਰ.ਐੱਸ.ਐੱਸ. ਦੀ ਫਾਸ਼ੀਵਾਦੀ ਵਿਚਾਰਧਾਰਾ ਨੂੰ ਹਰਾਉਣਾ ਇਨ੍ਹਾਂ ਪਾਰਟੀਆਂ ਦਾ ਉਦੇਸ਼ ਕਦੇ ਵੀ ਨਹੀਂ ਰਿਹਾ ਅਤੇ ਹੁਣ ਵੀ ਇਹ ਭਗਵਾ ਰਾਜ ਵਿਰੁੱਧ ਵਧ ਰਹੀ ਲੋਕ ਬੇਚੈਨੀ ਉੱਪਰ ਸਵਾਰ ਹੋ ਕੇ ਖ਼ੁਦ ਸੱਤਾ 'ਚ ਆਉਣ ਦੀ ਖ਼ਾਤਰ ਰਾਜਨੀਤਕ ਸਰਗਰਮੀ ਕਰ ਰਹੇ ਹਨ। ਜਦਕਿ ਲੋੜ ਇਸ ਫਾਸ਼ੀਵਾਦੀ ਤਾਕਤ ਨੂੰ ਮਜ਼ਬੂਤ ਲੋਕ-ਰਾਇ ਖੜ੍ਹੀ ਕਰਕੇ ਵਿਚਾਰਧਾਰਕ ਤੌਰ 'ਤੇ ਫ਼ੈਸਲਾਕੁਨ ਰੂਪ 'ਚ ਹਰਾਉਣ ਦੀ ਹੈ। ਭਾਜਪਾ ਇਨ੍ਹਾਂ ਦੀ ਹੋਂਦ ਮਿਟਾ ਕੇ 'ਵਿਰੋਧੀ-ਧਿਰ ਮੁਕਤ' ਹਿੰਦੂ ਰਾਸ਼ਟਰ ਬਣਾਉਣ ਵੱਲ ਵਧ ਰਹੀ ਹੈ। ਇਨ੍ਹਾਂ ਮਾਇਨਿਆਂ 'ਚ ਵਿਰੋਧੀ-ਧਿਰ ਲਈ ਇਹ ਸਰਗਰਮੀ ਆਪਣੀ ਹੋਂਦ ਬਚਾਉਣ ਦੀ ਚਾਰਾਜੋਈ ਹੈ।

ਭਾਰਤ ਦੇ ਲੋਕਾਂ, ਖ਼ਾਸ ਕਰਕੇ ਹਿੰਦੂਤਵ ਫਾਸ਼ੀਵਾਦੀ ਨੂੰ ਹਰਾਉਣਾ ਚਾਹੁੰਦੇ ਜਾਗਰੂਕ ਹਿੱਸਿਆਂ ਨੂੰ ਕਾਰਪੋਰੇਟ ਧਾੜਵੀਆਂ ਦੀ ਸੇਵਾਦਾਰ ਭਗਵਾ ਹਕੂਮਤ ਨੂੰ ਸੱਤਾ 'ਤੋਂ ਲਾਹੁਣ ਲਈ ਖ਼ਰੀ ਲੋਕ ਜਮਹੂਰੀ ਲਹਿਰ ਉਸਾਰਨ 'ਤੇ ਕੇਂਦਰਤ ਕਰਨਾ ਚਾਹੀਦਾ ਹੈ।

# ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

ਹਿਸਾਬ ਵਾਲਾ ਮਾਸਟਰ ਦਿਆਲ ਸਿੰਘ ਮੈਨੂੰ ਪਹਿਲੇ ਪੀਰੀਅਡ ਹੀ ਕੰਨ ਫੜਾ ਦਿੰਦਾ...ਕੰਮ ਜੂ ਨਹੀਂ ਸੀ ਕੀਤਾ ਹੁੰਦਾ...ਫੇਰ ਮੈਂ ਸਕੂਲੋਂ ਭੱਜਣਾ ਸ਼ੁਰੂ ਕਰ ਦਿੱਤਾ...ਘਰੋਂ ਸਕੂਲੇ ਪਰ ਰਾਹ ਵਿਚ ਚਕੇਰੀ ਵਾਲੇ ਸਾਧ ਦੇ ਡੇਰੇ ਖੇਡਾਂ ਖੇਡ ਮੁੜ ਆਉਂਦਾ...!

ਘਰੇ ਉਲ੍ਹਾਮਾਂ ਗਿਆ...ਮਾਂ ਨੇ ਬਾਪ ਨੂੰ ਚਿੱਠੀ ਲਿਖ ਘੱਲੀ...ਮੇਰੇ ਆਖੇ ਨੀ ਲੱਗਦਾ...ਉਹ ਉਚੇਚਾ ਛੁੱਟੀ ਲੈ ਘਰੇ ਆਇਆ...ਗੁੱਸੇ ਹੋਇਆ ਦਬਕਾਇਆ ਕੁੱਟਿਆ ਵੀ...ਪਰ ਮੈਂ ਢੀਠ...ਕੋਈ ਰੋਣ ਨਹੀਂ ਕੋਈ ਫਰਿਆਦ ਨਹੀਂ...ਮਗਰੋਂ ਵਾਸਤੇ ਪਾਉਣ ਲੱਗਾ...ਤੇਰੀਆਂ ਦੋ ਨਿੱਕੀਆਂ ਭੈਣਾਂ...ਮੇਰੀਆਂ ਵੀ ਦੋ ਵਿਹਾਉਣ ਜੋਗੀਆ...ਮੈਂ ਕੱਲਾ ਕੀ ਕੀ ਕਰੂੰ...ਜੁੰਮੇਵਾਰੀ ਸਮਝ...ਪਰ ਮਾੜੀ ਸੰਗਤ ਸੈਨਤਾਂ ਮਾਰ ਫੇਰ ਸੱਦ ਲੈਂਦੀ...ਮੈਂ ਭੋਰਾ ਵੀ ਨਾ ਸੁਧਰਿਆ...!




ਫੇਰ ਇੱਕ ਦਿਨ ਸੁਨੇਹਾ ਆਇਆ...ਮੇਘਾਲਿਆ ਵੱਲ ਐਕਸੀਡੈਂਟ ਹੋ ਗਿਆ...ਟਰੱਕ ਖੱਡ ਵਿਚ ਜਾ ਪਿਆ...ਕਲੀਨਰ ਥਾਏਂ ਮੁੱਕ ਗਿਆ...ਇਸਦੇ ਬਚਣ ਦੀ ਉਮੀਦ ਵੀ ਨਾ ਰਹੀ...ਉੱਤੋਂ ਮਾਲਕਾਂ ਕਿੰਨੇ ਮਹੀਨੇ ਤਨਖਾਹ ਡੱਕੀ ਰੱਖੀ...ਭੂਆ ਦਾ ਵਿਆਹ ਧਰਿਆ ਹੋਇਆ ਸੀ...ਕੱਲੀ ਮਾਂ ਘਬਰਾ ਗਈ...ਇੱਕ ਵੇਰ ਅੰਦਰ ਦੋਵੇਂ ਭੈਣਾਂ ਨੂੰ ਕਲਾਵੇ ਵਿਚ ਲੈ ਕੇ ਉੱਚੀ ਉੱਚੀ ਰੋ ਰਹੀ ਸੀ...ਮੈਂ ਕੰਬ ਗਿਆ...ਇੰਝ ਪਹਿਲੀ ਵੇਰ ਵੇਖਿਆ ਸੀ...ਪਸੀਜੇ ਮਨ ਅੰਦਰ ਜੁੰਮੇਵਾਰੀ ਦਾ ਇਹਸਾਸ ਜਿਹਾ ਜਾਗ ਪਿਆ...ਮਾੜੇ ਪਾਸਿ"" ਤੌਬਾ ਕਰ ਲਈ...!

ਫੇਰ ਭੂਆ ਦਾ ਵਿਆਹ ਨੇਪਰੇ ਚੜਿਆ...ਆੜਤੀਏ ਦਾ ਉਧਾਰ ਵੀ ਛੇਤੀ ਹੀ ਮੋੜ ਦਿੱਤਾ...ਡੈਡੀ ਠੀਕ ਹੋ ਗਿਆ ਪਰ ਬਾਂਹ ਨੁਕਸਾਨੀ ਗਈ...ਕੋਈ ਬਲਕਾਰ ਟੁੰਡਾ ਆਖ ਸੱਦਦਾ ਤਾਂ ਜੀ ਕਰਦਾ ਗਾਟਾ ਲਾਹ ਦਿਆ...ਕੇਰਾਂ ਉਚੇਚਾ ਸਕੂਲੇ ਆਇਆ...ਮਾਸਟਰ ਦਿਆਲ ਸਿੰਘ ਨੇ ਬੜੀ ਸਿਫਤ ਕੀਤੀ...ਡੈਡੀ ਮੈਨੂੰ ਕਲਾਵੇ ਵਿਚ ਲੈਂਦਾ ਫਿੱਸ ਪਿਆ...ਹੱਦੋਂ ਵੱਧ ਖੁਸ਼ੀ ਵੀ ਇਨਸਾਨ ਨੂੰ ਜਜਬਾਤੀ ਕਰ ਦਿੰਦੀ!

ਥੋੜਾ ਕਦ ਕੱਢਿਆ ਤਾਂ ਭਰਤੀ ਹੋ ਗਿਆ...ਅੱਜ ਖੁਦ ਦੀ ਔਲਾਦ ਮੈਥੋਂ ਵੀ ਉੱਚੀ...ਜਦੋਂ ਕਦੇ ਗਰਾਰੀ ਅੜ੍ਹ ਜਾਵੇ ਤਾਂ ਬਾਪ ਨੂੰ ਯਾਦ ਕਰ ਲਈਦਾ...ਮੋਏ ਮਾਪਿਆਂ ਦੀ ਸਲਾਹ ਹਮੇਸ਼ਾ ਹੀ ਸਟੀਕ ਹੁੰਦੀ ਏ...ਮਸਲਾ ਝੱਟ ਹੀ ਹੱਲ ਹੋ ਜਾਂਦਾ...ਕਈ ਵੇਰ ਕੱਲਾ ਹੋਵਾਂ ਤਾਂ ਗੱਲਾਂ ਵੀ ਕਰ ਲਈਦੀਆਂ...ਮੁਆਫ਼ੀਆਂ ਵੀ...ਪਰ ਕੰਧ ਤੇ ਟੰਗੀਆਂ ਮੁਆਫ ਕਦੋਂ ਕਰਦੀਆਂ...ਬੱਸ ਏਨੀ ਗੱਲ ਆਖਦੀਆਂ ਤੱਕਦੀਆਂ ਹੀ ਰਹਿੰਦੀਆਂ...ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

ਵਾਕਿਆ ਹੀ ਕਈ ਵੇਰ ਕੱਲੇ ਹੋਣਾ ਤੇ ਕੱਲੇ ਰੋਣਾ ਇਨਸਾਨ ਨੂੰ ਬੜਾ ਜਿਆਦਾ ਮਜਬੂਤ ਬਣਾ ਦਿੰਦੇ ਨੇ!

**ਜ਼ਿੰਦਗੀ ਨਾਮਾ**



**ਹਰਪ੍ਰੀਤ ਸਿੰਘ ਜਵੰਦਾ**

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ।***

# ਰੰਗ ਦੇ ਬਦਲਦੇ ਮਾਇਨੇ

*ਭਗਵਾ ਹਕੂਮਤ ਹੇਠ ਯੂਨੀਵਰਸਿਟੀਆਂ ਨੂੰ ਤੇਜ਼ੀ ਨਾਲ ਭਗਵਾ ਰੰਗ ਵਿਚ ਰੰਗਿਆ ਜਾ ਰਿਹਾ ਹੈ। ਲੰਘੀ 9 ਸਤੰਬਰ ਨੂੰ ਪੱਛਮੀ ਬੰਗਾਲ ਦਾ ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਨੰਗੇ ਸਾਧਾਂ ਦੇ ਨਾਲ 'ਗੇਰੂਆ ਸੱਮਾਨ ਯਾਤਰਾ' ਵਿਚ ਭਗਵਾ ਕੁੜਤਾ ਪਾ ਕੇ ਸ਼ਾਮਲ ਹੋਇਆ ਜੋ ਬੰਗਾਲ ਦੀ ਮਸ਼ਹੂਰ ਜਾਦਵਪੁਰ ਯੂਨੀਵਰਸਿਟੀ ਦੀਆਂ ਕੰਧਾਂ ਉੱਪਰ 'ਫਰੀ ਫ਼ਲਸਤੀਨ', 'ਲਾਲ ਸਲਾਮ' ਦੇ ਨਾਅਰੇ ਲਿਖੇ ਜਾਣ ਦੇ ਫਾਸ਼ੀਵਾਦੀ ਪ੍ਰਤੀਕਰਮ ਵਿਚ ਜਥੇਬੰਦ ਕੀਤੀ ਗਈ ਸੀ। ਉਹ ਯੂਨੀਵਰਸਿਟੀ ਵਿਚ ਕੀਤੇ ਭਗਵਾ ਇਕੱਠ ਵਿਚ ਵੀ ਸ਼ਾਮਲ ਹੋਇਆ ਸੀ ਜਿੱਥੇ ਜੁੜੇ ਹਜ਼ਾਰਾਂ ਦੇ ਹਜੂਮ ਨੇ ਸਮੂਹਿਕ ਤੌਰ 'ਤੇ 'ਵੰਦੇ ਮਾਤ੍ਰਮ' ਗਾ ਕੇ ਫਿਰਕੂ ਰਾਸ਼ਟਰਵਾਦ ਨੂੰ ਬੁਲੰਦ ਕੀਤਾ ਸੀ। ਸੈਕਤ ਮਜੂਮਦਾਰ ਨੇ ਬੰਗਾਲ ਵਿਚ ਭਗਵਾ ਰੰਗ ਦੀ ਰਵਾਇਤੀ ਭਾਵਨਾ ਦੇ ਹਵਾਲੇ ਨਾਲ ਹੁਣ ਉੱਥੋਂ ਦੀ ਬਦਲੀ ਰਾਜਨੀਤਕ ਫਿਜ਼ਾ ਵਿਚ ਭਗਵਾ ਰੰਗ ਦੇ ਬਦਲਦੇ ਮਾਇਨਿਆਂ ਦੀ ਚਰਚਾ ਕੀਤੀ ਹੈ। ਸਾਕੇਤ ਦੀ ਪਿੱਛੇ ਜਹੇ ਆਈ ਨਵੀਂ ਕਿਤਾਬ ਓਪਨ ਇੰਟੈਲੀਜੈਂਸ: ਐਜੂਕੇਸ਼ਨ ਬਿਟਵੀਨ ਆਰਟ ਐਂਡ ਆਰਟੀਫ਼ਿਸ਼ਲ ਹੈ। -ਸੰਪਾਦਕ॥*






**ਸੈਕਤ ਮਜੂਮਦਾਰ**
**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਜਾਦਵਪੁਰ ਯੂਨੀਵਰਸਿਟੀ ਦੇ ਡਿਗਰੀ ਵੰਡ ਸਮਾਰੋਹ ਦਾ ਗਾਊਨ ਭਗਵਾ ਰੰਗ ਦਾ ਹੁੰਦਾ ਹੈ। ਮੈਨੂੰ ਇਹ ਗੱਲ ਉਦੋਂ ਯਾਦ ਆਈ ਜਦੋਂ ਮੇਰੀ ਇੱਕ ਦੋਸਤ, ਜੋ ਬੰਗਾਲ ਵਿਚ ਵਿਗਿਆਨੀ ਹੈ, ਨੇ ਸੋਸ਼ਲ ਮੀਡੀਆ ਉੱਤੇ ਜਾਦਵਪੁਰ ਯੂਨੀਵਰਸਿਟੀ ਦੇ ਡਿਗਰੀ ਵੰਡ ਸਮਾਰੋਹ ਵਾਲੇ ਦਿਨ ਦੀ ਆਪਣੀ ਤਸਵੀਰ ਸਾਂਝੀ ਕੀਤੀ। ਉਸ ਨੇ ਸੱਜੇ-ਪੱਖੀ ਹਲਕਿਆਂ ਦੇ ਇੱਕ ਹਿੱਸੇ ਦੀ ਹਮਲਾਵਰਤਾ ਬਾਰੇ ਵੀ ਟਿੱਪਣੀ ਕੀਤੀ, ਜਿਸ ਨੇ ਹੁਣ ਯੂਨੀਵਰਸਿਟੀ ਨੂੰ ਆਪਣਾ ਨਿਸ਼ਾਨਾ ਬਣਾਇਆ ਹੋਇਆ ਹੈ—ਸਿਰਫ਼ ਕੈਂਪਸ ਵਿਚ ਹੋਏ ਧਮਾਕੇ ਰਾਹੀਂ ਹੀ ਨਹੀਂ, ਸਗੋਂ ਪ੍ਰਸ਼ਾਸਕੀ ਅਤੇ ਬਿਆਨਬਾਜ਼ੀ ਵਾਲੀ ਧੌਂਸ ਦੇ ਵਾਰ-ਵਾਰ ਉੱਠਦੇ ਦੌਰਾਂ ਰਾਹੀਂ ਵੀ। ਮੇਰੀ ਦੋਸਤ ਦੀ ਪੋਸਟ ਨੇ ਮੈਨੂੰ ਯਾਦ ਕਰਵਾਇਆ ਕਿ ਪਿਛਲੀ ਸਦੀ ਦੇ ਆਖ਼ਰੀ ਸਾਲ ਦੀਆਂ ਮੇਰੀਆਂ ਵੀ ਕੁਝ ਤਸਵੀਰਾਂ ਹਨ। ਉਨ੍ਹਾਂ ਵਿਚ ਮੈਂ ਚਮਕਦਾਰ ਭਗਵਾ ਚੋਗਾ ਪਹਿਨ ਕੇ ਸਮਾਰੋਹ ਦੇ ਮੁੱਖ ਮਹਿਮਾਨ, ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਕਰਨ ਸਿੰਘ ਤੋਂ ਆਪਣੀ ਡਿਗਰੀ ਲੈ ਰਿਹਾ ਹਾਂ। ਪਰ ਇਨ੍ਹਾਂ ਤਸਵੀਰਾਂ ਤੋਂ ਬਿਨਾਂ ਸ਼ਾਇਦ ਮੈਨੂੰ ਗਾਊਨ ਦਾ ਰੰਗ ਯਾਦ ਹੀ ਨਾ ਆਉਂਦਾ।

ਉਸ ਵੇਲੇ ਇਸ ਰੰਗ ਵੱਲ ਧਿਆਨ ਨਾ ਜਾਣਾ ਸੌਖਾ ਸੀ। ਉਹ ਅਜਿਹਾ ਕਲਕੱਤਾ ਸੀ ਜਿੱਥੇ ਭਗਵਾ ਰੰਗ ਉੱਤੇ ਕਿਸੇ ਸਿਆਸੀ ਵਿਚਾਰਧਾਰਾ ਦਾ ਭਾਰ ਨਹੀਂ ਸੀ, ਭਾਵੇਂ ਭਾਰਤ ਦੇ ਹੋਰ ਹਿੱਸਿਆਂ ਵਿਚ ਹਿੰਦੂਤਵ ਦਾ ਉਭਾਰ ਸ਼ੁਰੂ ਹੋ ਚੁੱਕਾ ਸੀ। ਬੰਗਾਲ ਦਾ ਸਿਆਸੀ ਰੰਗ ਅਗਲੇ ਦਸ ਸਾਲਾਂ ਤੱਕ ਲਾਲ ਹੀ ਰਹਿਣਾ ਸੀ। ਦਰਅਸਲ, ਜਿੱਥੋਂ ਤੱਕ ਮੈਨੂੰ ਯਾਦ ਹੈ, ਬੰਗਾਲ ਦੀ ਸਿਆਸਤ ਰੰਗਾਂ ਰਾਹੀਂ ਹੀ ਪਛਾਣੀ ਜਾਂਦੀ ਰਹੀ ਹੈ। ਕੰਧਾਂ ਉੱਤੇ ਲਿਖੇ ਨਾਅਰਿਆਂ ਤੋਂ ਲੈ ਕੇ ਪੋਸਟਰਾਂ ਅਤੇ ਤੁਹਾਡੇ ਸਲਾਮ ਦੇ ਰੰਗ ਤੱਕ, ਹਰ ਪਾਸੇ ਲਾਲ ਰੰਗ ਕਮਿਊਨਿਜ਼ਮ ਦੀ ਨਿਸ਼ਾਨੀ ਸੀ। ਇੱਕੀਵੀਂ ਸਦੀ ਦੇ ਦੂਜੇ ਦਹਾਕੇ ਤੋਂ ਅਸੀਂ ਨੀਲੇ-ਚਿੱਟੇ ਰੰਗ ਦੇ ਦੌਰ ਵਿਚ ਦਾਖ਼ਲ ਹੋਏ। ਕਮਿਊਨਿਸਟ ਲਾਲ ਵਰਗੀ ਕੌਮਾਂਤਰੀ ਤਾਕਤ ਨਾ ਹੋਣ ਕਰਕੇ ਨੀਲਾ-ਚਿੱਟਾ ਰੰਗ ਨਵੀਂ ਆਗੂ ਦੀ ਨਿੱਜੀ ਪਸੰਦ, ਦਹਾਕਿਆਂ ਦੀ ਲਾਲੀ ਤੋਂ ਵੱਖ ਹੋਣ ਦੀ ਉਸ ਦੀ ਇੱਛਾ ਅਤੇ ਨਵੇਂ ਸਿਆਸੀ ਯੁੱਗ ਦੀ ਨਵੀਂ ਦਿੱਖ ਦਾ ਚਿੰਨ੍ਹ ਬਣਿਆ।

ਇਸ ਇਤਿਹਾਸ ਦੇ ਵੱਡੇ ਹਿੱਸੇ ਦੌਰਾਨ, ਹਿੰਦੂ ਬੰਗਾਲੀ ਚੇਤਨਾ ਲਈ ਭਗਵਾ ਰੰਗ ਦੁਨਿਆਵੀ ਸਿਆਸਤ ਤੋਂ ਪਰੇ ਹੀ ਰਿਹਾ—ਤਿਆਗ ਅਤੇ ਬਲੀਦਾਨ ਦਾ ਰੰਗ। ਭਾਵੇਂ ਖ਼ਾਸ ਕਰਕੇ ਉੱਤਰੀ ਅਤੇ ਪੱਛਮੀ ਭਾਰਤ ਵਿਚ ਇਸ ਦਾ ਸਬੰਧ ਸੱਜੇ-ਪੱਖੀ ਹਿੰਦੂਤਵੀ ਜਥੇਬੰਦੀਆਂ ਨਾਲ ਜੁੜ ਕੇ ਸਿਆਸੀ ਮਹੱਤਵ ਹਾਸਲ ਕਰ ਰਿਹਾ ਸੀ, ਬੰਗਾਲ ਵਿਚ ਭਗਵਾ ਰੰਗ ਹੋਰ ਮਾਇਨਿਆਂ ਦਾ ਪ੍ਰਤੀਕ ਬਣਿਆ ਰਿਹਾ। ਮਿਸਾਲ ਵਜੋਂ, ਇਹ ਸੱਚੀ ਸਮਾਜ ਸੇਵਾ ਅਤੇ ਵਿਦਿਅਕ ਉੱਤਮਤਾ ਦਾ ਪ੍ਰਤੀਕ ਸੀ। ਇਸ ਵਿਚ ਅਜਿਹੀ ਸੰਜਮੀ ਗੰਭੀਰਤਾ ਸੀ ਜਿਸ ਨੂੰ ਗੇਰੂਆ ਸਨਮਾਨ—ਭਗਵਾ ਰੰਗ ਦੀ ਮਰਿਆਦਾ—ਦੇ ਨਾਂ ਉੱਤੇ ਜਲੂਸ ਕੱਢਣ ਲਈ ਕਿਸੇ ਸਿਆਸੀ ਪਾਰਟੀ ਦੀ ਲੋੜ ਨਹੀਂ ਸੀ।

ਭਗਵਾ ਰੰਗ ਦੇ ਸਮਾਜਿਕ ਅਤੇ ਵਿਦਿਅਕ ਉਦੇਸ਼ ਦਾ ਸਭ ਤੋਂ ਪ੍ਰਮੁੱਖ ਪ੍ਰਗਟਾਵਾ ਰਾਮਕ੍ਰਿਸ਼ਨ ਮਿਸ਼ਨ ਦੀਆਂ ਵੱਖ-ਵੱਖ ਸੰਸਥਾਵਾਂ ਰਹੀਆਂ ਹਨ। ਇਹ ਦੁਨੀਆ ਭਰ ਵਿਚ ਫੈਲੀਆਂ ਹਨ, ਪਰ ਇਨ੍ਹਾਂ ਦਾ ਕੇਂਦਰ ਹਮੇਸ਼ਾ ਬੇਲੂਰ ਵਿਚ ਰਿਹਾ ਹੈ। ਇਨ੍ਹਾਂ ਦੇ ਸਾਦੇ ਮੁੱਢ ਦੀਆਂ ਯਾਦਾਂ ਕਲਕੱਤੇ ਅਤੇ ਹੁਗਲੀ ਦੇ ਮੁਹੱਲਿਆਂ ਤੇ ਪਿੰਡਾਂ ਨਾਲ ਜੁੜੀਆਂ ਹਨ—ਦੱਖਣੇਸ਼ਵਰ ਅਤੇ ਉੱਤਰੀ ਕਲਕੱਤੇ ਦੇ ਸ਼ਿਮਲਾ ਤੋਂ ਲੈ ਕੇ ਕਾਮਾਰਪੁਕੁਰ ਅਤੇ ਜੈਰਾਮਬਾਟੀ ਤੱਕ। ਬੰਗਾਲ ਦੇ ਅਹਿਮ ਸੱਭਿਆਚਾਰਕ ਕੇਂਦਰਾਂ, ਹਸਪਤਾਲਾਂ, ਸਕੂਲਾਂ ਅਤੇ ਕਾਲਜਾਂ ਵਿਚ ਭਗਵਾ ਰੰਗ ਦੀ ਇਹ ਸਾਦਗੀ ਸ਼ਾਂਤ ਸੁਹਜ ਨਾਲ ਮੌਜੂਦ ਸੀ। ਗੋਲਪਾਰਕ ਦਾ ਇੰਸਟੀਚਿਊਟ ਆਫ਼ ਕਲਚਰ ਅੱਜ ਵੀ ਦੁਨੀਆ ਭਰ ਦੀਆਂ ਪ੍ਰਮੁੱਖ ਹਸਤੀਆਂ ਨੂੰ ਖਿੱਚਦਾ ਹੈ। ਦੱਖਣੀ ਕਲਕੱਤੇ ਦਾ ਸੇਵਾ ਪ੍ਰਤਿਸ਼ਠਾਨ ਹਸਪਤਾਲ ਅੱਜ ਵੀ ਵਾਜਬ ਕੀਮਤ ਉੱਤੇ ਭਰੋਸੇਯੋਗ ਅਤੇ ਜ਼ਿੰਮੇਵਾਰ ਡਾਕਟਰੀ ਸੇਵਾ ਦਿੰਦਾ ਹੈ—ਅਜਿਹੇ ਸਮੇਂ ਵਿਚ ਜਦੋਂ ਕਿਸੇ ਵੀ ਮਿਆਰੀ ਸਿਹਤ ਸੇਵਾ ਉੱਤੇ ਕਾਰਪੋਰੇਟ ਮੁਨਾਫ਼ਾਖੋਰੀ ਦਾ ਅਸਰ ਹੈ। ਮੱਧ ਵਰਗ ਦੇ ਵੱਡੇ ਹਿੱਸਿਆਂ ਲਈ ਇਨ੍ਹਾਂ ਦੇ ਸਕੂਲ ਵਿਦਿਅਕ ਉੱਤਮਤਾ ਅਤੇ ਉੱਚੀਆਂ ਆਸਾਂ ਦੇ ਸਮਾਨਾਰਥੀ ਰਹੇ ਹਨ।

ਮੈਂ ਵੀ ਇਨ੍ਹਾਂ ਭਗਵਾ ਚੋਗੇ ਵਾਲੇ ਸੰਨਿਆਸੀਆਂ ਵੱਲੋਂ ਚਲਾਏ ਜਾਂਦੇ ਇੱਕ ਰਿਹਾਇਸ਼ੀ ਸਕੂਲ ਵਿਚ ਕੁਝ ਸਾਲ ਬਿਤਾਏ ਸਨ।

ਉੱਥੇ ਮੈਂ ਸਿੱਖਿਆ ਕਿ ਭਗਵਾ ਰੰਗ ਚਿੱਟੇ ਚੋਗੇ ਵਾਲੇ ਸਾਲ ਪੂਰੇ ਕਰਨ ਤੋਂ ਬਾਅਦ ਹੀ ਧਾਰਨ ਕੀਤਾ ਜਾਂਦਾ ਸੀ। ਚਿੱਟਾ ਰੰਗ ਬ੍ਰਹਮਚਰਿਆ ਦਾ ਸੀ—ਜਵਾਨੀ ਦੇ ਸੰਜਮ ਦਾ ਦੌਰ—ਜਿਸ ਤੋਂ ਬਾਅਦ ਭਗਵਾ ਰੰਗ ਆਉਂਦਾ ਸੀ: ਸੰਨਿਆਸ ਅਤੇ ਦੁਨਿਆਵੀ ਮੋਹ ਤੋਂ ਅੰਤਿਮ ਤਿਆਗ ਦਾ ਰੰਗ। ਮੇਰੇ ਲਈ ਉਹ ਸਾਲ ਡੂੰਘੇ ਅਰਥਾਂ ਨਾਲ ਭਰੇ ਹੋਏ ਸਨ। ਭਜਨਾਂ ਅਤੇ ਅਰਦਾਸਾਂ ਦੀ ਅਨੋਖੀ ਨੇੜਤਾ, ਗੂੜ੍ਹੀਆਂ ਦੋਸਤੀਆਂ ਅਤੇ ਭਾਵਨਾਵਾਂ, ਇਮਤਿਹਾਨਾਂ ਨੂੰ ਲੈ ਕੇ ਹਾਣੀਆਂ ਦਾ ਦਬਾਅ, ਅਤੇ ਡਾਕਟਰੀ ਤੇ ਇੰਜੀਨੀਅਰਿੰਗ ਵਿਚ ਸਫ਼ਲ ਦੁਨਿਆਵੀ ਕਰੀਅਰ ਦੀ ਖਿੱਚ ਤੇ ਵਾਅਦਾ—ਇਹ ਸਭ ਭਗਵਾ ਰੰਗ ਦੀ ਇੱਕ ਸੁਪਨਮਈ ਦੁਨੀਆ ਅਤੇ ਉਸ ਦੀ ਸੰਭਾਲ ਦੀ ਛਤਰ-ਛਾਇਆ ਹੇਠ ਸਮਾਇਆ ਹੋਇਆ ਸੀ। ਇਹ ਧੂੜ ਭਰੀਆਂ ਸੜਕਾਂ, ਨਾਕਾਰਾ ਸੰਸਥਾਵਾਂ ਅਤੇ ਜ਼ਹਿਰੀਲੀ ਸਿਆਸਤ ਦੀ ਦੁਨਿਆਵੀ ਉਥਲ-ਪੁਥਲ ਤੋਂ ਬਚਿਆ ਹੋਇਆ ਇੱਕ ਵਿਰੋਧਾਭਾਸਾਂ ਭਰੀ ਦੁਨੀਆ ਸੀ। ਇਸੇ ਦੁਨੀਆ ਨੇ ਅੱਗੇ ਚੱਲ ਕੇ ਮੇਰੀ ਇੱਕ ਕਿਤਾਬ, 'ਦਿ ਸੈਂਟ ਆਫ਼ ਗੌਡ', ਨੂੰ ਰੂਪ ਦਿੱਤਾ।

ਭਗਵਾ ਰੰਗ ਸਿਰਫ਼ ਵਿਦਿਅਕ ਉੱਤਮਤਾ ਦਾ ਹੀ ਪ੍ਰਤੀਕ ਨਹੀਂ ਸੀ। ਇਹ ਅਜਿਹੀ ਸਰਬਪੱਖੀ ਸ਼ਖ਼ਸੀਅਤ-ਉਸਾਰੀ ਦਾ ਵਾਅਦਾ ਵੀ ਕਰਦਾ ਸੀ ਜਿਸ ਵਿਚ ਅਧਿਆਤਮਕਤਾ ਜ਼ਿੰਮੇਵਾਰ ਧਰਮ-ਨਿਰਪੱਖ ਨਾਗਰਿਕਾਂ ਦੇ ਨਿਰਮਾਣ ਨੂੰ ਸੇਧ ਦਿੰਦੀ ਸੀ। ਇਸ ਉਸਾਰੀ ਵਿਚ ਰਿਹਾਇਸ਼ੀ ਸਕੂਲ ਦੇ ਭੋਜਨ ਵਿਚ ਮੱਛੀ, ਅੰਡੇ ਅਤੇ ਮੁਰਗਾ ਵੀ ਸ਼ਾਮਲ ਸਨ, ਜੋ ਸੰਨਿਆਸੀ ਵਿਦਿਆਰਥੀਆਂ ਨਾਲ ਬੈਠ ਕੇ ਖਾਂਦੇ ਸਨ।

ਮੈਨੂੰ ਨਹੀਂ ਪਤਾ ਕਿ ਜਾਦਵਪੁਰ ਯੂਨੀਵਰਸਿਟੀ ਦੇ ਡਿਗਰੀ ਵੰਡ ਸਮਾਰੋਹ ਦੇ ਗਾਊਨ ਲਈ ਭਗਵਾ ਰੰਗ ਚੁਣਨ ਪਿੱਛੇ ਖ਼ਾਸ ਪ੍ਰੇਰਣਾ ਕੀ ਸੀ। ਪਰ ਬੰਗਾਲੀ ਮਨ ਦੇ ਵੱਡੇ ਹਿੱਸਿਆਂ ਵਿਚ ਭਗਵਾ ਰੰਗ ਦੀ ਅਜਿਹੀ ਧਾਰਨਾ ਡੂੰਘੀ ਵਸੀ ਹੋਈ ਸੀ ਜੋ ਬੌਧਿਕ ਲਾਲਸਾ ਨੂੰ ਅਧਿਆਤਮਕ ਅਨੁਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਜੋੜਦੀ ਸੀ। ਇਸ ਲਈ ਇਹ ਰੰਗ ਇੱਕੋ ਸਮੇਂ ਸ਼ਾਂਤੀ ਅਤੇ ਆਸ ਜਗਾਉਂਦਾ ਸੀ। ਜੇ ਉਸ ਦਿਨ ਜਾਦਵਪੁਰ ਯੂਨੀਵਰਸਿਟੀ ਦੇ ਡਿਗਰੀ ਵੰਡ ਸਮਾਰੋਹ ਵਿਚ ਪਹਿਨੇ ਗਾਊਨਾਂ ਦੇ ਭਗਵਾ ਰੰਗ ਵੱਲ ਮੇਰਾ ਧਿਆਨ ਨਹੀਂ ਗਿਆ, ਤਾਂ ਇਸ ਦਾ ਕਾਰਨ ਇਹ ਸੀ ਕਿ ਇਹ ਰੰਗ ਸਾਡੀ ਸਾਂਝੀ ਚੇਤਨਾ ਵਿਚ ਇੰਨਾ ਰਚਿਆ ਹੋਇਆ ਸੀ ਕਿ ਵਿਦਿਅਕ ਮਾਹੌਲ ਵਿਚ ਬਿਲਕੁਲ ਸੁਭਾਵਿਕ ਲੱਗਦਾ ਸੀ। ਖੱਬੇ-ਪੱਖੀ ਬੌਧਿਕ ਮਾਹੌਲ ਵਿਚ ਇਸ ਦਾ ਅਧਿਆਤਮਕ ਸਰੂਪ ਕਦੇ-ਕਦਾਈਂ ਬੇਚੈਨੀ ਪੈਦਾ ਕਰ ਸਕਦਾ ਸੀ। ਪਰ ਅਜਿਹੀ ਖਿੱਚ ਦੇ ਬਾਵਜੂਦ ਵਿਦਿਅਕ ਥਾਂ ਉੱਤੇ ਭਗਵਾ ਰੰਗ ਦੀ ਮੌਜੂਦਗੀ ਸੁਭਾਵਿਕ ਸੀ।

ਭਾਵੇਂ ਖੱਬੇ-ਪੱਖੀ ਧਰਮ-ਨਿਰਪੱਖ ਹਲਕਿਆਂ ਦਾ ਵਿਅੰਗ ਕਦੇ-ਕਦਾਈਂ ਇਸ ਨੂੰ ਛੂਹ ਜਾਂਦਾ ਸੀ, ਸਾਡੇ ਦਿਲਾਂ ਵਿਚ ਵਸਿਆ ਭਗਵਾ ਰੰਗ ਕਦੇ ਵੀ ਗੁੰਡਾਗਰਦੀ ਦਾ ਰੰਗ ਨਹੀਂ ਬਣ ਸਕਦਾ ਸੀ। ਇਸ ਨੇ ਆਪਣੇ ਬਾਨੀਆਂ—ਸ੍ਰੀ ਰਾਮਕ੍ਰਿਸ਼ਨ, ਮਾਂ ਸਾਰਦਾ ਅਤੇ ਸਵਾਮੀ ਵਿਵੇਕਾਨੰਦ—ਦੀ ਰਵਾਇਤ ਅਨੁਸਾਰ ਨਾ ਖਾਣ-ਪੀਣ ਉੱਤੇ ਪਾਬੰਦੀਆਂ ਲਾਈਆਂ ਅਤੇ ਨਾ ਹੀ ਆਸਥਾ ਉੱਤੇ। ਇਸ ਦੀ ਡੂੰਘੀ ਵਿਦਿਅਕ ਵਚਨਬੱਧਤਾ ਅਤੇ ਵਿਸ਼ਾਲ ਅਧਿਆਤਮਕ ਸੋਚ ਵਿਚ ਅਜਿਹੀ 'ਸ਼ੁੱਧੀ' ਦੀ ਰਸਮ ਦੀ ਕਲਪਨਾ ਲਈ ਕੋਈ ਥਾਂ ਨਹੀਂ ਸੀ ਜਿਸ ਵਿਚ ਕਿਸੇ ਹੋਰ ਧਰਮ ਨਾਲ ਸਬੰਧਤ ਵਿਦਿਅਕ ਪ੍ਰਸ਼ਾਸਕ ਨੂੰ ਸੰਸਥਾ ਛੱਡਣ ਲਈ ਮਜਬੂਰ ਕਰਨ ਤੋਂ ਬਾਅਦ ਉਸ ਦੇ ਕਮਰੇ ਨੂੰ 'ਸ਼ੁੱਧ' ਕੀਤਾ ਜਾਵੇ—ਜਿਵੇਂ ਹਾਲ ਹੀ ਵਿਚ ਕੇਂਦਰੀ ਕਲਕੱਤੇ ਦੇ ਇੱਕ ਕਾਲਜ ਵਿਚ ਹੋਇਆ ਹੈ। ਇਹੀ ਉਹ ਭਗਵਾ ਰੰਗ ਸੀ ਜਿਸ ਨੂੰ ਅਸੀਂ ਅੰਦਰੋਂ ਸਤਿਕਾਰ ਦਿੰਦਿਆਂ ਜਾਦਵਪੁਰ ਯੂਨੀਵਰਸਿਟੀ ਵਿਚ ਆਪਣੀਆਂ ਡਿਗਰੀਆਂ ਲੈਂਦੇ ਸਮੇਂ ਪਹਿਨਿਆ ਸੀ।

ਕੀ ਸਨਾਤਨ ਧਰਮ ਦਾ ਭਗਵਾ ਰੰਗ ਬੰਗਾਲੀਆਂ ਦੇ ਸਭ ਤੋਂ ਪਿਆਰੇ ਤਿਉਹਾਰ ਉੱਤੇ ਵੀ ਹਾਵੀ ਹੋ ਜਾਵੇਗਾ? ਪਰ ਬੰਗਾਲ ਦੀ ਪਛਾਣ ਹੀ ਉਸ ਦੀਆਂ ਬਾਰੀਕੀਆਂ ਅਤੇ ਵਿਰੋਧਾਭਾਸਾਂ ਵਿਚ ਹੈ। ਬੰਗਾਲ ਵਿਚ ਪੂਜੋ ਹਮੇਸ਼ਾ ਭਗਵਾ ਰੰਗ ਦੀ ਥਾਂ ਬਸੰਤੀ ਰੰਗ ਦੀ ਯਾਦ ਜਗਾਉਂਦੀ ਰਹੀ ਹੈ—ਬਸੰਤ ਦੀ ਰਸਮ ਦਾ ਸਰ੍ਹੋਂ-ਪੀਲਾ ਰੰਗ, ਜਿਸ ਦਾ ਪਤਝੜ ਵਿਚ ਭਗਵਾਨ ਰਾਮ ਵੱਲੋਂ ਅਗੇਤਾ ਦਿੱਤਾ ਗਿਆ ਹੋਕਾ ਪਤਝੜ ਦੀ ਸ਼ਾਰਦੀਯਾ ਪੂਜਾ ਦਾ ਆਧਾਰ ਬਣਦਾ ਹੈ। ਸ਼ਾਰਦੀਯਾ ਦੀ ਥਾਂ 'ਦੁਰਗਾ ਪੂਜਾ' ਕਹਿਣ ਦਾ ਨਵ-ਸਨਾਤਨੀ ਹੁਕਮ ਵੀ ਧਰਤੀ ਅਤੇ ਰੁੱਤਾਂ ਨਾਲ ਜੁੜੇ ਤਿਉਹਾਰ ਨੂੰ ਇੱਕ ਸੌੜੀ ਤੇ ਕਠੋਰ ਧਾਰਮਿਕ ਰਸਮ ਲਈ ਪਾਸੇ ਕਰਨਾ ਹੈ। ਕੀ ਬਸੰਤੀ ਨਾਮ ਅਤੇ ਰੰਗ ਵਿਚ ਸਜੀ ਆਪਣੀ ਘਰ ਦੀ ਧੀ ਸਨਾਤਨੀ ਭਗਵਾ ਰੰਗ ਦੇ ਘਰ ਆਵੇਗੀ?

***(ਦ ਟੈਲੀਗ੍ਰਾਫ਼ ਕੋਲਕਾਤਾ ਤੋਂ ਧੰਨਵਾਦ ਸਹਿਤ)***

# ਨੈਤਿਕਤਾ ਦੇ ਨਾਂ 'ਤੇ ਪਹਿਰੇਦਾਰੀ ਹਿੰਸਾ ਹੈ, ਸੁਰੱਖਿਆ ਨਹੀਂ



**ਅਦਿਤੀ ਨਾਰਾਇਣੀ ਪਾਸਵਾਨ**
**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਦੋ ਭਿਆਨਕ ਘਟਨਾਵਾਂ ਨੇ ਮੁਲਕ ਦੀ ਜ਼ਮੀਰ ਨੂੰ ਝੰਜੋੜ ਦਿੱਤਾ ਹੈ—ਇੱਕ ਬਿਹਾਰ ਦੇ ਜਮੂਈ ਜ਼ਿਲ੍ਹੇ ਵਿਚ ਅਤੇ ਦੂਜੀ ਕੌਮੀ ਰਾਜਧਾਨੀ ਵਿਚ। ਦੋਵੇਂ ਘਟਨਾਵਾਂ ਦਿਖਾਉਂਦੀਆਂ ਹਨ ਕਿ ਅਖੌਤੀ 'ਰਵਾਇਤੀ ਕਦਰਾਂ-ਕੀਮਤਾਂ' ਦੀ ਰਾਖੀ ਦੇ ਪਰਦੇ ਪਿੱਛੇ ਤਾਕਤ, ਕੰਟਰੋਲ ਅਤੇ ਹਿੰਸਾ ਦਾ ਇੱਕ ਤੰਤਰ ਕੰਮ ਕਰਦਾ ਹੈ।

ਬਿਹਾਰ ਵਿਚ ਇੱਕ ਨਾਬਾਲਗ ਲੜਕੇ ਅਤੇ ਲੜਕੀ ਨੂੰ ਭੀੜ ਨੇ ਰੋਕਿਆ, ਉਨ੍ਹਾਂ ਤੋਂ ਹਮਲਾਵਰ ਢੰਗ ਨਾਲ ਪੁੱਛਗਿੱਛ ਕੀਤੀ ਅਤੇ ਉਨ੍ਹਾਂ ਦੀ ਕੁੱਟਮਾਰ ਕੀਤੀ। ਵੀਡੀਓ ਵਿਚ ਉਹ ਖ਼ੌਫ਼ਨਾਕ ਦ੍ਰਿਸ਼ ਕੈਦ ਹੋਇਆ ਹੈ ਜਿਸ ਵਿਚ ਲੜਕੀ ਨੂੰ ਅਣਉਚਿਤ ਢੰਗ ਨਾਲ ਛੂਹਿਆ ਜਾ ਰਿਹਾ ਹੈ, ਜਦਕਿ ਦੋਵੇਂ ਰਹਿਮ ਦੀਆਂ ਮਿੰਨਤਾਂ ਕਰ ਰਹੇ ਹਨ। ਦਿੱਲੀ ਵਿਚ ਇੱਕ ਪਾਰਕ ਵਿਚ ਸੈਰ ਕਰ ਰਹੀ 17 ਸਾਲਾ ਲੜਕੀ ਅਤੇ ਉਸ ਦੇ ਨਾਬਾਲਗ ਦੋਸਤ ਨੂੰ ਪੁਲਿਸ ਅਧਿਕਾਰੀ ਬਣ ਕੇ ਆਏ ਤਿੰਨ ਵਿਅਕਤੀਆਂ ਨੇ ਰੋਕ ਲਿਆ। ਉਨ੍ਹਾਂ ਨੇ ਲੜਕੇ ਨੂੰ ਕਾਬੂ ਵਿਚ ਰੱਖਿਆ ਅਤੇ ਲੜਕੀ ਉੱਪਰ ਜਿਨਸੀ ਹਮਲਾ ਕੀਤਾ। ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਸਬੰਧੀ ਕਾਨੂੰਨ, ਪੋਕਸੋ, ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਇਹ ਆਪਮੁਹਾਰੇ ਵਾਪਰੀਆਂ ਕਾਨੂੰਨ-ਵਿਵਸਥਾ ਭੰਗ ਹੋਣ ਦੀਆਂ ਇਕੱਲੀਆਂ ਘਟਨਾਵਾਂ ਨਹੀਂ ਹਨ। ਇਹ ਉਸ ਸਮਾਜ ਦੇ ਸਿੱਟੇ ਹਨ ਜੋ ਔਰਤਾਂ ਨੂੰ ਅਧੀਨ ਰੱਖਣ, ਉਨ੍ਹਾਂ ਦੇ ਜਿਸਮਾਂ 'ਤੇ ਪਹਿਰਾ ਲਾਉਣ ਅਤੇ ਉਨ੍ਹਾਂ ਦੀ ਖ਼ੁਦਮੁਖ਼ਤਿਆਰੀ ਤੇ ਆਜ਼ਾਦੀ ਨੂੰ ਕਾਬੂ ਕਰਨ ਲਈ ਨੈਤਿਕਤਾ ਦੀ ਭਾਸ਼ਾ ਵਰਤਦਾ ਹੈ।

ਔਰਤਾਂ ਉੱਤੇ ਇਹ ਕੰਟਰੋਲ ਕਈ ਰੂਪਾਂ ਵਿਚ ਕਾਇਮ ਰਹਿੰਦਾ ਹੈ। ਸੁਰੱਖਿਆ ਦੇ ਬਹਾਨੇ ਇਸ ਦੇ ਤਰੀਕੇ ਔਰਤਾਂ ਅਤੇ ਉਨ੍ਹਾਂ ਦੇ ਜਿਸਮਾਂ ਨੂੰ ਯੋਜਨਾਬੱਧ ਢੰਗ ਨਾਲ ਸੀਮਤ ਕਰਦੇ ਹਨ। ਨੌਜਵਾਨ ਲੜਕੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਹਦਾਇਤਾਂ ਪਾਬੰਦੀਆਂ ਦੇ ਢਾਂਚੇ ਉੱਤੇ ਖੜ੍ਹੀਆਂ ਹਨ। ਨਿਸ਼ਾਨਾ ਬਣਨ ਤੋਂ ਬਚਣ ਲਈ ਲੜਕੀਆਂ ਨੂੰ ਲਗਾਤਾਰ ਆਪਣੀ ਰੋਜ਼ਾਨਾ ਦੀ ਰੁਟੀਨ ਬਦਲਣੀ ਪੈਂਦੀ ਹੈ, ਆਪਣੀ ਪੜ੍ਹਾਈ ਸੀਮਤ ਕਰਨੀ ਪੈਂਦੀ ਹੈ ਜਾਂ ਆਪਣੀਆਂ ਦੋਸਤੀਆਂ ਉੱਤੇ ਨਿਗਰਾਨੀ ਰੱਖਣੀ ਪੈਂਦੀ ਹੈ। ਅਸਲ ਸੁਰੱਖਿਆ ਆਪਣੇ ਆਪ ਉੱਤੇ ਪਾਬੰਦੀਆਂ ਲਾਉਣ ਦੇ ਸਿਧਾਂਤ ਉੱਤੇ ਨਹੀਂ ਟਿਕਣੀ ਚਾਹੀਦੀ। ਇਸ ਨੂੰ ਅਜਿਹੇ ਹਾਲਾਤ ਪੈਦਾ ਕਰਨੇ ਚਾਹੀਦੇ ਹਨ ਜਿਨ੍ਹਾਂ ਵਿਚ ਔਰਤ ਜਨਤਕ ਥਾਵਾਂ 'ਤੇ ਮੌਜੂਦ ਰਹਿ ਸਕੇ ਅਤੇ ਆਪਣੀ ਖ਼ੁਦਮੁਖ਼ਤਿਆਰੀ ਦਾ ਦਾਅਵਾ ਕਰ ਸਕੇ। ਉਹ ਆਪਣੀ ਬੁਨਿਆਦੀ ਮਨੁੱਖੀ ਮਰਿਯਾਦਾ ਨਾਲ ਸਮਝੌਤਾ ਕੀਤੇ ਬਿਨਾਂ ਬੱਸ ਫੜ ਸਕੇ ਜਾਂ ਸੜਕ ਉੱਤੇ ਤੁਰ ਸਕੇ।

ਜਦੋਂ ਆਪਣੇ ਆਪ ਨੂੰ ਨੈਤਿਕਤਾ ਦੇ ਰਾਖੇ ਐਲਾਨਣ ਵਾਲੇ ਲੋਕ ਦਖ਼ਲ ਦਿੰਦੇ ਹਨ, ਜਿਵੇਂ ਉੱਪਰ ਦਿੱਤੀਆਂ ਦੋ ਘਟਨਾਵਾਂ ਵਿਚ ਹੋਇਆ, ਤਾਂ ਉਹ ਇਸ ਧਾਰਨਾ ਨਾਲ ਕੰਮ ਕਰਦੇ ਹਨ ਕਿ ਕਿਸੇ ਮਰਦ ਸਾਥੀ ਨਾਲ ਜਨਤਕ ਥਾਂ 'ਤੇ ਔਰਤ ਦੀ ਮੌਜੂਦਗੀ ਕਿਸੇ ਅਣਲਿਖੀ ਹੱਦ ਦੀ ਉਲੰਘਣਾ ਹੈ। ਇਨ੍ਹਾਂ ਅਖੌਤੀ ਰਾਖਿਆਂ ਮੁਤਾਬਕ, ਜਿਹੜੀ ਔਰਤ ਇਹ ਹੱਦ ਪਾਰ ਕਰਦੀ ਹੈ, ਉਹ ਸੁਰੱਖਿਆ ਦਾ ਆਪਣਾ ਹੱਕ ਗੁਆ ਬੈਠਦੀ ਹੈ। ਇਸ ਤਰ੍ਹਾਂ ਉਹ ਰਾਹ ਜਾਂਦੇ ਮਰਦਾਂ ਦੇ ਕਿਸੇ ਵੀ ਸਮੂਹ ਨੂੰ ਉਸ ਦੀ ਬੇਇਜ਼ਤੀ ਕਰਨ, ਉਸ ਨੂੰ ਸਬਕ ਸਿਖਾਉਣ ਜਾਂ ਉਸ ਦੀ ਮਨੁੱਖੀ ਮਰਿਯਾਦਾ ਦੀ ਉਲੰਘਣਾ ਕਰਨ ਦੀ ਖੁੱਲ੍ਹ ਦੇ ਦਿੰਦੇ ਹਨ।

ਦਿੱਲੀ ਦੀ ਪੀੜਤਾ 17 ਸਾਲ ਦੀ ਹੈ; ਬਿਹਾਰ ਦੀ ਵਿਦਿਆਰਥਣ ਵੀ ਕਿਸ਼ੋਰ ਉਮਰ ਦੀ ਹੈ। ਭਾਰਤੀ ਕਾਨੂੰਨ ਤਹਿਤ ਦੋਵਾਂ ਨੂੰ ਸਪਸ਼ਟ ਤੌਰ 'ਤੇ ਬੱਚੇ ਮੰਨਿਆ ਜਾਂਦਾ ਹੈ। ਪੋਕਸੋ ਕਾਨੂੰਨ ਅਜਿਹੇ ਨਾਬਾਲਗਾਂ ਨੂੰ ਬਾਲਗਾਂ ਵੱਲੋਂ ਵਰਗਲਾਏ ਜਾਣ, ਸ਼ੋਸ਼ਣ ਅਤੇ ਹਿੰਸਾ ਤੋਂ ਬਚਾਉਣ ਲਈ ਲਿਆਂਦਾ ਗਿਆ ਸੀ। ਇਹ ਦੋਵੇਂ ਅਪਰਾਧ ਇੱਕ ਡੂੰਘੇ ਪਾਖੰਡ ਵਾਲੀ ਸਮਾਜਿਕ ਸੋਚ ਦੀ ਭਿਆਨਕ ਹਕੀਕਤ ਸਾਹਮਣੇ ਲਿਆਉਂਦੇ ਹਨ। ਇਹ ਸੋਚ ਕਿਸ਼ੋਰ ਲੜਕੀਆਂ ਨੂੰ ਬੱਚੀਆਂ ਮੰਨ ਕੇ ਉਨ੍ਹਾਂ ਦੀ ਫ਼ੈਸਲੇ ਲੈਣ ਦੀ ਸਮਰੱਥਾ ਖੋਹ ਲੈਂਦੀ ਹੈ ਅਤੇ ਉਨ੍ਹਾਂ ਦੇ ਕੱਪੜਿਆਂ ਬਾਰੇ ਹੁਕਮ ਦਿੰਦੀ ਹੈ; ਪਰ ਜਦੋਂ ਉਹ ਜਿਨਸੀ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਹੀ ਦੋਸ਼ੀ ਠਹਿਰਾਉਂਦੀ ਹੈ ਅਤੇ ਬਾਲਗਾਂ ਵਾਂਗ ਉਨ੍ਹਾਂ ਦਾ ਮੁਲਾਂਕਣ ਕਰਦੀ ਹੈ। ਇਸ ਤਰ੍ਹਾਂ ਇੱਕ ਬਾਲਗ ਮਰਦ ਦੇ ਅਪਰਾਧਕ ਵਤੀਰੇ ਦਾ ਬੋਝ ਇੱਕ ਬੱਚੀ ਦੇ ਮੋਢਿਆਂ ਉੱਤੇ ਪਾ ਦਿੱਤਾ ਜਾਂਦਾ ਹੈ।

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਦੇ ਅੰਕੜਿਆਂ ਮੁਤਾਬਕ, ਪੋਕਸੋ ਕਾਨੂੰਨ ਤਹਿਤ ਦਰਜ ਬੱਚਿਆਂ ਵਿਰੁੱਧ ਅਪਰਾਧਾਂ ਦੀ ਗਿਣਤੀ 2022 ਵਿਚ 1,62,449 ਤੋਂ ਵਧ ਕੇ 2023 ਵਿਚ 1,77,335 ਹੋ ਗਈ। ਸੰਸਥਾਵਾਂ ਤੋਂ ਡਰ, ਸਮਾਜਿਕ ਕਲੰਕ ਅਤੇ ਜਨਤਕ ਤੌਰ 'ਤੇ ਸ਼ਰਮਿੰਦਾ ਕੀਤੇ ਜਾਣ ਦੇ ਸਦਮੇ ਕਾਰਨ ਕਈ ਮਾਮਲੇ ਸ਼ਾਇਦ ਦਰਜ ਹੀ ਨਹੀਂ ਹੋਏ। ਨੈਤਿਕਤਾ ਦੇ ਨਾਂ 'ਤੇ ਪਹਿਰੇਦਾਰੀ ਜਾਂ ਹਿੰਸਾ ਦਾ ਸਾਹਮਣਾ ਕਰਨ ਵਾਲੇ ਅਣਗਿਣਤ ਪੀੜਤ ਚੁੱਪ ਰਹਿਣ ਲਈ ਮਜਬੂਰ ਹੋਏ ਹੋਣਗੇ। ਇਹ ਪਹਿਰੇਦਾਰੀ ਉਸ ਵੇਲੇ ਵਧਦੀ-ਫੁੱਲਦੀ ਹੈ ਜਦੋਂ ਇਹ ਚਰਚਾ ਨੂੰ ਆਪਣੇ ਹੱਕ ਵਿਚ ਮੋੜ ਸਕਦੀ ਹੈ ਅਤੇ ਮਰਦ-ਕੇਂਦਰਿਤ ਬਿਰਤਾਂਤਾਂ ਨੂੰ ਮਜ਼ਬੂਤ ਕਰ ਸਕਦੀ ਹੈ। ਸਾਨੂੰ ਆਪਣੇ ਮੁੰਡਿਆਂ ਦੀ ਪਰਵਰਿਸ਼ ਕਰਨ ਦੇ ਢੰਗ ਵਿਚ ਬੁਨਿਆਦੀ ਤਬਦੀਲੀ ਲਿਆਉਣ ਦੀ ਲੋੜ ਹੈ। ਸਾਨੂੰ ਮੁੜ ਸੋਚਣਾ ਅਤੇ ਪਰਖਣਾ ਪਵੇਗਾ ਕਿ ਅਸੀਂ ਆਪਣੇ ਪਰਿਵਾਰਾਂ, ਭਾਈਚਾਰਿਆਂ ਅਤੇ ਸਮਾਜ ਦੀ ਉਸਾਰੀ ਕਿਵੇਂ ਕਰਦੇ ਹਾਂ। ਸਮਾਂ ਆ ਗਿਆ ਹੈ ਕਿ ਔਰਤਾਂ ਦੇ ਜਿਸਮਾਂ ਨੂੰ ਸਮਾਜਿਕ ਅਤੇ ਸੱਭਿਆਚਾਰਕ ਨੈਤਿਕਤਾ ਦਾ ਪ੍ਰਤੀਕ ਬਣਾਉਣ ਦੀ ਸੋਚ ਤੋਂ ਆਜ਼ਾਦ ਕੀਤਾ ਜਾਵੇ ਅਤੇ ਇਹ ਮੰਨਿਆ ਜਾਵੇ ਕਿ ਆਪਣੇ ਜਿਸਮਾਂ ਉੱਤੇ ਔਰਤਾਂ ਦੇ ਹੱਕ ਅਟੱਲ, ਪੂਰਨ ਅਤੇ ਸਮਝੌਤੇ ਤੋਂ ਪਰੇ ਹਨ। (

***-ਲੇਖਕ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ ਵਿਚ ਐਸੋਸੀਏਟ ਪ੍ਰੋਫੈਸਰ ਹਨ।***

# ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਿਰਾਂ ਦੀ ਸ਼ਹਾਦਤ ਦੀ ਦਾਸਤਾਨ

**112ਵੇਂ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼**



ਡਾ. ਗੁਰਵਿੰਦਰ ਸਿੰਘ
ਫੋਨ: 604 825 1550

ਅੱਜ ਤੋਂ 112 ਵਰ੍ਹੇ ਪਹਿਲਾਂ 29 ਸਤੰਬਰ ਦੇ ਦਿਨ 1914 ਈ. ਨੂੰ ਗੁਰੂ ਨਾਨਕ ਜਹਾਜ਼ ਦੇ 19 ਮੁਸਾਫ਼ਿਰਾਂ ਨੂੰ ਕੋਲਕੱਤਾ ਨੇੜੇ ਬਜਬਜ ਘਾਟ 'ਤੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਹ ਮੁਸਾਫਰ ਅੰਗਰੇਜ਼ ਬਸਤੀਵਾਦ ਦੇ ਜਬਰ ਦੇ ਖ਼ਿਲਾਫ਼ ਲੜੇ ਸਨ। ਉਹ ਆਜ਼ਾਦੀ ਘੁਲਾਟੀਏ ਸਨ, ਪਰ ਨਾ ਭਾਰਤ ਸਰਕਾਰ ਨੂੰ ਇਨ੍ਹਾਂ ਦਾ ਸ਼ਹੀਦੀ ਦਿਨ ਯਾਦ ਹੈ, ਨਾ ਹੀ ਪੰਜਾਬ ਸਰਕਾਰ ਨੇ ਹੀ ਕਦੇ ਇਨ੍ਹਾਂ ਸ਼ਹੀਦਾਂ ਨੂੰ ਯਾਦ ਕੀਤਾ ਹੈ। ਇਹ ਅਕ੍ਰਿਤਘਣਤਾ ਦੀ ਸਿਖਰ ਹੈ। ਦਰਅਸਲ ਸੰਸਾਰ ਦੇ ਇਤਿਹਾਸ ਵਿਚ ਸਮੁੰਦਰੀ ਬੇੜੇ ਗੁਰੂ ਨਾਨਕ ਜਹਾਜ਼ ਦੀ ਸਾਖੀ ਖ਼ਾਸ ਮਹੱਤਵ ਰੱਖਦੀ ਹੈ। ਉਸ ਵੇਲੇ ਦੀ ਕੈਨੇਡਾ ਦੀ ਨਸਲਵਾਦੀ ਸਰਕਾਰ ਨੇ ਮਨੁੱਖੀ ਹੱਕਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਇਸ ਸਮੁੰਦਰੀ ਬੇੜੇ ਨੂੰ, ਵੈਨਕੂਵਰ ਬੰਦਰਗਾਹ 'ਤੇ ਜਬਰੀ ਰੋਕੀ ਰੱਖਿਆ ਅਤੇ ਮੁਸਾਫਰਾਂ ਨੂੰ ਬਾਹਰ ਨਾ ਨਿਕਲਣ ਦਿੱਤਾ। 112 ਵਰ੍ਹੇ ਪਹਿਲਾਂ 377 ਮੁਸਾਫ਼ਿਰਾਂ ਵਾਲੇ ਸਮੁੰਦਰੀ ਬੇੜੇ 'ਗੁਰੂ ਨਾਨਕ ਜਹਾਜ਼' ਨੂੰ ਜਬਰੀ ਭਾਰਤ ਵਾਪਸ ਮੋੜ ਦਿੱਤਾ ਸੀ।

ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਆਤਮ-ਕਥਾ 'ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੀ ਦਰਦ ਭਰੀ ਕਹਾਣੀ' 1920 ਵਿਚ ਲਿਖੀ ਸੀ ਜਿਸ ਨੂੰ ਡਾ. ਗੁਰਦੇਵ ਸਿੰਘ ਸਿੱਧੂ ਨੇ ਸੰਪਾਦਿਤ ਕਰਕੇ ਪਾਠਕਾਂ ਤੱਕ ਪਹੁੰਚਾਇਆ ਹੈ। ਇਸ ਵਿਚੋਂ ਮਿਲਦੇ ਹਵਾਲਿਆਂ ਅਨੁਸਾਰ ਵੀਹਵੀਂ ਸਦੀ ਦੇ ਆਰੰਭ ਵਿਚ ਕੈਨੇਡਾ ਵਿਚ ਨਸਲਵਾਦੀ ਗੋਰੀ ਸਰਕਾਰ ਸੀ, ਜਿਸ ਨੇ 1907 ਵਿਚ ਪਹਿਲਾਂ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਿਆ ਤੇ ਉਸ ਤੋਂ ਬਾਅਦ ਕੈਨੇਡਾ ਆਉਣ ਲਈ ਆਪਣੇ ਮੁਲਕ ਤੋਂ ਸਿੱਧੇ ਸਫ਼ਰ ਦੀ ਸ਼ਰਤ ਲਾ ਦਿੱਤੀ। ਸਿੱਧੇ ਸਫਰ ਰਾਹੀਂ ਕੈਨੇਡਾ ਦਾਖਲ ਹੋਣ ਤੋਂ ਰੋਕਣ ਦਾ ਇਹ ਕਾਲਾ ਕਾਨੂੰਨ ਸੀ, ਜਿਸ ਨੂੰ ਪ੍ਰਭਾਵਹੀਣ ਕਰਨ ਲਈ ਕੈਨੇਡਾ ਦੇ ਮੋਢੀ ਸਿੱਖਾਂ ਸ਼ਹੀਦ ਭਾਈ ਭਾਗ ਸਿੰਘ ਜੀ ਭਿਖੀਪਿੰਡ, ਪ੍ਰਧਾਨ ਅਤੇ ਸ਼ਹੀਦ ਭਾਈ ਬਲਵੰਤ ਸਿੰਘ ਜੀ ਖੁਰਦਪੁਰ ਮੁੱਖ ਗ੍ਰੰਥੀ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਸਲਾਹ 'ਤੇ ਮਾਝੇ ਦੇ ਨਾਮਵਰ ਸਿੱਖ ਆਗੂ ਅਤੇ ਕਾਰੋਬਾਰੀ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਦੂਰ-ਅੰਦੇਸ਼ੀ ਨਾਲ ਵਿਉਂਤ ਸੋਚੀ।

ਕੈਨੇਡਾ ਸਰਕਾਰ ਦੇ 'ਨਸਲੀ ਵਿਤਕਰੇ ਵਾਲੇ ਕਾਨੂੰਨ ਨਿਰੰਤਰ ਸਿੱਧੇ ਸਫਰ' ਨੂੰ ਚੁਣੌਤੀ ਦੇਣ ਲਈ ਜਨਵਰੀ 1914 ਵਿਚ ਬਾਬਾ ਜੀ ਵੱਲੋਂ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਕਾਇਮ ਕੀਤੀ ਗਈ, ਜਿਸ ਅਧੀਨ 'ਗੁਰੂ ਨਾਨਕ ਸਾਹਿਬ' ਦੇ ਨਾਂ 'ਤੇ ਇੱਕ ਜਹਾਜ਼ ਕਿਰਾਏ ਤੇ ਲੈਣ ਦਾ ਫੈਸਲਾ ਕੀਤਾ ਗਿਆ। ਉਨਾਂ ਸਮੁੰਦਰੀ ਬੇੜੇ ਦੀ ਭਾਲ ਕਰਦਿਆਂ ਸਭ ਤੋਂ ਪਹਿਲਾਂ 'ਸਿੰਗਾਪੁਰ ਸਟੀਮਸ਼ਿਪ ਕੰਪਨੀ' ਦੇ ਮੈਨੇਜਰ ਰਾਹੀਂ 'ਲਿਥੋ ਐਂਡ ਕੰਪਨੀ' ਨੂੰ ਸੰਪਰਕ ਕੀਤਾ, ਪਰ ਉਨ੍ਹਾਂ ਦਾ ਜਹਾਜ਼ ਪੁਰਾਣਾ ਹੋਣ ਕਾਰਨ ਪੈਸੇਫ਼ਿਕ ਸਮੁੰਦਰ ਵਿਚ ਉਤਾਰੇ ਜਾਣ ਦੇ ਸਮਰੱਥ ਨਹੀਂ ਸੀ। ਇਉਂ ਹੀ ਕਈ ਹੋਰ ਬੇੜਿਆਂ ਦੀ ਭਾਲ ਕੀਤੀ ਗਈ। ਆਖ਼ਰਕਾਰ ਜਰਮਨ ਦੇ ਏਜੰਟ ਯੂਨੇ ਰਾਹੀਂ ਜਪਾਨੀ ਕੰਪਨੀ 'ਕਾਮਾਗਾਟਾ' ਨਾਲ ਸੰਪਰਕ ਕੀਤਾ ਅਤੇ ਉਹਨਾਂ ਦਾ ਜਹਾਜ਼ ਲੈਣ ਦਾ ਫੈਸਲਾ ਕੀਤਾ। ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਬੇੜਾ, ਜਾਪਾਨ ਤੋਂ 11 ਹਜ਼ਾਰ ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ, ਛੇ ਮਹੀਨਿਆਂ ਲਈ ਭਾੜੇ 'ਤੇ ਲਿਆ। ਇਸ ਦਾ ਆਕਾਰ 392.2 ਫ਼ੁੱਟ ਸੀ ਅਤੇ 3 ਹਜ਼ਾਰ ਟਨ ਮਾਲ ਢੋਣ ਦੀ ਸਮਰੱਥਾ ਸੀ, ਜਦ ਕਿ ਇੱਕ ਘੰਟੇ ਵਿਚ 20 ਕਿਲੋਮੀਟਰ ਦਾ ਸਫਰ ਤੈਅ ਕਰ ਸਕਦਾ ਸੀ। ਇਹ ਜਹਾਜ਼ ਕੋਲਾ ਢੋਣ ਵਾਲਾ ਸੀ ਤੇ ਯਾਤਰੂ ਜਹਾਜ਼ ਦੇ ਰੂਪ ਵਿਚ ਬਦਲਣ ਲਈ ਬਾਬਾ ਗੁਰਦਿੱਤ ਸਿੰਘ ਨੇ ਅੰਦਰੋਂ ਕਾਫੀ ਤਬਦੀਲੀ ਕੀਤੀ ਅਤੇ 2500 ਡਾਲਰ ਖਰਚੇ ਤੇ ਬੈਠਣ ਲਈ ਬੈਂਚ ਆਦਿ ਦਾ ਪ੍ਰਬੰਧ ਕੀਤਾ। ਭਾਰੀ ਖਰਚਾ ਕਰਕੇ ਜਹਾਜ਼ ਦੀ ਮੁਰੰਮਤ ਕਰਵਾਉਂਦਿਆਂ, ਪੂਰੀ ਤਿਆਰੀ ਨਾਲ ਜਹਾਜ਼ ਮੁਸਾਫਿਰ ਲਿਜਾਣ ਦੇ ਯੋਗ ਬਣਾਇਆ ਗਿਆ।

ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਮਾਰਚ 1914 ਨੂੰ ਹਾਂਗਕਾਂਗ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਖੰਡ ਪਾਠ ਕਰਵਾਏ ਅਤੇ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਾ ਨਾਮਕਰਨ 'ਗੁਰੂ ਨਾਨਕ ਜਹਾਜ਼' ਕੀਤਾ ਗਿਆ। ਕਾਨੂੰਨੀ ਪਹਿਲੂ ਵਿਚਾਰਦਿਆਂ ਜਹਾਜ਼ ਦੀਆਂ ਟਿਕਟਾਂ 'ਗੁਰੂ ਨਾਨਕ ਨੈਵੀਗੇਸ਼ਨ ਕੰਪਨੀ' ਵੱਲੋਂ ਪ੍ਰਕਾਸ਼ਿਤ ਹੋਈਆਂ ਅਤੇ ਟਿਕਟਾਂ ਉੱਪਰ ਜਹਾਜ਼ ਦਾ ਨਾਂ 'ਗੁਰੂ ਨਾਨਕ ਸਟੀਮਰ' ਲਿਖਿਆ ਗਿਆ। ਗੁਰੂ ਨਾਨਕ ਜਹਾਜ਼ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਜਿੱਥੇ ਦੀਵਾਨ ਜੁੜਦੇ, ਢਾਡੀ ਵਾਰਾਂ ਗਾਉਂਦੇ ਅਤੇ ਨਿਸ਼ਾਨ ਸਾਹਿਬ ਝੁਲਾਇਆ ਜਾਂਦਾ। ਸਾਂਝੇ ਪੰਜਾਬ (ਅਜੋਕੇ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼) ਦੇ ਸਭ ਯਾਤਰੂ ਜਾਣਦੇ ਸਨ ਕਿ 'ਗੁਰੂ ਨਾਨਕ ਜਹਾਜ਼' ਨਾਂ ਦੇ ਅਧੀਨ ਹੀ ਸਭ ਨੂੰ 'ਸਾਂਝੀ ਗੋਦ' ਵਿਚ ਲਿਆ ਜਾ ਸਕਦਾ ਸੀ। ਇਤਿਹਾਸਿਕ ਤੱਥਾਂ 'ਤੇ ਅਧਾਰਤ ਇਸ ਜਾਣਕਾਰੀ ਤੋਂ ਬਾਅਦ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਇਸ ਸਮੁੰਦਰੀ ਬੇੜੇ ਦਾ ਨਾਂ ਗੁਰੂ ਨਾਨਕ ਜਹਾਜ਼ ਹੈ ਅਤੇ ਇਤਿਹਾਸਕਾਰਾਂ ਲਈ ਗੁਰੂ ਨਾਨਕ ਜਹਾਜ਼ ਸ਼ਬਦ ਹੀ ਵਰਤਣਾ ਉਚਿਤ ਹੈ। ਕਈ ਲੇਖਕਾਂ ਵੱਲੋਂ ਅੱਜ ਵੀ ਜਾਣੇ-ਅਣਜਾਣੇ ਵਿਚ ਗੁਰੂ ਨਾਨਕ ਜਹਾਜ਼ ਨੂੰ, ਜਾਪਾਨੀ ਨਾਂ ਕਾਮਾਗਾਟਾਮਾਰੂ ਨਾਲ ਹੀ ਬਿਆਨਿਆ ਜਾਂਦਾ ਹੈ, ਜੋ ਕਿ ਸਹੀ ਨਹੀਂ। ਬਹੁਤ ਚੰਗੀ ਗੱਲ ਹੈ ਕਿ ਵੈਨਕੂਵਰ ਦੇ ਸਮੁੰਦਰੀ ਤੱਟ 'ਤੇ ਸਰਕਾਰ ਵੱਲੋਂ 'ਗੁਰੂ ਨਾਨਕ ਜਹਾਜ਼ ਮੈਮੋਰੀਅਲ' ਨਾਂ ਸੋਧ ਕੇ ਲਿਖਿਆ ਗਿਆ ਹੈ ਅਤੇ 'ਵੈਨਕੂਵਰ, ਸਰੀ ਸਿਟੀ ਕੌਂਸਲਾਂ' ਵੱਲੋਂ 'ਗੁਰੂ ਨਾਨਕ ਜਹਾਜ਼ ਨਾਂ 'ਤੇ ਐਲਾਨਨਾਮੇ' ਜਾਰੀ ਹੋਏ ਹਨ, ਜਿਨ੍ਹਾਂ ਤੋਂ ਸੇਧ ਲੈ ਕੇ ਬੀਸੀ ਸੂਬਾਈ ਅਤੇ ਕੈਨੇਡਾ ਸਰਕਾਰ ਵੀ ਆਪਣੇ 'ਮਾਫੀਨਾਮਿਆਂ ਵਿਚ ਸੋਧ' ਜ਼ਰੂਰ ਕਰਨਗੀਆਂ।



ਗੁਰੂ ਨਾਨਕ ਜਹਾਜ਼ ਦੇ ਸ਼ਹੀਦੀ ਸਾਕੇ ਦੀ ਯਾਦ।

ਬਾਬਾ ਗੁਰਦਿੱਤ ਸਿੰਘ ਸਰਹਾਲੀ ਵੱਲੋਂ ਅਣਥੱਕ ਯਤਨਾਂ ਨਾਲ ਇਥੇ ਲਿਆਂਦੇ ਸਮੁੰਦਰੀ ਜਹਾਜ਼ ਦੇ ਮੁਸਾਫ਼ਿਰਾਂ ਨੂੰ 23 ਮਈ 1914 ਤੋਂ ਲੈ ਕੇ 23 ਜੁਲਾਈ 1914 ਤੱਕ ਦੋ ਮਹੀਨੇ ਵੈਨਕੂਵਰ ਦੀ ਬੰਦਰਗਾਹ 'ਤੇ ਬੰਦੀ ਬਣਾਈ ਰੱਖਿਆ। 19 ਜੁਲਾਈ,1914 ਨੂੰ ਤੜਕੇ, 35 ਡਿਪੂਟਾਈਜ਼ਡ ਅਫਸਰਾਂ ਅਤੇ 125 ਸਿਟੀ ਪੁਲਿਸ ਅਧਿਕਾਰੀਆਂ ਦੇ ਨਾਲ ਛੋਟਾ ਸਰਕਾਰੀ ਸਮੁੰਦਰੀ ਜਹਾਜ਼, ਸਾਰੇ ਹਥਿਆਰਬੰਦ ਹਮਲਾਵਰਾਂ ਨੂੰ ਨਾਲ ਲੈ ਕੇ ਗੁਰੂ ਨਾਨਕ ਜਹਾਜ਼ ਨੂੰ ਬੰਦਰਗਾਹ 'ਤੋਂ ਬਾਹਰ ਕੱਢਣ ਦੇ ਇਰਾਦੇ ਨਾਲ ਨੇੜੇ ਆਣ ਪਹੁੰਚਿਆ। ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰ ਧੱਕੇਸ਼ਾਹੀ ਦਾ ਵਿਰੋਧ ਕਰ ਰਹੇ ਸਨ। ਸਰਕਾਰੀ ਹਮਲੇ ਦੇ ਜਵਾਬ ਵਿਚ ਮੁਸਾਫਿਰਾਂ ਨੇ ਜੈਕਾਰੇ ਲਾਉਂਦਿਆਂ ਹੋਇਆਂ ਮੋੜਵਾਂ ਪ੍ਰਤਿਕਰਮ ਦਿੱਤਾ। ਯਾਤਰੀਆਂ ਨੇ ਫੈਸਲਾ ਕੀਤਾ ਕਿ ਉਹ 'ਜਬਰ ਦਾ ਮੁਕਾਬਲਾ ਚੜ੍ਹਦੀ ਕਲਾ' ਨਾਲ ਕਰਨਗੇ। ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦਾ ਰੋਹ ਦੇਖਦਿਆਂ ਹੋਇਆਂ ਸਰਕਾਰ ਨੇ ਆਪਣਾ ਹਮਲਾਵਰ ਜਹਾਜ਼ ਵਾਪਸ ਮੋੜ ਲਿਆ। ਆਖਿਰਕਾਰ 23 ਜੁਲਾਈ 1914 ਨੂੰ ਗੁਰੂ ਨਾਨਕ ਜਹਾਜ਼ ਨੂੰ ਕੈਨੇਡੀਅਨ ਫੌਜ ਅਤੇ ਹਕੂਮਤ ਵੱਲੋਂ, ਕੈਨੇਡੀਅਨ ਪਾਣੀਆਂ 'ਚੋਂ ਵਿਤਕਰਿਆਂ ਅਤੇ ਧੱਕੇਸ਼ਾਹੀਆਂ ਨਾਲ ਬਾਹਰ ਕਰ ਦਿੱਤਾ ਗਿਆ।



ਮਰਹੂਮ ਚਿਤਰਕਾਰ ਜਰਨੈਲ ਸਿੰਘ ਵੱਲੋਂ ਬਜਬਜ ਘਾਟ 'ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਮੁਸਾਫਰਾਂ ਵੱਲੋਂ ਲਿਜਾਣ 'ਤੇ ਬ੍ਰਿਟਿਸ਼ ਪੁਲਿਸ ਵੱਲੋਂ ਰੋਕੇ ਜਾਣ ਦੀ ਪੇਂਟਿੰਗ।

ਦੋ ਮਹੀਨੇ ਦੀ ਭਾਰੀ ਖੱਜਲ-ਖੁਆਰੀ ਤੋਂ ਬਾਅਦ 26 ਸਤੰਬਰ 1914 ਨੂੰ ਗੁਰੂ ਨਾਨਕ ਜਹਾਜ਼ ਕੋਲਕੱਤੇ ਤੋਂ ਕੋਈ 100 ਮੀਲ ਦੂਰੀ 'ਤੇ ਜਬਰੀ ਰੋਕ ਲਿਆ ਗਿਆ ਅਤੇ ਦੋ ਦਿਨ ਤਲਾਸ਼ੀਆਂ ਹੁੰਦੀਆਂ ਰਹੀਆਂ। 29 ਸਤੰਬਰ ਨੂੰ ਕੋਲਕੱਤੇ ਤੋਂ ਕੁਝ ਦੂਰੀ 'ਤੇ ਬਜ ਬਜ ਘਾਟ 'ਤੇ ਮੁਸਾਫ਼ਿਰਾਂ ਨੂੰ ਜਬਰੀ ਉਤਰਨ ਲਈ ਕਿਹਾ ਗਿਆ ਤੇ ਰਾਜਨੀਤਿਕ ਵਿਘਨ ਪਾਉਣ ਵਾਲੇ 'ਅੱਜ ਦੇ ਅੰਦੋਲਨ ਜੀਵੀਆਂ' ਵਾਂਗ ਕਰਾਰ ਦੇ ਕੇ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ ਗਿਆ। ਸਿੱਖ ਮੁਸਾਫ਼ਿਰ ਗ੍ਰਿਫਤਾਰੀ ਅਤੇ ਪੰਜਾਬ ਵਾਪਸੀ ਤੋਂ ਪਹਿਲਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕਲਕੱਤੇ ਦੇ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਕਰਨਾ ਚਾਹੁੰਦੇ ਸਨ, ਪਰ ਇਸ ਦਾ ਵਿਰੋਧ ਕਰਦਿਆਂ ਹੋਇਆਂ, ਬ੍ਰਿਟਿਸ਼ ਭਾਰਤੀ ਪ੍ਰਸ਼ਾਸਨ ਵੱਲੋਂ ਉਨ੍ਹਾਂ ਉੱਪਰ ਗੋਲੀਆਂ ਚਲਾਈਆਂ ਗਈਆਂ। ਇਸ ਦੁਖਦਾਈ ਘਟਨਾ ਦੀ ਅਗਵਾਈ ਬ੍ਰਿਟਿਸ਼ ਭਾਰਤੀ ਫੌਜ ਦੁਆਰਾ ਕੀਤੀ ਗਈ, ਜਿਸ ਦੇ ਨਤੀਜੇ ਵਜੋਂ 19 ਯਾਤਰੀ ਸ਼ਹੀਦ ਹੋ ਗਏ, ਬਹੁਤ ਸਾਰੇ ਜ਼ਖਮੀ ਹੋਏ ਅਤੇ ਬਹੁਤ ਸਾਰੇ ਹੋਰ ਕੈਦ ਹੋ ਗਏ। ਬ੍ਰਿਟਿਸ਼ ਭਾਰਤੀ ਨਸਲਵਾਦੀ ਸਰਕਾਰ ਦੇ ਖ਼ੂਨੀ ਸਾਕੇ ਦਾ ਇਹ ਦਿਲ-ਕੰਬਾਊ ਅਧਿਆਇ ਸੀ, ਜੋ ਅੱਜ ਦੇ ਭਾਰਤੀ ਸਿਆਸਤਦਾਨਾਂ ਦੇ ਮਨਾਂ ਚੋਂ ਪੂਰੀ ਤਰ੍ਹਾਂ ਵਿਸਰ ਚੁੱਕਾ ਹੈ।

ਇਧਰ ਕੈਨੇਡਾ ਦੀ ਧਰਤੀ 'ਤੇ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ 'ਤੇ ਹੋਏ ਨਸਲੀ ਧੱਕੇ ਦੇ ਦੁਖਾਂਤ ਲਈ ਮੁਆਫ਼ੀ ਦੀ ਮੰਗ ਨਿਰੰਤਰ ਉੱਠਦੀ ਰਹੀ। ਆਖ਼ਰਕਾਰ ਕੈਨੇਡਾ ਦੀ ਲਿਬਰਲ ਸਰਕਾਰ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 18 ਮਈ, 2016 ਦੇ ਦਿਨ ਮੁਆਫ਼ੀਨਾਮਾ ਜਾਰੀ ਕਰਕੇ ਨਵਾਂ ਅਧਿਆਇ ਸਿਰਜ ਦਿੱਤਾ। ਕੈਨੇਡਾ ਦੀ ਪਾਰਲੀਮੈਂਟ 'ਚ ਪ੍ਰਵਾਸੀਆਂ ਨੂੰ ਕਾਲੇ ਕਾਨੂੰਨਾਂ ਰਾਹੀਂ ਧੱਕੇ ਨਾਲ ਵਾਪਸ ਮੋੜਨ ਦੀਆਂ ਇਤਿਹਾਸਕ ਗ਼ਲਤੀਆਂ 'ਤੇ ਮੁਆਫ਼ੀ ਮੰਗਣ ਅਤੇ ਉਨ੍ਹਾਂ ਤੋਂ ਸਬਕ ਸਿੱਖਣ ਦਾ ਇਹ ਕਦਮ, ਇਥੇ ਵਸੇ ਪ੍ਰਵਾਸੀਆਂ ਨੂੰ ਮਾਨਤਾ ਦੇਣ ਦੇ ਸੰਦਰਭ 'ਚ ਖ਼ਾਸ ਮਹੱਤਵ ਰੱਖਦਾ ਹੈ। ਕੈਨੇਡਾ ਦੀ ਪਹਿਲਕਦਮੀ ਇਹ ਵੀ ਸੁਨੇਹਾ ਦਿੰਦੀ ਹੈ ਕਿ ਜੇਕਰ ਸਰਕਾਰਾਂ ਇਤਿਹਾਸ ਦੀਆਂ ਗ਼ਲਤੀਆਂ ਤੋਂ ਸਬਕ ਲੈ ਕੇ, ਮੁੜ ਗ਼ਲਤੀਆਂ ਨਾ ਦੁਹਰਾਉਣ ਦਾ ਤਹੱਈਆ ਕਰਨ, ਤਾਂ ਇਹ ਸਹੀ ਅਰਥਾਂ 'ਚ ਨਵੀਆਂ ਲੀਹਾਂ ਪਾਉਣ ਦੇ ਬਰਾਬਰ ਹੁੰਦਾ ਹੈ। ਜੇਕਰ ਘੱਲੂਘਾਰਿਆਂ, ਨਸਲਕੁਸ਼ੀਆਂ ਅਤੇ ਦੇਸ਼ ਪੱਧਰੀ ਦੁਖਾਂਤਾਂ ਲਈ ਇਤਿਹਾਸਕ ਗ਼ਲਤੀਆਂ ਦਾ ਪਛਤਾਵਾ ਹੋਵੇ, ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਅਤੇ ਘੱਟ-ਗਿਣਤੀਆਂ ਸੁਰੱਖਿਅਤ ਹੋਣ, ਤਦ ਹੀ ਮੁਆਫ਼ੀਨਾਮਾ ਕੋਈ ਅਰਥ ਰੱਖਦਾ ਹੈ, ਨਹੀਂ ਤਾਂ ਇਹ ਮਹਿਜ਼ ਸਿਆਸੀ ਬਿਆਨਬਾਜ਼ੀ ਤੋਂ ਵੱਧ ਕੁਝ ਨਹੀਂ। ਸ਼ਹੀਦਾਂ ਨੂੰ ਯਾਦ ਕਰਨ ਅਤੇ ਇਤਿਹਾਸਕ ਗੁਨਾਹਾਂ ਦੀਆਂ ਮੁਆਫ਼ੀਆਂ ਮੰਗਣ ਦੇ ਵਿਚਾਰ ਅਤੇ ਉਪਰਾਲੇ ਸ਼ਲਾਘਾਯੋਗ ਹਨ, ਪਰ ਜ਼ਰੂਰਤ ਇਸ ਗੱਲ ਦੀ ਹੈ ਕਿ ਕਿਤੇ ਵੀ ਮੂਲ ਵਾਸੀ ਲੋਕਾਂ ਜਾਂ ਪ੍ਰਵਾਸੀਆਂ ਨਾਲ, 'ਰੰਗ ਨਸਲ ਜਾਤ ਧਰਮ ਅਤੇ ਬੋਲੀ' ਦੇ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ।

ਕੈਨੇਡਾ ਤੋਂ ਸੇਧ ਲੈ ਕੇ ਭਾਰਤ ਦੀ ਸੰਸਦ 'ਚ ਵੀ ਗੁਰੂ ਨਾਨਕ ਜਹਾਜ਼ ਦੇ ਦੁਖਾਂਤ ਸਬੰਧੀ ਮਤਾ ਪੇਸ਼ ਕੀਤਾ ਜਾਣਾ ਬਣਦਾ ਸੀ ਤੇ ਇਸ ਦੇ ਮੁਸਾਫਿਰਾਂ ਦੀ ਕੁਰਬਾਨੀ ਨੂੰ ਵੀ ਚੇਤੇ ਕੀਤਾ ਜਾਣਾ ਚਾਹੀਦਾ ਸੀ। ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਾਂਗ ਪੰਜਾਬ ਦੀ ਵਿਧਾਨ ਸਭਾ 'ਚ ਵੀ ਅਜਿਹਾ ਕਦਮ ਚੁੱਕਿਆ ਜਾਣਾ ਚਾਹੀਦਾ ਸੀ, ਕਿਉਂਕਿ ਗੁਰੂ ਨਾਨਕ ਜਹਾਜ਼ ਦੇ ਲਗਪਗ ਸਾਰੇ ਮੁਸਾਫ਼ਿਰ ਸਾਂਝੇ ਪੰਜਾਬ ਨਾਲ ਸਬੰਧਤ ਸਨ, ਪਰ ਦੁੱਖ ਦੀ ਗੱਲ ਇਹ ਹੈ ਕਿ 29 ਸਤੰਬਰ ਦੇ ਸ਼ਹੀਦੀ ਦਿਹਾੜੇ ਨੂੰ ਨਾ ਕਦੇ ਭਾਰਤ ਦੀ ਕੇਂਦਰੀ ਸਰਕਾਰ ਤੇ ਨਾ ਹੀ ਕਦੇ ਪੰਜਾਬ ਦੀ ਸਰਕਾਰ ਨੇ ਯਾਦ ਕੀਤਾ ਹੈ। ਗੁਰੂ ਨਾਨਕ ਜਹਾਜ਼ ਦੇ 377 ਮੁਸਾਫਰਾਂ ਵਿਚ 341 ਸਿੱਖਾਂ ਤੋਂ ਇਲਾਵਾ 12 ਹਿੰਦੂ ਅਤੇ 24 ਮੁਸਲਮਾਨ ਵੀ ਸਵਾਰ ਸਨ, ਪਰ ਸਭ ਨੇ ਆਪੋ-ਆਪਣੇ ਅਕੀਦੇ ਅਤੇ ਧਰਮਾਂ ਨੂੰ ਨਿੱਜੀ ਪੱਧਰ 'ਤੇ ਰੱਖਿਆ ਅਤੇ ਕੈਨੇਡਾ ਦੇ ਨਸਲਵਾਦ ਅਤੇ ਭਾਰਤ ਦੇ ਬਸਤੀਵਾਦ ਖ਼ਿਲਾਫ਼ ਲੜੇ। ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦਾ ਸਾਂਝਾ ਸੰਘਰਸ਼ ਇਸ ਗੱਲ ਦਾ ਵੀ ਸੂਚਕ ਹੈ ਕਿ ਭਾਰਤ ਨੂੰ ਬ੍ਰਿਟਿਸ਼ ਬਸਤੀਵਾਦ ਤੋਂ ਆਜ਼ਾਦ ਕਰਵਾਉਣ ਲਈ ਤਾਂ ਸਾਰਿਆਂ ਨੇ ਮਿਲ ਕੇ ਕੁਰਬਾਨੀਆਂ ਕੀਤੀਆਂ, ਪਰ ਹੁਣ ਘੱਟ ਗਿਣਤੀਆਂ ਨਾਲ ਧੱਕਾ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ, ਇਸ ਤੋਂ ਵੱਡੀ ਦੁਖਦਾਈ ਗੱਲ ਹੋਰ ਕੁੱਝ ਨਹੀਂ ਹੋ ਸਕਦੀ। ਇਹ ਆਜ਼ਾਦੀ ਲਈ ਲੜਨ ਵਾਲੇ ਯੋਧਿਆਂ, ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਅਤੇ ਸਮੂਹ ਗਦਰੀ ਬਾਬਿਆਂ ਨਾਲ ਧ੍ਰੋਹ ਵੀ ਹੈ ਅਤੇ ਉਨ੍ਹਾਂ ਦੀ ਸੋਚ ਦਾ ਅਪਮਾਨ ਵੀ। ਨਵ-ਬਸਤੀਵਾਦ ਦੀ ਸਥਾਪਨਾ ਦੀ ਫਾਸ਼ੀਵਾਦੀ ਸੋਚ ਖਿਲਾਫ਼ ਸਭ ਨੂੰ ਇਕੱਠੇ ਹੋਣਾ ਚਾਹੀਦਾ ਹੈ, ਤਦ ਹੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਿਰਾਂ ਦੀਆਂ ਸ਼ਹੀਦੀਆਂ ਨੂੰ ਸਹੀ ਢੰਗ ਨਾਲ ਚੇਤੇ ਕੀਤਾ ਜਾ ਸਕਦਾ ਹੈ। ਭਾਰਤ ਅੱਜ ਜਿਸ ਦਿਸ਼ਾ ਵਲ ਵੱਧ ਰਿਹਾ ਹੈ, ਉਸ ਦੇ ਨਤੀਜੇ ਅਨੇਕਾਂ ਹੋਰ ਦੁਖਾਂਤਾਂ ਨੂੰ ਜਨਮ ਦੇ ਰਹੇ ਹਨ। ਨਵ-ਬਸਤੀਵਾਦ ਦੀ ਧਾਰਨੀ ਫਾਸ਼ੀਵਾਦੀ ਸਰਕਾਰ ਵੱਲੋਂ ਆਪਣੇ ਵਿਰੋਧੀਆਂ ਪ੍ਰੋਫ਼ੈਸਰਾਂ, ਐਕਟੀਵਿਸਟਾਂ, ਵਕੀਲਾਂ, ਪੱਤਰਕਾਰਾਂ ਨੂੰ ਜੇਲ੍ਹਾਂ ਚ ਸੁੱਟਿਆ ਜਾ ਰਿਹਾ ਹੈ। ਸੱਤਾ 'ਤੇ ਕਾਬਜ਼ ਇਹ ਜ਼ਾਲਮ ਲੋਕ 'ਸਵਰਕਰ ਦੇ ਪੈਰੋਕਾਰ' ਤਾਂ ਹਨ, ਪਰ ਗ਼ਦਰੀ ਬਾਬਿਆਂ ਅਤੇ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੇ ਪੈਰੋਕਾਰ ਨਹੀਂ ਹੋ ਸਕਦੇ। ਗੁਰੂ ਨਾਨਕ ਜਹਾਜ਼ ਦੇ ਮਹਾਨ ਮੁਸਾਫ਼ਿਰਾਂ ਨੇ 29 ਸਤੰਬਰ 1914 ਨੂੰ ਸ਼ਹੀਦੀਆਂ ਪਾਈਆਂ ਸਨ, ਉਨ੍ਹਾਂ ਦਾ ਸੁਨਹਿਰੀ ਇਤਿਹਾਸ ਸਦਾ ਮਾਰਗ ਦਰਸ਼ਨ ਕਰਦਾ ਰਹੇਗਾ।

---

**ਇਕ ਵਿਚਾਰ**

# 'ਸ਼ਿਕਾਇਤ ਜਾਂ ਅਰਦਾਸ'



ਹਰਦੀਪ ਸਿੰਘ ਸੋਢੀ, ਨਡਾਲਾ
ਫੋਨ: 480-794-0325

ਕਿਸੇ ਨੇ ਕਿਹਾ ਕਿ ਜੇ ਪਰਮਾਤਮਾ ਪ੍ਰਤੀ ਕੋਈ ਗਿਲਾ-ਸ਼ਿਕਵਾ ਜਾਂ ਸ਼ਿਕਾਇਤ ਹੋਵੇ ਤਾਂ ਉਸ ਦੀ ਸ਼ਿਕਾਇਤ ਕਿਸ ਅੱਗੇ ਕੀਤੀ ਜਾਵੇ? ਬਹੁਤ ਸੁੰਦਰ ਜਵਾਬ ਮਿਲਿਆ, ਕਹਿੰਦੇ ਸੋਚ ਕੇ ਵੇਖੋ ਕਿ ਜੇ ਤੁਹਾਨੂੰ ਤੁਹਾਡੀ ਮਾਂ ਕਿਸੇ ਗਲਤੀ ਕਾਰਨ ਮਾਰ ਰਹੀ ਹੈ, ਕੁੱਟ ਰਹੀ ਹੈ ਤਾਂ ਤੁਸੀਂ ਕੀ ਕਹਿੰਦੇ ਹੋ ਹਾਏ ਮਾਂ ਮੈਨੂੰ ਬਚਾਅ ਲੈ, ਮੈਨੂੰ ਬਚਾਅ ਲੈ, ਜਦ ਕਿ ਜਿਸ ਮਾਂ ਨੂੰ ਬਹੁੜੀ ਕਰਨ ਵਾਸਤੇ ਪੁਕਾਰ ਰਿਹਾ ਹੁੰਦਾ ਹੈ, ਉਹੋ ਮਾਂ ਹੀ ਤਾਂ ਕੁੱਟ ਰਹੀ ਹੁੰਦੀ ਹੈ, ਪਰ ਉਸ ਦਾ ਤਰਲਾ ਸੁਣ ਕੇ ਉਹ ਕੁੱਟਣੋਂ ਛੱਡ ਕੇ ਉਸ ਨੂੰ ਗਲਵੱਕੜੀ ਪਾ ਲੈਂਦੀ ਹੈ। ਉਸ ਦਾ ਮੱਥਾ ਚੁੰਮਦੀ ਹੈ, ਅੱਖਾਂ ਵਿੱਚੋਂ ਵਹਿ ਰਹੇ ਹੰਝੂ ਉਸ ਦੇ ਮੂੰਹ ਵਿਚ ਚਲੇ ਜਾਂਦੇ ਹਨ। ਜੇ ਕੋਈ ਨੈਪਕਿਨ ਆਦਿ ਨਜ਼ਦੀਕ ਨਾ ਹੋਵੇ ਤਾਂ ਆਪਣੀ ਚੁੰਨੀ ਨਾਲ ਹੀ ਵਗਦਾ ਹੋਇਆ ਨੱਕ ਵੀ ਸਾਫ਼ ਕਰ ਦੇਂਦੀ ਹੈ।

ਇਹ ਤਾਂ ਇੱਕ ਮਾਂ ਦਾ ਬਿਰਤਾਂਤ ਹੈ ਪਰ ਜਦ ਅਸੀਂ ਇਸ ਸ੍ਰਿਸ਼ਟੀ ਦੇ ਸੰਚਾਲਕ ਦੀਨ-ਦੁਨੀ ਦੇ ਮਾਲਕ ਅੱਗੇ ਰੋਵਾਂ ਗਿੜਗਿੜਾਵਾਂਗੇ ਤਾਂ ਉਹ ਸਾਡੇ ਸਿਰ 'ਤੇ ਹੱਥ ਕਿਉਂ ਨਾ ਰੱਖੇਗਾ? ਇਹੋ ਹੈ ਸਾਡੀ ਸਮਝ ਦੀ ਘਾਟ। ਅਸੀਂ ਪਰਮਾਤਮਾ ਦੀ ਸ਼ਿਕਾਇਤ ਲੈ ਕੇ ਕਿਸੇ ਪਾਖੰਡੀ ਦੀ ਸ਼ਰਨ ਵਿਚ ਜਾਵਾਂਗੇ ਕਿ ਰੱਬ ਸਾਨੂੰ ਆਹ ਨਹੀਂ ਦੇਂਦਾ, ਔਹ ਨਹੀਂ ਦੇਂਦਾ, ਅਸੀਂ ਪਾਠ ਕੀਤੇ ਹਨ, ਪ੍ਰਸ਼ਾਦ ਚੜ੍ਹਾਉਂਦੇ ਰਹੇ ਹਾਂ ਪਰ ਰੱਬ ਨੇ ਸਾਡੀ ਨਹੀਂ ਸੁਣੀ। ਉਹ ਬੂਬਨਾ ਅੰਦਰੋਂ ਸਭ ਕੁਝ ਸਮਝਦਾ ਹੋਇਆ ਵੀ ਤੁਹਾਨੂੰ ਤਸੱਲੀ ਦੇਵੇਗਾ ਕਿ ਅਸੀਂ ਤੇਰੀ ਰੇਖ ਵਿਚ ਐਸੀ ਮੇਖ ਮਾਰਾਂਗੇ ਕਿ ਰੱਬ ਕੀ ਉਹਦੇ ਵੱਡੇ ਵੀ ਤੇਰੀ ਚੌਂਕੀ ਭਰਨਗੇ। ਬੱਸ ਇਥੋਂ ਹੀ ਸਾਡੀ ਗੰਗਾ ਉਲਟੀ ਚੱਲਣੀ ਸ਼ੁਰੂ ਹੋ ਜਾਂਦੀ ਹੈ। ਅਸੀਂ ਹੋਰ ਬਿਬਤਾ ਸਹੇੜ ਲੈਂਦੇ ਹਾਂ।

ਜਿਵੇਂ ਕਹਿੰਦੇ ਹੁੰਦੇ ਨੇ ਕਿ ਨਮਾਜ਼ਾਂ ਬਖਸ਼ਾਉਣ ਗਈ ਨੂੰ ਰੋਜ਼ੇ ਰੱਖਣ ਦਾ ਫੁਰਮਾਨ ਮਿਲ ਗਿਆ...ਇਸ ਲਈ ਇਹ ਕਦੇ ਨਾ ਕਹੋ ਕਿ ਪਰਮਾਤਮਾ ਸਾਡੇ ਨਾਲ ਨਾਰਾਜ਼ ਹੈ, ਵਿਤਕਰਾ ਕਰਦਾ ਹੈ, ਸਾਨੂੰ ਉਸ ਨਾਲ ਗਿਲਾ ਸ਼ਿਕਵਾ ਹੈ।

ਭਲਿਓ! ਅਸੀਂ ਕੀ ਹਾਂ ਸਾਡੇ ਕੋਲ ਤਾਂ ਜਿਉਂਦੇ ਰਹਿਣ ਵਾਸਤੇ ਆਪਣਾ ਦੂਜਾ ਸਾਹ ਲੈਣ ਦੀ ਵੀ ਤਾਕਤ ਨਹੀਂ ਹੈ। ਲਿਹਾਜ਼ਾ ਜਿਸ ਹਾਲ ਵਿਚ ਵੀ ਮਾਲਕ ਸਾਨੂੰ ਰੱਖੇ ਰਹਿਣਾ ਚਾਹੀਦਾ ਹੈ ਅਤੇ ਜੋ ਵੀ ਮਿਲਿਆ ਹੈ ਉਸ ਦੇ ਸ਼ੁਕਰਾਨੇ ਦੀ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਵਾਹਿਗੁਰੂ ਮੈਨੂੰ ਤੂੰ ਜੋ ਬਖਸ਼ਿਆ ਹੈ, ਮੈਂ ਤਾਂ ਉਸ ਦੇ ਕਾਬਲ ਵੀ ਨਹੀਂ ਹਾਂ। ਹੁਣ ਮੈਨੂੰ ਹੋਰ ਲੋੜਾਂ ਹਨ। ਆਹ-ਆਹ ਮੇਰੀਆਂ ਨੇਕ ਮੰਗਾਂ ਹਨ, ਮੇਰੀ ਝੋਲੀ ਵਿਚ ਪਾ ਮੈਂ ਗਰੀਬ ਦਾ ਹੋਰ ਕੋਈ ਸਹਾਰਾ-ਦਵਾਰਾ ਨਹੀਂ ਹੈ। ਮੈਂ ਕਿਸ ਪਾਸੇ ਜਾਵਾਂ। ਵਾਹਿਗੂਰੂ ਤੁਹਾਨੂੰ ਆਪਣੀ ਮਿਹਰ ਦੇ ਪਾਤਰ ਬਣਾਵੇਗਾ ਤੁਹਾਡੀ ਝੋਲੀ ਦਾਤਾਂ ਨਾਲ ਭਰੇਗਾ ਅਤੇ ਜੇ ਅਸੀਂ ਉਸ ਦੀ ਰਜ਼ਾ ਦੇ ਅੱਗੇ ਚੌੜੇ ਹੋਵਾਂਗੇ ਤਾਂ ਪਵਿੱਤਰ ਗੁਰਬਾਣੀ ਸ੍ਰੀ ਸੁਖਮਨੀ ਸਾਹਿਬ ਦਾ ਫੁਰਮਾਨ ਸਰਵਣ ਕਰੋ ਜਿਸ ਵਿਚ ਪੰਚਮ ਗੁਰਦੇਵ ਫੁਰਮਾਨ ਕਰਦੇ ਹਨ

ਦਸੁ ਬਸਤੂ ਲੇ ਪਾਛੈ ਪਾਵੈ॥
ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥
ਤਉ ਮੂੜਾ ਕਹੁ ਕਹਾ ਕਰੇਇ॥

# ਉਥਲ-ਪੁਥਲ ਭਰੀ ਸਿਆਸਤ ਵਿਚ ਅਹਿਮ ਮੋੜ ਹੋ ਸਕਦੀਆਂ ਹਨ ਪੰਜਾਬ ਚੋਣਾਂ

ਅਸ਼ਵਨੀ ਕੁਮਾਰ

ਅਗਲੇ ਸਾਲ ਦੇ ਸ਼ੁਰੂ ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਸੂਬੇ ਦੇ ਉਥਲ-ਪੁਥਲ ਭਰੇ ਸਿਆਸੀ ਇਤਿਹਾਸ ਵਿਚ ਇਕ ਨਿਰਣਾਇਕ ਮੋੜ ਸਾਬਤ ਹੋ ਸਕਦੀਆਂ ਹਨ। ਮੌਜੂਦਾ ਸਿਆਸੀ ਦ੍ਰਿਸ਼ ਨੂੰ ਦੇਖਦਿਆਂ ਆਉਣ ਵਾਲੀਆਂ ਚੋਣਾਂ ਸਿਆਸੀ ਮੁਕਾਬਲੇ ਦੇ ਢੰਗ ਅਤੇ ਇਸ ਦੇ ਸਮੀਕਰਨਾਂ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰ ਸਕਦੀਆਂ ਹਨ। ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਪੰਜ ਪ੍ਰਮੁੱਖ ਸਿਆਸੀ ਪਾਰਟੀਆਂ ਸੱਤਾ ਲਈ ਚੋਣ ਮੈਦਾਨ ਵਿਚ ਆਹਮੋ-ਸਾਹਮਣੇ ਹੋਣਗੀਆਂ।

ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੂੰ ਚੁਣੌਤੀ ਦੇ ਰਹੀਆਂ ਚਾਰ ਵਿਰੋਧੀ ਪਾਰਟੀਆਂ ਵਿਚ 'ਵਾਰਿਸ ਪੰਜਾਬ ਦੇ' ਵੀ ਸ਼ਾਮਿਲ ਹੈ। ਇਹ ਇਕ ਨਵੀਂ ਸਿਆਸੀ ਜਥੇਬੰਦੀ ਹੈ, ਜਿਸ ਨੇ ਆਪਣੇ ਸੁਧਾਰਵਾਦੀ ਰੁਖ਼ ਅਤੇ ਸਿਆਸੀ ਬਦਲਾਅ ਦੇ ਵਾਅਦੇ ਕਾਰਨ ਪੇਂਡੂ ਸਿੱਖ ਨੌਜਵਾਨਾਂ ਵਿਚ ਕਾਫ਼ੀ ਪਕੜ ਬਣਾਈ ਹੈ। ਇਹ ਹਾਲਾਤ ਰਵਾਇਤੀ ਸਿਆਸੀ ਪਾਰਟੀਆਂ ਪ੍ਰਤੀ ਲੋਕਾਂ ਦੀ ਘਟ ਰਹੀ ਦਿਲਚਸਪੀ ਵੱਲ ਵੀ ਇਸ਼ਾਰਾ ਕਰਦੇ ਹਨ।

ਆਪਣੀ ਸਿਆਸੀ ਪ੍ਰਸੰਗਿਕਤਾ ਮੁੜ ਹਾਸਿਲ ਕਰਨ ਦੀ ਕੋਸ਼ਿਸ਼ ਕਰ ਰਿਹਾ ਅਕਾਲੀ ਦਲ ਤੇਜ਼ੀ ਨਾਲ ਉੱਭਰ ਰਹੀ ਭਾਜਪਾ ਅਤੇ ਕਾਂਗਰਸ ਵਲੋਂ ਪਹੁੰਚਾਏ ਗਏ ਸਿਆਸੀ ਨੁਕਸਾਨ ਤੋਂ ਉੱਤਰ ਸਕੇਗਾ, ਇਹ ਵੀ ਦੱਖਣ ਵਾਲੀ ਗੱਲ ਹੋਵੇਗੀ। ਇਸ ਦੇ ਨਾਲ ਹੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸੰਭਾਵਿਤ ਗੱਠਜੋੜ ਚੋਣਾਂ ਤੋਂ ਪਹਿਲਾਂ ਅਤੇ ਚੋਣਾਂ ਤੋਂ ਬਾਅਦ ਵੀ ਸਿਆਸੀ ਸਮੀਕਰਨਾਂ ਨੂੰ ਬਦਲ ਸਕਦਾ ਹੈ ਅਤੇ ਇਹ ਗੱਠਜੋੜ 'ਆਪ' ਦੇ ਸਾਹਮਣੇ ਇਕ ਮੁੱਖ ਚੁਣੌਤੀ ਵਜੋਂ ਉੱਭਰ ਸਕਦਾ ਹੈ। ਇਨ੍ਹਾਂ ਹਾਲਤਾਂ ਵਿਚ ਬਿਖਰੇ ਹੋਏ ਜਨਮਤ ਅਤੇ ਉਸ ਤੋਂ ਪੈਦਾ ਹੋਣ ਵਾਲੀ ਸਿਆਸੀ ਅਸਥਿਰਤਾ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦਾ ਸੂਬੇ ਦੇ ਵਿਕਾਸ ਦੀਆਂ ਲੋੜਾਂ 'ਤੇ ਗੰਭੀਰ ਅਸਰ ਪੈ ਸਕਦਾ ਹੈ। ਵੱਖ-ਵੱਖ ਵਿਕਾਸ ਸੂਚਕਾਂਕ ਅੰਕਾਂ ਵਿਚ ਪੰਜਾਬ ਦੀ ਸਾਲਾਂ ਤੋਂ ਦਰਜ ਹੋ ਰਹੀ ਗਿਰਾਵਟ ਨੂੰ ਉਦੋਂ ਤੱਕ ਨਹੀਂ ਰੋਕਿਆ ਜਾ ਸਕਦਾ, ਜਦੋਂ ਤੱਕ ਸੂਬੇ ਦੇ ਨਵੀਨੀਕਰਨ ਅਤੇ ਮੁੜ ਉਭਾਰ ਲਈ ਲੋੜੀਂਦੀਆਂ ਮਹੱਤਵਪੂਰਨ ਨੀਤੀਆਂ 'ਤੇ ਵਿਆਪਕ ਸਿਆਸੀ ਸਹਿਮਤੀ ਨਹੀਂ ਬਣਦੀ।

ਸੋਸ਼ਲ ਮੀਡੀਆ 'ਤੇ ਸਿਆਸੀ ਆਗੂਆਂ ਵਿਚਕਾਰ ਹੋਣ ਵਾਲੀ ਕੌੜੀ ਅਤੇ ਅਸਿਹਤਮੰਦ ਜਨਤਕ ਬਹਿਸ, ਜੋ ਹੁਣ ਇਕ ਨਾ ਮੁੱਕਣ ਵਾਲੇ ਤਮਾਸ਼ੇ ਦਾ ਰੂਪ ਧਾਰ ਚੁੱਕੀ ਹੈ, ਨੇ ਨਾਗਰਿਕਾਂ ਦੀ ਨਜ਼ਰ ਵਿਚ ਆਦਰਸ਼ ਬਣਨ ਵਾਲੇ ਵਿਅਕਤੀਆਂ ਵਜੋਂ ਉਨ੍ਹਾਂ ਦੀ ਨਿੱਜੀ ਭਰੋਸੇਯੋਗਤਾ ਨੂੰ ਘਟਾਇਆ ਹੈ ਅਤੇ ਪ੍ਰਤੀਨਿਧੀ ਲੋਕਤੰਤਰ ਦੇ ਰਖਵਾਲਿਆਂ ਵਜੋਂ ਸਿਆਸੀ ਪਾਰਟੀਆਂ ਦੀ ਸਾਖ ਨੂੰ ਵੀ ਕਮਜ਼ੋਰ ਕੀਤਾ ਹੈ। ਹਿੰਸਕ ਜਾਂ ਡਰ ਪੈਦਾ ਕਰਨ ਵਾਲੇ ਲਹਿਜ਼ੇ ਵਿਚ ਕੀਤੀ ਗਈ ਗੱਲਬਾਤ ਲੋਕਤੰਤਰ ਦੀ ਉਸ ਉਦਾਰ ਅਤੇ ਪ੍ਰਭਾਵਸ਼ਾਲੀ ਅਪੀਲ ਨੂੰ ਕਮਜ਼ੋਰ ਕਰਦੀ ਹੈ, ਜੋ ਰਾਜਨੀਤਕ ਅਤੇ ਸਮਾਜਿਕ ਜੀਵਨ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਿਚ ਇਸ ਦੀਆਂ ਕੇਂਦਰੀ ਖ਼ੂਬੀਆਂ ਹਨ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਜਨਤਕ ਵਿਚਾਰ-ਵਟਾਂਦਰੇ ਦਾ ਪੱਧਰ ਉਚਾ ਚੁੱਕਿਆ ਜਾਵੇ ਅਤੇ ਇਸ ਨੂੰ ਕੜਵਾਹਟ, ਬਦਨਾਮੀ ਅਤੇ ਨਿੱਜੀ ਦੁਸ਼ਮਣੀ ਤੋਂ ਨਿਰਣਾਇਕ ਤੌਰ 'ਤੇ ਦੂਰ ਲਿਜਾਇਆ ਜਾਵੇ। ਇਕ ਜੀਵੰਤ ਅਤੇ ਖੁਸ਼ਹਾਲ ਸੂਬੇ ਵਜੋਂ ਪੰਜਾਬ ਦੇ ਮੁੜ ਉਭਾਰ ਲਈ ਅਜਿਹੀ ਵਿਸ਼ਾਲ ਦਿਲੀ ਵਾਲੀ ਲੀਡਰਸ਼ਿਪ ਦੀ ਲੋੜ ਹੈ, ਜੋ ਲੰਮੇ ਸਮੇਂ ਤੋਂ ਸੂਬੇ ਦੀ ਸਿਆਸਤ ਨੂੰ ਪ੍ਰਭਾਵਿਤ ਕਰ ਰਹੀ ਤੰਗਦਿਲੀ ਅਤੇ ਛੋਟੀ ਸੋਚ ਤੋਂ ਉੱਪਰ ਉੱਠ ਸਕੇ। ਅੱਜ ਦੀ ਸਭ ਤੋਂ ਵੱਡੀ ਲੋੜ ਅਜਿਹੇ ਆਗੂਆਂ ਨੂੰ ਲੱਭਣ ਦੀ ਹੈ, ਜੋ ਆਪਣੇ-ਆਪ ਤੋਂ ਉੱਪਰ ਉੱਠ ਸਕਣ, ਹਾਸ਼ੀਏ 'ਤੇ ਖੜ੍ਹੇ ਅਤੇ ਵੰਚਿਤ ਲੋਕਾਂ ਪ੍ਰਤੀ ਦਇਆ ਅਤੇ ਸੰਵੇਦਨਾ ਨੂੰ ਸ਼ਾਸਨ ਦਾ ਮੂਲ ਭਾਵ ਬਣਾ ਸਕਣ ਅਤੇ ਸਿਰਫ਼ ਸੱਤਾ ਹਾਸਿਲ ਕਰਨ ਦੇ ਲਾਲਚ ਤੋਂ ਆਪਣੇ-ਆਪ ਨੂੰ ਬਚਾ ਸਕਣ। ਸਾਨੂੰ ਅਜਿਹੇ ਆਗੂਆਂ ਦੀ ਭਾਲ ਕਰਨੀ ਚਾਹੀਦੀ ਹੈ, ਜੋ ਦਬਦਬੇ ਵਾਲੀ ਸੱਤਾ ਨੂੰ ਲੋਕਾਂ ਦੀ ਤਾਕਤ ਨਾ ਸਮਝਣ ਅਤੇ ਉਨ੍ਹਾਂ ਲੋਕਾਂ ਤੋਂ ਦੂਰ ਰਹਿਣ, ਜਿਨ੍ਹਾਂ ਦੀ ਲੀਡਰਸ਼ਿਪ ਦਾ ਦਾਅਵਾ ਤਾਕਤ ਦੇ ਨੰਗੇ




ਪ੍ਰਦਰਸ਼ਨ ਅਤੇ ਸਮਰਥਕਾਂ ਦਾ ਭੇਸ ਧਾਰਨ ਕੀਤੇ ਸੱਤਾ ਦੇ ਦਲਾਲਾਂ ਦੀ ਖੁਸ਼ਾਮਦ 'ਤੇ ਟਿਕਿਆ ਹੋਵੇ। ਲੋਕਾਂ ਦੇ ਦੁੱਖ ਅਤੇ ਬੇਇਨਸਾਫ਼ੀ ਪ੍ਰਤੀ ਬੇਪਰਵਾਹ ਹੰਕਾਰੀ ਸੱਤਾ ਦਾ ਵਿਰੋਧ ਕਰਨਾ ਇਕ ਅਟੱਲ ਨੈਤਿਕ ਫ਼ਰਜ਼ ਹੈ। ਪੰਜਾਬ ਦੇ ਬਹਾਦਰ ਅਤੇ ਜ਼ਿੰਦਾ-ਦਿਲ ਲੋਕ, ਜੋ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈਂਦੇ ਹਨ, ਆਪਣੇ ਚੁਣੇ ਹੋਏ ਨੁਮਾਇੰਦਿਆਂ ਤੋਂ ਅਜਿਹੇ ਸ਼ਾਸਨ ਦੇ ਹੱਕਦਾਰ ਹਨ, ਜਿਸ ਦੀ ਬੁਨਿਆਦ ਕਾਨੂੰਨ ਅਤੇ ਇਨਸਾਫ਼ 'ਤੇ ਟਿਕੀ ਹੋਵੇ। ਅਸਲ ਵਿਚ, ਜੋ ਲੋਕ ਕਾਨੂੰਨ ਦੇ ਅਧੀਨ ਰਹਿੰਦੇ ਹਨ, ਉਨ੍ਹਾਂ ਨੂੰ ਖੁਦ ਵੀ ਕਾਨੂੰਨ ਨਾਲ ਬੱਝੇ ਹੋਣਾ ਚਾਹੀਦਾ ਹੈ ਅਤੇ ਅਜਿਹਾ ਦਿਖਾਈ ਵੀ ਦੇਣਾ ਚਾਹੀਦਾ ਹੈ।

ਪੰਜਾਬ ਜਦ ਆਪਣੀ ਗੁਆਚੀ ਹੋਈ ਸ਼ਾਨ ਨੂੰ ਮੁੜ ਹਾਸਿਲ ਕਰਨ ਲਈ ਸੰਘਰਸ਼ ਕਰ ਰਿਹਾ ਹੈ, ਤਾਂ ਇਸ ਨੂੰ ਅਜਿਹੇ ਆਗੂਆਂ ਦੀ ਅਗਵਾਈ ਵਾਲੀ ਸਰਕਾਰ ਦੀ ਲੋੜ ਹੈ, ਜਿਨ੍ਹਾਂ ਵਿਚ 'ਦਲੇਰ ਆਦਰਸ਼ਵਾਦ ਹੋਵੇ: ਅਜਿਹੇ ਆਗੂ ਜੋ ਅਜਿਹੀ ਦਿਸ਼ਾ ਤੈਅ ਕਰ ਸਕਣ ਜਿਸ ਨਾਲ ਲੋਕਾਂ ਵਿਚ ਆਸ ਮੁੜ ਜਾਗੇ ਅਤੇ ਰੋਜ਼ਗਾਰ ਪੈਦਾ ਕਰਨ, ਵਿਆਪਕ ਨਸ਼ੇ ਦੀ ਸਮੱਸਿਆ ਨਾਲ ਨਜਿੱਠਣ ਲਈ ਉਦੇਸ਼ਪੂਰਨ ਨੀਤੀਆਂ ਬਣਾਉਣ, ਰਾਜ ਦੀ ਤਾਕਤ ਦੀ ਘੋਰ ਦੁਰਵਰਤੋਂ ਅਤੇ ਉੱਚ ਪੱਧਰ 'ਤੇ ਭ੍ਰਿਸ਼ਟਾਚਾਰ 'ਤੇ ਪ੍ਰਭਾਵਸ਼ਾਲੀ ਰੋਕ ਲਗਾਉਣ, ਸੂਬੇ ਦੀ ਖੇਤੀਬਾੜੀ ਅਰਥਵਿਵਸਥਾ ਦੇ ਪੁਨਰਗਠਨ ਨਾਲ ਜੁੜੇ ਗੁੰਝਲਦਾਰ ਸਵਾਲਾਂ ਦਾ ਸੋਚ-ਵਿਚਾਰ ਨਾਲ ਜਵਾਬ ਦੇਣ, ਵਾਤਾਵਰਨ ਦੀ ਰੱਖਿਆ ਕਰਨ ਅਤੇ ਸਾਂਝੀ ਵਿਰਾਸਤ 'ਤੇ ਆਧਾਰਿਤ ਸਮਾਜਿਕ ਸਦਭਾਵਨਾ ਨੂੰ ਕਾਇਮ ਰੱਖਣ ਰਾਹੀਂ ਉਸ ਆਸ ਨੂੰ ਠੋਸ ਰੂਪ ਦਿੱਤਾ ਜਾ ਸਕੇ।

ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਕੀ ਅਸੀਂ ਇਹ ਆਸ ਕਰ ਸਕਦੇ ਹਾਂ ਕਿ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਆਸੀ ਪਾਰਟੀਆਂ ਜਾਤੀਵਾਦੀ ਅਤੇ ਫਿਰਕੂ ਸਿਆਸਤ ਤੋਂ ਉੱਪਰ ਉੱਠਣਗੀਆਂ? ਕੀ ਉਹ ਅਜਿਹੇ ਆਗੂਆਂ ਨੂੰ ਸਾਹਮਣੇ ਲਿਆ ਸਕਦੀਆਂ ਹਨ, ਜਿਨ੍ਹਾਂ ਕੋਲ ਉਹ ਨੈਤਿਕ ਭਰੋਸੇਯੋਗਤਾ ਹੋਵੇ, ਜੋ ਇਕ ਮਾਣਮੱਤੀ ਅਤੇ ਬਹਾਦਰ ਜਨਤਾ ਨਾਲ ਇਮਾਨਦਾਰੀ ਨਾਲ ਗੱਲ ਕਰ ਸਕਣ ਅਤੇ ਉਸ ਨੂੰ ਇੱਜ਼ਤ ਨਾਲ ਜੀਵਨ ਬਤੀਤ ਕਰਨ ਦਾ ਮੌਕਾ ਦੇਣ ਦਾ ਵਾਅਦਾ ਕਰ ਸਕਣ? ਜਾਂ ਫਿਰ ਪੰਜਾਬ ਨੂੰ ਅਜਿਹੇ ਲੋਕਾਂ ਦਾ ਬੋਝ ਝੱਲਦੇ ਰਹਿਣਾ ਪਵੇਗਾ, ਜਿਨ੍ਹਾਂ ਲਈ ਸਿਆਸਤ ਸਹੀ ਅਤੇ ਗਲਤ ਦੀ ਕਿਸੇ ਭਾਵਨਾ ਤੋਂ ਮੁਕਤ ਹੋ ਕੇ ਸਿਰਫ਼ ਸੱਤਾ ਹਾਸਿਲ ਕਰਨ ਦਾ ਸਾਧਨ ਹੈ? ਇਹ ਉਹ ਸਵਾਲ ਹਨ, ਜਿਨ੍ਹਾਂ ਦਾ ਸਾਹਮਣਾ ਸੂਬੇ ਦੀਆਂ ਸਿਆਸੀ ਪਾਰਟੀਆਂ ਅਤੇ ਆਗੂਆਂ ਨੂੰ ਕਰਨਾ ਹੀ ਪਵੇਗਾ।

ਲੋਕਤੰਤਰ ਦੀ ਸਾਰਥਕਤਾ ਉਦੋਂ ਸਾਬਤ ਹੁੰਦੀ ਹੈ, ਜਦੋਂ ਇਕ ਜਾਗਰੂਕ ਮਤਦਾਤਾ ਉਨ੍ਹਾਂ ਲੋਕਾਂ ਨੂੰ ਲੀਡਰਸ਼ਿਪ ਸੌਂਪਣ ਦੇ ਯੋਗ ਹੋਵੇ ਜੋ ਨਿਸ਼ਕਾਮ ਭਾਵਨਾ ਨਾਲ ਪ੍ਰੇਰਿਤ ਹੋਣ ਅਤੇ ਅਜਿਹੀ ਸਿਆਸਤ ਲਈ ਵਚਨਬੱਧ ਹੋਣ, ਜਿਸ ਵਿਚ ਮਨੁੱਖੀ ਮਰਿਆਦਾ ਅਤੇ ਲੋਕਾਂ ਦੇ ਸਨਮਾਨ ਨੂੰ ਸਭ ਤੋਂ ਉੱਚਾ ਸਥਾਨ ਪ੍ਰਾਪਤ ਹੋਵੇ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬ ਅਜਿਹੀ ਉਰਜਾਵਾਨ ਸਿਆਸਤ ਦਾ ਮਾਰਗਦਰਸ਼ਕ ਬਣ ਸਕੇ-ਅਜਿਹੀ ਸਿਆਸਤ ਜੋ ਲੋਕਾਂ ਦੀ ਇੱਛਾ-ਸ਼ਕਤੀ ਨੂੰ ਜਗਾਏ, ਸਾਡੇ ਸੰਸਥਾਪਕਾਂ ਦੇ ਆਦਰਸ਼ਵਾਦ ਤੋਂ ਪ੍ਰੇਰਨਾ ਲਵੇ ਅਤੇ ਉਸ ਇੱਛਾ-ਸ਼ਕਤੀ ਨੂੰ ਇਕ ਨਵੇਂ ਜਨਤਕ ਉਦੇਸ਼ ਵਿਚ ਬਦਲ ਦੇਵੇ। ਇਸ ਲਈ ਸਿਆਸਤ ਦੇ ਵੱਖ-ਵੱਖ ਖੇਤਰਾਂ ਵਿਚੋਂ ਉੱਤਮ ਲੋਕਾਂ ਅਤੇ ਲੀਡਰਸ਼ਿਪ ਨੂੰ ਇਕੱਠਾ ਕਰਨ ਅਤੇ ਸੂਬੇ ਵਿਚ ਬਦਲਾਅ ਲਿਆਉਣ ਵਾਲੀ ਲੀਡਰਸ਼ਿਪ ਦੇ ਵਿਕਾਸ ਲਈ ਲੋੜੀਂਦੇ ਹਾਲਾਤ ਪੈਦਾ ਕਰਨ ਦੀ ਲੋੜ ਹੋਵੇਗੀ। ਅਗਲੀਆਂ ਚੋਣਾਂ ਵਿਚ ਇਕ ਵਾਰ ਫਿਰ ਪੰਜਾਬ ਦੇ ਲੋਕਾਂ ਦੀ ਸਾਂਝੀ ਸਿਆਣਪ ਦੀ ਪਰਖ ਹੋਵੇਗੀ।

***(ਲੇਖਕ ਸੀਨੀਅਰ ਐਡਵੋਕੇਟ ਤੇ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਹਨ।)***

# ਪੰਜਾਬ ਦੇ ਵੋਟਰ ਆਪ ਤੈਅ ਕਰਨ ਵਿਧਾਨ ਸਭਾ ਚੋਣਾਂ ਦਾ ਏਜੰਡਾ

***ਪੰਜਾਬ ਨੂੰ ਮੁੱਖ ਮੁੱਦਿਆਂ ਤੋਂ ਹਟਾ ਕੇ ਫੌਰੀ ਮੁੱਦਿਆਂ ਵਿਚ ਅਜਿਹਾ ਉਲਝਾ ਦਿੱਤਾ ਗਿਆ ਹੈ ਕਿ ਮੁੱਖ ਮੁੱਦੇ ਦ੍ਰਿਸ਼ਟੀ ਤੋਂ ਉਹਲੇ ਹੋ ਗਏ ਹਨ। ਅੱਜ ਜਿਨ੍ਹਾਂ ਮੁੱਦਿਆਂ ਨੂੰ ਚੋਣ ਦੇ ਮੁੱਦੇ ਬਣਾਇਆ ਜਾ ਰਿਹਾ ਹੈ, ਬਸ ਉਹ ਹੀ ਪੰਜਾਬ ਦੇ ਮੁੱਦੇ ਨਹੀਂ ਹਨ। ਮੁੱਖ ਮੁੱਦੇ ਅਣਦੇਖੇ ਕਰ ਕੇ ਬਾਕੀ ਮੁੱਦਿਆਂ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਇਹ ਇੱਕ ਸਧਾਰਨ ਜਿਹਾ ਸਿਧਾਂਤ ਹੈ, ਜਿਵੇਂ ਰੋਗ 'ਤੇ ਕਾਬੂ ਨਹੀਂ ਪਾਇਆ ਜਾ ਸਕਦਾ ਜਦੋਂ ਤੱਕ ਉਸ ਦੀ ਜੜ੍ਹ ਤੱਕ ਪੁੱਜ ਕੇ ਨਿਦਾਨ ਨਾ ਕੀਤਾ ਜਾਵੇ। ਪੰਜਾਬ ਦਾ ਵੋਟਰ ਆਪਣੇ ਮੁੱਖ ਮੁੱਦਿਆਂ ਦੀ ਪਛਾਣ ਆਪ ਕਰੇ ਤੇ ਆਪ ਇਨ੍ਹਾਂ ਨੂੰ ਚੋਣ ਦੇ ਮੁੱਦੇ ਬਣਾਏ। ਇਸ ਵਿਚ ਹੀ ਪੰਜਾਬ ਦਾ ਹਿੱਤ ਹੈ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਕੁੱਝ ਆਸ ਜਗਾ ਸਕਦੀਆਂ ਹਨ। ਸਰਕਾਰ ਕਿਸ ਦਲ ਦੀ ਬਣਨੀ ਹੈ ਇਸ ਨਾਲ ਉਸ ਦਲ ਦਾ, ਉਸ ਦਲ ਦੇ ਆਗੂਆਂ ਦਾ ਭਲਾ ਤਾਂ ਹੋ ਸਕਦਾ ਹੈ। ਪੰਜਾਬ ਦਾ ਭਲਾ ਉਸ ਦੇ ਆਪਣੇ ਮੂਲ ਮੁੱਦੇ ਹੀ ਹਨ।***



ਡਾ. ਸਤਿੰਦਰ ਪਾਲ ਸਿੰਘ
akaalpurkh.7@gmail.com

ਪੰਜਾਬ ਵਿਧਾਨ ਸਭਾ ਚੋਣਾਂ ਲਈ ਸਿਆਸੀ ਮੈਦਾਨ ਭਖਣਾ ਆਰੰਭ ਹੋ ਗਿਆ ਹੈ। ਸਾਰੇ ਹੀ ਰਾਜਨੀਤਕ ਦਲ ਵੋਟਰਾਂ ਨੂੰ ਲੁਭਾਉਣ ਲਈ ਆਪੋ-ਆਪਣੇ ਘੋਸ਼ਣਾ ਪੱਤਰ ਲੈ ਕੇ ਆਉਣ ਲਈ ਤਿਆਰ ਹੋ ਰਹੇ ਹਨ। ਚੋਣ ਘੋਸ਼ਣਾ ਪੱਤਰ ਰਾਹੀਂ ਸਿਆਸੀ ਦਲ ਵੋਟਰਾਂ ਨੂੰ ਦੱਸਦੇ ਹਨ ਕਿ ਉਨ੍ਹਾਂ ਦੇ ਹਿੱਤ 'ਚ ਉਹ ਕੀ ਕਰਨਾ ਚਾਹੁੰਦੇ ਹਨ। ਇਸ ਦਾ ਮੂਲ ਮਨੋਰਥ ਵੋਟਰ ਨੂੰ ਆਪਣੇ ਨਾਲ ਸਹਿਮਤ ਕਰ ਚੋਣ ਜਿੱਤਣਾ ਤੇ ਸਰਕਾਰ ਬਣਾਉਣਾ ਹੁੰਦਾ ਹੈ। ਲੋਕਤੰਤਰ ਦੀ ਇਹ ਸੁਭਾਵਕ ਪ੍ਰਕਿਰਿਆ ਹੈ। ਪੂਰੇ ਦੇਸ਼ ਵਾਂਗ ਪੰਜਾਬ ਵਿਚ ਵੀ ਇਹੀ ਹਮੇਸ਼ਾ ਦੀ ਤਰ੍ਹਾਂ ਹੋਣ ਵਾਲਾ ਹੈ। ਬੇਸ਼ਕ ਪੰਜਾਬ ਭਾਰਤ ਦੇ ਪ੍ਰਾਂਤਾਂ 'ਚੋਂ ਇੱਕ ਹੈ ਪਰ ਹੋਰਨਾਂ ਨਾਲੋਂ ਵੱਖ ਹੈ। ਇਸ ਦੇ ਦੋ ਮੁੱਖ ਕਾਰਨ ਹਨ। ਇੱਕ ਦੇਸ਼ ਦੀ ਸੀਮਾ ਦੇ ਬੇਹੱਦ ਕਰੀਬ ਹੋਣਾ, ਦੂਜਾ ਪੰਜਾਬ ਦੀ ਧਰਤੀ ਦੀ ਅਧਿਆਤਮਕ ਮਹੱਤਤਾ। ਇਹ ਦੋਵੇਂ ਹੀ ਅਤਿ ਸੰਵੇਦਨਸ਼ੀਲ ਸੱਚ ਹਨ। ਪੰਜਾਬ ਦਾ ਜੀਵਨ ਇਨ੍ਹਾਂ ਬਿੰਦੂਆਂ ਦੇ ਚੁਫੇਰੇ ਹੀ ਵਿਚਰਨ ਕਰਦਾ ਆਇਆ ਹੈ। ਪੰਜਾਬ ਦਾ ਹਿੱਤ ਇਨ੍ਹਾਂ 'ਚ ਹੀ ਸਮੋਇਆ ਹੋਇਆ ਹੈ। ਇਹ ਸੱਚ ਸਿਆਸੀ ਲਾਭ-ਹਾਨੀ ਤੋਂ ਪਰੇ ਦਾ ਸੱਚ ਹੈ। ਇਹੋ ਕਾਰਨ ਹੈ ਕਿ ਪੰਜਾਬ ਵਿਚ ਸਦਾ ਹੀ ਸਿਆਸੀ ਦ੍ਰਿਸ਼ਟੀਕੋਣ ਇਸ 'ਤੋਂ ਬਚਨ ਦਾ ਜਤਨ ਕਰਦਾ ਆਇਆ ਹੈ। ਚੋਣਾਂ ਵਿਚ ਇਸ ਨੂੰ ਅਣਦੇਖਾ ਕਰ ਕੇ ਸਰਕਾਰਾਂ ਬਣਦੀਆਂ ਆਇਆਂ ਹਨ। ਅਜਿਹੀਆਂ ਸਰਕਾਰਾਂ ਕਿੰਨਿਆਂ ਕੁ ਸਫਲ ਰਹਿਆਂ ਹਨ, ਇਸ ਦਾ ਜਵਾਬ ਪੰਜਾਬ ਦੇ ਵੋਟਰ ਦਾ ਮਨ ਹੀ ਦੇ ਸਕਦਾ ਹੈ।

ਸਿਆਸੀ ਦਲਾਂ ਦਾ ਹਿੱਤ ਚੋਣ ਜਿੱਤ ਕੇ ਸਰਕਾਰ ਬਣਾਉਣਾ ਹੁੰਦਾ ਹੈ। ਚੋਣ ਜਿੱਤਣ ਲਈ ਕੀਤੇ ਗਏ ਵਾਅਦੇ ਵੋਟਰ ਨੂੰ ਭਰਮ ਵਿਚ ਪਾ ਕੇ ਹਕੀਕਤ ਤੋਂ ਵੱਖਰੇ ਸੁਪਨੇ ਦਿਖਾਉਣ ਵਿਚ ਸਫਲ ਹੋ ਜਾਂਦੇ ਹਨ। ਵੋਟਰ ਇਸ ਮਾਇਆ ਜਾਲ ਵਿਚ ਫੱਸ ਕੇ ਵੋਟ ਦੇ ਦਿੰਦਾ ਹੈ। ਪਰ ਜਦੋਂ ਸੱਚ ਨਾਲ ਸਾਹਮਣਾ ਹੁੰਦਾ ਹੈ ਤਾਂ ਪੈਦਾ ਹੋਣ ਵਾਲੀ ਨਿਰਾਸ਼ਾ ਹਕੀਕਤ ਦੇ ਸੰਕਟ ਨੂੰ ਹੋਰ ਗਹਿਰਾ ਕਰ ਦਿੰਦੀ ਹੈ। ਫੌਰੀ ਸਮਾਂ ਤਾਂ ਲੰਘ ਜਾਂਦਾ ਹੈ ਪਰ ਭਵਿੱਖ ਦਾ ਹਨੇਰਾ ਉਤਨਾ ਹੀ ਸੰਘਣਾ ਹੁੰਦਾ ਜਾਂਦਾ ਹੈ। ਘੱਟੋ-ਘੱਟ ਪੰਜਾਬ ਨਾਲ ਤਾਂ ਇਹੋ ਹੀ ਹੋ ਰਿਹਾ ਜਾਪਦਾ ਹੈ। ਪੰਜਾਬ ਦੇ ਵੋਟਰ ਨੂੰ ਚੰਗਾ ਅਨੁਭਵ ਹੋ ਗਿਆ ਹੋਏਗਾ ਕਿ ਸਰਕਾਰਾਂ ਬਦਲਣਾ, ਪਾਰਟੀਆਂ ਬਦਲਣਾ ਕੋਈ ਵਿਕਲਪ ਨਹੀਂ ਹੈ। ਪੰਜਾਬ ਜਿਹੇ ਸੰਵੇਦਨਸ਼ੀਲ ਰਾਜ ਨੂੰ ਸਿਆਸੀ ਪ੍ਰਯੋਗਸ਼ਾਲਾ ਬਣਾਉਣ ਦੇ ਵੱਡੇ ਸੰਕਟ ਹਨ। ਦੇਸ਼ ਦੀ ਵੰਡ 'ਤੋਂ ਬਾਅਦ ਹੀ ਪੰਜਾਬ ਦੀ ਪਹਿਲੀ ਲੋੜ ਸ਼ਾਂਤੀ ਰਹੀ ਹੈ। ਸੀਮਾਵਰਤੀ ਪ੍ਰਾਂਤ ਹੋਣ ਕਾਰਨ ਵੀ ਤੇ ਅਧਿਆਤਮ ਦੀ ਧਰਤੀ ਹੋਣ ਕਾਰਨ ਵੀ। ਇਹ ਪੰਜਾਬ ਦਾ ਮੁੱਖ ਏਜੇਂਡਾ ਹੈ ਜੋ ਸਦਾ ਹੀ ਮੁੱਖ ਰਹਿਣ ਵਾਲਾ ਹੈ। ਵਿਚਾਰਕ ਭਿੰਨਤਾਵਾਂ ਹੋ ਸਕਦੀਆਂ ਹਨ, ਭਿੰਨ-ਭਿੰਨ ਹਿੱਤ ਹੋ ਸਕਦੇ ਹਨ, ਪਰ ਕਿਸੇ ਵੀ ਹਿੱਤ ਦੀ ਪੂਰਤੀ ਸ਼ਾਂਤੀ ਬਿਨਾ ਸੰਭਵ ਨਹੀਂ ਹੈ। ਸਮਾਜਕ ਸ਼ਾਂਤੀ ਹੋਵੇ, ਪ੍ਰੇਮ, ਸਦਭਾਵ ਹੋਵੇ, ਭਰੋਸੇ ਦਾ ਵਾਤਾਵਰਨ ਹੋਵੇ ਤਾਂ ਹੀ ਹਿੱਤ ਪੂਰੇ ਹੋ ਸਕਦੇ ਹਨ, ਉਹ ਭਾਵੇਂ ਧਾਰਮਿਕ ਹੋਣ, ਆਰਥਿਕ, ਸਮਾਜਕ ਜਾਂ ਸਿਆਸੀ। ਸ਼ਾਂਤੀ ਨਹੀਂ ਤਾਂ ਵਿਨਾਸ਼ ਹੀ ਬੱਚਦਾ ਹੈ। ਸਿੱਖ ਧਰਮ ਦਾ ਉਦੈ ਪੰਜਾਬ ਦੀ ਧਰਤੀ 'ਤੋਂ ਹੋਇਆ। ਗੁਰੂ ਨਾਨਕ ਸਾਹਿਬ ਨੇ ਭਿੰਨ ਸਿਧਾਂਤਕ ਵਿਚਾਰ ਪ੍ਰਗਟ ਕੀਤੇ ਪਰ ਸਮਾਜਕ ਸਮਰਸਤਾ ਤੇ ਕਦੇ ਵੀ ਆਂਚ ਨਹੀਂ ਆਉਣ ਦਿੱਤੀ। ਗੁਰੂ ਸਾਹਿਬ ਨੇ ਸਦਾ ਗੁਣਾਂ ਤੇ ਗੁਣੀਂ ਆਚਾਰ ਦੀ ਗੱਲ ਕੀਤੀ, ਜਿਸ ਨੂੰ ਕੋਈ ਵੀ ਅਪ੍ਰਵਾਨ ਨਹੀਂ ਕਰ ਸਕਦਾ। ਗੁਰੂ ਸਾਹਿਬ ਦੀ ਮਾਨਤਾ ਜਗਤ ਗੁਰੂ ਵੱਜੋਂ ਹੋਈ ਅਤੇ ਉਨ੍ਹਾਂ ਦੇ ਉਪਦੇਸ਼ ਮਨੁੱਖਤਾ ਦੇ ਉਪਦੇਸ਼ ਬਣ ਗਏ। ਗੁਰਸਿੱਖੀ ਇੱਕ ਸ਼ਾਂਤੀ ਪੂਰਨ ਸਮਾਜਿਕ ਕ੍ਰਾਂਤੀ ਸੀ। ਭਾਈਚਾਰਾ ਅਤੇ ਸਾਂਝੀਵਾਲਤਾ ਦੀ ਭਾਵਨਾ ਦ੍ਰਿੜ੍ਹ ਹੋਈ। ਅੱਜ ਪੰਜਾਬ ਨੂੰ ਇਸ ਦੀ ਸਖਤ ਲੋੜ ਹੈ। ਇਹ ਪੰਜਾਬ ਦੇ ਲੋਕਾਂ ਦਾ ਮੁੱਖ ਏਜੇਂਡਾ ਹੈ। ਪੰਜਾਬ ਦੇ ਵੋਟਰ ਦੇ ਵੋਟ ਦਾ ਹੱਕਦਾਰ ਉਹ ਹੋਣੇ ਚਾਹੀਦੇ ਹਨ, ਜੋ ਪੰਜਾਬ ਅੰਦਰ ਭਾਈਚਾਰਾ, ਸਾਂਝੀਵਾਲਤਾ, ਸੁਹਿਰਦਤਾ ਨੂੰ ਮਜਬੂਤ ਕਰ ਸਕੇ ਨਾ ਕਿ ਪੰਜਾਬ ਨੂੰ ਫਿਰਕਿਆਂ, ਜਾਤਾਂ, ਧਰਮਾਂ ਵਿਚ ਵੰਡ ਕੇ ਚੋਣ ਜਿੱਤਣ ਵਿਚ ਰੁਚੀ ਰੱਖਦਾ ਹੋਵੇ।

ਆਰਥਿਕਤਾ ਪੰਜਾਬ ਦਾ ਦੂਜਾ ਵੱਡਾ ਲੋਕ ਮੁੱਦਾ ਹੈ, ਜੋ ਸ਼ਾਂਤੀ ਨਾਲ ਜੁੜਿਆ ਹੋਇਆ ਹੈ। ਸਮਾਜ ਵਿਚ ਸ਼ਾਂਤੀ ਹੈ ਤਾਂ ਹੀ ਆਰਥਿਕ ਉੱਨਤੀ ਹੋ ਸਕਦੀ ਹੈ। ਅਰਥਿਤਕ ਤਰੱਕੀ ਸੰਸਾਰ ਲਈ ਅੱਜ ਦਾ ਸੱਚ ਹੋ ਸਕਦਾ ਹੈ ਪਰ ਇਸ ਦੀ ਪਛਾਣ ਤਾਂ ਗੁਰੂ ਸਾਹਿਬਾਨ ਨੇ ਪੰਜ ਸ਼ਤਾਬਦੀਆਂ ਪਹਿਲਾਂ ਹੀ ਕਰ ਲਈ ਸੀ। ਗੁਰੂ ਨਾਨਕ ਸਾਹਿਬ ਨੇ ਇਮਾਨਦਾਰ ਕਿਰਤ ਲਈ ਪ੍ਰੇਰਿਤ ਕੀਤਾ। ਗੁਰੂ ਰਾਮਦਾਸ ਸਾਹਿਬ ਨੇ ਅੰਮ੍ਰਿਤਸਰ ਨਗਰ ਵਿਚ ਭਿੰਨ-ਭਿੰਨ ਕਿੱਤਿਆਂ ਦੇ ਕਿਰਤੀਆਂ ਨੂੰ ਆਪ ਬੁਲਾ ਕੇ ਵਸਾਇਆ ਸੀ ਅਤੇ ਉਨ੍ਹਾਂ ਨੂੰ ਰੋਜਗਾਰ ਲਈ ਹਰ ਸਹਾਇਤਾ ਵੀ ਪ੍ਰਦਾਨ ਕੀਤੀ ਸੀ। ਗੁਰੂਆਂ ਦੀ ਇਸ ਧਰਤੀ ਨੂੰ ਤਾਂ ਪੂਰੇ ਵਿਸ਼ਵ ਵਿਚ ਕਿਰਤ ਅਤੇ ਕਿਰਤੀਆਂ ਦੀ ਧਰਤੀ ਦੇ ਰੂਪ ਵਿਚ ਆਪਣੀ ਪਛਾਣ ਕਾਇਮ ਕਰ ਲੈਣੀ ਚਾਹੀਦੀ ਸੀ। ਪੰਜਾਬ ਨੇ ਸਿਰਫ ਖੇਤੀ ਵਿਚ ਆਪਣੇ ਆਪ ਨੂੰ ਕੇਂਦਰਿਤ ਕਰ ਲਿਆ। ਗੁਰੂ ਰਾਮਦਾਸ ਸਾਹਿਬ ਦੀ ਅੰਮ੍ਰਿਤਸਰ ਦੀ ਭਾਵਨਾ ਨੂੰ ਵਿਸਾਰ ਹੀ ਦਿੱਤਾ ਗਿਆ। ਸਰਕਾਰਾਂ ਕਦੋਂ ਚਾਹੁੰਦੀਆਂ ਕਿ ਲੋਕ ਆਰਥਿਕ ਸਮਰਿੱਧੀ ਪ੍ਰਾਪਤ ਕਰ ਜਾਗਰੂਕ ਹੋਣ, ਇਸ ਕਾਰਨ ਉਹ ਵੀ ਅਵੇਸਲਿਆਂ ਹੋ ਗਾਈਆਂ। ਪੰਜਾਬ ਵਿਚ ਆਰਥਿਕਤਾ ਦਾ ਮਾਹੌਲ ਹੀ ਨਹੀਂ ਬਣ ਸਕਿਆ। ਪੂੰਜੀ ਨਿਵੇਸ਼ ਲਈ ਸੈਮੀਨਾਰ ਜਿਹੇ ਵਿਖਾਵੇ ਹੁੰਦੇ ਰਹੇ ਪਰ ਨਤੀਜਿਆਂ ਪ੍ਰਤੀ ਗੰਭੀਰਤਾ ਦੀ ਘਾਟ ਹੀ ਨਜਰ ਆਈ। ਅਰਥਚਾਰੇ ਨੂੰ ਸ਼ਾਂਤੀ ਨਾਲ ਜੋੜਿਆ ਜਾ ਸਕਦਾ ਹੈ ਪਰ ਪਿੱਛਲੇ ਦੋ ਦਹਾਕਿਆਂ ਵਿਚ ਵੀ ਤਾਂ ਕੁੱਝ ਖਾਸ ਉਪਲਬਧੀ ਨਹੀਂ ਵਿਖਾਈ, ਨਾ ਹੀ ਅੱਗੇ ਸਿਆਸੀ ਦਲ ਇਸ ਬਾਰੇ ਗੰਭੀਰ ਜਾਪਦੇ ਹਨ।

ਪੰਜਾਬ ਸਿਖਿਆ ਦੇ ਖੇਤਰ ਵਿਚ ਵੀ ਕੁੱਝ ਖਾਸ ਨਹੀਂ ਕਰ ਸਕਿਆ। ਉਹ ਧਰਤੀ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹੇ ਗਿਆਨ ਸਾਗਰ ਦੀ ਸੰਪਾਦਨਾ ਹੋਈ ਹੋਵੇ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨਤਾ ਪ੍ਰਾਪਤ ਹੋਈ ਹੋਵੇ-ਉਹ ਧਰਤੀ ਤਾਂ ਗਿਆਨ, ਸਿਖਿਆ ਦੇ ਵਿਸ਼ਵ ਪ੍ਰਸਿੱਧ ਕੇਂਦਰ ਵੱਜੋਂ ਵਿਕਸਿਤ ਹੋ ਜਾਣੀ ਚਾਹੀਦੀ ਸੀ। ਅੱਜ ਪੰਜਾਬ ਵਿਚ ਕੋਈ ਅਜਿਹੀ ਯੂਨੀਵਰਸਿਟੀ, ਕਾਲਜ ਨਹੀਂ, ਜਿਸ ਵਿਚ ਦਾਖਲੇ ਲਈ ਭਾਰਤ ਦੇ ਦੂਜੇ ਪ੍ਰਾਂਤਾਂ ਦੇ ਲੋਗ ਚਾਹ ਰੱਖਦੇ ਹੋਣ। ਪੰਜਾਬ ਅੰਦਰ ਕਿਤਨੇ ਆਈ ਆਈ.ਟੀ., ਆਈ.ਆਈ.ਐਮ ਖੋਲੇ ਗਏ ਹਨ। ਪੰਜਾਬ ਅੰਦਰ ਇਸ ਲਈ ਕੋਈ ਆਵਾਜ ਵੀ ਉੱਠਦੀ ਸੁਣੀ ਨਹੀਂ ਗਈ। ਕਿਸੇ ਸਿਆਸੀ ਦਲ ਨੇ ਆਪਣੇ ਚੋਣ ਘੋਸ਼ਣਾ ਪੱਤਰ ਵਿਚ ਪੰਜਾਬ ਦੇ ਸਿਖਿਆ ਖੇਤਰ ਨੂੰ ਲੋੜੀਂਦੀ ਤਰਜੀਹ ਨਹੀਂ ਦਿੱਤੀ, ਕਿਉਂਕਿ ਵੋਟਾਂ ਦੇ ਮੱਦੇ-ਨਜ਼ਰ ਇਹ ਜ਼ਰੂਰੀ ਮਹਿਸੂਸ ਨਹੀਂ ਹੋਇਆ। ਸਿਖਿਆ ਦੀ ਚਰਚਾ ਹੀ ਨਹੀਂ ਹੁੰਦੀ। ਵਿਦੇਸ਼ ਜਾਣ ਲਈ ਪੰਜਾਬ ਦਾ ਹਰ ਨੌਜਵਾਨ ਯਤਨ ਕਰਦਾ ਹੈ ਪਰ ਇਹ ਨਹੀਂ ਸਮਝਿਆ ਗਿਆ ਕਿ ਪੜ੍ਹ-ਲਿਖ ਕੇ ਵਿਦੇਸ਼ ਜਾਣਾ ਆਰਥਿਕ ਤੌਰ 'ਤੇ ਲਾਭਦਾਈ ਵੀ ਹੈ ਅਤੇ ਸਨਮਾਨ ਜਨਕ ਵੀ।

ਭਾਰਤ ਵਿਚ ਪੰਜਾਬ ਰੂਹਾਨੀਅਤ ਦਾ ਮੁੱਖ ਕੇਂਦਰ ਹੈ। ਕਿਸੇ ਵੀ ਸਰਕਾਰ ਨੇ ਪੰਜਾਬ ਨੂੰ ਆਪਣਾ ਪਾਵਨ ਅਸਥਾਨ ਦਿਵਾਉਣ ਲਈ ਕੋਈ ਸਾਰਥਕ ਜਤਨ ਨਹੀਂ ਕੀਤਾ। ਪੰਜਾਬ ਦਾ ਹਰ ਨਗਰ ਅਧਿਆਤਮਕ ਮਹੱਤਤਾ ਰੱਖਦਾ ਹੈ। ਸ੍ਰੀ ਦਰਬਾਰ ਸਾਹਿਬ ਦੀ ਆਪਣੀ ਪਛਾਣ ਸਾਰੇ ਸੰਸਾਰ ਵਿਚ ਹੈ ਪਰ ਅੰਮ੍ਰਿਤਸਰ ਨੂੰ ਵਿਕਸਿਤ ਕਰਨ ਦੀ ਕੋਈ ਸੰਪੂਰਨ ਯੋਜਨਾ ਅੱਜ ਤੱਕ ਨਹੀਂ ਬਣੀ। ਅੰਮ੍ਰਿਤਸਰ ਆਉਣ ਵਾਲੇ ਸ਼ਰਧਾਲੂਆਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਰਾਵਾਂ, ਨਿਵਾਸ ਘੱਟ ਪੈਂਦੀਆਂ ਹਨ। ਕਿਸੇ ਵੀ ਸਰਕਾਰ ਨੇ ਇਹ ਘਾਟ ਪੂਰੀ ਕਰਨ ਲਈ ਕੋਈ ਰੁਚੀ ਨਹੀਂ ਵਿਖਾਈ। ਸ੍ਰੀ ਆਨੰਦਪੁਰ ਸਾਹਿਬ ਜਿੱਥੇ ਖਾਲਸਾ ਪੰਥ ਸਾਜਿਆ ਗਿਆ, ਸਰਹਿੰਦ ਜਿੱਥੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਦੀ ਸ਼ਹੀਦੀ ਹੋਈ, ਚਮਕੌਰ ਸਾਹਿਬ ਜਿੱਥੇ ਸੰਸਾਰ ਦੀ ਸਭ ਤੋਂ ਅਸਾਵੀਂ ਜੰਗ ਲੜੀ ਗਈ ਤੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਸ਼ਹੀਦ ਹੋਏ, ਸ੍ਰੀ ਦਮਦਮਾ ਸਾਹਿਬ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨਤਾ ਪ੍ਰਾਪਤ ਹੋਈ, ਜੈਤੋ ਜਿੱਥੇ ਸੰਸਾਰ ਦਾ ਸਭ ਤੋਂ ਲੰਮਾ ਤੇ ਸ਼ਾਂਤੀਪੂਰਨ ਮੋਰਚਾ ਲਾਇਆ ਤੇ ਫਤਿਹ ਕੀਤਾ ਗਿਆ- ਆਦਿਕ ਅਸਥਾਨ ਭਾਰਤ ਦੇ ਨਕਸ਼ੇ ਵਿਚ ਅੱਜ ਵੀ ਆਪਣੀ ਬਣਦੀ ਯੋਗ ਥਾਂ ਲੱਭ ਰਹੇ ਹਨ। ਇਹ ਧਾਰਮਿਕ ਅਸਥਾਨ ਨਹੀਂ, ਮਨੁੱਖਤਾ ਦੇ ਗੌਰਵਮਈ ਅਸਥਾਨ ਹਨ ਜਿਨ੍ਹਾਂ ਨੂੰ ਦੁਨੀਆ ਦੇ ਨਕਸ਼ੇ ਵਿਚ ਲਿਆਉਣਾ ਚਾਹੀਦਾ ਸੀ। ਇਸ ਨਾਲ ਭਾਰਤ ਦੀ ਸ਼ਾਨ ਵਧਦੀ। ਪਰ ਅਜਿਹਾ ਨਹੀਂ ਹੋਇਆ।


ਪੰਜਾਬੀ ਕਲਚਰਲ ਸੈਂਟਰ ਯੂ ਐੱਸ ਏ
ਅਤੇ ਪੰਜਾਬੀ ਰੇਡੀਓ ਯੂ ਐੱਸ ਏ ਵਲੋਂ
ਸੱਦਾ ਪੱਤਰ
ਦੋਵਾਂ ਪੰਜਾਬਾਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਖੇਤਰਾਂ ਵਿੱਚ ਹੋ ਰਹੇ ਯਤਨਾਂ ਬਾਰੇ ਵਿਚਾਰਾਂ ਕਰਨ ਲਈ ਇੱਕ ਸਾਹਿਤਕ ਮਿਲਣੀ ਲਈ ਤੁਹਾਨੂੰ ਸੱਦਾ ਦਿੰਦਿਆਂ ਸਾਨੂੰ ਬੇਹੱਦ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ
ਪ੍ਰੋਗਰਾਮ ਦਾ ਵੇਰਵਾ :
3 ਅਕਤੂਬਰ ਸ਼ਨਿਚਰਵਾਰ
ਸ਼ੁਰੂਆਤ : ਸਵੇਰੇ 10:30 ਵਜੇ
ਮੁੱਖ ਮਹਿਮਾਨ
ਪ੍ਰੋਫੈਸਰ ਡਾ. ਨਬੀਲਾ ਰਹਿਮਾਨ
(ਪ੍ਰਿੰਸੀਪਲ ਓਰੀਐਂਟਲ ਕਾਲਜ ਯੂਨੀਵਰਸਿਟੀ ਆਫ਼ ਪੰਜਾਬ, ਪਾਕਿਸਤਾਨ)
ਜਾਣੇ ਪਛਾਣੇ ਪੰਜਾਬੀ ਲੇਖਕ ਤੇ ਪੰਜਾਬੀ ਹਿਤੈਸ਼ੀ ਆਪਣੇ ਵਿਚਾਰ ਸਾਂਝੇ ਕਰਨਗੇ।
ਕਵੀ ਦਰਬਾਰ ਵੀ ਹੋਵੇਗਾ
ਬਾਅਦ ਦੁਪਹਿਰ : 1:00 ਵਜੇ
ਪ੍ਰੋਫੈਸਰ ਡਾ. ਨਬੀਲਾ ਰਹਿਮਾਨ ਦਾ ਸਨਮਾਨ
ਹੋਰ ਜਾਣਕਾਰੀ ਲਈ ਸੰਪਰਕ ਕਰੋ:
(559) 403-9290
408-272-5200
ਪੰਜਾਬੀ ਕੂਲਚਰਲ ਸੈਂਟਰ ਯੂ ਐੱਸ ਏ
ਫਰਿਜਨੋਂ
(2125 N Barton Ave, Fresno, CA 93703)

# ਕੈਨੇਡਾ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਮੱਸਿਆ

***ਭਾਰਤੀ ਮਹਾਂਦੀਪ ਵਿਚੋਂ ਹਰ ਵਰ੍ਹੇ ਲੱਖਾਂ ਲੋਕ ਵੱਖ-ਵੱਖ ਸਾਧਨਾਂ ਰਾਹੀਂ ਵਿਦੇਸ਼ਾਂ ਵੱਲ ਰੁਖ ਕਰਦੇ ਹਨ। ਇਨ੍ਹਾਂ ਸਾਧਨਾਂ ਵਿਚੋਂ ਸੁਖਾਲਾ ਅਤੇ ਸੁਰੱਖਿਅਤ ਤਰੀਕਾ ਵਿੱਦਿਆ ਦਾ ਮਾਧਿਅਮ ਹੈ। ਪਰ ਘੱਟ ਜਾਣਕਾਰੀਆਂ ਹੋਣ ਕਾਰਨ ਉਹ ਏਜੰਟਾਂ ਦੇ ਫੈਲਾਏ ਭਰਮਜਾਲ ਵਿਚ ਫਸ ਕੇ ਅਕਸਰ ਧੋਖੇ ਦਾ ਸ਼ਿਕਾਰ ਹੋ ਜਾਂਦੇ ਹਨ।***



**ਹਰਜੀਤ ਸਿੰਘ ਗਿੱਲ**
**ਫੋਨ: +1 647 542 0007 (ਕਨੇਡਾ)**
**+91 98889 45127 (ਭਾਰਤ)**

ਅਲਬਰਟਾ ਦੇ ਸ਼ਹਿਰ ਕੈਲਗਰੀ ਅਤੇ ਹੋਰਨਾਂ ਜਗ੍ਹਾ 'ਤੇ ਇੱਕ-ਦੋ ਕਮਰਿਆਂ ਵਿਚ ਚਲਦੇ ਬਿਨਾ ਕਰੈਡਿਟ ਵਾਲੇ ਕਾਲਜ ਅੱਜ ਕੱਲ੍ਹ ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਜੁੜਿਆ ਇੱਕ ਗੰਭੀਰ ਮਸਲਾ ਬਣਿਆ ਹੋਇਆ ਹੈ। ਜਿੱਥੇ ਇੱਕ ਦੋ ਕਮਰਿਆਂ ਵਿਚ ਬਹੁਤ ਸਾਰੇ ਪ੍ਰਾਈਵੇਟ ਕਾਲਜ ਜਾਂ ਕੈਰੀਅਰ ਕਾਲਜ ਚੱਲ ਰਹੇ ਸਨ। ਇਹ ਉਹ ਕਾਲਜ ਹਨ ਜਿਨ੍ਹਾਂ ਦੇ ਪ੍ਰੋਗਰਾਮਾਂ ਦੀ ਭਰੋਸੇਯੋਗਤਾ ਜਾਂ ਲੇਬਰ-ਮਾਰਕੀਟ ਮੁੱਲ ਬਾਰੇ ਸਵਾਲ ਉੱਠਦੇ ਹਨ। ਅਸਲ ਮਸਲਾ ਕਮਰਿਆਂ ਦੀ ਗਿਣਤੀ ਦਾ ਵੀ ਨਹੀਂ ਹੈ। ਸਗੋਂ ਕਾਰੋਬਾਰੀ ਮਾਡਲ (Business Model) ਦਾ ਹੈ। ਇਹ ਸਮੱਸਿਆ ਉਸ ਵਕਤ ਸ਼ੁਰੂ ਹੋਈ, ਜਦੋਂ ਸਿੱਖਿਆ ਅੰਤਰਰਾਸ਼ਟਰੀ ਵਿਦਿਆਰਥੀ ਨੂੰ ਪੈਸੇ ਇਕੱਠੇ ਕਰਨ ਦੇ ਲਾਲਚ ਹੇਠ ਕਾਰੋਬਾਰ ਬਣਾ ਲਿਆ ਗਿਆ। ਇਨ੍ਹਾਂ ਵਿੱਦਿਅਕ ਅਦਾਰਿਆਂ ਦਾ ਅਕਾਦਮਿਕ ਬੁਨਿਆਦੀ ਢਾਂਚਾ, ਵਿਦਿਆਰਥੀ ਸੇਵਾਵਾਂ ਨਾ ਹੋਣ ਦੇ ਬਰਾਬਰ, ਮਹਿੰਗੀ ਟਿਊਸ਼ਨ ਫ਼ੀਸ ਅਤੇ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਰੁਜ਼ਗਾਰ ਦੇ ਮੌਕਿਆਂ ਅਤੇ ਪੱਕੀ ਇੰਮੀਗ੍ਰੇਸ਼ਨ ਦੀਆਂ ਉਮੀਦਾਂ ਨਾਲ ਮੇਲ ਨਹੀਂ ਖਾਂਦਾ। ਹੈਰਾਨੀ ਦੀ ਗੱਲ ਇਹ ਹੈ ਕਿ ਸਰਕਾਰ ਅਤੇ ਅਧਿਕਾਰੀਆਂ ਦੀ ਨੱਕ ਹੇਠ ਇਹ ਠੱਗੀ ਦਾ ਕਾਰੋਬਾਰ ਲਗਾਤਾਰ ਚਲਦਾ ਆ ਰਿਹਾ ਸੀ। ਇਸ ਵਿਚ ਪੜ੍ਹਾਏ ਜਾਣ ਵਾਲੇ ਤਮਾਮ ਬੋਗਸ ਕੋਰਸਾਂ ਵਿਚ ਕੋਈ ਵੀ ਸਥਾਨਕ ਵਿਦਿਆਰਥੀ ਨਹੀਂ ਸੀ ਪੜ੍ਹ ਰਿਹਾ। ਇਹ ਵੀ ਸ਼ੱਕ ਪ੍ਰਗਟ ਕੀਤਾ ਜਾਂਦਾ ਹੈ ਕਿ ਕਿ ਇਹ ਸਿਰਫ਼ ਵਿਖਾਵਾ ਮਾਤਰ ਦੇ ਹੀ ਕਾਲਜ ਸਨ, ਪੜ੍ਹਾਈ ਦਾ ਇਨ੍ਹਾਂ ਨਾਲ ਕੋਈ ਖ਼ਾਸ ਰਿਸ਼ਤਾ ਹੈ ਹੀ ਨਹੀਂ ਸੀ। ਸਿਰਫ਼ ਪੱਕੇ ਹੋਣ ਦੀ ਝੂਠੀ ਉਮੀਦ ਨਾਲ ਇਹ ਧੰਦਾ ਵੱਧ-ਫੁੱਲ ਰਿਹਾ ਸੀ।

ਇਸ ਕਾਰਨ ਸਥਾਨਕ ਜਨਤਕ ਪ੍ਰਤੀਕਿਰਿਆ ਅੰਤਰਰਾਸ਼ਟਰੀ ਵਿਦਿਆਰਥੀਆਂ ਜਾਂ ਸਪਸ਼ਟ ਕਿਹਾ ਜਾਵੇ ਕਿ ਨਸਲਵਾਦੀ ਸੋਚ ਵਾਲੇ ਲੋਕਾਂ ਲਈ ਸਮੁੱਚੇ ਭਾਈਚਾਰੇ ਵਿਰੁੱਧ ਨਫ਼ਰਤ ਫੈਲਾਉਣ ਦੇ ਮੌਕੇ ਪੈਦਾ ਕਰਦੀ ਹੈ। ਇਸ ਪਿੱਛੇ ਪਾਲਿਸੀ ਘਾੜੇ ਅਤੇ ਰੈਗੂਲੇਟਰੀ ਸੰਸਥਾਵਾਂ ਦੀਆਂ ਅਸਫਲਤਾਵਾਂ ਨੂੰ ਜਾਣ-ਬੁੱਝ ਕੇ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਕੈਲਗਰੀ ਵਿਚ ਅਜਿਹੇ ਕਿੰਨੇ ਕਾਲਜ ਹਨ? ਇਸ ਸੁਆਲ ਦੀ ਪੜਚੋਲ ਕਰਦਿਆਂ ਪਤਾ ਚਲਦਾ ਹੈ ਕਿ ਇਹ ਗਿਣਤੀ ਉਮੀਦ ਨਾਲੋਂ ਕਾਫ਼ੀ ਵੱਡੀ ਹੈ। ਅਲਬਰਟਾ ਦੇ ਅਧਿਕਾਰਤ ਅਲਬਰਟਾ ਲਰਨਿੰਗ ਇਨਫਰਮੇਸ਼ਨ ਸਰਵਿਸ ਦੇ ਡੇਟਾਬੇਸ ਵਿਚ ਇਸ ਸਮੇਂ 179 ਸੰਸਥਾਵਾਂ ਅਲਬਰਟਾ ਪ੍ਰਾਈਵੇਟ ਕੈਰੀਅਰ ਕਾਲਜ ਵਿਚ ਵਰਗੀਕ੍ਰਿਤ ਹਨ। ਇਹ ਸਾਰੇ ਦੇ ਸਾਰੇ ਨਾ ਤਾ ਕੈਲਗਰੀ ਦੇ ਹਨ ਅਤੇ ਨਾ ਹੀ ਅੰਤਰਰਾਸ਼ਟਰੀ-ਵਿਦਿਆਰਥੀਆਂ ਵਾਲੇ ਇੱਕ-ਕਮਰੇ ਵਾਲੇ ਕਾਲਜ, ਪਰ ਇਸ ਤੋਂ ਇਸ ਗੱਲ ਦਾ ਅੰਦਾਜ਼ਾ ਜ਼ਰੂਰ ਲਗਦਾ ਹੈ ਕਿ ਅਲਬਰਟਾ ਵਿਚ ਪ੍ਰਾਈਵੇਟ ਕੈਰੀਅਰ ਕਾਲਜ ਦਾ ਖੇਤਰ ਕਿੰਨਾ ਵਸੀਹ ਹੈ। ਇਸ ਸੂਚੀ ਵਿਚ ਏ ਬੀ.ਐਮ. ਕਾਲਜ, ਏ.ਸੀ.ਈ. ਕੈਰੀਅਰ ਕਾਲਜ, ਅਕੈਡਮੀ ਆਫ਼ ਲਰਨਿੰਗ, ਬੇਅ ਰਿਵਰ ਕਾਲਜ, ਕੈਮਬਰੂਕਸ ਕਾਲਜ, ਕੈਨੇਡੀਅਨ ਹੈਲਥ ਐਂਡ ਬਿਜ਼ਨਸ ਕਾਲਜ, ਈ.ਆਰ.ਪੀ. ਕਾਲਜ, ਈਸਟ-ਵੈਸਟ ਕਾਲਜ, ਐਲੀਵੇਟਿਡ ਲਰਨਿੰਗ ਅਕੈਡਮੀ, ਗਲੋਬਲ ਕਾਲਜ ਆਫ਼ ਬਿਜ਼ਨਸ ਐਂਡ ਟੈਕਨਾਲੋਜੀ, ਹੇਮਪਟਨਜ਼ ਕਾਲਜ, ਇਨੋਟੈਕ ਕਾਲਜ, ਐਮ.ਸੀ.ਜੀ. ਕੈਰੀਅਰ ਕਾਲਜ, ਪ੍ਰੇਰੀ ਵੈਸਟਰਨ ਕਾਲਜ, ਪ੍ਰੋਫੈਸ਼ਨਲ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ, ਰਾਇਲ ਕੈਨੇਡੀਅਨ ਬਿਜ਼ਨਸ ਕਾਲਜ, ਸਨ ਡਾਂਸ ਕਾਲਜ ਆਦਿ ਸ਼ਾਮਲ ਹਨ। ਜਿੱਥੇ ਬਿਨਾ ਮਤਲਬ ਦੇ, ਬਿਨਾ ਕਨੇਡਾ ਦੀ ਲੇਬਰ ਮਾਰਕੀਟ ਦੀ ਜ਼ਰੂਰਤ ਦੇ ਅਜਿਹੇ ਫ਼ਰਜ਼ੀ ਕੋਰਸ ਕਰਵਾਉਣ ਦਾ ਢਕਵੰਜ ਰਚਿਆ ਹੋਇਆ ਹੈ, ਜਿਸ ਦਾ ਮਕਸਦ ਪੈਸੇ ਇਕੱਠੇ ਕਰਨ ਤੋਂ ਵੱਧ ਕੁਝ ਵੀ ਨਹੀਂ ਹੈ। ਅਲਬਰਟਾ ਪ੍ਰਾਈਵੇਟ ਕਰੀਅਰ ਕਾਲਜਾਂ ਵਿਚ ਅਜਿਹੇ ਕੋਰਸ ਕਰਾਏ ਜਾਂਦੇ ਰਹੇ ਹਨ, ਜਿਨ੍ਹਾਂ ਦੀ ਸਥਾਨਕ ਲੇਬਰ ਮਾਰਕੀਟ ਨੂੰ ਕੋਈ ਲੋੜ ਹੀ ਨਹੀਂ ਹੈ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਨ੍ਹਾਂ ਕੂੜਾ-ਕਰਕਟ ਨੁਮਾ ਕੋਰਸਾਂ ਵਿਚ ਇੱਕ ਵੀ ਸਥਾਨਕ ਕਨੇਡੀਅਨ ਦਾ ਬੱਚਾ ਕਿਉ ਨਹੀਂ ਪੜ੍ਹਦਾ? ਇਨ੍ਹਾਂ ਕੋਰਸਾਂ ਵਿਚ ਬਿਜਨੈਸ ਐਡਮਨਿਸਟ੍ਰੇਸ਼ਨ, ਬਿਜਨੈਸ ਮੈਨਿਜਮੈਂਟ, ਆਫ਼ਿਸ ਐਡਮਨਿਸਟ੍ਰੇਸ਼ਨ, ਅਕਾਉਂਟਿੰਗ ਅਤੇ ਪੇ-ਰੋਲ ਐਡਮਨਿਸਟ੍ਰੇਸ਼ਨ, ਹਾਸਪੀਟੈਲਿਟੀ ਮੈਨੇਜਮੈਂਟ, ਡੈਂਟਲ ਮੈਨਿਜਮੈਂਟ, ਫਾਰਮੇਸੀ ਸਹਾਇਕ ਵਾਲੇ ਕੋਰਸ ਸ਼ਾਮਲ ਹਨ। ਪਾਠਕ ਇਸ ਨੂੰ ਕਨੇਡਾ ਤਾਂ ਕੀ ਭਾਰਤੀ ਵਿੱਦਿਆ ਪ੍ਰਣਾਲੀ ਨਾਲ ਹੀ ਜੋੜ ਕੇ ਵੇਖ ਲੈਣ ਕਿ ਅਜਿਹੀ ਕਿਸੇ ਪੜ੍ਹਾਈ ਦੀ ਕਿਸੇ ਸਕੂਲ ਕਾਲਜ ਵਿਚ ਕੋਈ ਗੱਲ ਸੁਣੀ ਹੈ। ਫਿਰ ਇਸ ਅਖੌਤੀ ਪੜ੍ਹਾਈ ਦੀ ਭਾਰਤ ਵਰਗੇ ਬੇਹੱਦ ਸੰਘਣੀ ਵੱਸੋਂ ਵਾਲੇ ਮੁਲਕ ਵਿਚ ਵੀ ਕੋਈ ਨੌਕਰੀ ਮਿਲ ਸਕਦੀ ਹੈ।

ਇਸ ਤੋਂ ਵੀ ਦਿਲਚਸਪ ਗੱਲ ਇਹ ਹੈ ਕਿ ਇੱਕ ਨਿਰਧਾਰਿਤ ਸਿੱਖਿਆ ਸੰਸਥਾ (Designated Learning Institution) ਹੋਣਾ ਆਪਣੇ-ਆਪ ਵਿਚ ਇਹ ਸਾਬਤ ਨਹੀਂ ਕਰਦਾ ਕਿ ਇਹ ਕੋਈ ਵੱਕਾਰੀ ਜਾਂ ਯੂਨੀਵਰਸਿਟੀ-ਪੱਧਰੀ ਸੰਸਥਾ ਹੈ। ਡੀ.ਐਲ.ਆਈ. (Designated Learning Institution) ਦਾ ਮੁੱਖ ਅਰਥ ਇਹ ਹੈ ਕਿ ਸੰਸਥਾ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਦੇ ਫਰੇਮ ਵਰਕ ਵਿਚ ਮਨੋਨੀਤ ਕੀਤਾ ਗਿਆ ਹੈ। ਅਲਬਰਟਾ ਸਰਕਾਰ ਤਾਂ ਇਹ ਵੀ ਆਖਦੀ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਸਮੇਂ ਅਲਬਰਟਾ ਵਿਚ ਚਲਦੇ ਕਾਲਜ ਨੂੰ ਹੋਰ ਵੀ ਕਈ ਸਰਕਾਰੀ ਲੋੜੀਂਦੀਆਂ ਰਸਮੀ ਕਾਰਵਾਈਆਂ ਅਤੇ ਨਾਮਜ਼ਦਗੀ ਵਾਲੀਆਂ ਲੋੜਾਂ ਦੀ ਪੂਰਤੀ ਕਰਨੀ ਹੁੰਦੀ ਹੈ।

ਇਸ ਕਾਰੋਬਾਰੀ ਮਾਡਲ ਦੀ ਇੱਕ ਮਹੱਤਵਪੂਰਨ ਕੜੀ ਏਜੰਟ ਹੁੰਦੇ ਹਨ ਜੋ ਵਿਦੇਸ਼ਾਂ ਵਿਚ ਵਿਦਿਆਰਥੀਆਂ ਨੂੰ ਦੱਸਦੇ ਹਨ ਕਿ ਕਾਲਜ ਤਾਂ ਸਿਰਫ਼ ਡਿਪਲੋਮਾ ਦੇਣ ਦਾ ਇੱਕ ਸਾਧਨ ਮਾਤਰ ਹਨ। ਜਿਸ ਰਾਹੀਂ ਤੁਸੀਂ ਕੈਨੇਡਾ ਵਿਚ ਵਰਕ ਪਰਮਿਟ ਹਾਸਲ ਕਰਕੇ ਕੈਨੇਡੀਅਨ ਕੰਮ ਦਾ ਤਜਰਬਾ ਵਿਖਾ ਕੇ ਪੱਕੇ ਤੌਰ 'ਤੇ ਕਨੇਡਾ ਦੇ ਵਿਚ ਰਹਿਣ (PR) ਦੇ ਯੋਗ ਬਣ ਜਾਉਗੇ। ਇਹ ਕੋਰਸ ਕਰੋ, ਫਿਰ ਪੋਸਟ ਗਰੈਜੂਏਟ ਵਰਕ ਪਰਮਿਟ ਅਤੇ ਅਖੀਰ ਵਿਚ ਮੁੱਖ ਨਿਸ਼ਾਨਾ ਪੀ.ਆਰ. ਪੱਕੀ ਹੈ। ਇਹ ਬਹੁਤ ਖਤਰਨਾਕ ਅਤੇ ਸਮੱਸਿਆ ਦਾ ਬਹੁਤ ਜ਼ਿਆਦਾ ਸਰਲੀਕਰਨ ਹੈ। ਇਹ ਹੀ ਇੱਕ ਲੁਭਾਉਣੀ ਖੇਡ ਖੇਡੀ ਜਾਂਦੀ ਹੈ। ਜਦ ਇਸ ਖੇਡ ਦਾ ਪਰਦਾਫਾਸ਼ ਹੋਇਆ ਤਾਂ ਲੱਖਾਂ ਰੁਪਏ ਖ਼ਰਚ ਕਰਕੇ ਕਨੇਡਾ ਦੇ ਵਿਚ ਵੱਸਣ ਦੇ ਸੁਨਹਿਰੀ ਸੁਪਨੇ ਲੈ ਕੇ ਆਏ ਅੰਤਰਰਾਸ਼ਟਰੀ ਵਿਦਿਆਰਥੀ ਸੜਕ 'ਤੇ ਆ ਗਏ। ਬਿਨਾ ਇਹ ਸੋਚਿਆਂ ਕਿ ਇਨ੍ਹਾਂ ਮੁਲਕਾਂ ਵਿਚ ਨਿਯਮ ਅਤੇ ਕਾਨੂੰਨ ਚਲਦੇ ਹਨ। ਧਰਨੇ ਅਤੇ ਰੋਸ ਮੁਜ਼ਾਹਰੇ ਪਿੱਛੇ ਰਹਿ ਗਏ ਦੇਸ਼ ਦੀ ਰਵਾਇਤ ਹੈ। ਕਨੇਡਾ ਵਿਚ ਚਾਰਟਰ ਅਧਿਕਾਰਾਂ ਦੀ ਧਾਰਾ 1 ਦੇ ਅਨੁਸਾਰ ਅਧਿਕਾਰਾਂ ਉੱਤੇ ਕਾਨੂੰਨ ਦੁਆਰਾ ਨਿਰਧਾਰਿਤ ਵਾਜਬ ਸੀਮਾਵਾਂ ਅਤੇ ਪਾਬੰਦੀਆਂ ਵੀ ਲਾਗੂ ਹੁੰਦੀਆਂ ਹਨ, ਜੇਕਰ ਉਹ ਆਜ਼ਾਦ ਅਤੇ ਜਮਹੂਰੀ ਸਮਾਜ ਵਿਚ ਸਪਸ਼ਟ ਤੌਰ 'ਤੇ ਅਥਾਰਿਟੀ ਨੂੰ ਸਪਸ਼ਟ ਸਬੂਤਾਂ ਨਾਲ ਇਹ ਸਾਬਤ ਕਰਨ ਕਿ ਕਿਸੇ ਵਿਅਕਤੀ ਦੇ ਅਧਿਕਾਰਾਂ ਨੂੰ ਰੋਕਣ ਅਤੇ ਸੀਮਤ ਕਰਨ ਵਾਲੀ ਕੋਈ ਕਾਰਵਾਈ ਨਾ ਹੋਵੇ।

ਪੰਜਾਬ ਤੋਂ ਕਨੇਡਾ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵੱਡੀ ਗਿਣਤੀ ਹੋਣ ਕਰਕੇ ਪੰਜਾਬੀ ਭਾਈਚਾਰਾ ਇਸ ਵਿੱਦਿਅਕ ਬਜ਼ਾਰ ਵਿਚ ਅਸੰਤੁਲਿਤ ਢੰਗ ਨਾਲ ਅਸਧਾਰਨ ਤੌਰ 'ਤੇ ਦਿਖਾਈ ਦੇਣ ਵਾਲੀ ਇੱਕ ਸ਼੍ਰੇਣੀ ਬਣ ਚੁੱਕਾ ਹੈ। ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕੈਨੇਡਾ ਦੀ ਪ੍ਰਵਾਸ ਨੀਤੀ ਨੇ ਇਸ ਮਾਰਕੀਟ ਨੂੰ ਕਿਵੇਂ ਜਨਮ ਦਿੱਤਾ? ਪਿਛਲੇ ਦਹਾਕੇ ਵਿਚ ਕਨੇਡਾ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਿਰਫ਼ ਵਿਦਿਆ ਦੇਣ ਦਾ ਸਰੋਤ ਜਾ ਸਾਧਨ ਨਹੀਂ, ਸਗੋਂ ਪਰਵਾਸ ਅਤੇ ਕਿਰਤ-ਬਾਜ਼ਾਰ ਦੀ ਪਾਈਪ ਲਾਈਨ ਦਾ ਹਿੱਸਾ







ਬਣਾ ਕੇ ਰੱਖਿਆ ਹੋਇਆ ਸੀ। ਇਹ ਮਾਰਗ ਕਈ ਅਸਲ ਵਿਚ ਪੜ੍ਹਨ ਆਏ ਵਿਦਿਆਰਥੀਆਂ ਲਈ ਸਫਲਤਾ ਦਾ ਸਾਧਨ ਵੀ ਬਣਿਆ ਰਿਹਾ। ਪਰ ਇਸ ਨੇ ਇੱਕ ਵਪਾਰਕ ਸਿੱਖਿਆ ਈਕੋ ਸਿਸਟਮ ਵੀ ਪੈਦਾ ਕੀਤਾ। ਇਸ ਈਕੋ ਸਿਸਟਮ ਵਿਚ ਵਿਦਿਆਰਥੀ ਸਿਰਫ਼ ਵਿਦਿਆਰਥੀ ਨਹੀਂ ਰਹਿੰਦਾ, ਉਹ ਵੱਧ ਫੀਸਾਂ ਭਰਨ ਵਾਲੇ ਉੱਚੇ ਮੁੱਲ ਦਾ ਅੰਤਰਰਾਸ਼ਟਰੀ ਗਾਹਕ ਵੀ ਬਣ ਜਾਂਦਾ ਹੈ। ਇਹ ਫਾਰਮੂਲਾ ਉਸ ਸਮੇਂ ਮੁਸੀਬਤ ਬਣ ਗਿਆ ਜਦ ਫੈਡਰਲ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਕੰਟਰੋਲ ਕਰਨ ਲਈ ਸਟੱਡੀ-ਪਰਮਿਟ ਉੱਤੇ ਕੈਪ ਲਾ ਦਿੱਤੀ ਅਤੇ ਪ੍ਰੋਵਿੰਸ਼ੀਅਲ ਅਟੈਸਟੇਸ਼ਨ ਲੈਟਰ (PAL/TAL) ਸਿਸਟਮ ਲਾਗੂ ਕੀਤਾ ਹੈ। ਜਿਸ ਅਨੁਸਾਰ 2026 ਦੇ ਵਰ੍ਹੇ ਲਈ ਸਟੱਡੀ-ਪਰਮਿਟ ਕੈਪ PAL/TAL ਨੂੰ 1 ਜਨਵਰੀ ਤੋਂ 31 ਦਸੰਬਰ 2026 ਦੀ ਲਈ ਵੈਲਡਿਟੀ ਵਿੰਡੋ ਨਾਲ ਜੋੜ ਦਿੱਤਾ ਗਿਆ ਹੈ। ਇਸ ਨਾਲ ਪੋਸਟ ਗਰੈਜੁਏਟ ਵਰਕ ਪਰਮਿਟ ਦੇ ਨਿਯਮ ਵੀ ਸਖਤ ਹੋ ਗਏ ਅਤੇ ਹੁਣ ਹਰ ਇੱਕ ਡਿਪਲੋਮਾ ਵਰਕ ਪਰਮਿਟ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ। ਇੱਥੇ ਸਭ ਤੋਂ ਵੱਧ ਨੁਕਸਾਨ ਨਿਯਮਾਂ ਦੀ ਘੱਟ ਜਾਣਕਾਰੀ ਵਾਲੇ ਵਿਦਿਆਰਥੀਆਂ ਨੂੰ ਭੁਗਤਣਾ ਪਿਆ। ਸਮੱਸਿਆ ਆਣ ਖੜ੍ਹੀ ਹੋਈ ਕਿ ਜੇਕਰ ਪ੍ਰੋਗਰਾਮ ਲੇਬਰ ਮਾਰਕੀਟ ਨਾਲ ਫਿੱਟ ਨਹੀਂ ਬੈਠਦਾ ਹੈ, ਤਾਂ ਕੈਨੇਡੀਅਨ ਸੁਪਨਾ ਵੀ ਗਿਆ ਅਤੇ ਪੜ੍ਹਾਈ ਲਈ ਚੁੱਕੇ ਕਰਜ਼ੇ ਵੀ ਕਿਸੇ ਕੰਮ ਨਾ ਆ ਸਕੇ।

ਜਿਹੜੇ ਅੰਤਰਰਾਸ਼ਟਰੀ ਵਿਦਿਆਰਥੀ ਇਨ੍ਹਾਂ ਬਿਨਾ ਕਰੈਡਿਟ ਵਾਲੇ ਕਾਲਜਾਂ ਵਿਚ ਪੜ੍ਹਦੇ ਰਹੇ ਹਨ, ਅੱਜ ਦੇ ਸੰਧਰਭ ਵਿਚ ਉਨ੍ਹਾਂ ਦਾ ਕੀ ਭਵਿੱਖ ਹੈ। ਅਲਬਰਟਾ ਦੇ ਨਿੱਜੀ ਕਿੱਤਾ ਮੁਖੀ ਕਾਲਜਾਂ ਵਿਚ ਪੜ੍ਹੇ ਵਿਦਿਆਰਥੀਆਂ ਲਈ ਆਮ ਤੌਰ 'ਤੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦਾ ਰਸਤਾ ਨਹੀਂ ਬਚਿਆ ਹੈ। ਅਲਬਰਟਾ ਸਰਕਾਰ ਦੀ ਮੌਜੂਦਾ ਜਾਣਕਾਰੀ ਅਨੁਸਾਰ ਨਿੱਜੀ ਕਿੱਤਾ ਮੁਖੀ ਕਾਲਜਾਂ ਦੇ ਅੰਤਰਰਾਸ਼ਟਰੀ ਵਿਦਿਆਰਥੀ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਪ੍ਰੋਗਰਾਮ ਲਈ ਯੋਗ ਹੀ ਨਹੀਂ ਹੁੰਦੇ। ਇਸ ਲਈ ਸਿਰਫ਼ ਇਹ ਸੋਚਣਾ ਕਿ ਮੈਂ ਦੋ ਸਾਲ ਪੜ੍ਹ ਲਿਆ, ਹੁਣ ਤਿੰਨ ਸਾਲ ਦਾ ਵਰਕ ਪਰਮਿਟ ਮਿਲ ਜਾਵੇਗਾ ਇਹ ਧਾਰਨਾ ਇਨ੍ਹਾਂ ਕਾਲਜਾਂ ਲਈ ਸਹੀ ਨਹੀਂ ਹੈ। ਜਿਹੜੇ ਵਿਦਿਆਰਥੀ ਪਹਿਲਾਂ ਹੀ ਮੁਸ਼ਕਲ ਵਿਚ ਹਨ, ਉਨ੍ਹਾਂ ਲਈ ਹੁਣ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਕੋਰਸ ਪੂਰਾ ਕਰਨ ਤੋਂ ਬਾਅਦ ਆਪਣੇ-ਆਪ ਕੋਈ ਖੁੱਲ੍ਹਾ ਵਰਕ ਪਰਮਿਟ ਨਹੀਂ ਮਿਲ ਸਕੇਗਾ। ਜੇ ਉਨ੍ਹਾਂ ਦਾ ਸਟੱਡੀ ਪਰਮਿਟ ਖ਼ਤਮ ਹੋਣ ਵਾਲਾ ਹੈ, ਤਾਂ ਅਗਲਾ ਕਦਮ ਪਹਿਲਾਂ ਤੋਂ ਹੀ ਤੈਅ ਕਰਨਾ ਪਵੇਗਾ।

ਇਹ ਹੁਣ ਸਿਰਫ਼ ਕਾਗਜ਼ੀ ਮਸਲਾ ਨਹੀਂ ਰਿਹਾ। 2026 ਵਿਚ ਐਡਮਿੰਟਨ ਅਤੇ ਹੋਰ ਥਾਵਾਂ 'ਤੇ ਕੁਝ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੇਣ 'ਤੋਂ ਹੋਏ ਇਨਕਾਰ ਬਾਰੇ ਵਿਰੋਧ ਕੀਤਾ ਹੈ। ਇਹ ਮਾਮਲੇ ਦਿਖਾਉਂਦੇ ਹਨ ਕਿ ਵਿਦਿਆਰਥੀਆਂ ਅਤੇ ਕਾਲਜਾਂ ਵੱਲੋਂ ਕੀਤੇ ਵਾਅਦਿਆਂ ਅਤੇ ਇੰਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ ਦੇ ਨਿਯਮਾਂ ਵਿਚਕਾਰ ਟਕਰਾਅ ਕਿੰਨਾ ਗੰਭੀਰ ਹੋ ਸਕਦਾ ਹੈ। ਇਨ੍ਹਾਂ ਵਿਦਿਆਰਥੀਆਂ ਦਾ ਭਵਿੱਖ ਸਿਰਫ਼ ਉਨ੍ਹਾਂ ਦੀ ਆਪਣੀ ਗ਼ਲਤੀ ਦਾ ਨਤੀਜਾ ਨਹੀਂ ਮੰਨਿਆ ਜਾ ਸਕਦਾ। ਇਨ੍ਹਾਂ ਮਾਮਲਿਆਂ ਵਿਚ ਕਾਲਜਾਂ ਨੇ ਵਿੱਦਿਆ ਨੂੰ ਪ੍ਰਵਾਸ ਦੇ ਸੌਖੇ ਰਾਹ ਵਜੋਂ ਵੇਚਿਆ, ਜਦੋਂ ਕਿ ਵਿਦਿਆਰਥੀਆਂ ਨੂੰ ਇਹ ਸਪਸ਼ਟ ਨਹੀਂ ਸੀ। ਜਿਨ੍ਹਾਂ ਨੇ ਨਾਨ ਕਰੈਡਿਟ ਪ੍ਰਾਈਵੇਟ ਕੈਰੀਅਰ ਕਾਲਜਾਂ ਵਿਚ ਪੜ੍ਹਾਈ ਕੀਤੀ ਹੈ, ਅਤੇ ਇਸ ਨੂੰ ਕਨੇਡਾ ਵਿਚ ਪੱਕੇ ਹੋਣ ਦੇ ਰਸਤੇ ਵਜੋਂ ਚੁਣਿਆ ਸੀ, ਉਨ੍ਹਾਂ ਲਈ ਅੱਜ ਦਾ ਸਮਾਂ ਬਹੁਤ ਅਨਿਸ਼ਚਿਤ ਹੈ। ਉਨ੍ਹਾਂ ਨੂੰ ਆਪਣੇ ਪਰਮਿਟ ਅਤੇ ਪ੍ਰਵਾਸ ਲਈ ਯੋਗਤਾ ਦੀ ਤੁਰੰਤ ਜਾਂਚ ਕਰਨੀ ਚਾਹੀਦੀ ਹੈ, ਨਾ ਕਿ ਸਿਰਫ਼ ਕਾਲਜ ਦੇ ਪੁਰਾਣੇ ਵਾਅਦਿਆਂ 'ਤੇ ਭਰੋਸਾ ਕਰਨਾ ਚਾਹੀਦਾ ਹੈ। ਉਨ੍ਹਾਂ ਲਈ ਮੁੜ ਪੜ੍ਹਾਈ ਕਰਨੀ ਇੱਕ ਹੋਰ ਪ੍ਰੈਕਟੀਕਲ ਪਰ ਮਹਿੰਗਾ ਬਦਲ ਹੋ ਸਕਦਾ ਹੈ ਕਿ ਉਹ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਪ੍ਰੋਗਰਾਮ ਹਾਸਲ ਕਰਨ ਲਈ ਕਿਸੇ ਯੋਗ ਪ੍ਰਾਈਵੇਟ ਕਾਲਜ ਜਾਂ ਯੂਨੀਵਰਸਿਟੀ ਪ੍ਰੋਗਰਾਮ ਵਿਚ ਜਾਣ। ਪਰ ਇਹ ਸਿਰਫ਼ ਇੱਕ ਹੋਰ ਡਿਪਲੋਮਾ ਕਰ ਲਵੋ ਅਤੇ ਪੱਕੇ ਹੋਣ ਵਾਲਾ ਸਧਾਰਨ ਫਾਰਮੂਲਾ ਨਹੀਂ ਹੈ। 2026 ਵਿਚ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਪ੍ਰੋਗਰਾਮ ਲਈ ਪ੍ਰੋਗਰਾਮ ਦੇ ਪੜ੍ਹਾਈ ਦੇ ਖੇਤਰ ਦੇ ਨਿਯਮ ਵੀ ਲਾਗੂ ਹਨ।

ਇਹ ਮਾਮਲਾ ਸਿਰਫ਼ ਅਲਬਰਟਾ ਦਾ ਹੀ ਨਹੀਂ ਹੈ ਬ੍ਰਿਟਿਸ਼ ਕੋਲੰਬੀਆ ਵਿਚ ਵੀ 2023 ਤੋਂ ਹੀ ਇਸ ਤਰਾਂ ਦੇ ਨਿੱਜੀ ਕੈਰੀਅਰ ਕਾਲਜ ਅਤੇ ਸਿਖਲਾਈ ਸੰਸਥਾਵਾਂ ਕਾਲਜਾਂ ਦੀਆਂ ਸਮੱਸਿਆਵਾਂ ਬਾਰੇ ਸ਼ਿਕਾਇਤਾਂ ਆ ਰਹੀਆਂ ਹਨ। ਮਾਰਚ 2023 ਦੀ ਬ੍ਰਿਟਿਸ਼ ਕੋਲੰਬੀਆ ਸਰਕਾਰ ਦੀ ਇੱਕ ਅਧਿਕਾਰਤ ਸੂਚਨਾ ਨੋਟ ਵਿਚ ਦੱਸਿਆ ਗਿਆ ਸੀ ਕਿ 325 ਪ੍ਰਾਈਵੇਟ ਟ੍ਰੇਨਿੰਗ ਸੰਸਥਾਵਾਂ ਰੈਗੂਲੇਟਰੀ ਯੂਨਿਟ ਵੱਲੋਂ ਪ੍ਰਮਾਣਿਤ ਸਨ ਅਤੇ ਉਹ ਲਗਭਗ 60,000 ਵਿਦਿਆਰਥੀ ਸਾਲਾਨਾ ਦਾਖਲ ਕਰ ਰਹੇ ਸਨ, ਜਿਨ੍ਹਾਂ ਵਿਚ ਲਗਭਗ ਅੱਧੇ ਅੰਤਰਰਾਸ਼ਟਰੀ ਵਿਦਿਆਰਥੀ ਸਨ। ਇਸੇ ਦਸਤਾਵੇਜ਼ ਵਿਚ ਇਹ ਵੀ ਦਰਜ ਸੀ ਕਿ ਕੁਝ ਪ੍ਰਾਈਵੇਟ ਟ੍ਰੇਨਿੰਗ ਸੰਸਥਾਵਾਂ ਦੇ ਪ੍ਰੋਗਰਾਮ ਕਾਨੂੰਨੀ ਦਰਜੇ 'ਤੋਂ ਹੇਠਾਂ ਹੋਣ ਕਰਕੇ ਰੈਗੂਲੇਟਿਡ ਨਹੀਂ ਸਨ। ਸਵਾਲ ਸਿਰਫ਼ ਕੁਝ ਕਾਲਜਾਂ ਦੀ ਕਾਰਗੁਜ਼ਾਰੀ ਦਾ ਹੀ ਨਹੀਂ ਰਹਿੰਦਾ, ਸਵਾਲ ਇਹ ਬਣਦਾ ਹੈ ਕਿ ਕਨੇਡਾ ਨੇ ਅੰਤਰਰਾਸ਼ਟਰੀ ਸਿੱਖਿਆ ਨੂੰ ਪ੍ਰਵਾਸ ਅਤੇ ਪ੍ਰਾਈਵੇਟ ਵਪਾਰ ਨਾਲ ਜੋੜਦੇ ਸਮੇਂ ਨਿਯਮ ਅਤੇ ਸੁਰੱਖਿਆ ਉਪਾਅ ਕਿੰਨੇ ਪ੍ਰਭਾਵਸ਼ਾਲੀ ਬਣਾਏ ਸਨ।

ਇਸ ਸਬੰਧ ਵਿਚ ਇਹ ਵੀ ਨੋਟਿਸ ਵਿਚ ਆ ਰਿਹਾ ਹੈ ਕਿ ਜਦ ਕੁਝ ਵਿਦਿਆਰਥੀਆਂ ਨੇ ਇਨ੍ਹਾਂ ਫ਼ਜ਼ੂਲ ਕਿਸਮ ਦੇ ਕੋਰਸਾਂ ਨੂੰ ਛੱਡਣ ਦਾ ਯਤਨ ਕੀਤਾ ਤਾਂ ਉਨ੍ਹਾਂ ਦੇ ਸਟੱਡੀ ਪਰਮਿਟ ਰੱਦ ਕਰਵਾਉਣ ਦੀਆ ਧਮਕੀਆਂ ਦਿੱਤੀਆਂ ਗਈਆਂ। ਕਿਸੇ ਅੰਤਰਰਾਸ਼ਟਰੀ ਵਿਦਿਆਰਥੀ ਦਾ ਕਿਸੇ ਕਾਲਜ ਨੂੰ ਛੱਡਣਾ ਆਪਣੇ-ਆਪ ਵਿਚ ਇਹ ਨਹੀਂ ਬਣਾਉਂਦਾ ਕਿ ਉਹ ਕਾਲਜ ਉਸ ਦਾ ਸਟੱਡੀ ਪਰਮਿਟ ਰੱਦ ਕਰਵਾ ਸਕਦਾ ਹੈ। ਸਟੱਡੀ ਪਰਮਿਟ ਇੱਕ ਫੈਡਰਲ ਇੰਮੀਗ੍ਰੇਸ਼ਨ ਦਸਤਾਵੇਜ਼ ਹੈ ਅਤੇ ਇਸ ਬਾਰੇ ਫ਼ੈਸਲਾ ਇੰਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ ਦੇ ਅਧਿਕਾਰ ਖੇਤਰ ਵਿਚ ਹੈ। ਕਾਲਜ ਸਿਰਫ਼ ਇਹ ਰਿਪੋਰਟ ਕਰ ਸਕਦਾ ਹੈ ਕਿ ਵਿਦਿਆਰਥੀ ਹੁਣ ਉੱਥੇ ਦਾਖਲ ਨਹੀਂ ਅਤੇ ਲਗਾਤਾਰ ਪੜ੍ਹਾਈ ਨਹੀਂ ਕਰ ਰਿਹਾ ਹੈ। ਜੇ ਵਿਦਿਆਰਥੀ ਬਿਨਾਂ ਆਈ.ਆਰ.ਸੀ.ਸੀ. ਨੂੰ ਦੱਸੇ ਕਾਲਜ ਬਦਲਦਾ ਹੈ ਤਾਂ ਉਸ ਦਾ ਸਟੱਡੀ ਪਰਮਿਟ ਰੱਦ ਹੋ ਸਕਦਾ ਹੈ। ਜੇ ਕੋਈ ਕਾਲਜ ਵਿਦਿਆਰਥੀ ਨੂੰ ਇਹ ਕਹਿੰਦਾ ਹੈ ਕਿ ਜੇ ਤੁਸੀਂ ਸਾਡਾ ਕੋਰਸ ਛੱਡਿਆ ਤਾਂ ਅਸੀਂ ਤੁਹਾਡਾ ਸਟੱਡੀ ਪਰਮਿਟ ਰੱਦ ਕਰਵਾ ਦੇਵਾਂਗੇ। ਇਹ ਗ਼ਲਤ ਅਤੇ ਗੈਰ ਕਾਨੂੰਨੀ ਰੁਝਾਨ ਹੈ, ਕਿਉਂਕਿ ਕਾਲਜ ਖ਼ੁਦ ਸਟੱਡੀ ਪਰਮਿਟ ਰੱਦ ਕਰਨ ਵਾਲੀ ਕੋਈ ਫੈਡਰਲ ਅਥਾਰਿਟੀ ਨਹੀਂ ਹੈ। ਕਿਸੇ ਵੀ ਅੰਤਰਰਾਸ਼ਟਰੀ ਵਿਦਿਆਰਥੀ ਨੂੰ ਡਰ ਰਾਹੀਂ ਅਜਿਹਾ ਕੋਰਸ ਜਾਰੀ ਰੱਖਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ, ਜਿਸ ਕੋਰਸ 'ਤੋਂ ਉਹ ਬਾਹਰ ਨਿਕਲਣਾ ਚਾਹੁੰਦਾ ਹੈ। ਇਹ ਇੱਕ ਗੈਰ ਕਾਨੂੰਨੀ ਰੁਝਾਨ ਹੈ। ਓਂਟਾਰੀਓ ਦੇ ਕਾਲਜ ਵੀ ਇਸ ਤੋਂ ਵੱਖਰੇ ਨਹੀਂ ਹਨ। ਇਹ ਕੈਨੇਡਾ ਦੇ ਪ੍ਰਾਈਵੇਟ ਅੰਤਰਰਾਸ਼ਟਰੀ-ਵਿਦਿਆਰਥੀ ਸਿੱਖਿਆ ਮਾਡਲ ਦੀ ਸਮੱਸਿਆ ਹੈ। ਓਂਟਾਰੀਓ ਵਿਚ ਕੁਝ ਸਮਾਂ ਪਹਿਲਾਂ 700 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜਲੰਧਰ ਦੇ ਇੱਕ ਏਜੰਟ ਨੇ ਕੁਝ ਫ਼ਰਜ਼ੀ ਦਾਖ਼ਲਾ ਦਸਤਾਵੇਜ਼ਾਂ ਨਾਲ ਦਾਖ਼ਲੇ ਲੈ ਕੇ ਦਿੱਤੇ ਸਨ ਜੋ ਵਿਦਿਆਰਥੀਆਂ ਲਈ ਮੁਸੀਬਤ ਬਣੇ ਸਨ। ਰਿਪੋਰਟਾਂ ਅਨੁਸਾਰ ਜਲੰਧਰ-ਅਧਾਰਿਤ ਇੰਮੀਗ੍ਰੇਸ਼ਨ ਸਲਾਹਕਾਰ ਬ੍ਰਿਜੇਸ਼ ਮਿਸ਼ਰਾ ਦੀ ਫ਼ਰਮ ਐਜੂਕੇਸ਼ਨ ਐਂਡ ਮਾਈਗਰੇਸ਼ਨ ਸਰਵਿਸਿਜ਼ ਨੇ ਕਈ ਵਿਦਿਆਰਥੀਆਂ ਨੂੰ ਕੈਨੇਡੀਅਨ ਕਾਲਜ ਅਤੇ ਯੂਨੀਵਰਸਿਟੀਆਂ ਦੇ ਜਾਅਲੀ ਦਾਖਲਾ ਆਫ਼ਰ ਪੱਤਰ ਦਿੱਤੇ। ਵਿਦਿਆਰਥੀ ਉਨ੍ਹਾਂ ਪੱਤਰਾਂ ਦੇ ਆਧਾਰ 'ਤੇ ਕਨੇਡਾ ਆਏ ਅਤੇ ਬਾਅਦ ਵਿਚ ਪਤਾ ਲੱਗਾ ਕਿ ਉਹ ਉਨ੍ਹਾਂ ਸੰਸਥਾਵਾਂ ਵਿਚ ਰਜਿਸਟਰਡ ਹੀ ਨਹੀਂ ਸਨ। ਕਈ ਵਿਦਿਆਰਥੀਆਂ ਨੂੰ ਕਨੇਡਾ ਪਹੁੰਚਣ 'ਤੋਂ ਬਾਅਦ ਏਜੰਟ ਵੱਲੋਂ ਕਿਹਾ ਗਿਆ ਕਿ ਜਿਸ ਕਾਲਜ ਵਿਚ ਦਾਖਲਾ ਮਿਲਿਆ ਸੀ, ਉੱਥੇ ਸੀਟਾਂ ਭਰ ਗਈਆਂ ਹਨ ਜਾਂ ਅਗਲੇ ਸਮੈਸਟਰ ਵਿਚ ਦਾਖ਼ਲਾ ਲੈਣਾ ਪਵੇਗਾ। ਉਨ੍ਹਾਂ ਨੂੰ ਹੋਰ ਕਾਲਜਾਂ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਕਈ ਵਿਦਿਆਰਥੀਆਂ ਨੇ ਬਾਅਦ ਵਿਚ ਪੜ੍ਹਾਈ ਪੂਰੀ ਕੀਤੀ, ਨੌਕਰੀਆਂ ਵੀ ਕੀਤੀਆਂ ਅਤੇ ਜਦੋਂ ਪੀ.ਆਰ. ਲਈ ਅਪਲਾਈ ਕੀਤਾ, ਉਦੋਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੀ ਜਾਂਚ ਵਿਚ ਪੁਰਾਣੇ ਆਫ਼ਰ ਪੱਤਰ ਦੇ ਜਾਅਲੀ ਹੋਣ ਦਾ ਮਾਮਲਾ ਸਾਹਮਣੇ ਆਇਆ। ਸੈਂਕੜੇ ਪ੍ਰਭਾਵਿਤ ਵਿਦਿਆਰਥੀਆਂ ਨੇ ਕਨੇਡਾ ਵਿਚ ਵਿਰੋਧ ਪ੍ਰਦਰਸ਼ਨ ਵੀ ਕੀਤੇ ਅਤੇ ਫੈਡਰਲ ਸਰਕਾਰ ਨੇ ਪ੍ਰਭਾਵਿਤ ਮਾਮਲਿਆਂ ਦੇ ਵਿਅਕਤੀਗਤ ਮੁਲਾਂਕਣ ਲਈ ਟਾਸਕ ਫੋਰਸ ਗਠਨ ਕੀਤਾ ਸੀ। ਇਹ ਇੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਿੱਜੀ ਕਾਲਜਾਂ ਅਤੇ ਭਰਤੀ ਕਰਵਾਉਣ ਵਾਲੇ ਏਜੰਟਾਂ ਦੀ ਗੁਮਰਾਹਕੁੰਨ ਜਾਣਕਾਰੀ ਦੇਣ ਦਾ ਚੇਤਾਵਨੀ ਭਰਿਆ ਸੰਕੇਤ ਸੀ।

ਸਮੱਸਿਆ ਦੀ ਅਸਲ ਜੜ੍ਹ ਇਹ ਹੈ ਕਿ ਭਾਰਤ ਵਰਗੇ ਅਵਿਕਸਤ ਅਤੇ ਸੰਘਣੀ ਵੱਸੋਂ ਵਾਲੇ ਮੁਲਕਾਂ ਵਿਚ ਵਿਦਿਆਰਥੀਆਂ ਨੂੰ ਪੜ੍ਹਾਈ ਉਪਰੰਤ ਰੁਜਗਾਰ ਦੇ ਮੌਕੇ ਬਹੁਤ ਘੱਟ ਮਿਲਦੇ ਹੋਣ ਕਰਕੇ ਆਪਣਾ ਭਵਿੱਖ ਸੁਰੱਖਿਅਤ ਕਰਨ ਦੀਆਂ ਚਿੰਤਾਵਾਂ ਪ੍ਰਵਾਸ ਵੱਲ ਪ੍ਰੇਰਿਤ ਕਰਦਿਆਂ ਹਨ। ਭਾਰਤੀ ਮਹਾਂਦੀਪ ਵਿਚੋਂ ਹਰ ਵਰ੍ਹੇ ਲੱਖਾਂ ਲੋਕ ਵੱਖ-ਵੱਖ ਸਾਧਨਾਂ ਰਾਹੀਂ ਵਿਦੇਸ਼ਾਂ ਵੱਲ ਰੁਖ ਕਰਦੇ ਹਨ। ਇਨ੍ਹਾਂ ਸਾਧਨਾਂ ਵਿਚੋਂ ਸੁਖਾਲਾ ਅਤੇ ਸੁਰੱਖਿਅਤ ਤਰੀਕਾ ਵਿੱਦਿਆ ਦਾ ਮਾਧਿਅਮ ਹੈ। ਪਰ ਘੱਟ ਜਾਣਕਾਰੀਆਂ ਹੋਣ ਕਾਰਨ ਉਹ ਏਜੰਟਾਂ ਦੇ ਫੈਲਾਏ ਭਰਮਜਾਲ ਵਿਚ ਫਸ ਕੇ ਅਕਸਰ ਧੋਖੇ ਦਾ ਸ਼ਿਕਾਰ ਹੋ ਜਾਂਦੇ ਹਨ।

# ਅਸ਼ੋਕ ਭੌਰਾ: ਜਿਸ ਦੀ ਕਲਮ ਵੀ ਬੋਲਦੀ ਹੈ ਤੇ ਦਿਲ ਵੀ

ਕਿਸੇ ਲੇਖਕ ਨੂੰ ਪੜ੍ਹਦਿਆਂ ਉਸ ਨਾਲ ਜਾਣ-ਪਛਾਣ ਹੋ ਜਾਂਦੀ ਹੈ; ਪਰ ਉਸ ਨੂੰ ਮਿਲ ਕੇ ਇਹ ਅਹਿਸਾਸ ਹੋਵੇ ਕਿ ਉਸ ਦੇ ਸ਼ਬਦਾਂ ਵਿਚ ਜਿੰਨਾ ਨਿੱਘ ਸੀ, ਉਸ ਦੇ ਸੁਭਾਅ ਵਿਚ ਉਸ ਤੋਂ ਵੀ ਵੱਧ ਹੈ—ਇਹ ਸੁਭਾਗ ਹਰ ਪਾਠਕ ਨੂੰ ਨਹੀਂ ਮਿਲਦਾ। ਅਸ਼ੋਕ ਭੌਰਾ ਸਾਹਿਬ ਨਾਲ ਮੇਰੀ ਸਾਂਝ ਇਸੇ ਸੁਭਾਗ ਦੀ ਕਹਾਣੀ ਹੈ। ਕਦੇ ਮੈਂ ਪੰਜਾਬ ਵਿਚ ਬੈਠਾ ਉਨ੍ਹਾਂ ਦੀਆਂ ਲਿਖਤਾਂ ਪੜ੍ਹਦਾ ਸੀ; ਅੱਜ ਅਮਰੀਕਾ ਵਿਚ ਉਨ੍ਹਾਂ ਨਾਲ ਬੈਠ ਕੇ ਦਿਲ ਦੀਆਂ ਗੱਲਾਂ ਕਰਦਾ ਹਾਂ। ਅਖ਼ਬਾਰ ਦੇ ਪੰਨਿਆਂ ਤੋਂ ਸ਼ੁਰੂ ਹੋਇਆ ਇਹ ਰਿਸ਼ਤਾ ਕਦੋਂ ਜ਼ਿੰਦਗੀ ਦੇ ਪੰਨਿਆਂ ਉਤੇ ਆਪਣੀ ਥਾਂ ਬਣਾ ਗਿਆ, ਪਤਾ ਹੀ ਨਾ ਲੱਗਾ।

ਗੱਲ ਅੱਸੀਵਿਆਂ ਦੇ ਅਖ਼ੀਰਲੇ ਵਰ੍ਹਿਆਂ ਦੀ ਹੈ। ਮਲਕੀਤ

**ਅਮਰੀਕ ਸਿੰਘ 'ਅਮਰ'**
**ਸ਼ਿਕਾਗੋ, (ਯੂ.ਐਸ.ਏ.)**
**ਫੋਨ: 773-507-8043**

ਸਿੰਘ ਦੇ ਗੀਤ 'ਤੁਤਕ ਤੁਤਕ ਤੂਤੀਆਂ' ਦੀ ਹਰ ਪਾਸੇ ਧੁੰਮ ਸੀ। ਵਿਆਹ ਹੋਵੇ, ਕੋਈ ਮਹਿਫ਼ਲ ਹੋਵੇ ਜਾਂ ਘਰ ਵਿਚ ਖ਼ੁਸ਼ੀ ਦਾ ਮੌਕਾ—ਇਸ ਗੀਤ ਤੋਂ ਬਿਨਾਂ ਰੰਗ ਜਿਵੇਂ ਅਧੂਰਾ ਲੱਗਦਾ ਸੀ। ਕੁਝ ਗੀਤ ਆਪਣੇ ਸਮੇਂ ਵਿਚ ਵੱਜਦੇ ਹਨ ਤੇ ਕੁਝ ਉਸ ਸਮੇਂ ਦੀ ਪਛਾਣ ਬਣ ਜਾਂਦੇ ਹਨ। ਮੇਰੀਆਂ ਯਾਦਾਂ ਵਿਚ ਇਹ ਗੀਤ ਅੱਜ ਵੀ ਵਿਦਿਆਰਥੀ ਜੀਵਨ ਦੇ ਉਨ੍ਹਾਂ ਦਿਨਾਂ ਦੀ ਆਵਾਜ਼ ਹੈ।

ਮੈਂ ਉਦੋਂ ਐਮ.ਏ. ਭਾਗ ਪਹਿਲਾ ਦਾ ਵਿਦਿਆਰਥੀ ਸੀ। ਸਾਡੇ ਪ੍ਰੋਫੈਸਰ ਅਤੇ ਵਿਭਾਗ ਦੇ ਮੁਖੀ ਸ. ਰਣਧੀਰ ਸਿੰਘ ਚੰਦ ਹੋਰਾਂ ਨੇ ਪੜ੍ਹਾਉਂਦਿਆਂ ਕਦੇ ਇਸ ਗੀਤ ਦੀ ਚਰਚਾ ਵੀ ਛੇੜ ਦੇਣੀ। ਕਲਾਸ ਵਿਚ ਹੋਈਆਂ ਉਹ ਗੱਲਾਂ ਅੱਜ ਵੀ ਚੇਤੇ ਹਨ। ਕਿਤਾਬਾਂ ਦੇ ਪਾਠਾਂ ਦੇ ਨਾਲ ਉਸ ਵੇਲੇ ਦੇ ਗੀਤ, ਅਖ਼ਬਾਰਾਂ ਦੀਆਂ ਲਿਖਤਾਂ ਅਤੇ ਅਧਿਆਪਕਾਂ ਦੀਆਂ ਟਿੱਪਣੀਆਂ ਵੀ ਸਾਡੀ ਸੋਚ ਦਾ ਹਿੱਸਾ ਬਣ ਰਹੀਆਂ ਸਨ।

ਵਿਦਿਆਰਥੀ ਹੋਣ ਦੇ ਨਾਲ ਮੈਨੂੰ ਪੰਜਾਬੀ ਅਖ਼ਬਾਰ ਪੜ੍ਹਨ ਦਾ ਬਹੁਤ ਸ਼ੌਕ ਸੀ। 'ਅਕਾਲੀ ਪੱਤ੍ਰਿਕਾ' ਅਤੇ 'ਅਜੀਤ' ਮੇਰੇ ਮਨਪਸੰਦ ਅਖ਼ਬਾਰ ਸਨ। 'ਅਜੀਤ' ਵਿਚ ਅਸ਼ੋਕ ਭੌਰਾ ਦੀ ਲਿਖਤ ਪੜ੍ਹਨ ਦਾ ਆਪਣਾ ਹੀ ਚਾਅ ਹੁੰਦਾ। ਉਨ੍ਹਾਂ ਦਾ ਗੱਲ ਕਹਿਣ ਦਾ ਢੰਗ, ਵਿਸ਼ੇ ਨੂੰ ਪੇਸ਼ ਕਰਨ ਦੀ ਜੁਗਤ ਅਤੇ ਸ਼ਬਦਾਂ ਵਿਚੋਂ ਝਲਕਦੀ ਅਪਣੱਤ ਮੈਨੂੰ ਆਪਣੇ ਵੱਲ ਖਿੱਚਦੀ ਸੀ। ਪੜ੍ਹਦਿਆਂ ਮਹਿਸੂਸ ਹੁੰਦਾ ਕਿ ਲੇਖਕ ਕਿਸੇ ਦੂਰ ਬੈਠੇ ਪਾਠਕ ਨੂੰ ਸੰਬੋਧਨ ਨਹੀਂ ਕਰ ਰਿਹਾ, ਕੋਲ ਬੈਠ ਕੇ ਗੱਲ ਸੁਣਾ ਰਿਹਾ ਹੈ।

ਉਦੋਂ ਕਿੱਥੇ ਪਤਾ ਸੀ ਕਿ ਜਿਸ ਬੰਦੇ ਨੂੰ ਮੈਂ ਉਸ ਦੀ ਕਲਮ ਰਾਹੀਂ ਜਾਣ ਰਿਹਾ ਹਾਂ, ਇੱਕ ਦਿਨ ਉਹ ਮੇਰੀ ਆਪਣੀ ਜ਼ਿੰਦਗੀ ਦਾ ਇੰਨਾ ਪਿਆਰਾ ਮਿੱਤਰ ਬਣ ਜਾਵੇਗਾ!

ਪੰਜਾਬ ਵਿਚ ਸਾਡਾ ਮੇਲ ਨਾ ਹੋ ਸਕਿਆ। ਮੇਲ ਅਮਰੀਕਾ ਵਿਚ ਹੋਇਆ—ਤੇ ਅਜਿਹਾ ਹੋਇਆ ਕਿ ਰਸਮੀ ਜਾਣ-ਪਛਾਣ ਦੀਆਂ ਵਿੱਥਾਂ ਛੇਤੀ ਹੀ ਮੁੱਕ ਗਈਆਂ। ਅਸੀਂ ਮਿਲੇ ਤਾਂ ਦਿਲੋਂ ਮਿਲੇ। ਇੱਕ-ਦੂਜੇ ਲਈ ਆਦਰ ਸੀ, ਗੱਲਾਂ ਵਿਚ ਸਹਿਜ ਸੀ ਅਤੇ ਵਿਚਾਰਾਂ ਵਿਚ ਸਾਂਝ ਸੀ। ਇਸ ਰਿਸ਼ਤੇ ਵਿਚ ਕਿਸੇ ਲਾਭ ਦਾ ਹਿਸਾਬ ਨਹੀਂ ਸੀ। ਸ਼ਾਇਦ ਇਸੇ ਲਈ ਸਮੇਂ ਦੇ ਨਾਲ ਇਹ ਹੋਰ ਗੂੜ੍ਹਾ ਹੁੰਦਾ ਗਿਆ।

ਜਦੋਂ ਵੀ ਮਿਲਦੇ ਹਾਂ, ਕਿੰਨੇ ਹੀ ਵਿਸ਼ੇ ਗੱਲਾਂ ਵਿਚ ਆ ਜਾਂਦੇ ਹਨ। ਪੰਜਾਬ, ਪੰਜਾਬੀ, ਲਿਖਤਾਂ, ਪੁਰਾਣੀਆਂ ਯਾਦਾਂ ਅਤੇ ਜ਼ਿੰਦਗੀ ਦੇ ਤਜਰਬੇ—ਗੱਲ ਵਿਚੋਂ ਗੱਲ ਨਿਕਲਦੀ ਰਹਿੰਦੀ ਹੈ। ਅਜਿਹੇ ਮਿੱਤਰ ਨਾਲ ਬੈਠਿਆਂ ਆਪਣੇ ਆਪ ਨੂੰ ਵੱਡਾ ਕਰ ਕੇ ਪੇਸ਼ ਨਹੀਂ ਕਰਨਾ ਪੈਂਦਾ। ਆਪਣੀ ਗੱਲ ਕਹਿਣ ਲਈ ਸ਼ਬਦਾਂ ਨੂੰ ਸਜਾਉਣਾ ਨਹੀਂ ਪੈਂਦਾ। ਜੋ ਮਨ ਵਿਚ ਹੈ, ਉਹ ਜ਼ੁਬਾਨ ਉਤੇ ਆ ਸਕਦਾ ਹੈ। ਮੇਰੇ ਲਈ ਦੋਸਤੀ ਦੀ ਇਹ ਸਹਿਜਤਾ ਬਹੁਤ ਕੀਮਤੀ ਹੈ।

ਭੌਰਾ ਸਾਹਿਬ ਦੀ ਇੱਕ ਗੱਲ ਮੇਰੇ ਦਿਲ ਨੂੰ ਖ਼ਾਸ ਤੌਰ 'ਤੇ ਛੂੰਹਦੀ ਹੈ—ਉਹ ਦੂਜੇ ਨੂੰ ਅੱਗੇ ਵਧਦਾ ਦੇਖ ਕੇ ਖ਼ੁਸ਼ ਹੁੰਦੇ ਹਨ। ਕਿਸੇ ਦੀ ਲਿਖਤ ਪੜ੍ਹ ਕੇ ਉਸ ਨੂੰ ਹੌਸਲਾ ਦੇਣਾ ਸੁਣਨ ਨੂੰ ਛੋਟੀ ਗੱਲ ਲੱਗ ਸਕਦੀ ਹੈ, ਪਰ ਲਿਖਣ ਵਾਲਾ ਜਾਣਦਾ ਹੈ ਕਿ ਇਸ ਦੀ ਕਿੰਨੀ ਅਹਿਮੀਅਤ ਹੁੰਦੀ ਹੈ। ਕਈ ਵਾਰ ਮਨ ਵਿਚ ਆਪਣੀ ਹੀ ਲਿਖਤ ਬਾਰੇ ਸੰਦੇਹ ਉੱਠਦਾ ਹੈ। ਅਜਿਹੇ ਵੇਲੇ ਕਿਸੇ ਅਨੁਭਵੀ ਲੇਖਕ ਦਾ ਪਿਆਰ ਨਾਲ ਕਿਹਾ ਇੱਕ ਵਾਕ ਕਲਮ ਨੂੰ ਮੁੜ ਤੋਰ ਦਿੰਦਾ ਹੈ।

ਉਹ ਮੈਨੂੰ ਅਕਸਰ ਕਹਿੰਦੇ ਹਨ, 'ਅਮਰੀਕ ਭਾਜੀ, ਤੁਸੀਂ ਵਧੀਆ ਲਿਖਦੇ ਹੋ। ਕਿਰਪਾ ਕਰਕੇ ਜਾਰੀ ਰੱਖਿਓ।'

ਮੇਰੇ ਲਈ ਇਨ੍ਹਾਂ ਸ਼ਬਦਾਂ ਵਿਚ ਸ਼ਲਾਘਾ ਦੇ ਨਾਲ ਜ਼ਿੰਮੇਵਾਰੀ ਵੀ ਹੈ। ਇਹ ਸੁਣ ਕੇ ਮਨ ਕਰਦਾ ਹੈ ਕਿ ਹੋਰ ਧਿਆਨ ਨਾਲ ਲਿਖਾਂ, ਆਪਣੀ ਗੱਲ ਹੋਰ ਸੱਚਾਈ ਨਾਲ ਆਖਾਂ ਅਤੇ ਮਾਂ-ਬੋਲੀ ਨਾਲ ਆਪਣੀ ਸਾਂਝ ਹੋਰ ਪੱਕੀ ਕਰਾਂ। ਜਿੱਥੇ ਕਿਸੇ ਦੀ ਤਰੱਕੀ ਕਈ ਮਨਾਂ ਵਿਚ ਬੇਚੈਨੀ ਪੈਦਾ ਕਰ ਦਿੰਦੀ ਹੈ, ਉੱਥੇ ਕਿਸੇ ਦਾ ਤੁਹਾਨੂੰ ਅੱਗੇ ਤੋਰਨਾ ਉਸ ਦੇ ਆਪਣੇ ਮਨ ਦੀ ਵਿਸ਼ਾਲਤਾ ਦੱਸਦਾ ਹੈ।

ਪਿਛਲੇ ਸਾਲ ਪਾਕਿਸਤਾਨ ਵਿਚ ਹੋਏ ਅੰਤਰਰਾਸ਼ਟਰੀ ਕਵੀ ਸੰਮੇਲਨ ਲਈ ਵੀ ਉਨ੍ਹਾਂ ਮੈਨੂੰ ਸੱਦਾ ਦਿੱਤਾ ਸੀ। ਕੁਝ ਕਾਰਨਾਂ ਕਰਕੇ ਮੈਂ ਜਾ ਨਾ ਸਕਿਆ ਅਤੇ ਉਸ ਮਿਲਣੀ ਦਾ ਹਿੱਸਾ ਬਣਨ ਦੀ ਚਾਹ ਮਨ ਵਿਚ ਹੀ ਰਹਿ ਗਈ। ਹੁਣ ਉਨ੍ਹਾਂ ਦੱਸਿਆ ਹੈ ਕਿ ਇਸ ਸਾਲ ਨਵੰਬਰ ਵਿਚ ਇਹ ਸੰਮੇਲਨ ਫਿਰ ਹੋ ਰਿਹਾ ਹੈ। ਇਸ ਵਾਰ ਉਨ੍ਹਾਂ ਉਚੇਚ ਨਾਲ ਕਿਹਾ ਹੈ, 'ਭਾਜੀ, ਤੁਸੀਂ ਜ਼ਰੂਰ ਜਾਣਾ।'

ਰੱਬ ਨੇ ਚਾਹਿਆ ਤਾਂ ਇਸ ਵਾਰ ਜ਼ਰੂਰ ਸ਼ਿਰਕਤ ਕਰਾਂਗਾ। ਦਿਲ ਵਿਚ ਪੰਜਾਬੀ ਮਾਂ-ਬੋਲੀ ਲਈ ਜੋ ਵਲਵਲੇ ਹਨ, ਉਹ ਸਾਂਝੇ ਕਰਨ ਦੀ ਰੀਝ ਹੈ। ਉਸ ਧਰਤੀ ਉਤੇ ਬੈਠ ਕੇ ਆਪਣੀ ਬੋਲੀ ਵਿਚ ਗੱਲ ਕਰਨੀ, ਜਿੱਥੇ ਸਾਡੇ ਸਾਂਝੇ ਵਿਰਸੇ ਦੀਆਂ ਅਨੇਕਾਂ ਯਾਦਾਂ ਵੱਸਦੀਆਂ ਹਨ, ਮੇਰੇ ਲਈ ਡੂੰਘੇ ਅਰਥ ਰੱਖਦਾ ਹੈ। ਭੌਰਾ ਸਾਹਿਬ ਦਾ ਇਹ ਸੱਦਾ ਮੇਰੇ ਅੰਦਰਲੀ ਉਸ ਰੀਝ ਨੂੰ ਹੌਸਲਾ ਦਿੰਦਾ ਹੈ।

ਸਾਡੀ ਦੋਸਤੀ ਦੀ ਇੱਕ ਹੋਰ ਯਾਦ ਵੀ ਮੇਰੇ ਮਨ ਦੇ ਬਹੁਤ ਨੇੜੇ ਹੈ। ਭੌਰਾ ਸਾਹਿਬ ਅਮਰੀਕਾ ਦੇ ਸਫ਼ਲ ਕਾਰੋਬਾਰੀਆਂ ਬਾਰੇ 'ਅਜੀਤ' ਲਈ ਕਾਲਮ ਲਿਖ ਰਹੇ ਸਨ। ਇੱਕ ਦਿਨ ਉਨ੍ਹਾਂ ਮੈਨੂੰ ਕਿਹਾ ਕਿ ਉਹ ਮੇਰੇ ਬਾਰੇ ਵੀ ਲਿਖਣਾ ਚਾਹੁੰਦੇ ਹਨ।

ਜਿਸ ਲੇਖਕ ਨੂੰ ਮੈਂ ਵਿਦਿਆਰਥੀ ਜੀਵਨ ਤੋਂ ਪੜ੍ਹਦਾ ਆਇਆ ਸੀ, ਉਸ ਦੀ ਕਲਮ ਦਾ ਵਿਸ਼ਾ ਬਣਨਾ ਮੇਰੇ ਲਈ ਮਾਣ ਵਾਲੀ



ਗੱਲ ਸੀ। ਫਿਰ ਵੀ ਇਹ ਪਹਿਲਾ ਮੌਕਾ ਸੀ ਜਦੋਂ ਮੈਂ ਉਨ੍ਹਾਂ ਨੂੰ ਨਾਂਹ ਕੀਤੀ। ਉਸ ਵੇਲੇ ਕੁਝ ਅਜਿਹੇ ਨਿੱਜੀ ਹਾਲਾਤ ਸਨ, ਜਿਨ੍ਹਾਂ ਬਾਰੇ ਮੈਂ ਉਨ੍ਹਾਂ ਨਾਲ ਖੁੱਲ੍ਹ ਕੇ ਗੱਲ ਕੀਤੀ। ਮੈਂ ਬੇਨਤੀ ਕੀਤੀ ਕਿ ਮੇਰੇ ਬਾਰੇ ਲਿਖਣ ਦੀ ਥਾਂ ਉਹ ਹੋਰ ਸਫ਼ਲ ਕਾਰੋਬਾਰੀਆਂ ਅਤੇ ਸ਼ਖ਼ਸੀਅਤਾਂ ਬਾਰੇ ਲਿਖਣ; ਉਨ੍ਹਾਂ ਨੂੰ ਪੜ੍ਹ ਕੇ ਵੀ ਮੇਰੇ ਦਿਲ ਨੂੰ ਸਕੂਨ ਮਿਲੇਗਾ।

ਆਪਣੇ ਬਾਰੇ ਲਿਖਵਾਉਣ ਦਾ ਮੌਕਾ ਛੱਡਣਾ ਇੱਕ ਗੱਲ ਸੀ, ਪਰ ਮਿੱਤਰ ਅੱਗੇ ਆਪਣੀ ਝਿਜਕ ਅਤੇ ਆਪਣੇ ਹਾਲਾਤ ਰੱਖ ਸਕਣਾ ਮੇਰੇ ਲਈ ਉਸ ਤੋਂ ਵੱਡੀ ਗੱਲ ਸੀ। ਹਰ ਜਾਣਕਾਰ ਨਾਲ ਮਨ ਦੀ ਗੱਲ ਨਹੀਂ ਕੀਤੀ ਜਾ ਸਕਦੀ। ਕੁਝ ਰਿਸ਼ਤੇ ਹੀ ਅਜਿਹੇ ਹੁੰਦੇ ਹਨ ਜਿਨ੍ਹਾਂ ਵਿਚ ਬੰਦਾ ਆਪਣੀ ਚਮਕ ਦੇ ਨਾਲ ਆਪਣੀ ਛਾਂ ਵੀ ਸਾਂਝੀ ਕਰ ਸਕਦਾ ਹੈ।

ਭੌਰਾ ਸਾਹਿਬ ਨਾਲ ਮੇਰੀ ਸਾਂਝ ਵਿਚ ਇਹ ਭਰੋਸਾ ਹੈ।

ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਸੋਚਦਿਆਂ ਮੇਰਾ ਧਿਆਨ ਅਕਸਰ ਹੱਸਦੇ ਚਿਹਰਿਆਂ ਦੇ ਅੰਦਰਲੇ ਸੰਸਾਰ ਵੱਲ ਜਾਂਦਾ ਹੈ। ਅਸੀਂ ਮਹਿਫ਼ਲ ਵਿਚ ਕਿਸੇ ਦਾ ਹਾਸਾ ਸੁਣ ਲੈਂਦੇ ਹਾਂ; ਉਸ ਹਾਸੇ ਦੇ ਪਿੱਛੇ ਦੇ ਸਾਰੇ ਅਨੁਭਵ ਨਹੀਂ ਜਾਣਦੇ। ਕਿਸੇ ਲੇਖਕ ਦੇ ਅੰਦਰਲੇ ਹਰ ਦੁੱਖ ਦਾ ਦਾਅਵਾ ਵੀ ਅਸੀਂ ਨਹੀਂ ਕਰ ਸਕਦੇ। ਪਰ ਜਦੋਂ ਉਸ ਦੀ ਲਿਖਤ ਸਾਡੇ ਆਪਣੇ ਕਿਸੇ ਦਰਦ ਨੂੰ ਛੂਹ ਲਵੇ, ਤਾਂ ਅਹਿਸਾਸ ਹੁੰਦਾ ਹੈ ਕਿ ਇਹ ਕਲਮ ਮਨੁੱਖੀ ਮਨ ਦੇ ਨੇੜਿਓਂ ਲੰਘੀ ਹੈ।

ਇਸੇ ਭਾਵ ਵਿਚ ਭੌਰਾ ਸਾਹਿਬ ਲਈ ਮੇਰੇ ਮਨੋਂ ਇਹ ਸਤਰਾਂ ਨਿਕਲਦੀਆਂ ਹਨ:

ਕਲਮ ਤੇਰੀ ਜਦ ਬੋਲ ਪਵੇ,
ਸੁੱਤੇ ਅਹਿਸਾਸ ਜਗਾ ਜਾਂਦੀ।
ਭੌਰਾ ਫੁੱਲਾਂ ਦੀ ਗੱਲ ਕਰੇ,
ਕੰਡਿਆਂ ਦੀ ਪੀੜ ਸੁਣਾ ਜਾਂਦੀ।

ਮੇਰੇ ਲਈ ਉਨ੍ਹਾਂ ਦੀ ਅਹਿਮੀਅਤ ਉਨ੍ਹਾਂ ਦੀ ਲੇਖਣੀ ਅਤੇ ਉਨ੍ਹਾਂ ਨਾਲ ਬਿਤਾਏ ਪਲਾਂ ਵਿਚ ਇਕੱਠੀ ਵੱਸਦੀ ਹੈ। ਮੈਂ ਉਨ੍ਹਾਂ ਤੋਂ ਗੱਲ ਕਹਿਣ ਦਾ ਢੰਗ ਵੀ ਸਿੱਖਦਾ ਹਾਂ ਅਤੇ ਕਿਸੇ ਹੋਰ ਦੀ ਗੱਲ ਨੂੰ ਥਾਂ ਦੇਣ ਦਾ ਸਲੀਕਾ ਵੀ। ਆਪਣਾ ਨਾਂ ਬਣਾਉਣ ਲਈ ਮਿਹਨਤ ਚਾਹੀਦੀ ਹੈ; ਕਿਸੇ ਹੋਰ ਨੂੰ ਆਪਣਾ ਨਾਂ ਬਣਾਉਣ ਦਾ ਹੌਸਲਾ ਦੇਣ ਲਈ ਖੁੱਲ੍ਹਾ ਦਿਲ ਵੀ ਚਾਹੀਦਾ ਹੈ।

ਪੰਜਾਬੀ ਨੂੰ ਅਜਿਹੇ ਦਿਲਾਂ ਦੀ ਲੋੜ ਹੈ। ਮਾਂ-ਬੋਲੀ ਦਾ ਘਰ ਤਦੋਂ ਹੋਰ ਵੱਸਦਾ ਹੈ ਜਦੋਂ ਤਜਰਬੇਕਾਰ ਕਲਮਾਂ ਨਵੀਆਂ ਆਵਾਜ਼ਾਂ ਨੂੰ ਸੁਣਦੀਆਂ ਹਨ, ਉਨ੍ਹਾਂ ਨੂੰ ਥਾਂ ਦਿੰਦੀਆਂ ਹਨ ਅਤੇ ਗ਼ਲਤੀ ਦੇ ਡਰ ਤੋਂ ਬਾਹਰ ਕੱਢ ਕੇ ਲਿਖਣ ਲਈ ਪ੍ਰੇਰਦੀਆਂ ਹਨ। ਭੌਰਾ ਸਾਹਿਬ ਨੇ ਮੇਰੇ ਹਿੱਸੇ ਇਹ ਹੌਸਲਾ ਪਾਇਆ ਹੈ। ਮੈਂ ਇਸ ਨੂੰ ਉਨ੍ਹਾਂ ਦਾ ਪਿਆਰ ਵੀ ਸਮਝਦਾ ਹਾਂ ਅਤੇ ਆਪਣੀ ਕਲਮ ਲਈ ਅਮਾਨਤ ਵੀ।

ਕਦੇ-ਕਦੇ ਉਸ ਐਮ.ਏ. ਦੇ ਵਿਦਿਆਰਥੀ ਨੂੰ ਯਾਦ ਕਰਦਾ ਹਾਂ ਜੋ ਅਖ਼ਬਾਰ ਖੋਲ੍ਹ ਕੇ ਅਸ਼ੋਕ ਭੌਰਾ ਦੀ ਲਿਖਤ ਪੜ੍ਹਦਾ ਸੀ। ਜੇ ਉਸ ਨੂੰ ਕੋਈ ਉਦੋਂ ਕਹਿ ਦਿੰਦਾ ਕਿ ਇੱਕ ਦਿਨ ਇਹੀ ਲੇਖਕ ਤੈਨੂੰ 'ਅਮਰੀਕ ਭਾਜੀ' ਆਖ ਕੇ ਤੇਰੀਆਂ ਲਿਖਤਾਂ ਦਾ ਹੌਸਲਾ ਵਧਾਏਗਾ, ਤਾਂ ਸ਼ਾਇਦ ਉਸ ਨੂੰ ਯਕੀਨ ਨਾ ਆਉਂਦਾ। ਜ਼ਿੰਦਗੀ ਨੇ ਇਹ ਸੁੰਦਰ ਮੌਕਾ ਮੇਰੀ ਝੋਲੀ ਪਾਇਆ ਹੈ।

ਅੱਜ ਇਹ ਲੇਖ ਲਿਖਦਿਆਂ ਮੈਂ ਉਸੇ ਪਾਠਕ ਦੀ ਕ੍ਰਿਤੱਗਤਾ ਨਾਲ ਆਪਣੇ ਮਿੱਤਰ ਨੂੰ ਯਾਦ ਕਰ ਰਿਹਾ ਹਾਂ। ਭੌਰਾ ਸਾਹਿਬ ਵਰਗੇ ਯਾਰ ਕਰਮਾਂ ਨਾਲ ਮਿਲਦੇ ਹਨ। ਉਨ੍ਹਾਂ ਦੀ ਸੰਗਤ ਤੋਂ ਸਿੱਖਣ ਅਤੇ ਉਨ੍ਹਾਂ ਦੇ ਪਿਆਰ ਨਾਲ ਜੁੜੇ ਰਹਿਣ ਦੀ ਮੇਰੀ ਰੀਝ ਸਦਾ ਬਣੀ ਰਹੇਗੀ।

ਨਾਂ ਨਹੀਂ ਬਣਦੇ ਸਿਰਫ਼ ਅੱਖਰਾਂ ਨਾਲ,
ਉਮਰਾਂ ਲੱਗਦੀਆਂ ਕਮਾਉਣ ਨੂੰ।
ਵੱਡਾ ਦਿਲ ਵੀ ਰੱਖਣਾ ਪੈਂਦਾ,
ਦੂਜੇ ਨੂੰ ਗਲ ਨਾਲ ਲਾਉਣ ਨੂੰ।

ਭੌਰਾ ਸਾਹਿਬ, ਤੁਸੀਂ ਮੈਨੂੰ ਕਹਿੰਦੇ ਹੋ—'ਲਿਖਦੇ ਰਹਿਓ।'

ਮੇਰੀ ਵੀ ਤੁਹਾਡੇ ਅੱਗੇ ਇਹੋ ਅਰਦਾਸ ਹੈ—ਤੁਸੀਂ ਲਿਖਦੇ ਰਹੋ, ਹੱਸਦੇ ਰਹੋ ਅਤੇ ਆਪਣੇ ਪਿਆਰ ਨਾਲ ਹੋਰਾਂ ਦੀਆਂ ਕਲਮਾਂ ਨੂੰ ਤੋਰਦੇ ਰਹੋ। ਕੁਝ ਲੋਕਾਂ ਦੀ ਲਿਖਤ ਯਾਦ ਰਹਿੰਦੀ ਹੈ; ਕੁਝ ਲੋਕ ਸਾਨੂੰ ਲਿਖਦੇ ਰਹਿਣ ਦੀ ਵਜ੍ਹਾ ਦੇ ਜਾਂਦੇ ਹਨ। ਮੇਰੇ ਲਈ ਤੁਸੀਂ ਦੋਵੇਂ ਹੋ।

## *ਕਿੱਸਾ ਹੀਰ ਭਗਵਾਨ ਸਿੰਘ*

### *ਬੀਬੀਆਂ ਦੀ ਭੰਡੀ ਨਾਲੇ ਝੰਡੀ!*

'ਤੀਵੀਆਂ ਤੁਫਾਨਣਾ ਸ਼ਤਾਨਣਾ ਹਰਾਮ ਖੋਰਾਂ,
ਜਿਨ੍ਹਾਂ ਮੀਆਂ ਮਿਰਜ਼ੇ ਨੂੰ ਵਢਾਇਆ ਹੇਠ ਰੁੱਖ ਦੇ।
ਰਾਵਣ ਉਡਾਇਕੇ ਫਨਾਹ ਕੀਤਾ ਲੰਕਾ ਵਿਚੋਂ,
ਪੁੱਛੋ ਰਾਜੇ ਭੋਜ ਨੂੰ ਲਗਾਮ ਦਿੱਤਾ ਮੁੱਖ ਦੇ।
ਰਾਜਾ ਸਲਵਾਨ ਹੈ ਵੈਰਾਨ ਕੀਤਾ ਤੀਵੀਆਂ ਨੇ,
ਛੱਡਣ ਨਾ ਮੂਲ ਪੇਸ਼ ਪੈਣ ਜੇ ਮਨੁੱਖ ਦੇ।
ਤੀਵੀਆਂ ਫ਼ਸਾਦ ਦੀ ਬੁਨਿਆਦ 'ਭਗਵਾਨ ਸਿੰਘਾ'
ਤੀਵੀਆਂ ਨਾ ਹੋਣ ਜੱਗ ਵੱਸੇ ਨਾਲ ਸੁੱਖ ਦੇ।੧੦੨।
ਯੂਸਫ ਦੇ ਕਾਰਨੇ ਜ਼ੁਲੈਖਾਂ ਨੂਰੇ ਮਾਰਦੀ ਸੀ,
ਸੋਹਣੀ ਸੀਗੀ ਨਿੱਤ ਉਠ ਨਦੀਆਂ ਨੂੰ ਚੀਰਦੀ।
ਸੱਸੀ ਨੇ ਗਵਾਈ ਜਾਨ ਜਾਣਦਾ ਜਹਾਨ ਸਾਰਾ,
ਮਰ ਗਈ ਤਿਹਾਈ ਨਾ ਥਿਆਈ ਘੁੱਟ ਨੀਰ ਦੀ।
ਮਜਨੂੰ ਦੇ ਕਾਰਨੇ ਸੀ ਲੈਲਾ ਨੇ ਪ੍ਰੀਤ ਪਾਲੀ,
ਦੱਸਾਂ ਕੀ ਕਹਾਣੀ ਤੈਨੂੰ ਬਦਰੇ ਮਨੀਰ ਦੀ।
ਚੇਹ ਚੜ੍ਹੀ ਰੰਨ ਭੰਨ ਸਿੱਟੇ ਸਭ ਹੱਦ ਬੰਨੇ,
ਫੇਰ 'ਭਗਵਾਨ ਸਿੰਘਾ' ਗੁਰੂ ਦੀ ਨਾ ਪੀਰ ਦੀ।੧੦੫।
ਤੀਵੀਆਂ ਨਾ ਹੋਣ ਤਾਂ ਜਹਾਨ ਸਾਰਾ ਮੁੱਕ ਜਾਵੇ,
ਨਾਰੀਆਂ ਨਾ ਹੋਣ ਕਿੱਥੋਂ ਵਧੇ ਸੰਸਾਰ ਵੇ।
ਨਾਰੀਆਂ ਬਗ਼ੈਰ ਸਭ ਕਾਰਜ ਖਰਾਬ ਹੋਣ,
ਨਾਰੀਆਂ ਨਾ ਹੋਣ ਤਾਂ ਖਰਾਬ ਘਰ ਬਾਰ ਵੇ।
ਨਾਰੀਆਂ ਬਗ਼ੈਰ ਸਭ ਅੰਗ ਸਾਕ ਟੁੱਟ ਜਾਂਦੇ,
ਨਾਰੀਆਂ ਨਾ ਹੋਣ ਕਿੱਥੋਂ ਵਧੇ ਪਰਵਾਰ ਵੇ।
ਨਾਰੀਆਂ ਬਗ਼ੈਰ ਲੋਕ ਰੰਡੇ 'ਭਗਵਾਨ ਸਿੰਘਾ'
ਨਾਰੀਆਂ ਬਗ਼ੈਰ ਨਹੀਂ ਨਰਾਂ ਦਾ ਸ਼ਿੰਗਾਰ ਵੇ।੧੦੩।
ਮੋਮਨ ਮੁਨੀਸਰ ਤਪੀਸਰ ਇਮਾਮਜ਼ਾਦੇ,
ਜੋਗੀ ਜਤੀ ਸਤੀ ਤਪੀ ਹਠੀ ਅਵਤਾਰ ਵੇ।
ਪੂਰੇ ਸੂਰੇ ਔਲੀਏ ਸ਼ਹੀਦ ਸਿੱਧ ਵਲੀ ਗੌਂਸ,
ਨਾਰੀਆਂ ਦੇ ਪੇਟੋਂ ਪੈਦਾ ਹੋਣ ਬਲਕਾਰ ਵੇ।




ਨਾਰੀਆਂ ਤੋਂ ਪੈਦਾ ਸਾਧ ਪੰਡਿਤ ਪ੍ਰਬੀਨ ਹੋਣ,
ਨਾਰੀਆਂ ਦੇ ਪੇਟੋਂ ਪੈਦਾ ਹੋਣ ਕਲਾਧਾਰ ਵੇ।
ਨਾਰੀਆਂ ਨੂੰ ਨਿੰਦ ਨਾ ਤੂੰ ਐਵੇਂ 'ਭਗਵਾਨ ਸਿੰਘਾ'
ਨਾਰੀਆਂ ਨਾ ਹੋਣ, ਹੋਣੇ ਐਡੇ ਨਾ ਪਸਾਰ ਵੇ।੧੦੪।'

*-ਪੇਸ਼ਕਸ਼:ਤਰਲੋਚਨ ਸਿੰਘ ਦੁਪਾਲ ਪੁਰ*
*ਫੋਨ: 001-408-905-5517*

## ਸੂਰਜ ਜਾਂ ਬ੍ਰਹਿਮੰਡ ਵਿਚਲੀਆਂ ਆਵਾਜ਼ਾਂ ਸਾਨੂੰ ਕਿਉਂ ਸੁਣਾਈ ਨਹੀਂ ਦਿੰਦੀਆਂ?

ਬ੍ਰਹਿਮੰਡ ਬੜਾ ਹੀ ਅਪਾਰ, ਅਨੰਤ ਅਤੇ ਬੇਅੰਤ ਹੈ। ਹਾਲੇ ਤੱਕ ਸਾਨੂੰ ਇਸ ਦਾ ਨਾ ਤਾਂ ਸ਼ੁਰੂਆਤੀ ਕਿਨਾਰਾ ਲੱਭਿਆ ਹੈ ਤੇ ਨਾ ਹੀ ਅੰਤ ਵਾਲਾ ਸਿਰਾ। ਹੈਰਾਨੀਜਨਕ ਗੱਲ ਇਹ ਹੈ ਕਿ ਇਹ ਲਗਾਤਾਰ ਆਪਣਾ ਵਿਸਥਾਰ ਕਰਦਾ ਜਾ ਰਿਹਾ ਹੈ। ਭਾਵ ਇਸ ਦੀ ਲੰਬਾਈ ਚੌੜਾਈ ਲਗਾਤਾਰ ਵੱਧਦੀ ਜਾ ਰਹੀ ਹੈ। ਸਾਡੇ ਵਿਗਿਆਨੀ ਹਾਲੇ ਤੱਕ ਇਹ ਵੀ ਪਤਾ ਨਹੀਂ ਲਗਾ ਸਕੇ ਕਿ ਬ੍ਰਹਿਮੰਡ ਇੱਕ ਹੀ ਹੈ ਜਾਂ ਹੋਰ ਵੀ ਹਨ। ਸਾਡੇ ਇਸ ਬ੍ਰਹਿਮੰਡ ਵਿਚ ਅਣਗਿਣਤ ਗਲੈਕਸੀਆਂ ਅਤੇ ਇਨ੍ਹਾਂ ਗਲੈਕਸੀਆਂ ਵਿਚ ਹਰੇਕ ਗਲੈਕਸੀ ਵਿਚ ਅਰਬਾਂ ਤਾਰੇ ਹਨ। ਸਾਡਾ ਸੂਰਜ ਵੀ ਉਨ੍ਹਾਂ ਤਾਰਿਆਂ ਦੇ ਵਿਚੋਂ ਇੱਕ ਹੈ। ਹਰੇਕ ਸੂਰਜ/ਤਾਰੇ ਦਾ ਆਪਣਾ ਦਾਇਰਾ ਹੈ। ਇਸ ਦਾਇਰੇ ਵਿਚ ਉਹ ਆਪਣੇ ਗ੍ਰਹਿਆਂ ਉਨ੍ਹਾਂ ਦੇ ਉਪ ਗ੍ਰਹਿਆਂ ਅਤੇ ਹੋਰ ਦੂਜੀਆਂ ਚੀਜ਼ਾਂ ਦੇ ਨਾਲ ਵਿਚਰਦਾ ਹੈ। ਇਨ੍ਹਾਂ ਦੂਜੀਆਂ ਚੀਜ਼ਾਂ ਵਿਚ ਛੋਟੇ ਗ੍ਰਹਿ, ਉਲਕਾਵਾਂ ਅਤੇ ਹੋਰ ਬਹੁਤ ਛੋਟੇ ਵੱਡੇ ਪੱਥਰ ਤੇ ਨਿਕ-ਸੁੱਕ ਹੁੰਦਾ ਹੈ।

ਇਹ ਛੋਟੇ-ਵੱਡੇ ਪੱਥਰ ਵੱਖੋ ਵੱਖਰੇ ਗ੍ਰਹਿਆਂ ਦੇ ਨਾਲ ਟਕਰਾਉਂਦੇ ਰਹਿੰਦੇ ਹਨ। ਸਾਡੇ ਧਰਤੀ ਦੇ ਉਪਗ੍ਰਹਿ ਚੰਦਰਮਾ ਦੇ ਉੱਤੇ ਵਾਯੂਮੰਡਲ ਨਹੀਂ ਹੈ। ਉਥੇ ਵੀ ਇਨ੍ਹਾਂ ਦੀ ਵਾਛੜ ਹੁੰਦੀ ਰਹਿੰਦੀ ਹੈ। ਜਦੋਂ ਇਹ ਇੱਕ ਦੂਜੇ ਨਾਲ ਜਾਂ ਕਿਸੇ ਗ੍ਰਹਿ ਉਪਗ੍ਰਹਿ ਨਾਲ ਟਕਰਾਉਂਦੇ ਹਨ ਤਾਂ ਆਵਾਜ਼ ਪੈਦਾ ਹੁੰਦੀ, ਪਰ ਇਹ ਆਵਾਜ਼ ਸਾਨੂੰ ਸੁਣਾਈ ਨਹੀਂ ਦਿੰਦੀ। ਕਿਉਂ?

ਜੇ ਅਸੀਂ ਗੇਂਦ ਨੂੰ ਕਿਸੇ ਰੱਸੀ ਨਾਲ ਬੰਨ੍ਹ ਕੇ ਬਹੁਤ ਤੇਜ਼ੀ ਨਾਲ ਘੁਮਾਈਏ ਤਾਂ ਇਹ ਆਵਾਜ਼ ਪੈਦਾ ਕਰਦੀ ਹੈ। ਸਾਡੀ ਧਰਤੀ ਵੀ ਲਗਾਤਾਰ ਸੂਰਜ ਦੇ ਆਲੇ ਦੁਆਲੇ ਬਹੁਤ ਤੇਜ਼ ਰਫਤਾਰ ਦੇ ਨਾਲ ਚੱਕਰ ਕੱਟਦੀ ਹੈ। ਇਹ ਵੀ ਆਵਾਜ਼ ਪੈਦਾ ਕਰਦੀ ਹੈ। ਪਰ ਸਾਨੂੰ ਇਹ ਆਵਾਜ਼ ਸੁਣਾਈ ਨਹੀਂ ਦਿੰਦੀ। ਕਿਉਂ?

ਸਿਰਫ ਧਰਤੀ ਹੀ ਚੱਕਰ ਨਹੀਂ ਕੱਢਦੀ, ਸਗੋਂ ਪੁਲਾੜ ਵਿਚ ਵਿਚਰ ਰਿਹਾ ਹਰ ਗ੍ਰਹਿ ਉਪਗ੍ਰਹਿ ਤੇਜ਼ ਗਤੀ ਨਾਲ ਚੱਕਰ ਕੱਢਦਾ ਹੈ ਅਤੇ ਆਵਾਜ਼ ਪੈਦਾ ਕਰਦਾ ਹੈ।

ਬ੍ਰਹਿਮੰਡ ਵਿਚ ਹੋ ਰਹੀਆਂ ਸਾਰੀਆਂ ਕਿਰਿਆਵਾਂ ਦੀਆਂ ਆਵਾਜ਼ਾਂ ਸਾਨੂੰ ਸੁਣਾਈ ਨਹੀਂ ਦਿੰਦੀਆਂ ਅਸਲ ਵਿਚ ਇਸ ਦਾ ਕਾਰਨ ਇਹ ਹੈ ਕਿ ਆਵਾਜ਼ ਨੂੰ ਇੱਕ ਥਾਂ ਤੋਂ ਦੂਜੀ ਥਾਂ ਜਾਣ ਦੇ ਲਈ ਕਿਸੇ ਨਾ ਕਿਸੇ ਮਾਧਿਅਮ ਦੀ ਲੋੜ ਹੁੰਦੀ ਹੈ। ਮਾਧਿਅਮ ਜਿਵੇਂ ਹਵਾ। ਪਰ ਬ੍ਰਹਿਮੰਡ ਵਿਚ ਤਾਂ ਸਿਰਫ ਖਲਾਅ ਹੈ ਨਿਰਵਾਤ। ਭਾਵ ਉਥੇ ਤਾਂ ਕੋਈ ਗੈਸ ਹਵਾ ਵੀ ਨਹੀਂ ਹੈ। ਇਸ ਲਈ ਇਨ੍ਹਾਂ ਪੈਦਾ ਕੀਤੀਆਂ ਆਵਾਜ਼ਾਂ ਦੇ ਕਣ ਸਾਡੇ ਤੱਕ ਨਹੀਂ ਪਹੁੰਚ ਪਾਉਂਦੇ ਜਿਸ ਕਾਰਨ ਸਾਨੂੰ ਇਨ੍ਹਾਂ ਦੀ ਆਵਾਜ਼ ਸੁਣਾਈ ਨਹੀਂ ਦਿੰਦੀ।

ਇਹ ਗੱਲ ਸਾਡੇ ਲਈ ਲਾਹੇਵੰਦ ਵੀ ਹੈ। ਸੂਰਜ ਤੇ ਹਰ ਪਲ ਕਰੋੜਾਂ ਪਰਮਾਣੂ ਇਕੱਠੇ ਹੁੰਦੇ ਹਨ। ਨਾਭਕੀ ਸੰਯੋਜਨ ਕਿਰਿਆ ਕਰਦੇ ਹਨ। ਇਸ ਦੌਰਾਨ ਵੀ ਆਵਾਜ਼ ਪੈਦਾ ਹੁੰਦੀ ਹੈ। ਜੋ ਕਿ ਸੂਰਜ ਤੋਂ ਧਰਤੀ ਤੱਕ ਹਵਾ ਨਾ ਹੋਣ ਕਾਰਨ ਸਾਡੇ ਤੱਕ ਨਹੀਂ ਪਹੁੰਚ ਪਾਉਂਦੀ। ਜੇ ਰਾਸਤੇ ਵਿਚ ਹਵਾ ਹੁੰਦੀ ਤਾਂ ਸੂਰਜ ਦੀ ਆਵਾਜ਼ ਸਾਨੂੰ ਹਰ ਵੇਲੇ ਇਨੀ ਸੁਣਾਈ ਦੇਣੀ ਸੀ ਜਿੰਨੀ ਕਿਸੇ ਟ੍ਰੇਨ ਦੇ ਹੋਰਨ ਦੀ ਆਵਾਜ਼ ਹੁੰਦੀ ਹੈ। ਇਹ ਆਵਾਜ਼ 100 ਡੈਸੀਮਲ ਤੋਂ ਵੀ ਤੇਜ਼ ਹੁੰਦੀ ਹੈ ਜਿਹੜੀ ਕਿ ਕੰਨਾਂ ਲਈ ਨੁਕਸਾਨਦਾਇਕ ਹੁੰਦੀ ਹੈ। ਸਿਰਫ ਇਹੀ ਨਹੀਂ ਜੇ ਹਵਾ ਹੁੰਦੀ ਤਾਂ ਲੱਖਾਂ ਕਰੋੜਾਂ ਹੋਰ ਆਵਾਜ਼ਾਂ ਵੀ ਸਾਡੇ ਕੰਨਾਂ ਤੱਕ ਲਗਾਤਾਰ ਪਹੁੰਚਦੀਆਂ ਰਹਿਣੀਆਂ ਸਨ। ਜਿਸ ਕਾਰਨ ਸਾਡਾ ਜੀਣਾ ਨਾ-ਮੁਨਕਿਨ ਹੋ ਜਾਣਾ ਸੀ। ਇਸ ਤਰ੍ਹਾਂ ਕੁਦਰਤ ਨੇ ਪੁਲਾੜ ਵਿਚ ਹਵਾ ਨਾ ਬਣਾ ਕੇ ਮਨੁੱਖਤਾ ਲਈ ਇਕ ਵਰਦਾਨ ਹੀ ਦਿੱਤਾ ਹੈ।

*-ਸੰਜੀਵ ਝਾਂਜੀ ਜਗਰਾਉਂ।*

# ਅਦਭੁਤ ਸ਼ਖ਼ਸੀਅਤ ਸੀ ਲਤਾ ਮੰਗੇਸ਼ਕਰ

ਜ਼ਿੰਦਗੀ ਦੇ ਅੱਠ ਦਹਾਕੇ ਗਾਇਕੀ ਨੂੰ ਸਮਰਪਿਤ ਕਰਨ ਵਾਲੀ 'ਭਾਰਤ ਦੀ ਕੋਇਲ', 'ਸੁਰਾਂ ਦੀ ਰਾਣੀ', 'ਵਾਇਸ ਆਫ਼ ਦਾ ਨੇਸ਼ਨ', 'ਵਾਇਸ ਆਫ਼ ਦਾ ' ਮਿਲੇਨੀਅਮ' ਵਜੋਂ ਜਾਣੀ ਜਾਂਦੀ ਲਤਾ ਮੰਗੇਸ਼ਕਰ ਦਾ ਨਾਂਅ ਸੰਗੀਤ ਦੇ ਖੇਤਰ ਵਿਚ ਸੁਨਹਿਰੀ ਅੱਖਰਾਂ ਵਿਚ ਦਰਜ ਹੈ। 36 ਭਾਸ਼ਾਵਾਂ ਵਿਚ 25 ਹਜ਼ਾਰ ਤੋਂ ਵੱਧ ਗੀਤ ਸੰਗੀਤ ਪ੍ਰੇਮੀਆਂ ਦੀ ਝੋਲੀ ਪਾਉਣ ਵਾਲੀ ਉਹ ਦੇਸ਼ ਦੀ ਇਕਲੌਤੀ ਗਾਇਕਾ ਅਤੇ ਐਮ.ਐਸ.

**ਡਾ. ਰਣਜੀਤ ਸਿੰਘ**



ਸੁਬਾਲਕਸ਼ਮੀ ਤੋਂ ਬਾਅਦ ਦੇਸ਼ ਦਾ ਸਰਬਉਚ ਨਾਗਰਿਕ ਪੁਰਸਕਾਰ 'ਭਾਰਤ ਰਤਨ' ਪ੍ਰਾਪਤ ਕਰਨ ਵਾਲੀ ਉਹ ਦੂਜੀ, ਗਾਇਕਾ ਹੈ। ਲਤਾ ਦਾ ਮੁਢਲਾ ਨਾਂਅ ਹੇਮਾ ਸੀ। ਪਿਤਾ ਦੀਨਾਨਾਥ ਨੇ ਆਪਣੇ ਇਕ ਨਾਟਕ 'ਚ ਲਤਿਕਾ ਨਾਂਅ ਦੀ ਔਰਤ ਪਾਤਰ ਤੋਂ ਪ੍ਰਭਾਵਿਤ ਹੋ ਕੇ ਇਸ ਦਾ ਨਾਂਅ ਲਤਾ ਰੱਖ ਦਿਤਾ ਸੀ।

ਮੱਧ ਪ੍ਰਦੇਸ਼ ਦੇ ਇੰਦੌਰ, ਸ਼ਹਿਰ ਦੇ ਇਕ ਸਿੱਖ ਮੁਹੱਲੇ ਵਿਚ ਗੁਰਦੁਆਰੇ ਦੇ ਨਜ਼ਦੀਕ ਲਤਾ ਮੰਗੇਸ਼ਕਰ ਦਾ ਜਨਮ 28 ਸਤੰਬਰ, 1929 ਨੂੰ ਪਿਤਾ ਪੰਡਿਤ ਦੀਨਾਨਾਥ ਮੰਗੇਸ਼ਕਰ ਅਤੇ ਮਾਤਾ ਸ਼ੇਵੰਤੀ (ਸੁਧਾਮਤੀ) ਦੇ ਘਰ ਹੋਇਆ।

ਦੀਨਾਨਾਥ ਨੇ ਪਹਿਲੀ ਪਤਨੀ ਨਰਮਦਾ ਦੀ ਮੌਤ ਉਪਰੰਤ ਉਸ ਦੀ ਛੋਟੀ ਭੈਣ ਸ਼ੇਵੰਤੀ ਨਾਲ ਸ਼ਾਦੀ ਕਰ ਲਈ ਸੀ। ਲਤਾ ਦੇ ਦਾਦਾ ਸ੍ਰੀ ਗਣੇਸ਼ ਭੱਟ ਨਵਾਤੇ ਹਾਰਡੀਕਰ ਇਕ ਪੁਜਾਰੀ ਅਤੇ ਦਾਦੀ ਯੇਸੂਬਾਈ ਰਾਣੇ ਮਰਾਠਾ ਸਮਾਜ ਨਾਲ ਸਬੰਧ ਰੱਖਦੇ ਸਨ। ਨਾਨਾ ਸੇਠ ਹਰੀਦਾਸ ਵਪਾਰੀ ਸਨ। ਬਚਪਨ ਵਿਚ ਹੀ ਲਤਾ ਨੇ ਆਪਣੀ ਨਾਨੀ ਕੋਲੋਂ ਗੁਜਰਾਤੀ ਲੋਕ ਗੀਤ ਲੋਰੀਆਂ ਦੇ ਰੂਪ ਵਿਚ ਸਿੱਖੇ। ਚਾਰ ਭੈਣ ਭਰਾਵਾਂ ਹਿਰਦੇਨਾਥ ਮੰਗੇਸ਼ਕਰ (ਭਰਾ), ਊਸ਼ਾ ਮੰਗੇਸ਼ਕਰ, ਮੀਨਾ ਮੰਗੇਸ਼ਕਰ ਅਤੇ ਆਸ਼ਾ ਭੋਂਸਲੇ (ਭੈਣਾਂ) ਵਿਚੋਂ ਸਭ ਤੋਂ ਵੱਡੀ ਹੋਣ ਕਰਕੇ ਪਰਿਵਾਰਿਕ ਜ਼ਿੰਮੇਵਾਰੀਆਂ ਦਾ ਬੋਝ ਵੀ ਉਸ ਨੇ ਬਾਖੂਬੀ ਨਿਭਾਇਆ। ਸਾਰੇ ਭੈਣ ਭਰਾਵਾਂ ਦਾ ਸੰਬੰਧ ਸੰਗੀਤ ਨਾਲ ਰਿਹਾ ਹੈ। ਭਰਾ ਹਿਰਦੇਨਾਥ ਮੰਗੇਸ਼ਕਰ ਨਾਲ ਜਿਥੇ ਲਤਾ ਨੇ ਕੁਝ ਮਰਾਠੀ ਗੀਤ ਵੀ ਗਾਏ ਉਥੇ ਬਾਕੀ ਭੈਣਾਂ ਨੇ ਵੀ ਸੰਗੀਤ ਦੇ ਖੇਤਰ ਵਿਚ ਖੂਬ ਨਾਂਅ ਕਮਾਇਆ।

ਦੀਨਾਨਾਥ ਸ਼ਾਸਤਰੀ ਗਾਇਕ ਤੇ ਰੰਗਮੰਚ ਦੇ ਕਲਾਕਾਰ ਸਨ ਤੇ 'ਬਲਵੰਤ ਨਾਟਕ ਮੰਡਲੀ' ਨਾਂਅ ਦੀ ਨਾਟਕ ਮੰਡਲੀ ਚਲਾਉਂਦੇ ਸਨ। 5 ਸਾਲ ਦੀ ਉਮਰ ਵਿਚ ਹੀ ਲਤਾ ਨੇ ਆਪਣੇ ਪਿਤਾ ਨਾਲ ਮਰਾਠੀ ਭਾਸ਼ਾ ਦੇ ਨਾਟਕਾਂ ਵਿਚ ਕੰਮ ਕਰਦਿਆਂ 'ਗੁਰੂਕੁਲ' ਨਾਟਕ 'ਚ ਕ੍ਰਿਸ਼ਨਾ ਦਾ ਰੋਲ ਨਿਭਾ ਕੇ ਸਭਨਾਂ ਨੂੰ ਹੈਰਾਨ ਕਰ ਦਿਤਾ ਸੀ। ਸੰਨ 1942 ਵਿਚ ਪਿਤਾ ਦੀਨਾਨਾਥ ਦੀ ਮੌਤ ਨੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿਤਾ ਤੇ ਪਰਿਵਾਰ ਦੇ ਮੈਂਬਰਾਂ ਨੂੰ ਪਾਲਣ ਪੋਸ਼ਣ ਦਾ ਸਾਰਾ ਬੋਝ ਲਤਾ ਦੇ ਮੋਢਿਆ 'ਤੇ ਆ ਗਿਆ। ਇਸੇ ਦੌਰਾਨ ਪਰਿਵਾਰ ਦੇ ਨੇੜੇ ਦੇ ਸਾਥੀ ਮਾਸਟਰ ਵਿਨਾਇਕ ਦਮੋਦਰ ਕਰਨਾਟਕੀ ਨੇ ਲਤਾ ਨੂੰ ਗਾਇਕਾ ਅਤੇ ਅਦਾਕਾਰਾ ਵਜੋਂ ਆਪਣਾ ਕਰੀਅਰ ਸ਼ੁਰੂ ਕਰਨ ਲਈ ਹੱਲਾਸ਼ੇਰੀ ਦਿਤੀ। ਸੰਨ 1942 ਵਿਚ 13 ਸਾਲ ਦੀ ਉਮਰ ਵਿਚ ਉਸ ਨੇ ਪਹਿਲੀ ਵਾਰ 'ਮੰਗਲਾਗੌਰ' ਫ਼ਿਲਮ ਲਈ ਗਾਇਆ। ਸੰਨ 1945 ਵਿਚ ਲਤਾ ਬੰਬਈ ਆ ਗਈ, ਜਿਥੇ ਮਾਸਟਰ ਵਿਨਾਇਕ ਦਮੋਦਰ ਦੀ ਹਿੰਦੀ ਫ਼ਿਲਮ 'ਬੜੀ ਮਾਂ' ਵਿਚ ਉਸ ਨੇ ਆਪਣੀ ਭੈਣ ਆਸ਼ਾ ਕੌਂਸਲੇ ਨਾਲ ਛੋਟਾ ਜਿਹਾ ਰੋਲ ਕਰਦਿਆਂ ਇਕ ਭਜਨ 'ਮਾਤਾ ਤੇਰੇ ਚਰਨੋਂ ਮੇਂ' ਵੀ ਗਾਇਆ।



ਸੰਗੀਤਕਾਰ ਗੁਲਾਮ ਹੈਦਰ ਨੇ 18 ਸਾਲ ਦੀ ਲਤਾ ਨੂੰ ਫ਼ਿਲਮ ਨਿਰਮਾਤਾ ਸ਼ਸ਼ਧਰ ਮੁਖਰਜੀ ਨਾਲ ਮਿਲਵਾਇਆ। ਸ਼ਸ਼ਧਰ ਜੀ ਨੇ ਕਿਹਾ ਕਿ ਇਸ ਲੜਕੀ ਦੀ ਤਾਂ ਆਵਾਜ਼ ਬਹੁਤ ਪਤਲੀ ਹੈ ਤੇ ਫ਼ਿਲਮਾਂ ਵਿਚ ਨਹੀਂ ਚੱਲੇਗੀ। ਇਸ ਉਪਰੰਤ ਗੁਲਾਮ ਹੈਦਰ ਜੀ ਨੇ 'ਮਜਬੂਰ' ਫ਼ਿਲਮ ਦੇ ਗੀਤ 'ਅੰਗਰੇਜ਼ੀ ਛੋਰਾ ਚਲਾ ਗਯਾ' ਅਤੇ 'ਦਿਲ ਮੇਰਾ ਤੋੜਾ ਮੁਝੇ ਕਹੀ ਕਾ ਨਾ ਛੋੜਾ ਤੇਰੇ ਪਿਆਰ ਨੇ', 'ਚ ਲਤਾ ਨੂੰ ਗਾਇਕ ਮੁਕੇਸ਼ ਨਾਲ ਗਵਾਇਆ। ਇਨ੍ਹਾਂ ਗੀਤਾਂ ਨੇ ਲਤਾ ਨੂੰ ਫ਼ਿਲਮ ਇੰਡਸਟਰੀ ਵਿਚ ਵੱਡੀ ਬ੍ਰੇਕ ਦਿਤੀ। ਬਾਅਦ ਵਿਚ ਸ਼ਸ਼ਧਰ ਜੀ ਨੇ ਆਪਣੀ ਗ਼ਲਤੀ ਕਬੂਲਦਿਆਂ ਲਤਾ ਜੀ ਕੋਲੋਂ ਅਨਾਰਕਲੀ ਅਤੇ ਜ਼ਿੱਦੀ ਫ਼ਿਲਮਾਂ ਵਿਚ ਗੀਤ ''ਗਵਾਏ ਜੋ ਹਿੱਟ ਰਹੇ। ਸੰਨ 1949 ਵਿਚ ਫ਼ਿਲਮ 'ਮਹਿਲ' ਵਿਚ 'ਆਏਗਾ-ਆਏਗਾ ਆਨੇ ਵਾਲਾ' ਗੀਤ ਯਾਦਗਾਰੀ ਹੋ ਨਿਬੜਿਆ ਜੋ ਮਧੂਬਾਲਾ 'ਤੇ ਫ਼ਿਲਮਾਇਆ ਗਿਆ। ਸੀ। ਹੁਣ ਲਤਾ ਦੀ ਸੁਰੀਲੀ ਆਵਾਜ਼ ਦੇ ਚਰਚੇ ਫ਼ਿਲਮ ਇੰਡਸਟਰੀ ਵਿਚ ਹੋਣ ਲੱਗ ਪਏ ਸਨ। ਇਸ ਉਪਰੰਤ ਲਤਾ ਦੇ ਬਹੁਤ ਸਾਰੀਆਂ ਫ਼ਿਲਮਾਂ ਵਿਚ ਗੀਤ ਰਿਕਾਰਡ ਹੋਏ।




ਲਤਾ ਮੰਗੇਸ਼ਕਰ ਨੇ ਗੁਰਬਾਣੀ ਸ਼ਬਦਾਂ ਦਾ ਵੀ ਗਾਇਨ ਕੀਤਾ ਜਿਵੇਂ ਸਤਿਗੁਰ ਨਾਨਕ ਪ੍ਰਗਟਿਆ, ਮਿਲੁ ਮੇਰੇ ਪ੍ਰੀਤਮਾ ਜੀਉ, ਦੇਹ ਸਿਵਾ ਬਰ ਮੋਹਿ ਇਹੈ, ਮੂ ਲਾਲਨ ਸਿਉ ਪ੍ਰੀਤਿ ਬਨੀ, ਵੈਦੁ ਬੁਲਾਇਆ ਵੈਦਗੀ, ਭਿੰਨੀ ਰੈਨੜੀਐ ਚਾਮਕਨਿ ਤਾਰੇ, ਹਰਿ ਜੁਗੁ ਜੁਗੁ ਭਗਤ ਉਪਾਇਆ, ਜਪਿ ਮਨ ਸਤਿਨਾਮੁ ਆਦਿ। ਪਿਠਵਰਤੀ ਗਾਇਕਾ, ਮਿਊਜ਼ਿਕ ਡਾਇਰੈਕਟਰ, ਪ੍ਰੋਡਿਊਸਰ ਵਜੋਂ ਸੇਵਾਵਾਂ ਨਿਭਾਉਂਦਿਆਂ ਉਸ ਨੇ ਅਣਗਿਣਤ ਹਿਟ ਗੀਤ ਗਾਏ ਜਿਵੇਂ ਪਿਆਰ ਕੀਆ ਤੋ ਡਰਨਾ ਕਿਆ, ਅੱਛਾ ਤੋ ਹਮ ਚਲਤੇ ਹੈਂ, ਡਫਲੀ ਵਾਲੇ ਡਫਲੀ ਵਜਾ, ਯੇ ਗਲੀਆਂ ਯੇ ਚੌਬਾਰੇ, ਤੂੰ ਕਿਤਨੀ ਅੱਛੀ ਹੈ, ਸ਼ੀਸ਼ਾ ਹੋ ਜਾ ਦਿਲ ਆਖਿਰ ਟੂਟ ਜਾਤਾ ਹੈ, ਰਾਮ ਤੇਰੀ ਗੰਗਾ ਮੈਲੀ ਹੋ ਗਈ, ਜ਼ਿੰਦਗੀ ਪਿਆਰ ਕਾ ਗੀਤ ਹੈ, ਪ੍ਰਦੇਸ ਜਾ ਕੇ. ਪ੍ਰਦੇਸੀਆ, ਸੁਨ ਸਾਹਿਬਾ ਸੁਨ, ਮੈਂ ਹੂੰ ਖੁਸ਼ਰੰਗ ਹਿਨਾ, ਦਿਲ ਤੋ ਪਾਗਲ ਹੈ, ਆਪ ਕੀ ਨਜ਼ਰੋਂ ਨੇ ਸਮਝਾ, ਨੈਨਾ ਬਰਸੇ ਰਿਮਝਿਮ, ਤੇਰੇ ਬਿਨਾਂ ਜ਼ਿੰਦਗੀ ਮੇ ਕੋਈ, ਤੇਰੀ ਬਿੰਦੀਆ ਰੇ, ਮੈਂ ਤੇਰੀ ਦੁਸ਼ਮਨ ਦੁਸ਼ਮਨ ਤੂੰ

## ਕਲਾ ਪਰਿਕਰਮਾ

ਮੇਰਾ, ਲੁਕਾ ਛੁਪੀ, ਦੀਦੀ ਤੇਰਾ ਦੇਵਰ ਦੀਵਾਨਾ, ਮੇਰੇ ਖਾਬੋਂ ਮੇਂ ਜੋ ਆਏ ਆਦਿ। ਲਤਾ ਨੇ ਅਨੇਕ ਪੰਜਾਬੀ ਫ਼ਿਲਮੀ ਗੀਤਾਂ ਨੂੰ ਵੀ ਆਵਾਜ਼ ਦਿਤੀ ਜੋ ਅੱਜ ਵੀ ਸੁਣੇ ਜਾਂਦੇ ਹਨ। ਜਿਵੇਂ 'ਰਾਹੇ ਰਾਹੇ ਜਾਂਦਿਆਂ, ਅੱਖੀਆਂ ਮਿਲਾਂਦਿਆਂ, ਅੱਖੀਆਂ ਚੁਰਾ ਕੇ ਨਾ ਜਾ'' ਅਤੇ 'ਗਲੀਆਂ 'ਚ ਫਿਰਦੇ ਢੋਲਾ ਨਿੱਕੇ- ਨਿੱਕੇ ਬਾਲ ਵੇ, ਬਾਲਾਂ ਕੋਲੋਂ ਪੁੱਛਦੀ ਹਾਂ ਚੰਨਾ ਤੇਰਾ ਹਾਲ ਵੇ' (ਫ਼ਿਲਮ ਚਮਨ, ਸੰਨ 1948), 'ਨਾਲੇ ਲੰਮੀ ਤੇ ਨਾਲੇ ਕਾਲੀ, ਹਾਏ ਵੇ ਚੰਨਾ ਰਾਤ ਜੁਦਾਈਆਂ ਵਾਲੀ', 'ਕਾਲੀ ਕੰਘੀ ਨਾਲ ਕਾਲੇ ਵਾਲ ਪਈ ਵਾਹੁਨੀਆਂ, ਆ ਮਿਲ ਢੋਲ ਜਾਨੀਆਂ' (ਫ਼ਿਲਮ ਲੱਛੀ, ਸੰਨ 1949), 'ਚੱਲਾਂ ਮੋਰਨੀ ਦੀ ਚਾਲ', 'ਚੱਲ ਆ ਬਾਗਾਂ ਵਿਚ ਨੱਚੀਏ ( ਫ਼ਿਲਮ ਭਾਈਆ ਜੀ, ਸੰਨ 1950), 'ਮਾਰਾਂ ਕੰਧਾਂ ਉਤੇ ਲੀਕਾਂ, ਵੇ ਮੈਂ ਲਾਈਆਂ ਨੇ ਉਡੀਕਾਂ' (ਫ਼ਿਲਮ ਵਣਜਾਰਾ, ਸੰਨ 1954), 'ਹਾਏ ਨੀ ਮੇਰਾ ਬਾਲਮ, ਹੈ ਬੜਾ ਜ਼ਾਲਮ' (ਫ਼ਿਲਮ ਦੋ ਲੱਛੀਆਂ, ਸੰਨ 1960), 'ਪਿਆਰ ਦੇ ਭੁਲੇਖੇ ਕਿੰਨੇ ਸੋਹਣੇ-ਸੋਹਣੇ ਖਾ ਗਏ' ( ਫ਼ਿਲਮ. ਗੁੱਡੀ, ਸੰਨ 1963), 'ਲਾਈਏ ਤੇ ਤੋੜ ਨਿਭਾਵੀਂ, ਛੱਡ ਕੇ ਨਾ ਜਾਵੀਂ ਵੇ ਬੀਬਾ ਛੱਡ ਕੇ : ਨਾ ਜਾਵੀਂ' ( ਫ਼ਿਲਮ ਪਿੰਡ ਦੀ ਕੁੜੀ, ਸੰਨ 1963) ਆਦਿ। ਹਮੇਸ਼ਾ ਚਿੱਟੀ ਸਾੜ੍ਹੀ ਪਹਿਨਣ ਦੀ ਸ਼ੌਕੀਨ ਲਤਾ ਨੇ ਅਨੇਕ ਭੂਸ਼ਣ (1969), ਦਾਦਾ ਸਾਹਿਬ ਫਾਲਕੇ ਪੁਰਸਕਾਰ (1989), ਫ਼ਿਲਮ ਫੇਅਰ ਲਾਈਫ ਟਾਈਮ ਅਚੀਵਮੈਂਟ ਪੁਰਸਕਾਰ (1993),ਪਦਮ ਵਿਭੂਸ਼ਣ(1999), ਆਈਫਾ ਦਾ ਲਾਈਫਟਾਈਮ ਅਚੀਵਮੈਂਟ ਪੁਰਸਕਾਰ (2000), ਭਾਰਤ ਰਤਨ (2001) ਆਦਿ।

### 7 ਪੁਰਸਕਾਰ ਆਪਣੀ ਝੋਲੀ ਪਾਏ

ਜ਼ਿੰਦਗੀ ਦੇ ਆਖਰੀ ਪੜਾਅ ਦੌਰਾਨ ਲਤਾ ਮੰਗੇਸ਼ਕਰ ਨੂੰ ਕੋਰੋਨਾ ਦੇ ਲੱਛਣਾਂ ਉਪਰੰਤ 8 ਜਨਵਰੀ, 2022 ਨੂੰ ਬੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ, ਜਿਥੇ 6 ਫਰਵਰੀ, 2022 ਨੂੰ 92 ਸਾਲ ਦੀ ਉਮਰ ਵਿਚ ਉਸ ਨੇ ਸਵੇਰੇ 8.12 ਮਿੰਟ 'ਤੇ ਆਖਰੀ ਸਾਹ ਲਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਅਕਤੂਬਰ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-762



*ਜਦ ਵਿਚ ਵਿਦੇਸ਼ਾਂ ਆਵਣ ਗੱਭਰੂ, ਨਾਲ਼ ਹੀ ਆਪਣੇ ਸ਼ੌਕ ਲਿਆਵਣ।*
*ਬੈਕ-ਯਾਰਡ ਵਿਚ ਬਣਾ ਕੇ ਖੁੱਡੇ, ਚੀਨੇ ਕਬੂਤਰ ਵਿਚ ਬਿਠਾਵਣ।*
*ਵਿਹਲ ਮਿਲੀ 'ਤੇ ਲਾਉਣ ਬਾਜ਼ੀਆਂ, ਸ਼ਰਤਾਂ ਲਾ ਕੇ ਮਨ ਪ੍ਰਚਾਵਣ।*
*ਬੱਚੇ ਦੇਖ ਕੇ ਕਰਨ ਇਸ਼ਾਰੇ, ਨੇੜੇ ਹੋ ਫੋਟੋ ਖਿਚਵਾਵਣ।*

## ਕੈਪਸ਼ਨ ਮੁਕਾਬਲਾ-760



ਕੋਇਲ ਨੇ ਜਦ ਕੁਊ-ਕੁਊ ਕੀਤੀ
ਤਾਂ ਕੋਇਲੀ ਝੱਟ ਉਡ ਕੇ ਆਈ।
ਆਹਮੋ-ਸਾਹਮਣੇ ਬੈਠ ਦੋਹਾਂ ਨੇ
ਅਗਲੀ ਇੱਕ ਬਣਤ ਬਣਾਈ।
ਟਿਕਾਣਾ ਨਹੀਂ ਬਣਾਉਣਾ ਆਪਣਾ
ਕਾਂ ਦੇ ਆਲ੍ਹਣੇ 'ਤੇ ਅੱਖ ਟਿਕਾਈ।
ਆਂਡੇ ਆਪਣੇ ਟਿਕਾ ਓਸ ਵਿਚ
ਕਾਉਣੀ ਸੇਵਾ ਉੱਪਰ ਲਾਈ।
ਉਡਾਰ ਹੋਇਆਂ ਤੋਂ ਲੈ ਉੱਡਾਂਗੇ
ਚਲਾਕੀ ਨਾਲ਼ ਸਕੀਮ ਬਣਾਈ।
ਸਿਲਸਲਾ ਏਵੇਂ ਚੱਲੀ ਜਾਂਦਾ
ਸਦੀਆਂ ਤੋਂ ਜੋ ਚਲਦੀ ਆਈ।
***– ਜਗਮੀਤ ਸਿੰਘ ਪੰਧੇਰ***
***ਫੋਨ: 98783-37222***

---

ਰੁੱਤ ਆਈ ਪੱਤਝੜ ਵੀਰਾਨਗੀ ਦੀ,
ਪੱਤੇ ਰੁੱਖਾਂ ਦੇ ਝੜ-ਝੜ ਜਾਂਵਦੇ ਨੇ।
ਪੰਖੀ ਟਾਹਣੀਆਂ 'ਤੇ ਜੋ ਚਹਿਕਦੇ ਸਨ,
ਹੁਣ ਮਿੱਠੜਾ ਗੀਤ ਨਾ ਗਾਂਵਦੇ ਨੇ।
ਉਹ ਵੇਖ ਕੇ ਫਲ-ਵਿਹੂਣਿਆਂ ਨੂੰ,
ਪਾਉਣ ਆਲ੍ਹਣੇ ਨਾ ਘਰ ਵਸਾਂਵਦੇ ਨੇ।
ਕੋਇਲ ਕੂਕੇ ਨਾ ਅੰਬਾਂ ਦੇ ਰੁੱਖ ਉੱਤੇ,
ਸੁਣਨ ਬਿਰਹੀ ਨਾ ਹੁਣ ਕੁਰਲਾਂਵਦੇ ਨੇ।
ਬਾਗ਼ ਉੱਜੜੇ ਫਲਾਂ ਦੀ ਰੁੱਤ ਲੰਘੀ,
ਰਾਖੇ ਕਰਨ ਨਾ ਰਾਖੀ ਹੁਣ ਆਂਵਦੇ ਨੇ।
ਹਰੇ-ਭਰੇ ਚੰਦਰੇ ਬਸੰਤ ਵਾਲੇ,
ਰੁੰਡ-ਮੁੰਡ ਹੋਏ ਨਾ ਅੱਖ ਨੂੰ ਭਾਂਵਦੇ ਨੇ।
ਤੱਕ ਹਾਲ ਫ਼ਕੀਰਾ ਰੁੱਖੇ ਰੁੱਖੜੇ ਦਾ,
ਪੱਤੇ ਉਹਦੇ ਹੀ ਸੰਗ ਛੱਡ ਜਾਂਵਦੇ ਨੇ।
ਕਰੇ ਕਮਾਈ, ਕੋਲ ਢੁੱਕ-ਢੁੱਕ ਬੈਠਣ,
ਬੁੱਢੇ ਵਾਰੇ ਸਭ ਛਡ ਛਡ ਜਾਂਵਦੇ ਨੇ।
'ਨਾਕਾਮ' ਘੜ ਬਹਾਨੇ ਮਜਬੂਰੀਆਂ ਦੇ,
ਬੱਚੇ ਬੁੱਢਿਆਂ ਤੋਂ, ਖਹਿੜਾ ਛੁਡਾਂਵਦੇ ਨੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਕੁਦਰਤ ਦੀ ਨਹੀਂ ਰੀਸ,
ਹਰ ਜੀਵ ਦੀ ਜੋੜੀ ਬਣਾਈ ਜੀ।
ਵਿਚਾਰ ਚਰਚਾ ਕਰਨ ਦੋਵੇਂ,
ਰੁਤ ਪਤਝੜ ਦੀ ਆਈ ਜੀ।
ਅੰਬੀਆਂ ਦੀ ਰੁੱਤ ਲੰਘ ਗਈ,
ਖਾਣ ਨੂੰ ਕੁੱਝ ਨਾ ਲੱਭੇ ਜੀ।
ਵਿਉਂਤ ਬਣਾਉਂਦੀਆਂ,
ਕਿਥੇ ਜਾਈਏ ਭੱਜੇ ਜੀ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਜੋੜਾ ਕੋਇਲਾਂ ਦਾ ਬੈਠ ਕੇ ਟਾਹਣੀ,
ਦੋਵੇਂ ਵਿਚ ਸੋਚ ਦੇ ਡੁੱਬੇ,
ਬੈਠੀ ਕਾਂਉਣੀ ਬੱਚੇ ਆਪਣੇ ਜਾਣੀ,
ਉਹ ਦੇਖ ਦੇਖ ਕੇ ਹੁੱਬੇ।
ਕਿਹੜੀ ਦੱਸ ਜੁਗਤ ਲੜਾਈਏ ਕਿ,
ਹੋ ਜਾਏ ਉਹ ਸੱਜੇ ਖੱਬੇ,
ਖਾਣਾ ਦਾਣਾ ਜਾਣੋ ਬਾਗੀਂ ਮੁੱਕਿਆ,
ਮੁੜ ਚੱਲੋ ਵਾਪਿਸ ਝੱਬੇ।
***-ਸੇਵਾ ਸਿੰਘ 'ਨੂਰਪੁਰੀ'***

******************

# ਨਿਮਰਤਾ ਦੀ ਤਾਕਤ: 'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ'

ਕੁਲਬੀਰ ਸ਼ਰਮਾ
ਫੋਨ: 84272-12104

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ' ਵਿਚ ਮਨੁੱਖੀ ਸੁਭਾਅ ਅਤੇ ਅਧਿਆਤਮਿਕਤਾ ਦਾ ਸਾਰ ਪੇਸ਼ ਕਰਦਿਆਂ ਇੱਕ ਬੇਮਿਸਾਲ ਗੱਲ ਆਖੀ ਹੈ— 'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ'। ਇਸ ਦਾ ਅਰਥ ਹੈ ਕਿ ਸੁਭਾਅ ਵਿਚ ਮਿਠਾਸ ਅਤੇ ਮਨ ਵਿਚ ਨਿਮਰਤਾ ਹੀ ਦੁਨੀਆ ਦੇ ਸਾਰੇ ਗੁਣਾਂ ਅਤੇ ਚੰਗਿਆਈਆਂ ਦਾ ਅਸਲ ਤੱਤ ਹਨ। ਅੱਜ, ਜਿੱਥੇ ਹਰ ਕੋਈ ਆਪਣੇ ਆਪ ਨੂੰ ਦੂਜਿਆਂ ਨਾਲੋਂ ਉੱਪਰ, ਸਮਝਦਾਰ ਅਤੇ ਤਾਕਤਵਰ ਦਿਖਾਉਣ ਦੀ ਦੌੜ ਵਿਚ ਲੱਗਿਆ ਹੋਇਆ ਹੈ, ਉੱਥੇ ਨਿਮਰਤਾ ਨੂੰ ਅਕਸਰ ਬੇਬਸੀ ਜਾਂ ਕਮਜ਼ੋਰੀ ਸਮਝ ਲਿਆ ਜਾਂਦਾ ਹੈ। ਪਰ ਸੱਚਾਈ ਇਹ ਹੈ ਕਿ ਨਿਮਰਤਾ ਕੋਈ ਕਮਜ਼ੋਰੀ ਨਹੀਂ, ਸਗੋਂ ਮਨੁੱਖ ਦੇ ਅੰਦਰੂਨੀ ਵਕਾਰ ਅਤੇ ਆਤਮਿਕ ਤਾਕਤ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ।

ਨਿਮਰਤਾ ਦਾ ਮਤਲਬ ਆਪਣੇ ਆਪ ਨੂੰ ਕਿਸੇ ਤੋਂ ਘੱਟ ਸਮਝਣਾ ਜਾਂ ਹੀਣ ਭਾਵਨਾ ਦਾ ਸ਼ਿਕਾਰ ਹੋਣਾ ਨਹੀਂ ਹੈ। ਇਹ ਤਾਂ ਇੱਕ ਅਜਿਹਾ ਅਹਿਸਾਸ ਹੈ ਕਿ ਅਸੀਂ ਚਾਹੇ ਜਿੰਨੇ ਵੀ ਸਫ਼ਲ, ਅਮੀਰ ਜਾਂ ਵਿਦਵਾਨ ਬਣ ਜਾਈਏ, ਅਸੀਂ ਅਜੇ ਵੀ ਸਿੱਖਣ ਦੀ ਪ੍ਰਕਿਰਿਆ ਵਿਚ ਹਾਂ। ਇੱਕ ਨਿਮਰ ਇਨਸਾਨ ਜਾਣਦਾ ਹੈ ਕਿ ਉਸ ਦੀਆਂ ਪ੍ਰਾਪਤੀਆਂ ਉਸ ਦੇ ਹੰਕਾਰ ਦਾ ਕਾਰਨ ਨਹੀਂ, ਸਗੋਂ ਉਸ ਦੀ ਸਮਾਜਿਕ ਜ਼ਿੰਮੇਵਾਰੀ ਦਾ ਹਿੱਸਾ ਹਨ। ਜਿਵੇਂ ਫਲਾਂ ਨਾਲ ਲੱਦਿਆ ਹੋਇਆ ਰੁੱਖ ਹਮੇਸ਼ਾ ਝੁਕ ਕੇ ਰਹਿੰਦਾ ਹੈ, ਉਵੇਂ ਹੀ ਗਿਆਨ ਅਤੇ ਗੁਣਾਂ ਨਾਲ ਭਰਪੂਰ ਮਨੁੱਖ ਦਾ ਸੁਭਾਅ ਵੀ ਸਹਿਜ ਹੀ ਨਿਮਰ ਹੋ ਜਾਂਦਾ ਹੈ। ਇਸ ਦੇ ਉਲਟ, ਸੁੱਕਾ ਅਤੇ ਖੋਖਲਾ ਰੁੱਖ ਆਕੜ ਕੇ ਖੜ੍ਹਾ ਰਹਿੰਦਾ ਹੈ ਅਤੇ ਤੇਜ਼ ਹਵਾ ਆਉਣ 'ਤੇ ਜੜ੍ਹੋਂ ਉੱਖੜ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ 'ਸਿੰਮਲ' ਦੇ ਰੁੱਖ ਦੀ ਉਦਾਹਰਨ ਦੇ ਕੇ ਹੰਕਾਰ ਦੇ ਖੋਖਲੇਪਨ ਨੂੰ ਬਹੁਤ ਖੂਬਸੂਰਤੀ ਨਾਲ ਬਿਆਨ ਕੀਤਾ ਹੈ। ਸਿੰਮਲ ਦਾ ਰੁੱਖ ਆਕਾਰ ਵਿਚ ਬਹੁਤ ਉੱਚਾ, ਲੰਮਾ ਅਤੇ ਮੋਟਾ ਹੁੰਦਾ ਹੈ, ਪਰ ਉਸ ਦੇ ਫਲ ਫਿੱਕੇ, ਫੁੱਲ ਬੇਸੁਆਦੇ ਅਤੇ ਪੱਤੇ ਕਿਸੇ ਕੰਮ ਨਹੀਂ ਆਉਂਦੇ। ਪੰਛੀ ਵੱਡੀ ਆਸ ਲੈ ਕੇ ਉਸ ਕੋਲ ਆਉਂਦੇ ਹਨ, ਪਰ ਨਿਰਾਸ਼ ਹੋ ਕੇ ਵਾਪਸ ਮੁੜ ਜਾਂਦੇ ਹਨ। ਹੰਕਾਰੀ ਮਨੁੱਖ ਦਾ ਹਾਲ ਵੀ ਇਸੇ ਰੁੱਖ ਵਰਗਾ ਹੁੰਦਾ




ਹੈ। ਉਹ ਬਾਹਰੋਂ ਚਾਹੇ ਜਿੰਨਾ ਮਰਜ਼ੀ ਵੱਡਾ ਅਤੇ ਪ੍ਰਭਾਵਸ਼ਾਲੀ ਦਿਖਾਈ ਦੇਵੇ, ਪਰ ਉਸ ਦੀ ਆਤਮਾ ਗੁਣਾਂ ਤੋਂ ਸੱਖਣੀ ਹੁੰਦੀ ਹੈ। ਅਜਿਹੇ ਇਨਸਾਨ ਕੋਲ ਬੈਠ ਕੇ ਕਿਸੇ ਨੂੰ ਆਤਮਿਕ ਸੁਕੂਨ ਨਹੀਂ ਮਿਲਦਾ। ਹੰਕਾਰ ਮਨੁੱਖ ਨੂੰ ਅੰਦਰੋਂ ਇਕੱਲਾ ਕਰ ਦਿੰਦਾ ਹੈ, ਜਦਕਿ ਨਿਮਰਤਾ ਦਿਲਾਂ ਨੂੰ ਜੋੜਨ ਦਾ ਕੰਮ ਕਰਦੀ ਹੈ।

ਸਾਡੇ ਰੋਜ਼ਾਨਾ ਜੀਵਨ ਵਿਚ ਅੱਧੀਆਂ ਤੋਂ ਵੱਧ ਸਮੱਸਿਆਵਾਂ ਸਿਰਫ਼ ਇਸ ਲਈ ਪੈਦਾ ਹੁੰਦੀਆਂ ਹਨ ਕਿਉਂਕਿ ਅਸੀਂ ਆਪਣੀ ਹਉਮੈ ਨੂੰ ਅੱਗੇ ਰੱਖਦੇ ਹਾਂ। ਪਰਿਵਾਰਕ ਰਿਸ਼ਤਿਆਂ ਵਿਚ ਛੋਟੀਆਂ-ਛੋਟੀਆਂ ਗੱਲਾਂ 'ਤੇ ਤਕਰਾਰ ਸਿਰਫ਼ ਇਸ ਲਈ ਵਧ ਜਾਂਦੀ ਹੈ, ਕਿਉਂਕਿ ਕੋਈ ਵੀ ਝੁਕਣਾ ਨਹੀਂ ਚਾਹੁੰਦਾ। ਜੇਕਰ ਅਸੀਂ ਗੁੱਸੇ ਦੀ ਥਾਂ 'ਤੇ ਦੋ ਮਿੱਠੇ ਬੋਲ ਬੋਲਣ ਅਤੇ ਆਪਣੀ ਭੁੱਲ ਮੰਨਣ ਦੀ ਹਿੰਮਤ ਦਿਖਾਈਏ, ਤਾਂ ਵੱਡੇ ਤੋਂ ਵੱਡੇ ਮਤਭੇਦ ਵੀ ਖ਼ਤਮ ਹੋ ਸਕਦੇ ਹਨ। ਮਿੱਠਾ ਬੋਲਣਾ ਅਤੇ ਝੁਕਣਾ ਕਿਸੇ ਦਾ ਮਾਣ ਘੱਟ ਨਹੀਂ ਕਰਦਾ, ਸਗੋਂ ਇਹ ਬੋਲਣ ਵਾਲੇ ਦੀ ਮਾਨਸਿਕ ਉੱਚਤਾ ਅਤੇ ਸੰਸਕਾਰਾਂ ਨੂੰ ਦਰਸਾਉਂਦਾ ਹੈ।

ਨਿਮਰਤਾ ਨਵੇਂ ਗਿਆਨ ਅਤੇ ਸੁਧਾਰ ਦੀ ਵੀ ਪਹਿਲੀ ਸ਼ਰਤ ਹੈ। ਜੋ ਬਰਤਨ ਪਹਿਲਾਂ ਹੀ ਭਰਿਆ ਹੋਵੇ, ਉਸ ਵਿਚ ਹੋਰ ਪਾਣੀ ਨਹੀਂ ਪਾਇਆ ਜਾ ਸਕਦਾ। ਇਸੇ ਤਰ੍ਹਾਂ ਜੋ ਮਨੁੱਖ ਆਪਣੀ ਸਮਝ ਦੇ ਹੰਕਾਰ ਨਾਲ ਭਰਿਆ ਹੁੰਦਾ ਹੈ, ਉਹ ਨਵੀਂ ਗੱਲ ਜਾਂ ਚੰਗੀ ਸਲਾਹ ਕਦੇ ਕਬੂਲ ਨਹੀਂ ਕਰ ਸਕਦਾ। ਇੱਕ ਨਿਮਰ ਵਿਅਕਤੀ ਹਮੇਸ਼ਾ ਇੱਕ ਉਤਸੁਕ ਵਿਦਿਆਰਥੀ ਵਾਂਗ ਜਿਉਂਦਾ ਹੈ। ਉਹ ਛੋਟੇ ਤੋਂ ਛੋਟੇ ਇਨਸਾਨ ਤੋਂ ਵੀ ਕੁਝ ਨਾ ਕੁਝ ਸਿੱਖਣ ਲਈ ਤਿਆਰ ਰਹਿੰਦਾ ਹੈ। ਦੁਨੀਆ ਦੇ ਮਹਾਨ ਨੇਤਾ, ਵਿਗਿਆਨੀ ਅਤੇ ਚਿੰਤਕ ਇਸੇ ਲਈ ਵੱਡੇ ਬਣ ਸਕੇ ਕਿਉਂਕਿ ਉਨ੍ਹਾਂ ਦੇ ਅੰਦਰ ਸਿੱਖਣ ਦੀ ਨਿਮਰਤਾ ਹਮੇਸ਼ਾ ਕਾਇਮ ਰਹੀ।

ਅੱਜ ਦਾ ਮਨੁੱਖ ਤਣਾਅ, ਚਿੰਤਾ ਅਤੇ ਮਾਨਸਿਕ ਅਸ਼ਾਂਤੀ ਨਾਲ ਘਿਰਿਆ ਹੋਇਆ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਅਸੀਂ ਹਰ ਵੇਲੇ ਦੂਜਿਆਂ ਨਾਲ ਆਪਣੀ ਤੁਲਨਾ ਕਰਦੇ ਹਾਂ ਅਤੇ ਆਪਣੇ ਆਪ ਨੂੰ ਦੂਜਿਆਂ ਨਾਲੋਂ ਉੱਤਮ ਸਾਬਤ ਕਰਨ ਦੀ ਕੋਸ਼ਿਸ਼ ਵਿਚ ਥੱਕ ਜਾਂਦੇ ਹਾਂ। ਜਦੋਂ ਅਸੀਂ ਨਿਮਰਤਾ ਨੂੰ ਅਪਣਾ ਲੈਂਦੇ ਹਾਂ, ਤਾਂ ਸਾਬਤ ਕਰਨ ਦੀ ਇਹ ਬੇਲੋੜੀ ਦੌੜ ਖ਼ਤਮ ਹੋ ਜਾਂਦੀ ਹੈ। ਮਨ ਨੂੰ ਇੱਕ ਅਲੌਕਿਕ ਠਹਿਰਾਅ ਅਤੇ ਠੰਢਕ ਪ੍ਰਾਪਤ ਹੁੰਦੀ ਹੈ। ਸਾਨੂੰ ਇਹ ਸੋਝੀ ਆ ਜਾਂਦੀ ਹੈ ਕਿ ਇਸ ਸੰਸਾਰ ਵਿਚ ਸਭ ਕੁਝ ਪਰਮਾਤਮਾ ਦੀ ਦੇਣ ਹੈ, ਅਤੇ ਸਾਡਾ ਆਪਣਾ ਕੋਈ ਵੱਖਰਾ ਵਜੂਦ ਨਹੀਂ।

ਨਿਮਰਤਾ ਕੋਈ ਅਜਿਹਾ ਪਹਿਰਾਵਾ ਨਹੀਂ ਹੈ ਜੋ ਅਸੀਂ ਕਦੇ-ਕਦੇ ਦਿਖਾਵੇ ਲਈ ਪਾ ਲਈਏ, ਸਗੋਂ ਇਹ ਸਾਡੀ ਜੀਵਨ ਸ਼ੈਲੀ ਅਤੇ ਸੋਚ ਦਾ ਹਿੱਸਾ ਹੋਣੀ ਚਾਹੀਦੀ ਹੈ। ਜਿਵੇਂ ਮੱਖਣ ਪ੍ਰਾਪਤ ਕਰਨ ਲਈ ਦੁੱਧ ਨੂੰ ਰਿੜਕਣਾ ਪੈਂਦਾ ਹੈ, ਉਵੇਂ ਹੀ ਜੀਵਨ ਦਾ ਅਸਲ ਸੁਆਦ ਲੈਣ ਲਈ ਮਨ ਨੂੰ ਨਿਮਰਤਾ ਦੇ ਸਾਂਚੇ ਵਿਚ ਢਾਲਣਾ ਪੈਂਦਾ ਹੈ। ਜੇਕਰ ਅਸੀਂ ਆਪਣੇ ਅੰਦਰ ਨਿਮਰਤਾ ਅਤੇ ਬੋਲਾਂ ਵਿਚ ਮਿਠਾਸ ਪੈਦਾ ਕਰ ਲਈਏ, ਤਾਂ ਸਾਡਾ ਆਪਣਾ ਜੀਵਨ ਤਾਂ ਖੂਬਸੂਰਤ ਬਣੇਗਾ ਹੀ, ਨਾਲ ਹੀ ਅਸੀਂ ਆਪਣੇ ਆਲੇ-ਦੁਆਲੇ ਵੀ ਪਿਆਰ ਅਤੇ ਸ਼ਾਂਤੀ ਦੀ ਮਹਿਕ ਬਿਖੇਰ ਸਕਾਂਗੇ।

## ਗੱਲ ਬਣੀ ਕਿ ਨਹੀਂ



-ਐਸ. ਅਸ਼ੋਕ ਭੌਰਾ

### ਫਤੂਰ

ਕਾਹਦਾ ਦੱਸ ਫਤੂਰ ਵੇ ਅੜਿਆ।
ਕਿਉਂ ਰਹਿੰਨਾ ਏਂ ਦੂਰ ਵੇ ਅੜਿਆ।
ਐਵੇਂ ਹੀ ਬਸ ਪੁੱਛ ਲਿਆ ਮੈਂ,
ਹੈ ਤਾਂ ਨਹੀਂ ਮਜਬੂਰ ਵੇ ਅੜਿਆ-

ਤੈਨੂੰ ਜੋ ਗੁਬਾਰ ਜਿਹਾ ਏ।
ਸਾਡੇ ਲਈ ਇਹ ਭਾਰ ਜਿਹਾ ਏ।
ਕਿਸੇ ਸੁਰੀਲੇ ਸਾਜ਼ ਦੇ ਵਿਚੋਂ,
ਟੁੱਟੀ ਹੋਈ ਤਾਰ ਜਿਹਾ ਏ।
ਕਿਸ ਨਸ਼ੇ ਵਿੱਚ ਰਹਿਨੈ ਦੱਸੀਂ,
ਅੱਜ-ਕੱਲ੍ਹ ਏਨਾ ਚੂਰ ਵੇ ਅੜਿਆ-
ਕਾਹਦਾ ਦੱਸ...

ਕੋਲ ਤੇਰੇ ਕੋਈ ਹੀਲਾ ਨਹੀਂ ਸੀ?
ਮਿਲਣੇ ਦਾ ਵਸੀਲਾ ਨਹੀਂ ਸੀ?
ਹਾਲੇ ਤੱਕ ਤਾਂ ਵੱਜਿਆ ਤੇਰੇ,
ਝੂਠ-ਠੱਗੀ ਦਾ ਤੀਲਾ ਨਹੀਂ ਸੀ।
ਤੂੰ ਕਿਸੇ ਦੀ ਚੁੱਕ 'ਚ ਆਇਆਂ,
ਜਾਂ ਕਿਸੇ ਦੀ ਘੂਰ ਵੇ ਅੜਿਆ?-
ਕਾਹਦਾ ਦੱਸ...

ਸੱਚੀਂ! ਲਗਦਾ ਢੋਲ ਜਿਹਾ ਏਂ।
ਵਿਚੋਂ ਖਾਲੀ ਪੋਲ ਜਿਹਾ ਏਂ।
ਅੰਦਰੋਂ ਛੁਰੀ ਨੁਕੀਲੀ ਵਰਗਾ,
ਬਾਹਰੋਂ ਹੀ ਬਸ ਗੋਲ ਜਿਹਾ ਏਂ।
ਕਿਉਂ ਨਹੀਂ 'ਭੌਰੇ' ਚਿਹਰੇ ਉੱਤੇ,
ਪਹਿਲਾਂ ਜਿਹਾ ਹੁਣ ਨੂਰ ਵੇ ਅੜਿਆ-
ਕਾਹਦਾ ਦਸ ਫਤੂਰ ਵੇ ਅੜਿਆ...।

# ਪ੍ਰਾਈਵੇਟ ਯੂਨੀਵਰਸਿਟੀਆਂ: ਸਿੱਖਿਆ ਦਾ ਵਪਾਰ, ਸੁਰੱਖਿਆ ਦੇ ਖੋਖਲੇ ਦਾਅਵੇ

ਭਾਰਤ ਦੀ ਸੁਪਰੀਮ ਕੋਰਟ ਨੇ ਹਾਲ ਹੀ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਅਹਿਮ ਹਦਾਇਤਾਂ ਦਿੰਦਿਆਂ ਇਹ ਸਪੱਸ਼ਟ ਕੀਤਾ ਹੈ ਕਿ ਦੇਸ਼ ਵਿਚ ਪ੍ਰਾਈਵੇਟ ਯੂਨੀਵਰਸਿਟੀਆਂ ਲਾਭ ਕਮਾਉਣ ਵਾਲੀਆਂ ਸੰਸਥਾਵਾਂ (ਪ੍ਰੋਫਿਟ ਮੇਕਿੰਗ ਬਾਡੀਜ਼) ਵਜੋਂ ਕੰਮ ਨਹੀਂ ਕਰ ਸਕਦੀਆਂ। ਅਦਾਲਤ ਨੇ ਤਾਕੀਦ ਕੀਤੀ ਹੈ ਕਿ ਇਨ੍ਹਾਂ ਸੰਸਥਾਵਾਂ ਨੂੰ ਸਿਰਫ਼ ਅਤੇ ਸਿਰਫ਼ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਅਤੇ ਲੋਕ ਸੇਵਾ ਲਈ ਹੀ ਕੰਮ ਕਰਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ।

ਦੋ ਜੱਜਾਂ ਦੇ ਬੈਂਚ ਨੇ ਇਹ ਵੀ ਅਹਿਮ ਟਿੱਪਣੀ ਕੀਤੀ ਹੈ ਕਿ ਇਨ੍ਹਾਂ ਯੂਨੀਵਰਸਿਟੀਆਂ ਦੇ ਬੋਰਡ ਆਫ਼ ਡਾਇਰੈਕਟਰਾਂ ਨੂੰ ਮੋਟੀਆਂ ਤਨਖਾਹਾਂ ਜਾਂ ਲਾਭ ਅੰਸ਼ ਨਹੀਂ ਦਿੱਤੇ ਜਾ ਸਕਦੇ ਅਤੇ ਨਾ ਹੀ ਫੰਡਾਂ ਦੀ ਕੋਈ ਹੇਰ-ਫੇਰ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਦੇਸ਼ ਭਰ ਦੀਆਂ ਸਰਕਾਰਾਂ ਨੂੰ ਹਦਾਇਤ ਦਿੱਤੀ ਹੈ ਕਿ ਉਹ ਇਨ੍ਹਾਂ



ਗੁਰਮੀਤ ਸਿੰਘ ਪਲਾਹੀ

ਯੂਨੀਵਰਸਿਟੀਆਂ ਦੇ ਪਿਛਲੇ ਪੰਜ ਸਾਲਾਂ ਦੇ ਵਿੱਤੀ ਆਡਿਟ, ਫੀਸ ਢਾਂਚੇ ਅਤੇ ਸਰਕਾਰ ਤੋਂ ਮਿਲੀਆਂ ਰਿਆਇਤਾਂ ਦਾ ਪੂਰਾ ਹਿਸਾਬ ਲੈ ਕੇ ਅਦਾਲਤ ਸਾਹਮਣੇ ਪੇਸ਼ ਕਰਨ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸੱਚਮੁੱਚ ਪ੍ਰਾਈਵੇਟ ਖੇਤਰ ਦੀਆਂ ਯੂਨੀਵਰਸਿਟੀਆਂ ਵਿਦਿਆਰਥੀਆਂ ਨੂੰ ਚੰਗੀ ਪੜ੍ਹਾਈ ਅਤੇ ਉੱਚੀ ਸਿੱਖਿਆ ਦੇਣ ਦੇ ਨਾਂ 'ਤੇ ਸੇਵਾ ਕਾਰਜ ਕਰ ਰਹੀਆਂ ਹਨ? ਘੱਟੋ-ਘੱਟ ਪੰਜਾਬ ਵਿਚ ਖੁੱਲ੍ਹੀਆਂ ਇਹੋ ਜਿਹੀਆਂ ਯੂਨੀਵਰਸਿਟੀਆਂ ਦੀ ਕਾਰਗੁਜ਼ਾਰੀ ਉੱਤੇ ਤਾਂ ਅੱਜ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ।

ਜਿਸ ਢੰਗ ਨਾਲ ਇਨ੍ਹਾਂ ਅਦਾਰਿਆਂ ਵੱਲੋਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਤੋਂ ਮੋਟੀਆਂ ਫੀਸਾਂ ਉਗਰਾਹੀਆਂ ਜਾਂਦੀਆਂ ਹਨ, ਉਹ ਸਿੱਖਿਆ ਦੇ ਵਪਾਰੀਕਰਨ ਦੀ ਪ੍ਰਤੱਖ ਮਿਸਾਲ ਹੈ। ਵਿਦਿਆਰਥੀਆਂ ਨੂੰ ਆਧੁਨਿਕ ਸਹੂਲਤਾਂ ਦੇਣ ਦੇ ਨਾਂ ਹੇਠ ਹੋਸਟਲਾਂ ਦੀਆਂ ਬੇਤਹਾਸ਼ਾ ਫੀਸਾਂ ਬਣਾ ਲਈਆਂ ਜਾਂਦੀਆਂ ਹਨ। ਦਾਖ਼ਲਾ ਫੀਸਾਂ ਤੋਂ ਇਲਾਵਾ ਡਿਵੈਲਪਮੈਂਟ ਫੰਡ, ਸਭਿਆਚਾਰਕ ਸਮਾਗਮਾਂ ਅਤੇ ਹੋਰ ਬਹਾਨਿਆਂ ਹੇਠ ਵਾਧੂ ਪੈਸੇ ਬਟੋਰੇ ਜਾਂਦੇ ਹਨ। ਇੱਥੋਂ ਤੱਕ ਕਿ ਕੈਂਪਸਾਂ ਦੇ ਅੰਦਰ ਵੱਡੇ-ਵੱਡੇ ਸ਼ਾਪਿੰਗ ਮਾਲ, ਵਪਾਰਕ ਸ਼ੋਅਰੂਮ ਅਤੇ ਫੂਡ ਕੋਰਟ ਖੋਲ੍ਹ ਦਿੱਤੇ ਗਏ ਹਨ, ਜਿੱਥੋਂ ਵਿਦਿਆਰਥੀਆਂ ਦੀਆਂ ਜੇਬਾਂ ਖਾਲੀ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਸਭ ਗੱਲਾਂ ਤੋਂ ਕਿਧਰੇ ਵੀ ਇਹ ਮਹਿਸੂਸ ਨਹੀਂ ਹੁੰਦਾ ਕਿ ਇਨ੍ਹਾਂ ਯੂਨੀਵਰਸਿਟੀਆਂ ਦਾ ਮੰਤਵ ਕੇਵਲ ਵਿੱਦਿਆ ਦਾ ਦਾਨ ਦੇਣਾ ਹੈ, ਬਲਕਿ ਇਹ ਮੋਟਾ ਮੁਨਾਫ਼ਾ ਕਮਾਉਣ ਦੇ ਵੱਡੇ ਅੱਡੇ ਬਣ ਚੁੱਕੀਆਂ ਹਨ।

ਇਨ੍ਹਾਂ ਹੀ ਦਿਨਾਂ ਵਿਚ ਪੰਜਾਬ ਦੀਆਂ ਦੋ ਪ੍ਰਮੁੱਖ ਪ੍ਰਾਈਵੇਟ ਯੂਨੀਵਰਸਿਟੀਆਂ- ਚਿਤਕਾਰਾ ਅਤੇ ਐੱਲ.ਪੀ.ਯੂ. ਵਿਚ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਅੰਦਰੂਨੀ ਮਾਹੌਲ ਸਬੰਧੀ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਨੇ ਇਨ੍ਹਾਂ ਦੇ ਪ੍ਰਬੰਧਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਯੂਨੀਵਰਸਿਟੀਆਂ ਕੋਲ ਆਪਣਾ ਵਿਸ਼ਾਲ ਸੁਰੱਖਿਆ ਪ੍ਰਬੰਧ ਹੁੰਦਾ ਹੈ, ਨਿੱਜੀ ਬਾਊਂਸਰ ਅਤੇ ਸੁਰੱਖਿਆ ਗਾਰਡ ਤਾਇਨਾਤ ਹੁੰਦੇ ਹਨ। ਪਰ ਇਸ ਦੇ ਬਾਵਜੂਦ ਕੈਂਪਸ ਦੇ ਅੰਦਰ ਅਜਿਹੀਆਂ ਗੰਭੀਰ ਘਟਨਾਵਾਂ ਦਾ ਵਾਪਰ ਜਾਣਾ ਜਾਂ ਆਤਮ ਹੱਤਿਆ ਜਾਂ ਜਬਰ ਜਨਾਹ ਦੀਆਂ ਅਫ਼ਵਾਹਾਂ ਦਾ ਫ਼ੈਸਲਾ ਇਨ੍ਹਾਂ ਦੇ ਦਾਅਵਿਆਂ ਨੂੰ ਕੱਚੇ-ਚਿੱਠੇ ਵਾਂਗ ਨੰਗਾ ਕਰਦਾ ਹੈ। ਜਦੋਂ ਕੈਂਪਸ ਅੰਦਰ ਵਿਦਿਆਰਥੀਆਂ ਦੀ ਸੁਰੱਖਿਆ ਹੀ ਖ਼ਤਰੇ ਵਿਚ ਪੈ ਜਾਵੇ, ਤਾਂ ਲੱਖਾਂ ਰੁਪਏ ਦੀਆਂ ਫੀਸਾਂ ਅਤੇ ਵੱਡੇ-ਵੱਡੇ ਦਾਅਵਿਆਂ ਦਾ ਕੀ ਅਰਥ ਰਹਿ ਜਾਂਦਾ ਹੈ?

ਇਨ੍ਹਾਂ ਯੂਨੀਵਰਸਿਟੀਆਂ ਵਿਚ ਪੜ੍ਹਾ ਰਹੇ ਅਧਿਆਪਕਾਂ, ਖੋਜਾਰਥੀਆਂ ਅਤੇ ਹੋਰ ਮੁਲਾਜ਼ਮਾਂ ਲਈ ਵੀ ਮਾਹੌਲ ਬਹੁਤ ਸੁਖਾਵਾਂ ਨਹੀਂ ਹੈ। ਉਨ੍ਹਾਂ ਨੂੰ ਦਿੱਤੀਆਂ ਜਾਂਦੀਆਂ ਤਨਖਾਹਾਂ ਅਤੇ ਸਰਵਿਸ ਸ਼ਰਤਾਂ ਅਕਸਰ ਸ਼ੋਸ਼ਣਕਾਰੀ ਹੁੰਦੀਆਂ ਹਨ। ਯੂਜੀਸੀ ਦੇ ਨਿਯਮਾਂ ਅਨੁਸਾਰ ਪੂਰੀਆਂ ਤਨਖਾਹਾਂ ਦੇਣ ਦੇ ਕਾਗਜ਼ੀ ਦਾਅਵੇ ਤਾਂ ਕੀਤੇ ਜਾਂਦੇ ਹਨ, ਪਰ ਅਸਲ ਵਿਚ ਅਧਿਆਪਕਾਂ ਤੋਂ ਜ਼ਿਆਦਾ ਕੰਮ ਲੈ ਕੇ ਘੱਟ ਮਿਹਨਤਾਨਾ ਦਿੱਤਾ ਜਾਂਦਾ ਹੈ। ਉੱਚ ਪ੍ਰਬੰਧਕਾਂ ਅਤੇ ਬੌਸਾਂ ਦਾ ਰਵੱਈਆ ਮੁਲਾਜ਼ਮਾਂ ਅਤੇ ਵਿਦਿਆਰਥੀਆਂ ਨਾਲ ਕਿਹੋ ਜਿਹਾ ਹੁੰਦਾ ਹੈ, ਇਹ ਕਿਸੇ ਤੋਂ ਛੁਪਿਆ ਨਹੀਂ ਹੈ। ਵਿਦਿਆਰਥੀਆਂ ਨੂੰ ਲੁਭਾਉਣ ਲਈ ਨਵੇਂ-ਨਵੇਂ ਲਾਹੇਵੰਦ ਲੱਗਣ ਵਾਲੇ ਕੋਰਸ ਸ਼ੁਰੂ ਕੀਤੇ ਜਾਂਦੇ ਹਨ, ਚਾਹੇ ਉਨ੍ਹਾਂ ਦੀ ਭਵਿੱਖ ਵਿਚ ਕੋਈ ਵਿਹਾਰਕ ਲੋੜ ਜਾਂ ਰੋਜ਼ਗਾਰ ਦੀ ਗਾਰੰਟੀ ਹੋਵੇ ਜਾਂ ਨਾ, ਪਰ ਇਹ ਪੈਸੇ ਬਣਾਉਣ ਦਾ ਨਵਾਂ ਸਾਧਨ ਜ਼ਰੂਰ ਬਣ ਜਾਂਦੇ ਹਨ। ਵਿਸਥਾਰ ਦੇ ਨਾਂ 'ਤੇ ਕਰੋੜਾਂ ਰੁਪਏ ਦੀਆਂ ਜ਼ਮੀਨਾਂ ਖਰੀਦੀਆਂ ਜਾਂਦੀਆਂ ਹਨ, ਵਪਾਰਕ ਗਤੀਵਿਧੀਆਂ ਵਧਾਈਆਂ ਜਾਂਦੀਆਂ ਹਨ ਅਤੇ ਵਿਦਿਆਰਥੀਆਂ ਨੂੰ ਧੜਾਧੜ ਡਿਗਰੀਆਂ ਵੰਡੀਆਂ ਜਾਂਦੀਆਂ ਹਨ। ਕੀ ਇਹੋ ਜਿਹੀਆਂ ਡਿਗਰੀਆਂ ਵਿਦਿਆਰਥੀਆ 'ਚ ਅਸੰਤੋਸ਼ ਪੈਦਾ ਕਰਨ ਦਾ ਸਾਧਨ ਨਹੀਂ ਬਣਦੀਆਂ?

ਇਨ੍ਹਾਂ ਪ੍ਰਾਈਵੇਟ ਅਦਾਰਿਆਂ ਵਿਚ ਨਵੇਂ ਕੋਰਸ ਖੋਲ੍ਹਣ ਲਈ ਮਾਨਤਾ ਦੇਣ ਵਾਲੀਆਂ ਕੇਂਦਰੀ ਤੇ ਰਾਜ ਪੱਧਰੀ ਏਜੰਸੀਆਂ ਅਤੇ ਇੰਸਪੈਕਟਰਾਂ ਦੀ ਮਹਿਮਾਨ-ਨਿਵਾਜ਼ੀ ਅਤੇ 'ਸੇਵਾ' ਕਰਨ ਦੀਆਂ ਖ਼ਬਰਾਂ ਵੀ ਅਕਸਰ ਚਰਚਾ ਵਿਚ ਰਹਿੰਦੀਆਂ ਹਨ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਹੋਰ ਸੂਬਿਆਂ ਵਿਚ ਫਾਰਮੇਸੀ, ਨਰਸਿੰਗ, ਮੈਡੀਕਲ, ਇੰਜੀਨੀਅਰਿੰਗ ਅਤੇ ਲਾਅ ਵਰਗੇ ਕੋਰਸਾਂ ਦੀ ਮਾਨਤਾ ਲਈ ਜੋ 'ਅੰਡਰ ਦ ਟੇਬਲ' ਖੇਡਾਂ ਖੇਡੀਆਂ ਜਾਂਦੀਆਂ ਹਨ। ਕੋਰਸ ਦਾ ਬੁਨਿਆਦੀ ਢਾਂਚਾ ਪੂਰਾ ਨਹੀਂ ਹੁੰਦਾ। ਕਈ ਹਾਲਤਾਂ 'ਚ ਇੰਸਪੈਕਸ਼ਨ ਵੇਲੇ ਸਮਾਨ ਮੰਗਵਾ ਲਿਆ ਜਾਂਦਾ ਹੈ। ਇਥੋਂ ਤੱਕ ਕਿ ਮਿਆਰੀ ਟੀਚਰ ਵੀ ਪੂਰੇ ਨਹੀਂ ਹੁੰਦੇ ਪਰ ਪੈਸੇ ਦੇ ਜ਼ੋਰ ਨਾਲ ਕੋਰਸ ਨੂੰ ਮਾਨਤਾ ਦੇ ਦਿੱਤੀ ਜਾਂਦੀ ਹੈ। ਉਨ੍ਹਾਂ ਦਾ ਖਮਿਆਜ਼ਾ ਅੰਤ ਵਿਚ ਵਿਦਿਆਰਥੀਆਂ ਨੂੰ ਵੱਡੀਆਂ ਫ਼ੀਸਾਂ ਦੇ ਰੂਪ ਵਿਚ ਭਰਨਾ ਪੈਂਦਾ ਹੈ। ਨਿਯਮਾਂ ਦੀਆਂ ਧੱਜੀਆਂ ਉਡਾ ਕੇ ਮਾਨਤਾਵਾਂ ਹਾਸਲ




ਕੀਤੀਆਂ ਜਾਂਦੀਆਂ ਹਨ ਅਤੇ ਬਾਅਦ ਵਿਚ ਜਦੋਂ ਜਾਂਚ ਹੁੰਦੀ ਹੈ ਤਾਂ ਬੱਚਿਆਂ ਦਾ ਭਵਿੱਖ ਦਾਅ 'ਤੇ ਲੱਗ ਜਾਂਦਾ ਹੈ। ਨਰਸਿੰਗ ਵਰਗੀਆਂ ਪ੍ਰੋਫੈਸ਼ਨਲ ਡਿਗਰੀਆਂ ਆਨਲਾਈਨ ਕਰਾਉਣ ਦੀਆਂ ਖ਼ਬਰਾਂ ਨੇ ਤਾਂ ਮਾਪਿਆਂ ਦਾ ਤ੍ਰਾਹ ਹੀ ਕੱਢ ਦਿੱਤਾ ਹੈ।

ਇਹ ਇਲਜ਼ਾਮ ਹੈ ਕਿ ਨਾਕਸ ਅੰਦਰੂਨੀ ਪ੍ਰਬੰਧਾਂ ਕਾਰਨ ਜਦੋਂ ਯੂਨੀਵਰਸਿਟੀਆਂ ਵਿਚ ਖੁਦਕੁਸ਼ੀਆਂ, ਹਿੰਸਾ ਜਾਂ ਹੋਰ ਅਣਸੁਖਾਵੀਆਂ ਘਟਨਾਵਾਂ ਵਾਪਰਦੀਆਂ ਹਨ, ਤਾਂ ਸਥਾਨਕ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਨੂੰ ਸਮੇਂ ਸਿਰ ਸੂਚਿਤ ਕਰਨ ਦੀ ਬਜਾਏ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਯੂਨੀਵਰਸਿਟੀਆਂ ਦੀ ਆਪਣੀ 'ਸਾਖ' ਬਚਾਉਣ ਲਈ ਘਟਨਾ ਸਥਾਨ ਤੋਂ ਤੱਥਾਂ ਨੂੰ ਛੁਪਾਉਣ ਦੇ ਦੋਸ਼ ਵੀ ਲੱਗਦੇ ਰਹੇ ਹਨ। ਵਿਦਿਆਰਥੀਆਂ ਤੋਂ ਲੱਖਾਂ ਰੁਪਏ ਵਸੂਲਣ ਦੇ ਬਾਵਜੂਦ, ਕੈਂਪਸ ਦੇ ਅੰਦਰ ਉੱਚ ਦਰਜੇ ਦੀਆਂ ਮੁਕੰਮਲ ਡਾਕਟਰੀ ਅਤੇ ਐਮਰਜੈਂਸੀ ਸਹੂਲਤਾਂ ਦੀ ਭਾਰੀ ਘਾਟ ਹੁੰਦੀ ਹੈ। ਐਮਰਜੈਂਸੀ ਹਾਲਤ ਵਿਚ ਵਿਦਿਆਰਥੀਆਂ ਨੂੰ ਬਾਹਰੀ ਹਸਪਤਾਲਾਂ ਵੱਲ ਭੱਜਣਾ ਪੈਂਦਾ ਹੈ, ਜਦਕਿ ਬੈਂਕਾਂ, ਏ.ਟੀ.ਐਮ. ਅਤੇ ਸ਼ੌਪਿੰਗ ਆਉਟਲੈਟਾਂ ਵਰਗੇ ਵਪਾਰਕ ਅਦਾਰੇ ਅੰਦਰ ਪੂਰੀ ਸ਼ਾਨੋ-ਸ਼ੌਕਤ ਨਾਲ ਚੱਲਦੇ ਹਨ।

ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਯੂਨੀਵਰਸਿਟੀਆਂ ਦੇ ਕਨਵੋਕੇਸ਼ਨ ਜਾਂ ਸਾਲਾਨਾ ਸਮਾਗਮਾਂ ਵਿਚ ਦੇਸ਼ ਦੇ ਵੱਡੇ-ਵੱਡੇ ਨੇਤਾ, ਮੰਤਰੀ, ਇੱਥੋਂ ਤੱਕ ਕਿ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਤੱਕ ਸ਼ਿਰਕਤ ਕਰਦੇ ਹਨ। ਅਜਿਹੇ ਵੀਆਈਪੀ ਸਮਾਗਮਾਂ ਰਾਹੀਂ ਇਹ ਯੂਨੀਵਰਸਿਟੀਆਂ ਸਮਾਜ ਅਤੇ ਪ੍ਰਸ਼ਾਸਨ ਵਿਚ ਆਪਣੀ ਧਾਕ ਜਮਾਉਂਦੀਆਂ ਹਨ। ਇਨ੍ਹਾਂ ਅਦਾਰਿਆਂ ਦੇ ਮਾਲਕ ਜਾਂ ਤਾਂ ਖ਼ੁਦ ਵੱਡੀਆਂ ਸਿਆਸੀ ਪਾਰਟੀਆਂ ਦੇ ਰਸੂਖਦਾਰ ਨੇਤਾ ਹਨ ਜਾਂ ਫਿਰ ਸਿਆਸੀ ਗਲਿਆਰਿਆਂ ਵਿਚ ਡੂੰਘੀ ਪਹੁੰਚ ਰੱਖਦੇ ਹਨ। ਅਜਿਹੇ ਵਿਚ ਇਹ ਸਵਾਲ ਉੱਠਣਾ ਕੁਦਰਤੀ ਹੈ ਕਿ ਕੀ ਪ੍ਰਾਈਵੇਟ ਯੂਨੀਵਰਸਿਟੀਆਂ ਹੁਣ ਸਿੱਖਿਆ ਦੇ ਮੰਦਰ ਦੀ ਬਜਾਏ ਸਿਆਸੀ ਅਤੇ ਵਪਾਰਕ ਲੋਕਾਂ ਦਾ ਅੱਡਾ ਬਣ ਕੇ ਰਹਿ ਗਈਆਂ ਹਨ? ਕੀ ਇਹ ਡਿਗਰੀਆਂ ਵੇਚਣ ਅਤੇ ਮਾਪਿਆਂ ਦੀ ਉਮਰ ਭਰ ਦੀ ਕਮਾਈ ਹਥਿਆਉਣ ਦਾ ਇੱਕ ਸੁੱਚਜਾ ਨੈੱਟਵਰਕ ਬਣ ਚੁੱਕਾ ਹੈ? ਵੇਖਣਾ ਤਾਂ ਇਹ ਵੀ ਹੋਵੇਗਾ ਕਿ ਇਹ ਪ੍ਰਾਈਵੇਟ ਯੂਨੀਵਰਸਿਟੀਆਂ ਕਿੰਨੀਆ ਨਵੀਆਂ ਖੋਜਾਂ ਕਰ ਰਹੀਆਂ ਹਨ? ਕਿੰਨੇ ਸਾਇੰਸਦਾਨ ਪੈਦਾ ਕਰ ਰਹੀਆਂ ਹਨ? ਉਂਜ ਹੈਰਾਨੀ ਨਹੀਂ ਹੁੰਦੀ ਕਿ ਹਜ਼ਾਰਾਂ ਪੀ.ਐਚ.ਡੀ. ਕਰਨ ਵਾਲੇ ਵਿਦਿਆਰਥੀ ਇਨ੍ਹਾਂ ਯੂਨੀਵਰਸਿਟੀਆਂ ਦੀ ਉਪਜ ਹਨ, ਜਿਨ੍ਹਾਂ ਨੂੰ ਕਦੇ ਵੀ ਅਕਾਦਮਿਕ ਖੇਤਰ ਵਿਚ ਮਿਆਰੀ ਨਹੀਂ ਗਿਣਿਆ ਜਾਂਦਾ।

ਸਿੱਖਿਆ ਕਿਸੇ ਵੀ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਜੇਕਰ ਸਿੱਖਿਆ ਹੀ ਵਪਾਰ ਬਣ ਜਾਵੇਗੀ ਤਾਂ ਗਰੀਬ ਅਤੇ ਮੱਧਮ ਵਰਗ ਦੇ ਹੁਸ਼ਿਆਰ ਬੱਚੇ ਉੱਚ ਸਿੱਖਿਆ ਤੋਂ ਵਾਂਝੇ ਰਹਿ ਜਾਣਗੇ। ਪ੍ਰਾਈਵੇਟ ਯੂਨੀਵਰਸਿਟੀਆਂ ਵੱਲੋਂ ਅੰਨ੍ਹੇਵਾਹ ਵਧਾਈਆਂ ਜਾ ਰਹੀਆਂ ਫੀਸਾਂ ਨੇ ਆਮ ਪਰਿਵਾਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਮਾਪੇ ਆਪਣੇ ਬੱਚਿਆਂ ਦੇ ਸੁਪਨੇ ਪੂਰੇ ਕਰਨ ਲਈ ਕਰਜ਼ੇ ਚੁੱਕ ਰਹੇ ਹਨ, ਜ਼ਮੀਨਾਂ ਗਹਿਣੇ ਧਰ ਰਹੇ ਹਨ, ਪਰ ਬਦਲੇ ਵਿਚ ਮਿਲਦੀਆਂ ਡਿਗਰੀਆਂ ਤੋਂ ਬਾਅਦ ਵੀ ਬੱਚਿਆਂ ਨੂੰ ਢੁਕਵਾਂ ਰੋਜ਼ਗਾਰ ਨਹੀਂ ਮਿਲਦਾ। ਇਸ ਦੇ ਨਾਲ ਹੀ ਕੈਂਪਸਾਂ ਦੇ ਅੰਦਰ ਵਧ ਰਿਹਾ ਮਾਨਸਿਕ ਤਣਾਅ ਅਤੇ ਸੁਰੱਖਿਆ ਦੀ ਘਾਟ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਸੁਪਰੀਮ ਕੋਰਟ ਦਾ ਇਹ ਤਾਜ਼ਾ ਰੁੱਖ ਕੇਂਦਰ ਅਤੇ ਰਾਜ ਸਰਕਾਰਾਂ ਲਈ ਇੱਕ ਵੱਡੀ ਚੇਤਾਵਨੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਮਨਮਾਨੀ ਉੱਤੇ ਠੱਲ੍ਹ ਪਾਉਣ ਲਈ ਇੱਕ ਮਜ਼ਬੂਤ ਰੈਗੂਲੇਟਰੀ ਅਥਾਰਟੀ ਦਾ ਗਠਨ ਕਰਨ। ਫੀਸਾਂ ਦਾ ਢਾਂਚਾ ਪਾਰਦਰਸ਼ੀ ਅਤੇ ਸੀਮਤ ਕੀਤਾ ਜਾਵੇ, ਅਧਿਆਪਕਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਸਖ਼ਤ ਨਿਯਮ ਬਣਾਏ ਜਾਣ, ਅਤੇ ਕੈਂਪਸਾਂ ਦੇ ਅੰਦਰ ਵਿਦਿਆਰਥੀਆਂ ਦੀ ਸੁਰੱਖਿਆ ਤੇ ਵਿੱਦਿਆ ਦੇ ਮਿਆਰ ਨੂੰ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ, ਸਰਕਾਰੀ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਬਜਟ ਵਿਚ ਵਾਧਾ ਕੀਤਾ ਜਾਵੇ। ਆਮ ਲੋਕਾਂ ਨੂੰ ਪ੍ਰਾਈਵੇਟ ਅਦਾਰਿਆਂ ਦੀ ਲੁੱਟ ਦਾ ਸ਼ਿਕਾਰ ਨਾ ਹੋਣਾ ਪਵੇ। ਜੇਕਰ ਹੁਣ ਵੀ ਲਗਾਮ ਨਾ ਕੱਸੀ ਗਈ ਤਾਂ ਸਿੱਖਿਆ ਦਾ ਇਹ ਵਪਾਰੀਕਰਨ ਆਮ ਲੋਕਾਂ ਦੀਆਂ ਜੇਬਾਂ ਨੂੰ ਰੋਲਦਾ ਰਹੇਗਾ ਅਤੇ ਸਾਡੀ ਨੌਜਵਾਨ ਪੀੜ੍ਹੀ ਦੇ ਭਵਿੱਖ ਨਾਲ ਖਿਲਵਾੜ ਹੁੰਦਾ ਰਹੇਗਾ।

# ਡਾ. ਓਅੰਕਾਰ ਸਿੰਘ ਦਾ ਗੁਰਮਤਿ ਗਾਡੀ ਰਾਹ ਤੇ ਅਕਾਦਮਿਕ ਸਫ਼ਰ

ਸਿਆਣੇ ਕਹਿੰਦੇ ਮਨੁੱਖ ਦੀ ਸਭ ਤੋਂ ਸੁੰਦਰ ਤਸਵੀਰ ਮਾਂ ਬਣਾਉਂਦੀ ਹੈ। ਸੋਹਣੇ ਚਿੱਤਰਕਾਰ ਵਾਂਗ ਉਹ ਜੀਵਨ ਦੇ ਹਰ ਨੈਣ ਨਕਸ਼ ਨੂੰ ਘੜਦੀ ਸੰਵਾਰਦੀ ਅਤੇ ਨਿਖਾਰਦੀ ਹੈ। ਡਾ. ਓਅੰਕਾਰ ਸਿੰਘ ਦੇ ਜੀਵਨ ਨੂੰ ਵੀ ਉਨ੍ਹਾਂ ਦੀ ਮਾਂ ਨੇ ਗੁਰਮਤਿ ਦੀਆਂ ਲੋਰੀਆਂ ਦੇ ਦੇ ਕੇ ਪਾਲਿਆ। ਬਚਪਨ ਤੋਂ ਹੀ ਬਾਣੀ ਕੰਠ ਕਰਾ-ਕਰਾ ਕੇ ਕਲਗੀਧਰ ਚਮਤਕਾਰ ਵਿਚੋਂ ਸਾਖੀਆਂ ਸੁਣਾ-ਸੁਣਾ ਕੇ ਵੱਡਿਆਂ ਕੀਤਾ।

ਆਪਣੇ ਨਜ਼ਦੀਕ ਰਹਿਣ ਕਰਕੇ ਮੈਨੂੰ ਉਨ੍ਹਾਂ ਦੇ ਅਕਾਦਮਿਕ ਸਫ਼ਰ ਦੀ ਕਹਾਣੀ ਬੜੀ ਦਿਲਚਸਪ ਲੱਗਦੀ ਹੈ।



ਆਪਣੇ ਬੀਜੀ ਦੇ ਕਹਿਣ 'ਤੇ ਜੋ ਇੱਕ ਅਧਿਆਪਕਾ ਅਤੇ ਗੁਰਬਾਣੀ ਨਾਲ ਜੁੜੀ ਹੋਈ ਗੁਰੂ ਵਰੋਸਾਈ ਰੂਹ ਸੀ, ਉਹ

**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਸੇਵਾਮੁਕਤ)**

ਸਰਕਾਰੀ ਨੌਕਰੀ ਛੱਡ ਕੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦਾਖ਼ਲ ਹੋ ਗਏ। ਉਨ੍ਹਾਂ ਦੇ ਅਕਾਦਮਿਕ ਸਫ਼ਰ ਦਾ ਇਹ ਪਹਿਲਾ ਪੜਾਅ ਹੈ।

ਇਥੇ ਓਅੰਕਾਰ ਸਿੰਘ ਜੀ ਦਾ ਵਾਹ ਪ੍ਰਿੰਸੀਪਲ ਹਰਭਜਨ ਸਿੰਘ ਨਾਲ ਪਿਆ ਜੋ ਸਿੱਖ ਧਰਮ-ਚਿੰਤਨ ਦੇ ਸਥਾਪਤ ਵਿਦਵਾਨ ਸਨ ਅਤੇ ਗੁਰਮਤਿ ਫ਼ਲਸਫ਼ੇ ਦਾ ਗੂੜ੍ਹ ਗਿਆਨ ਰੱਖਦੇ ਸਨ। ਇਸ ਕੋਰਸ ਦੌਰਾਨ ਉਨ੍ਹਾਂ ਨੇ ਗਿਆਨੀ ਦੀ ਕਲਾਸ ਵੀ ਪਾਸ ਕਰ ਲਈ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ 2 ਸਾਲਾਂ ਦੀ ਪੜ੍ਹਾਈ ਨੇ ਉਨ੍ਹਾਂ ਦੇ ਅਕਾਦਮਿਕ ਸਫ਼ਰ ਵਿਚ ਪਹਿਲਾ ਮੀਲ ਪੱਥਰ ਗੱਡਿਆ। ਗੁਰਮਤਿ ਦੇ ਚਾਨਣ ਵਾਲੀ ਲਾਟ ਨੂੰ ਬਲਣ ਲਈ ਹੋਰ ਤੇਲ ਪੈ ਗਿਆ। ਜਿਸ ਨੇ ਅੱਗੇ ਚੱਲ ਕੇ ਉਨ੍ਹਾਂ ਦੇ ਅੰਦਰ ਨੂੰ ਰੌਸ਼ਨ ਕਰਨ ਵਿਚ ਬਹੁਤ ਅਹਿਮ ਯੋਗਦਾਨ ਪਾਇਆ।

ਉਨ੍ਹਾਂ ਦੇ ਜੀਵਨ ਦਾ ਦੂਸਰਾ ਅਹਿਮ ਪੜਾ ਸਿੱਖ ਸਮਾਜ ਦੀ ਜਾਣੀ-ਪਛਾਣੀ ਹਸਤੀ ਪਿੰਗਲਵਾੜੇ ਵਾਲੇ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦਾ ਮਿਲਾਪ ਸੀ। ਅੰਮ੍ਰਿਤਸਰ ਦਰਬਾਰ ਸਾਹਿਬ ਮੱਥਾ ਟੇਕਣ ਲੱਗਿਆਂ ਮਿਲੇ ਅਤੇ ਗੱਲਾਂ ਕਰਦਿਆਂ ਕਰਦਿਆਂ ਪਿੰਗਲਵਾੜੇ ਲੈ ਗਏ। ਉਹ ਸੇਵਾ ਦੇ ਪੁੰਜ ਅਤੇ ਕਮਾਈ ਵਾਲੇ ਪੁਰਸ਼ ਸਨ। ਉਨ੍ਹਾਂ ਨੂੰ ਲੱਗਿਆ ਕਿ ਇਹ ਨੌਜੁਆਨ ਕੁੱਝ ਵੱਖਰਾ ਕਰਨ ਦੇ ਸਮਰੱਥ ਹੈ। ਆਪਣੇ ਕੋਲ ਹੀ ਬਿਠਾ ਲਿਆ ਅਤੇ ਮੁੜ ਉੱਠਣ ਨਹੀਂ ਦਿੱਤਾ ਅਤੇ ਕਿਹਾ ਕਿ ਬੱਸ ਹੁਣ ਤੂੰ ਮੈਨੂੰ ਸਵੇਰੇ ਸ਼ਾਮ ਬਾਣੀ ਦਾ ਪਾਠ ਸੁਣਾਉਣਾ ਹੈ ਅਤੇ ਇਹੋ ਤੇਰੀ ਨੌਕਰੀ ਹੈ। ਭਗਤ ਪੂਰਨ ਸਿੰਘ ਉਨ੍ਹਾਂ ਲਈ ਦੂਜੀ ਮਾਂ ਬਣ ਗਏ। ਜੁਆਨੀ ਵਿਚ ਹੀ ਅੰਦਰੋਂ ਹਉਮੈ ਦੀ ਮੈਲ ਨੂੰ ਧੋ ਦਿੱਤਾ। ਉਹ ਲੰਬਾ ਸਮਾਂ ਭਗਤ ਜੀ ਕੋਲ ਰਹਿ ਕੇ ਉਨ੍ਹਾਂ ਨੂੰ ਪੰਜਾਂ ਬਾਣੀਆਂ ਦਾ ਪਾਠ ਸੁਰੀਲੀ ਆਵਾਜ਼ ਵਿਚ ਸੁਣਾਉਂਦੇ ਰਹੇ। ਉਨ੍ਹਾਂ ਨਾਲ ਬਿਤਾਏ ਸਮੇਂ ਦੀਆਂ ਡਾ. ਸਾਹਿਬ ਬਹੁਤ ਰੌਚਕ ਗੱਲਾਂ ਸੁਣਾਉਂਦੇ ਹਨ। ਟਾਂਗੇ 'ਤੇ ਸਫ਼ਰ ਕਰਦਿਆਂ ਭਗਤ ਜੀ, ਉਨ੍ਹਾਂ ਨੂੰ ਲੋਹੇ ਦਾ ਬਾਟਾ ਫੜਾ ਦਿੰਦੇ ਅਤੇ ਕਹਿੰਦੇ ਓਅੰਕਾਰ ਸਿੰਘ ਜਾਹ ਔਹ ਦੂਰ ਪਏ ਗੋਹੇ ਨੂੰ ਇਸ ਬਾਟੇ ਵਿਚ ਪਾ ਲਿਆ ਕੋਈ ਫਿਸਲ ਕੇ ਗਿਰ ਜਾਏਗਾ। ਕਈ ਵਾਰੀ ਟਾਂਗਾ ਬਹੁਤ ਅੱਗੇ ਲੰਘ ਜਾਂਦਾ ਤਾਂ ਭਗਤ ਜੀ ਦੂਰ ਪਏ ਕਿਸੇ ਮੇਖ਼ ਜਾਂ ਲੱਕੜ ਦੇ ਟੁਕੜੇ ਨੂੰ ਚੁੱਕ ਕੇ ਲਿਆਉਣ ਲਈ ਕਹਿੰਦੇ। ਓਅੰਕਾਰ ਸਿੰਘ ਜੀ ਦਸਦੇ ਹਨ ਕਿ ਉਹ ਕਹਿੰਦੇ: ਭਗਤ ਜੀ ਤੁਸੀਂ ਇਨੀਂ ਦੂਰ ਆ ਕੇ ਕਿਉਂ ਇਹ ਚੀਜ਼ ਚੁੱਕਣ ਲਈ ਕਹਿੰਦੇ ਹੋ? ਤਾਂ ਅੱਗੋਂ ਭਗਤ ਜੀ ਆਖਦੇ ਕਿ ਓਅੰਕਾਰ ਮੈਂ ਤੈਨੂੰ ਵੱਡਾ ਇਨਸਾਨ ਬਣਾਉਣਾ ਚਾਹੁੰਦਾ ਹਾਂ। ਤੇਰੇ ਅੰਦਰੋਂ ਹਉਮੈ ਦੀ ਮੈਲ ਨੂੰ ਪੂਰੀ ਤਰ੍ਹਾਂ ਧੋਣਾ ਚਾਹੁੰਦਾ ਹਾਂ। ਓਅੰਕਾਰ ਸਿੰਘ ਹੋਰਾਂ ਦੱਸਿਆ ਕਿ ਸਮੇਂ ਨਾਲ ਭਗਤ ਜੀ ਦਾ ਉਨ੍ਹਾਂ ਨਾਲ ਅਥਾਹ ਪਿਆਰ ਬਣ ਗਿਆ। ਯੂਨੀਵਰਸਿਟੀ ਵਿਚ ਸਰਵਿਸ ਕਰਦਿਆਂ ਉਹ ਪਟਿਆਲੇ ਉਨ੍ਹਾਂ ਦੇ ਇੱਕ ਨਿੱਕੇ ਜਿਹੇ ਘਰ ਵਿਚ ਆ ਕੇ 7 ਦਿਨ ਰਹੇ ਅਤੇ ਬੇਅੰਤ ਅਸੀਸਾਂ ਬਖ਼ਸ਼ੀਆਂ।

ਉਨ੍ਹਾਂ ਦੇ ਅਕਾਦਮਿਕ ਸਫ਼ਰ ਦੀ ਅਸਲ ਕਹਾਣੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਆਉਣ ਨਾਲ ਸ਼ੁਰੂ ਹੁੰਦੀ ਹੈ। ਬੀਬਾ ਤ੍ਰਿਪਤ ਕੌਰ ਜੀ ਨਾਲ ਵਿਆਹ ਉਪਰੰਤ ਉਨ੍ਹਾਂ 1979 ਵਿਚ ਪੰਜਾਬੀ ਯੂਨੀਵਰਸਿਟੀ ਵਿਖੇ ਸਰਵਿਸ ਜਾਇਨ ਕੀਤੀ। ਸਬੱਬ ਐਸਾ ਬਣਿਆ ਕਿ ਡਾ. ਬਲਕਾਰ ਸਿੰਘ ਜੀ ਨਾਲ ਇੱਕ ਦਿਨ ਅਚਾਨਕ ਮਿਲਾਪ ਹੋਇਆ। ਗੱਲਾਂ-ਬਾਤਾਂ ਵਿਚ ਉਨ੍ਹਾਂ ਡਾ. ਸਾਹਿਬ ਨੂੰ ਦੱਸਿਆ ਕਿ ਮੈਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਤੋਂ ਪੜ੍ਹਿਆ ਹਾਂ। ਡਾ. ਸਾਹਿਬ ਆਪ ਵੀ ਇਸੇ ਕਾਲਜ ਤੋਂ ਪੜ੍ਹੇ ਸਨ। ਉਨ੍ਹਾਂ ਵਾਈਸ-ਚਾਂਸਲਰ ਨੂੰ ਕਹਿ ਕੇ ਓਅੰਕਾਰ ਸਿੰਘ ਹੋਰਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ ਲੈ ਆਂਦਾ।

ਗੁਰਬਾਣੀ ਨੂੰ ਸਮਝਣ ਦੀ ਕਾਬਲੀਅਤ ਨੂੰ ਦੇਖਦਿਆਂ ਹੋਰਨਾਂ ਕਾਰਜਾਂ ਦੇ ਨਾਲ-ਨਾਲ ਡਾ. ਬਲਕਾਰ ਸਿੰਘ ਜੀ ਨੇ ਵਿਭਾਗ ਦੇ ਛਿਮਾਹੀ ਖੋਜ ਰਸਾਲੇ 'ਨਾਨਕ ਪ੍ਰਕਾਸ਼ ਪਤ੍ਰਿਕਾ' ਦੇ ਪਰੂਫ਼ ਪੜ੍ਹਨ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਦੀ ਲਗਾ ਦਿੱਤੀ ਕਿਉਂਕਿ ਉਦੋਂ ਵਿਭਾਗ ਵਿਚ ਕੋਈ ਪਰੂਫ਼-ਰੀਡਰ ਨਹੀਂ ਸੀ ਹੁੰਦਾ। ਸਮੇਤ ਪਤ੍ਰਿਕਾ ਦੇ, ਵਿਭਾਗ ਵੱਲੋਂ ਛਪ ਰਹੀਆਂ ਪੁਸਤਕਾਂ ਦੇ ਪਰੂਫ਼ ਵੀ ਅਕਾਦਮਿਕ ਅਮਲੇ ਨੂੰ ਆਪ ਹੀ ਪੜ੍ਹਨੇ ਪੈਂਦੇ ਸਨ। ਇਹ ਕੰਮ ਕਰਦਿਆਂ ਇੱਛਾ ਪੈਦਾ ਹੋਈ ਕਿ ਉਹ ਵੀ ਕੋਈ ਲੇਖ ਲਿਖਣ ਅਤੇ ਖ਼ੂਬ ਮਿਹਨਤ ਕਰਕੇ ਇੱਕ ਦਿਨ ਲੇਖ ਡਾ. ਬਲਕਾਰ ਸਿੰਘ ਦੀ ਮੇਜ਼ 'ਤੇ ਜਾ ਰੱਖਿਆ। ਲੇਖ ਤੇ ਨਿਗਾਹ ਮਾਰ ਕੇ ਡਾਕਟਰ ਬਲਕਾਰ ਸਿੰਘ ਜੀ ਨੇ ਇਹ ਕਹਿ ਕੇ ਕਿ 'ਕਾਕਾ! ਨਾਨਕ ਪ੍ਰਕਾਸ਼ ਪਤ੍ਰਿਕਾ ਜੋ ਯੂਨੀਵਰਸਿਟੀ ਦਾ ਰਿਸਰਚ ਮੈਗਜ਼ੀਨ ਹੈ, ਵਿਚ ਸਥਾਪਤ ਵਿਦਵਾਨਾਂ ਦੇ ਖੋਜ ਲੇਖ ਛਪਦੇ ਹਨ' ਅਤੇ ਲੇਖ ਉਨ੍ਹਾਂ ਨੂੰ ਵਾਪਸ ਕਰ ਦਿੱਤਾ।

ਵਿਭਾਗ ਵਿਚ ਰਹਿੰਦਿਆਂ ਇਸ ਸਾਰੇ ਸਮੇਂ ਦੌਰਾਨ ਉਨ੍ਹਾਂ ਯੂਨੀਵਰਸਿਟੀ ਦੇ ਪੱਤਰ-ਵਿਹਾਰ ਸਿੱਖਿਆ ਵਿਭਾਗ ਦਾ ਲਾਹਾ ਲੈਂਦਿਆਂ ਬੀ.ਏ. ਅਤੇ ਐਮ.ਏ. ਕੀਤੀ ਅਤੇ ਫਿਰ ਡਾ. ਬਲਕਾਰ ਸਿੰਘ ਜੀ ਦੀ ਗਾਈਡੈਂਸ ਥੱਲੇ ਹੀ ਕਬਿੱਤ ਸਵੱਯੇ ਭਾਈ ਗੁਰਦਾਸ ਜੀ ਦਾ ਧਰਮ-ਸ਼ਾਸਤਰੀ ਅਧਿਐਨ ਵਿਸ਼ੇ 'ਤੇ ਪੀ.ਐਚ.ਡੀ. ਦਾ ਥੀਸਿਜ਼ ਵੀ ਲਿਖਿਆ।

ਇਸੇ ਸਮੇਂ ਦੌਰਾਨ ਡਾ. ਗੁਰਚਰਨ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲੋਂ ਗੁਰਮਤਿ 'ਤੇ ਸਰੋਤ ਸਾਹਿਤ ਤਿਆਰ ਕਰਨ ਲਈ 'ਗੁਰੂ ਗ੍ਰੰਥ ਕੋਸ਼' ਅਤੇ ਕੁੱਝ ਹੋਰ ਵਿਸ਼ਿਆਂ 'ਤੇ ਕੰਮ ਕਰ ਰਹੇ ਸੀ ਅਤੇ ਡਾ. ਬਲਕਾਰ ਸਿੰਘ ਨੇ ਓਅੰਕਾਰ ਸਿੰਘ ਜੀ ਦੀ ਡਿਊਟੀ ਉਨ੍ਹਾਂ ਨਾਲ ਕੰਮ ਕਰਨ 'ਤੇ ਲਾ ਦਿੱਤੀ। ਸਿੱਖ ਧਰਮ ਚਿੰਤਨ ਦੇ ਪਹਿਲੇ ਥਿਆਲੋਜਿਅਨ ਭਾਈ ਗੁਰਦਾਸ ਦੀਆਂ 'ਵਾਰਾਂ' ਨੂੰ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਮੁਸ਼ਕਿਲ ਸ਼ਬਦਾਂ ਦੇ ਅਰਥਾਂ ਸਮੇਤ ਬਹੁਤ ਪਹਿਲਾਂ ਹੀ ਛਾਪ ਦਿੱਤਾ ਗਿਆ ਸੀ ਪ੍ਰੰਤੂ ਭਾਈ ਗੁਰਦਾਸ ਜੀ ਦੇ 'ਕਬਿੱਤ ਸਵੱਯਾਂ' 'ਤੇ ਇਸ ਤਰ੍ਹਾਂ ਦਾ ਸਟੀਕ ਰੂਪ ਵਿਚ ਛਪਾਈ ਦਾ ਕੰਮ ਅਜੇ ਤੱਕ ਨਹੀਂ ਸੀ ਹੋਇਆ। ਡਾ. ਗੁਰਚਰਨ ਸਿੰਘ ਹੋਰਾਂ ਨੇ ਭਾਈ ਗੁਰਦਾਸ ਦੇ ਕਬਿੱਤ ਸਵੱਯਾਂ 'ਤੇ ਕੰਮ ਕਰਨ ਦਾ ਮਸ਼ਵਰਾ ਓਅੰਕਾਰ ਸਿੰਘ ਹੋਰਾਂ ਨੂੰ ਦਿੰਦਿਆਂ ਪ੍ਰਾਜੈਕਟ ਤਿਆਰ ਕਰਨ ਲਈ ਕਿਹਾ ਜਿਸ ਵਿਚ ਪਹਿਲਾਂ ਤਾਂ 'ਕਬਿੱਤ ਸਵੱਯੇ' ਦੀ ਪੂਰੀ ਟੈਕਸਟ (ਪਾਠ) ਤਿਆਰ ਕਰਨਾ ਅਤੇ ਫਿਰ ਸ਼ਬਦਾਂ ਦੀ ਅਨੁਕ੍ਰਮਣਿਕਾ, ਤੁਕ ਤਤਕਰਾ ਅਤੇ ਸ਼ਬਦ ਕੋਸ਼ ਆਦਿ ਸ਼ਾਮਲ ਸੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ 'ਕਬਿੱਤ ਸਵੱਯਾਂ' ਦੇ ਵੱਖ-ਵੱਖ ਖਰੜੇ ਵੱਖਰੀਆਂ ਵੱਖਰੀਆਂ ਥਾਵਾਂ 'ਤੇ ਮਿਲਦੇ ਹਨ ਪ੍ਰੰਤੂ ਉਨ੍ਹਾਂ ਵਿਚ ਪਾਠ-ਭੇਦ ਵੀ ਹੈ ਅਤੇ ਗਿਣਤੀ ਵਿਚ ਵੀ ਫਰਕ ਹੈ। ਉਹ ਆਪਣੇ ਮੋਢੇ 'ਤੇ ਕੈਮਰਾ ਪਾ ਕੇ ਖਰੜਿਆਂ ਦੀ ਖੋਜ ਵਿਚ ਤੁਰ ਪਏ। ਇਸ ਤਰ੍ਹਾਂ ਉਨ੍ਹਾਂ ਨੇ ਵੱਖ ਵੱਖ ਸਰੋਤਾਂ-ਜਿਵੇਂ ਭਾਈ ਵੀਰ ਸਿੰਘ ਸਦਨ, ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਕੁੱਝ ਉਦਾਸੀ ਡੇਰਿਆਂ ਆਦਿ ਤੋਂ ਵੱਖੋ-ਵੱਖ ਖਰੜਿਆਂ ਦਾ ਅਧਿਐਨ ਕੀਤਾ। ਕੈਮਰੇ ਰਾਹੀਂ ਬਹੁਤ ਸਾਰੀ ਫੋਟੋਗਰਾਫ਼ੀ ਵੀ ਕੀਤੀ। ਡਾ. ਗੁਰਚਰਨ ਸਿੰਘ ਦੀ ਸੁਚੱਜੀ ਅਗਵਾਈ ਵਿਚ ਬਹੁਤ ਮਿਹਨਤ ਨਾਲ ਮਿਲਾਣ ਕਰਕੇ ਇੱਕ ਨਵਾਂ ਖਰੜਾ ਤਿਆਰ ਕੀਤਾ ਗਿਆ। ਜਿਸ 'ਨਾਨਕ ਪ੍ਰਕਾਸ਼ ਪਤ੍ਰਿਕਾ' ਵਿਚ ਉਨ੍ਹਾਂ ਦਾ ਇੱਕ ਲੇਖ ਨਹੀਂ ਸੀ ਛਪ ਸਕਿਆ, ਉਸੇ ਸਨਮਾਨਿਤ ਪਤ੍ਰਿਕਾ ਦੇ ਦੋ ਵਿਸ਼ੇਸ਼ ਅੰਕ ਕੇਵਲ ਤੇ ਕੇਵਲ ਉਨ੍ਹਾਂ ਦੀ ਇਸ ਮਿਹਨਤ ਨੂੰ ਛਾਪਣ ਲਈ ਉਨ੍ਹਾਂ ਦੇ ਨਾਂ ਥੱਲੇ ਕੱਢੇ ਗਏ। ਇਸ ਤਰ੍ਹਾਂ 'ਕਬਿੱਤ ਸਵੱਯੇ ਭਾਈ ਗੁਰਦਾਸ' (ਅਨੁਕ੍ਰਮਣਿਕਾ ਅਤੇ ਕੋਸ਼) ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ 1993 ਵਿਚ ਪੁਸਤਕ ਰੂਪ ਵਿਚ ਛਪਣ ਨਾਲ ਸਰੋਤ-ਸਾਹਿਤ ਵਿਚ ਮਾਣ-ਯੋਗ ਵਾਧਾ ਹੋਇਆ; ਅਤੇ ਇਸੇ ਵਿਸ਼ੇ 'ਤੇ 'ਕਬਿੱਤ ਸਵੱਯੇ ਭਾਈ ਗੁਰਦਾਸ (ਪਾਠ ਅਤੇ ਤੁੱਕ -ਤਤਕਰਾ) ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਹੀ ਫਿਰ 2017 ਵਿਚ ਪੁਸਤਕ ਰੂਪ ਵਿਚ ਛਾਪਿਆ ਗਿਆ। ਇਹ ਤਾਂ ਸ਼ੁਰੂਆਤ ਸੀ ਕਿਉਂਕਿ ਪੀ.ਐਚ.ਡੀ ਜਾਂ ਤੁਹਾਡਾ ਪਹਿਲਾ ਖੋਜ ਕਾਰਜ ਤਾਂ ਖੋਜ-ਕਾਰਜਾਂ ਨੂੰ ਅੱਗੇ ਲੈ ਜਾਣ ਦੀ ਟਰੇਨਿੰਗ ਹੁੰਦੀ ਹੈ, ਖੋਜ ਦੀ ਸ਼ੁਰੂਆਤ ਹੁੰਦੀ ਹੈ, ਅਖ਼ੀਰ ਨਹੀਂ। ਡਾ. ਓਅੰਕਾਰ ਸਿੰਘ ਜੀ ਅਕਸਰ ਕਹਿੰਦੇ ਹਨ ਕਿ ਉਨ੍ਹਾਂ ਨੇ ਪ੍ਰੋ.ਬਲਕਾਰ



ਸਿੰਘ ਦੀ ਅਗਵਾਈ ਵਿਚ ਡਾਕਟਰੇਟ ਕਰਦਿਆਂ ਅਤੇ ਡਾਕਟਰ ਗੁਰਚਰਨ ਸਿੰਘ ਜੀ ਨਾਲ ਪ੍ਰਾਜੈਕਟ ਕਰਦਿਆਂ ਅਕਾਦਮਿਕਤਾ ਦਾ ਬਹੁਤ ਲੰਬਾ ਸਫ਼ਰ ਤਹਿ ਕੀਤਾ ਹੈ। ਉਹ ਕਹਿੰਦੇ ਹਨ ਕਿ ਮੇਰੇ ਲਹੂ ਵਿਚ ਤਾਂ ਭਾਵੇਂ ਇਹ ਸਭ ਕੁੱਝ ਸੀ ਪਰ ਸ਼ਾਇਦ ਉਹ ਜੰਮਿਆ ਹੋਇਆ ਸੀ। ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ ਆਉਣ ਨਾਲ ਇਹ ਪਿਘਲ ਕੇ ਬੜੀ ਤੇਜ਼ੀ ਨਾਲ ਵਹਿਣ ਲੱਗ ਪਿਆ।

ਇਸ ਅਕਾਦਮਿਕ ਸਫ਼ਰ ਦੇ ਅਗਲੇ ਪੜਾ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਪ੍ਰੋਫੈਸਰ ਮਨਜੀਤ ਸਿੰਘ, ਤਤਕਾਲੀਨ ਜਥੇਦਾਰ ਸ੍ਰੀ ਕੇਸ ਗੜ੍ਹ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ, ਦੀ ਅਗਵਾਈ 'ਚ 1994 ਵਿਚ ਵਿਦਵਾਨਾਂ ਨੇ ਅਮਰੀਕਾ ਦੀ ਪਹਿਲੀ ਯਾਤਰਾ ਕੀਤੀ। ਉਦੋਂ ਅਮਰੀਕਾ ਦੇ ਸ਼ਹਿਰ ਨਿਊਯਾਰਕ, ਕੈਨੇਡਾ ਦੇ ਟਰਾਂਟੋ ਅਤੇ ਵੈਨਕੂਵਰ ਵਿਚ ਕਾਨਫ੍ਰੰਸਾਂ ਕਰਨ ਤੋਂ ਬਾਅਦ ਯੋਗੀ ਹਰਭਜਨ ਸਿੰਘ ਦੇ ਸੱਦੇ 'ਤੇ ਨਿਊ ਮੈਕਸੀਕੋ ਦੇ ਸ਼ਹਿਰ ਐਸਪੀਨੋਲਾ ਜਾਣ ਦਾ ਮੌਕਾ ਵੀ ਮਿਲਿਆ। ਦੁਬਾਰਾ ਫੇਰ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਦੀ ਅਗਵਾਈ ਵਿਚ ਹੀ ਐਸਪੀਨੋਲਾ ਯੋਗੀ ਜੀ ਦੀ ਸੰਗਤਿ ਮਾਨਣ ਦਾ ਮੌਕਾ ਮਿਲਿਆ ਤਾਂ ਯੋਗੀ ਜੀ ਨੇ ਡਾ. ਓਅੰਕਾਰ ਸਿੰਘ ਹੋਰ ਨੂੰ ਉਨ੍ਹਾਂ ਕੋਲ ਹੀ ਰਹਿ ਕੇ ਅਮਰੀਕਨ ਸਿੰਘਾਂ ਨੂੰ ਪੰਜਾਬੀ ਪੜ੍ਹਾਉਣ ਦੀ ਸੇਵਾ ਕਰਨ 'ਤੇ ਜ਼ੋਰ ਪਾਇਆ ਤਾਂ ਉਨ੍ਹਾਂ ਅਮਰੀਕਾ ਰਹਿਣ ਦਾ ਹੀ ਮਨ ਬਣਾ ਲਿਆ, ਇਹ ਵੀ ਇੱਕ ਸਬੱਬ ਹੀ ਸੀ। ਸਮਾਂ ਪਾ ਕੇ ਪਰਿਵਾਰ ਵੀ ਅਮਰੀਕਾ ਪਹੁੰਚ ਗਿਆ। ਇੱਕ ਵਾਰ ਉਨ੍ਹਾਂ ਮਨ ਬਣਾਇਆ ਕਿ ਵਾਪਸ ਹਿੰਦੁਸਤਾਨ ਚਲੇ ਜਾਣਾ ਹੈ। ਪਟਿਆਲੇ ਵਾਲਾ ਛੋਟਾ ਘਰ ਵੇਚ ਕੇ ਫਤਿਹਗੜ੍ਹ ਸਾਹਿਬ ਵੱਡਾ ਘਰ ਵੀ ਬਣਾ ਲਿਆ ਪਰ ਫਿਰ ਬੱਚੀਆਂ ਦੇ ਜ਼ੋਰ ਪਾਉਣ 'ਤੇ ਅਮਰੀਕਾ ਰਹਿਣ ਦਾ ਹੀ ਮਨ ਬਣਾ ਲਿਆ।

ਇਹ ਵੀ ਗੁਰੂ ਦੀ ਮਿਹਰ ਹੀ ਹੋਈ ਕਿ ਇੱਥੇ ਫਤਿਹਗੜ੍ਹ ਸਾਹਿਬ ਆਪਣੇ ਪਿੰਡ ਰਹਿ ਕੇ ਡਾ.ਓਅੰਕਾਰ ਸਿੰਘ ਨੇ ਅਜਿਹੇ ਪ੍ਰਾਜੈਕਟ ਹੱਥ ਵਿਚ ਲਏ ਅਤੇ ਉਨ੍ਹਾਂ ਨੂੰ ਸਿਰੇ ਚੜ੍ਹਾਇਆ ਜਿਸ ਦੀ ਆਸ ਕਿਸੇ ਸੰਸਥਾ ਪਾਸੋਂ ਤਾਂ ਕੀਤੀ ਜਾ ਸਕਦੀ ਹੈ, ਪ੍ਰੰਤੂ ਇਕੱਲੇ ਵਿਅਕਤੀ ਪਾਸੋਂ ਇਸ ਕਿਸਮ ਦੀ ਤਵੱਕੋ ਕਰਨੀ ਅਸੰਭਵ ਨਹੀਂ ਤਾਂ ਔਖੀ ਜ਼ਰੂਰ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਇਨ੍ਹਾਂ ਪ੍ਰਾਜੈਕਟਾਂ ਦੀ ਸਫ਼ਲਤਾ ਵਿਚ ਉਨ੍ਹਾਂ ਦੀ ਧਰਮ-ਪਤਨੀ ਬੀਬੀ ਤ੍ਰਿਪਤ ਕੌਰ ਦੀ ਵੀ ਬਹੁਤ ਸਾਰੀ ਮਿਹਨਤ ਸ਼ਾਮਲ ਹੈ। ਇੱਥੇ ਰਹਿ ਕੇ ਦਿਨ-ਰਾਤ ਦੀ ਮਿਹਨਤ ਨਾਲ ਜੋ-ਜੋ ਪ੍ਰਾਜੈਕਟ ਡਾ. ਸਾਹਿਬ ਨੇ ਸੰਪੂਰਨ ਕਰ ਲਏ ਹਨ ਅਤੇ ਕੀਤੇ ਜਾ ਰਹੇ ਹਨ, ਇਹ ਸਾਰਾ ਕਾਰਜ ਕਿਸੇ ਸੰਸਥਾ ਨਾਲੋਂ ਘੱਟ ਨਹੀਂ ਹੈ। ਸਾਡੀਆਂ ਸਿਰਮੌਰ ਸਿੱਖ ਸੰਸਥਾਵਾਂ ਜਿਨ੍ਹਾਂ ਵਿਚ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ' ਸਭ ਤੋਂ ਪ੍ਰਮੁੱਖ ਸੰਸਥਾ ਹੈ, ਜਿਸ ਦਾ ਬੱਜਟ ਕਰੋੜਾਂ ਵਿਚ ਹੈ, ਉਸ ਦਾ ਇਸ ਪਾਸੇ ਬਿਲਕੁਲ ਵੀ ਧਿਆਨ ਨਹੀਂ ਹੈ ਕਿ ਸਿੱਖ ਧਰਮ ਦੇ ਚਿੰਤਨ ਅਤੇ ਪਾਸਾਰ ਸਬੰਧੀ ਸਿੱਖ ਅਕਾਦਮਿਕਤਾ ਨੂੰ ਅੱਗੇ ਵਧਾਉਣ ਲਈ ਕਿਸ ਕਿਸਮ ਦੇ ਕਦਮ ਚੁੱਕਣੇ ਚਾਹੀਦੇ ਹਨ? ਉਹ ਅੱਜ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ ਵੀ ਟੀਕਾ ਨਹੀਂ ਕਰਵਾ ਸਕੇ। ਇਸ ਦੀ ਸਭ ਤੋਂ ਗੰਭੀਰ ਵਜ੍ਹਾ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਅਕਾਲੀ ਦਲ ਦੇ ਜਿਸ ਧੜੇ ਦਾ ਕਬਜ਼ਾ ਹੈ, ਉਸ ਦਾ ਸਾਰਾ ਧਿਆਨ ਕਮੇਟੀ ਦੇ ਕੀਮਤੀ ਸਰੋਤਾਂ ਦੀ ਵਰਤੋਂ ਆਪਣੀ ਰਾਜਨੀਤੀ ਨੂੰ ਅੱਗੇ ਵਧਾਉਣ ਲਈ ਕਰਨ ਵਿਚ ਹੈ। ਇਸੇ ਰਾਜਨੀਤੀ ਤਹਿਤ ਵੱਖ ਵੱਖ ਸਮਿਆਂ ਤੇ ਵਿਦਵਾਨਾਂ ਵੱਲੋਂ ਨਿੱਜੀ ਪੱਧਰ 'ਤੇ ਕੀਤੇ ਜਾ ਰਹੇ ਅਕਾਦਮਿਕ ਕਾਰਜਾਂ ਵਿਚ ਵੀ ਬਹੁਤ ਵਾਰ ਰੋੜੇ ਅਟਕਾਏ ਜਾਂਦੇ ਹਨ ਅਤੇ 'ਪੰਥ' ਵਿਚੋਂ ਛੇਕਣ ਤੱਕ ਦੇ ਫ਼ੈਸਲੇ ਸ੍ਰੀ ਅਕਾਲ ਤਖ਼ਤ ਤੋਂ ਕਰਵਾ ਦਿੱਤੇ ਜਾਂਦੇ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ ਸਾਡੇ ਸਾਹਮਣੇ ਰਾਗੀ ਦਰਸ਼ਨ ਸਿੰਘ ਜੀ ਦੀ ਹੈ, ਜੋ ਆਪ ਵੀ ਸਿੱਖ ਪੰਥ ਦੇ ਬਹੁਤ ਔਕੜਾਂ ਭਰੇ ਸਮੇਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਹਿ ਚੁੱਕੇ ਹਨ। ਬਜਾਇ ਇਸ ਦੇ ਕਿ 'ਦਸਮ ਗ੍ਰੰਥ' (ਜਿਸ ਦਾ ਮੁਢਲਾ ਨਾਮ ਬਚਿੱਤਰ ਨਾਟਕ ਸੀ) ਦੀਆਂ ਰਚਨਾਵਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਅਗਵਾਈ ਅਤੇ ਲੋਅ ਵਿਚ ਛਾਣਬੀਣ ਕਰਾ ਕੇ ਕੋਈ ਠੋਸ ਫ਼ੈਸਲਾ ਕਰਕੇ, ਸਿੱਖ ਜਗਤ ਨੂੰ ਇਸ ਉਲਝਣ ਵਿਚੋਂ ਕੱਢਦੇ, ਉਲਟਾ ਭਾਈ ਦਰਸ਼ਨ ਸਿੰਘ ਨੂੰ ਹੀ ਪੰਥ ਵਿਚੋਂ ਛੇਕ ਦਿੱਤਾ ਗਿਆ।

ਅਮਰੀਕਾ ਆ ਕੇ ਭਾਈ ਸਾਹਿਬ ਹਰਭਜਨ ਸਿੰਘ ਯੋਗੀ ਅਤੇ ਉਨ੍ਹਾਂ ਦੀ ਧਰਮ ਪਤਨੀ ਡਾ. ਇੰਦਰਜੀਤ ਕੌਰ ਦੀ ਸੰਗਤ ਮਾਣਨ ਦੇ ਨਾਲ ਨਾਲ ਡਾ. ਓਅੰਕਾਰ ਸਿੰਘ ਹੋਰਾਂ ਨੂੰ ਸੈਨਫਰਾਂਸਿਸਕੋ ਵਾਲੇ ਡਾ. ਕੁਲਬੀਰ ਸਿੰਘ ਥਿੰਦ ਅਤੇ ਹੋਰ ਸਥਾਪਿਤ ਵਿਦਵਾਨਾਂ ਨਾਲ ਜਾਣ-ਪਛਾਣ ਕਰਨ ਅਤੇ ਗੁਰਮਤਿ ਕਾਰਜਾਂ ਨੂੰ ਨੇਪਰੇ ਚਾੜ੍ਹਨ ਦਾ ਮੌਕਾ ਮਿਲਿਆ। ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਟੀਕੇ ਨੂੰ ਸੰਪੂਰਨ ਕੀਤਾ। ਇਸ ਦੇ ਲਈ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਵੀ ਲਿਖਤੀ ਰੂਪ ਵਿਚ ਅਸੀਸ ਮਿਲੀ ਹੋਈ ਹੈ। ਅਗਲਾ ਬਹੁਤ ਮਹੱਤਵਪੂਰਣ ਪ੍ਰਾਜੈਕਟ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਚ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਚਾਰਣ ਸੰਥਿਆ ਦਾ ਹੈ ਜੋ ਉਹ ਆਪਣੀ ਧਰਮ ਪਤਨੀ ਤ੍ਰਿਪਤ ਕੌਰ ਜੀ ਨਾਲ ਰਲ ਕੇ ਕਰ ਰਹੇ ਹਨ। ਇਸ ਦੇ ਨਾਲ ਹੀ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਦਾ ਸ਼ੁੱਧ ਪਾਠ ਵੀ ਰਿਕਾਰਡ ਕਰ ਰਹੇ ਹਨ ਜੋ ਇਸੇ ਸਾਲ ਕੰਪਲੀਟ ਹੋਣ ਦੀ ਸੰਭਾਵਨਾ ਹੈ। ਸੰਪੂਰਨ ਬਾਣੀ ਦੀ ਵਿਆਖਿਆ ਵੀ ਬਹੁਤ ਵਿਗਿਆਨਕ ਢੰਗ ਨਾਲ ਆਨ ਲਾਈਨ ਪਾ ਰਹੇ ਹਨ।

ਪੰਜਾਬ ਤੋਂ ਬਾਹਰ ਪੈਦਾ ਹੋਏ ਬੱਚਿਆਂ ਨੂੰ ਕਈ ਵਾਰ ਗੁਰਮੁਖੀ ਪੜ੍ਹਨ ਦੀ ਸਹੂਲਤ ਪ੍ਰਾਪਤ ਨਹੀਂ ਹੁੰਦੀ ਇਸ ਲਈ ਉਹ ਸਿੱਖ ਧਰਮ-ਚਿੰਤਨ ਬਾਰੇ ਕਿਤਾਬੀ ਗਿਆਨ ਤੋਂ ਵਿਰਵੇ ਰਹਿ ਜਾਂਦੇ ਹਨ। ਇਸੇ ਸਮੱਸਿਆ ਨੂੰ ਧਿਆਨ ਵਿਚ ਰੱਖਦਿਆਂ ਡਾ. ਸਾਹਿਬ ਨੇ 'ਸਿੱਖ ਅਰਦਾਸ' 'ਤੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਬਹੁਤ ਹੀ ਸੁੰਦਰ ਪੁਸਤਕ ਛਪਵਾਈ ਹੈ, ਜਿਸ ਵਿਚ ਇੱਕ ਇੱਕ ਪੰਕਤੀ ਦੀ ਵਿਆਖਿਆ ਰੰਗਦਾਰ ਤਸਵੀਰਾਂ ਰਾਹੀਂ ਤਿਆਰ ਕੀਤੀ ਹੈ ਤਾਂ ਕਿ ਗੁਰਮੁਖੀ ਅੱਖਰਾਂ ਤੋਂ ਅਣਜਾਣ ਵੀ ਉਸ ਪੁਸਤਕ ਦਾ ਫਾਇਦਾ ਉਠਾ ਸਕਣ ਅਤੇ ਆਪਣੇ ਵਿਰਸੇ ਦਾ ਗਿਆਨ ਪ੍ਰਾਪਤ ਕਰਨ। ਇਸ ਪੁਸਤਕ 'ਤੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਇੱਕ ਮੂਵੀ ਵੀ ਬਣਾਈ ਗਈ ਤਾਂ ਕਿ ਜੇ ਕਿਤਾਬ ਨਾਂ ਪੜ੍ਹੀ ਜਾ ਸਕੇ ਤਾਂ ਸਾਰੀ ਅਰਦਾਸ ਦੀ ਵਿਆਖਿਆ ਟੀ.ਵੀ. 'ਤੇ ਲਗਾ ਕੇ ਸੁਣੀ ਜਾ ਸਕੇ।

ਇਸ ਤੋਂ ਇਲਾਵਾ ਹੁਣ ਤੱਕ 'ਜਪੁਜੀ ਸਾਹਿਬ (ਅੰਗਰੇਜ਼ੀ ਅਤੇ ਪੰਜਾਬੀ ਵਿਚ), ਆਓ ਪੰਜਾਬੀ ਸਿੱਖੀਏ! (ਪੰਜਾਬੀ ਸਿੱਖਣ ਲਈ ਅੰਗਰੇਜ਼ੀ ਪੰਜਾਬੀ ਵਿਚ), ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਦੀ ਅਰਥਾਂ ਸਹਿਤ ਵਿਆਖਿਆ (ਪੰਜਾਬੀ ਅੰਗਰੇਜ਼ੀ ਅਤੇ ਹਿੰਦੀ ਵਿਚ), ਕਰਤੇ ਕੀਆਂ ਬਾਤਾਂ (ਗੁਰਮਤਿ ਨਾਲ ਸਬੰਧਿਤ ਲੇਖ), ਆਦਿ ਮੰਗਲ ਦਾ ਸਰੂਪ ਸਥਾਨ ਅਤੇ ਪਾਠ-ਭੇਦ ਉਕਾਈਆਂ, ਸੁੱਖ ਅੰਮ੍ਰਿਤ (ਹਿੰਦੀ, ਪੰਜਾਬੀ ਅੰਗ੍ਰੇਜ਼ੀ ਵਿਚ ਸੁਖਮਨੀ ਸਾਹਿਬ, ਪੰਜੇ ਬਾਣੀਆਂ ਦਾ ਨਿੱਤਨੇਮ ਸਟੀਕ, ਨਿੱਤਨੇਮ ਦਾ ਪਾਠ ਕਰਨ ਲਈ ਉਚਾਰਣ ਸੇਧਾਂ ਸਹਿਤ ਬਹੁਤ ਹੀ ਸੁੰਦਰ ਗੁਟਕਾ ਆਦਿ ਪੁਸਤਕਾਂ ਛਪ ਚੁੱਕੀਆਂ ਹਨ। ਵਾਹਿਗੁਰੂ ਦੀ ਮਿਹਰ ਨਾਲ ਇਸ ਛਪ ਚੁੱਕੇ ਕੰਮ ਤੋਂ ਇਲਾਵਾ ਪ੍ਰੈਸ ਵਿਚ ਬਹੁਤ ਸਾਰਾ ਕੰਮ ਛਪਾਈ ਅਧੀਨ ਹੈ; ਜਿਵੇਂ ਟੀਕਾ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਜੋ 14 ਵਾਲਿਊਮਜ਼ ਵਿਚ 18 ਸਾਲ ਦੀ ਮਿਹਨਤ ਨਾਲ ਤਿਆਰ ਕੀਤਾ ਗਿਆ ਹੈ ਅਤੇ ਇਸ ਵਿਚ ਇਕ ਇਕ ਸ਼ਬਦ ਦਾ ਅਰਥ ਅਤੇ ਉਚਾਰਣ ਦਿੱਤਾ ਗਿਆ ਹੈ। ਹਰ ਇੱਕ ਪੰਕਤੀ ਦੇ ਵੱਖਰੇ ਅਰਥ ਕੀਤੇ ਗਏ ਹਨ ਤਾਂ ਕਿ ਪਹਿਰਿਆਂ ਵਿਚ ਪੜ੍ਹਨ ਦੀ ਥਾਂ ਪਾਠਕ ਇੱਕ ਇੱਕ ਪੰਕਤੀ ਦਾ ਅਰਥ ਪੜ੍ਹ ਸਕਣ; (7 ਪੋਥੀਆਂ ਛਪ ਚੁੱਕੀਆਂ ਹਨ), ਸੰਥਿਆ ਸੀ ਗੁਰੂ ਗ੍ਰੰਥ ਸਾਹਿਬ ਜੀ (ਗੁਰਮੁਖੀ, ਹਿੰਦੀ ਅਤੇ ਅੰਗਰੇਜ਼ੀ), ਸਿੱਖ ਧਰਮ ਸ਼ਾਸਤਰ (ਡਾਕਟਰੇਟ ਦੇ ਥੀਸੀਜ਼ 'ਤੇ ਅਧਾਰਿਤ ਪੁਸਤਕ), ਗੁਰਬਾਣੀ ਦਾ ਸਰਲ ਉਚਾਰਣ ਅਤੇ ਬੋਧ (ਗੁਰਬਾਣੀ ਦੀ ਵਿਆਕਰਣ 'ਤੇ ਅਧਾਰਿਤ ਸ਼ੁਧ ਉਚਾਰਣ ਦਾ ਵਿਗਿਆਨਕ ਢੰਗ-ਤਰੀਕਾ), ਸੀ ਗੁਰੂ ਗ੍ਰੰਥ ਸਾਹਿਬ ਕੋਸ਼ (ਮਹਾਨ ਕੋਸ਼ 'ਤੇ ਅਧਾਰਿਤ), ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਇੰਗਲਿਸ਼ (ਮੂਲ ਲੇਖਕ ਸਵਰਗੀ ਡਾ. ਗੁਰਚਰਨ ਸਿੰਘ ਜੀ), ਉਨ੍ਹਾਂ ਦੇ ਆਪਣੇ ਵੱਲੋਂ ਤਿਆਰ ਕੀਤਾ ਜਾ ਰਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, (ਜਿਸ ਵਿਚ ਸ਼ਬਦ ਕੋਸ਼, ਉਚਾਰਣ ਕੋਸ਼, ਅਰਥ ਬੋਧ ਅਤੇ ਅਨੁਕ੍ਰਮਣਿਕਾ ਸਹਿਤ ਪੰਜਾਬੀ, ਅੰਗ੍ਰੇਜ਼ੀ ਅਤੇ ਹਿੰਦੀ ਵਿਚ), ਪਾਠ ਬੋਧ ਗ੍ਰੰਥਾਵਲੀ (ਪੁਰਾਤਨ ਮਤਿਆਂ, ਸਿੰਘ ਸਭਾ ਪਤਿਰਕਾ, ਪਾਠ-ਭੇਦ, ਉਚਾਰਣ), ਨਾਨਕ ਜਨਨੀ ਧੰਨੀ ਮਾਈ॥ (ਬੀਬੀ ਨਸੀਬ ਕੌਰ ਜੀ ਦੀਆਂ ਕਲਾਕ੍ਰਿਤਾਂ 'ਤੇ ਅਧਾਰਿਤ), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰਕੇ...(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਹੱਥ ਲਿਖਤਾਂ ਬੀੜਾਂ 'ਤੇ ਆਧਾਰਿਤ ਇੱਕ ਬਹੁਤ ਹੀ ਸੁੰਦਰ ਕਾਫ਼ੀ ਟੇਬਲ ਬੁੱਕ) ਅਤੇ ਚੇਤੇ ਜੋ ਕਦੀ ਭੁੱਲਦੇ ਨਹੀਂ (ਸਵੈ ਜੀਵਨੀ)। ਇਸ ਤੋਂ ਇਲਾਵਾ ਉਹ ਸੰਸਾਰ ਭਰ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਹੁਤ ਵੱਡਮੁੱਲੀਆਂ ਹੱਥ-ਲਿਖਤ ਬੀੜਾਂ ਇਕੱਤਰ ਕਰ ਰਹੇ ਹਨ ਜਿਨ੍ਹਾਂ ਦੀ ਗਿਣਤੀ 700 ਦੇ ਲਗਭੱਗ ਹੈ।

ਬਹੁਤ ਵਾਰ ਇਸ ਤਰ੍ਹਾਂ ਵਾਪਰਦਾ ਹੈ ਕਿ ਜਦੋਂ ਤੁਹਾਡੇ ਆਸ-ਪਾਸ ਵਿਚਰ ਕੇ ਕੋਈ ਕਾਰਜ ਕਰ ਰਿਹਾ ਹੁੰਦਾ ਹੈ ਤਾਂ ਤੁਹਾਨੂੰ ਅੰਦਾਜ਼ਾ ਨਹੀਂ ਹੁੰਦਾ ਕਿ ਉਸ ਵਿਅਕਤੀ ਵਿਚ, ਜੇ ਮੌਕਾ ਮਿਲੇ ਤਾਂ ਉਸ ਵਿਚ ਅਥਾਹ ਕੰਮ ਕਰਨ ਦੀ ਸਮਰੱਥਾ ਹੁੰਦੀ ਹੈ। ਕੁੱਝ ਅਜਿਹਾ ਹੀ ਮੈਨੂੰ ਡਾ. ਓਅੰਕਾਰ ਸਿੰਘ ਜੀ ਪ੍ਰਤੀ ਮਹਿਸੂਸ ਹੁੰਦਾ ਹੈ। ਵਿਭਾਗ ਵਿਚ ਪ੍ਰਬੰਧਕੀ ਸੇਵਾਵਾਂ ਨਿਭਾਉਂਦਿਆਂ ਦੇਖ ਕੇ ਇਹ ਤਾਂ ਭਲੀ-ਭਾਂਤ ਮਹਿਸੂਸ ਹੁੰਦਾ ਸੀ ਕਿ ਉਨ੍ਹਾਂ ਦੀ ਕੋਈ ਵੀ ਜ਼ਿੰਮੇਵਾਰੀ ਲਾ ਦਿੱਤੀ ਜਾਵੇ, ਖੁਸ਼ੀ-ਖੁਸ਼ੀ ਸਮੇਂ ਸਿਰ ਨਿਭਾਉਣ ਦੀ ਸਮਰੱਥਾ ਉਨ੍ਹਾਂ ਵਿਚ ਹੈ, ਪ੍ਰੰਤੂ ਕਦੀ ਇਹ ਅੰਦਾਜ਼ਾ ਨਹੀਂ ਸੀ ਲੱਗਿਆ ਕਿ ਇੱਕ ਸੰਸਥਾ ਜਿੰਨਾ ਅਕਾਦਮਿਕ ਕਾਰਜ ਕਰ ਸਕਣ ਦੀ ਸਮਰੱਥਾ ਵੀ ਉਨ੍ਹਾਂ ਵਿਚ ਅਥਾਹ ਹੈ। ਇਹ ਉਨ੍ਹਾਂ ਉੱਤੇ ਗੁਰੂ ਦੀਆਂ ਮਿਹਰਾਂ ਦਾ ਮੀਂਹ ਵਰ੍ਹ ਰਿਹਾ ਹੈ ਕਿ 77 ਸਾਲ ਦੀ ਉਮਰ ਵਿਚ ਵੀ ਗੁਰੂ ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਦਿਨ ਰਾਤ ਇਸ ਰੂਹਾਨੀ ਸਫ਼ਰ 'ਤੇ ਤੁਰੀ ਜਾ ਰਹੇ ਹਨ, ਬੱਸ ਤੁਰੀ ਜਾ ਰਹੇ ਹਨ। ਉਨ੍ਹਾਂ ਦਾ ਇਹ ਸਫ਼ਰ ਵੇਖਦਿਆਂ ਮੈਨੂੰ ਸੁਰਜੀਤ ਪਾਤਰ ਦੀਆਂ ਇਹ ਸੱਤਰਾਂ ਯਾਦ ਆਉਂਦੀਆਂ ਹਨ ਕਿ: ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ...ਆਪਣੇ ਇਸ ਰੂਹਾਨੀ ਸਫ਼ਰ 'ਤੇ ਤੁਰਦਿਆਂ ਉਹ ਸਚਮੁੱਚ ਨਵੇਂ ਰਾਹ ਅਤੇ ਨਵੀਆਂ ਪੈੜਾਂ ਪਾਈ ਜਾ ਰਹੇ ਹਨ।

ਮੇਰੀ ਅਰਦਾਸ ਹੈ ਕਿ ਸਤਿਗੁਰੂ ਆਪਣੇ ਇਸ ਸੇਵਕ ਦੇ ਸਿਰ ਉੱਤੇ ਸਦਾ ਮਿਹਰ ਭਰਿਆ ਹੱਥ ਰੱਖੀ ਰੱਖਣ ਅਤੇ ਸਿੱਖ ਅਕਾਦਮਿਕਤਾ ਦੇ ਇਨ੍ਹਾਂ ਮਹਾਨ ਕਾਰਜਾਂ ਨੂੰ ਸੰਪੂਰਨ ਕਰਨ ਲਈ ਬੁੱਧ-ਬਿਬੇਕ, ਚੜ੍ਹਦੀ ਕਲਾ ਅਤੇ ਅੰਦਰ ਦਾ ਚਾਓ ਬਖ਼ਸ਼ਣ। ਸੇਵਕ ਦੀ ਪ੍ਰੀਤ ਓੜਕ ਤੱਕ ਨਿਭੇ...।

# ਬਾਬਾ ਸ਼ੇਖ ਫਰੀਦ ਦੀ ਦਰਵੇਸ਼ ਰੂਹ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਬਾਬਾ ਸ਼ੇਖ ਫਰੀਦ ਸੂਫੀ ਪੈਗ਼ੰਬਰ, ਦਰਵੇਸ਼ ਰੂਹ, ਚਿਸ਼ਤੀ ਸਿਲਸਿਲੇ ਦੇ ਰੂਹੇ-ਰਵਾਂ ਅਤੇ ਪੰਜਾਬੀ ਦੇ ਆਦਿ ਕਵੀ ਸਨ। ਬਾਬਾ ਫ਼ਰੀਦ ਅਤੇ ਹੋਰ ਸੂਫੀਆਂ ਬਾਰੇ ਸਭ ਤੋਂ ਪ੍ਰਮਾਣਿਕ ਮੰਨੀ ਜਾਂਦੀ ਪੁਸਤਕ 'ਸਿਅਰ-ਉਲ-ਔਲੀਆ' ਦੇ ਲੇਖਕ ਮੁਹੰਮਦ ਮੁਬਾਰਕ ਅਲਅਲਵੀ ਕਿਰਮਾਨੀ (ਅਮੀਰ ਖ਼ੁਰਦ) ਨੇ ਉਨ੍ਹਾਂ ਨੂੰ 'ਪੀਰਾਂ ਦਾ ਪੀਰ' ਆਖਿਆ ਹੈ। ਸ਼ਾਂਤ ਸੁਭਾਅ ਵਾਲੇ, ਮਿੱਠ-ਬੋਲੜੇ ਅਤੇ ਸਬਰ-ਸੰਤੋਖੀ, ਇਸ ਰੱਬੀ ਆਤਮਾ ਨੂੰ ਲੋਕਾਈ ਝੁਕ ਕੇ ਸਿਜਦਾ ਕਰਦੀ ਹੈ।

ਨਿਮਰਤਾ ਅਤੇ ਸਾਦਗੀ ਦੇ ਇਸ ਮੁਜੱਸਮੇ ਦਾ ਆਗਮਨ 1173 ਈ. ਨੂੰ ਮੁਲਤਾਨ ਤੋਂ ਦਸ ਕਿਲੋਮੀਟਰ ਦੂਰ ਪਿੰਡ ਕੋਠੇਵਾਲ, ਜਿਸ ਨੂੰ ਹੁਣ ਚਾਵਲੀ ਮਸਾਇਖਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵਿਚ ਹੋਇਆ। ਉਸ ਵੇਲੇ ਇਹ ਸਿੰਧ ਸੂਬੇ ਦਾ ਹਿੱਸਾ ਸੀ। ਸ਼ੇਖ ਫ਼ਰੀਦ ਦੇ ਵਡੇਰੇ ਇਸਲਾਮ ਦੇ ਦੂਜੇ ਖ਼ਲੀਫ਼ਾ ਹਜ਼ਰਤ ਉਮਰ ਦੇ ਖ਼ਾਨਦਾਨ 'ਚੋਂ ਸਨ। ਉਨ੍ਹਾਂ ਦਾ ਪਿਛੋਕੜ ਕਾਬੁਲ ਦੇ ਬਾਦਸ਼ਾਹ ਫ਼ਾਰੂਖ ਸ਼ਾਹ ਆਦਲ ਨਾਲ ਜੁੜਦਾ ਹੈ। ਦਾਦਾ ਸ਼ੇਖ ਸੁਐਬ, ਗਜ਼ਨੀ ਦੇ ਰਾਜੇ ਦੇ ਭਰਾ ਸਨ। ਜਦੋਂ ਚੰਗੇਜ਼ ਖ਼ਾਨ ਨੇ ਕਾਬੁਲ ਉਜਾੜਿਆ ਤਾਂ ਕਾਜ਼ੀ ਸੁਐਬ ਲਾਹੌਰ ਹੁੰਦੇ ਹੋਏ ਕਸੂਰ ਅਤੇ ਅੰਤ ਕੋਠੇਵਾਲ ਜਾ ਟਿਕੇ। ਉਨ੍ਹਾਂ ਨੂੰ ਇੱਥੋਂ ਦਾ ਕਾਜ਼ੀ ਮੁਕੱਰਰ ਕੀਤਾ ਗਿਆ। ਇੱਥੇ ਹੀ ਪਿਤਾ ਜਮਾਲ-ਉਦ-ਦੀਨ ਅਤੇ ਬੀਬੀ ਮਰੀਅਮ, (ਕਰਸੂਮ ਬੀਬੀ) ਦੇ ਘਰ ਤਿੰਨ ਬੇਟਿਆਂ ਅਤੇ ਇੱਕ ਬੇਟੀ ਨੇ ਜਨਮ ਲਿਆ। ਵਿਚਕਾਰਲੇ ਬੇਟੇ ਦਾ ਨਾਮ ਫ਼ਰੀਦ-ਉਦ-ਦੀਨ ਮਸਊਦ ਰੱਖਿਆ ਗਿਆ। ਬਾਬਾ ਫ਼ਰੀਦ ਦੇ ਮਾਤਾ ਬੀਬੀ ਮਰੀਅਮ, ਹਜ਼ਰਤ ਅਲੀ ਦੇ ਖ਼ਾਨਦਾਨ ਨਾਲ ਸਬੰਧਤ ਸਈਅਦ ਮੁਹੰਮਦ ਅਬਦੁੱਲਾ ਸ਼ਾਹ ਦੀ ਬੇਟੀ ਸਨ। ਹਜ਼ਰਤ ਮੁਹੰਮਦ ਦੇ ਚਾਚਾ ਹਜ਼ਰਤ ਅੱਬਾਸ ਦੀ ਕੁਲ 'ਚੋਂ ਸ਼ੇਖ ਵਜੀਹਉੱਦੀਨ ਨੇ ਮਰੀਅਮ ਨੂੰ ਗੋਦ ਲਿਆ ਹੋਇਆ ਸੀ। ਹਿੰਦੁਸਤਾਨ ਆਉਣ ਵੇਲੇ ਉਹ ਮਰੀਅਮ ਨੂੰ ਨਾਲ ਲਿਆਏ ਤੇ ਉਨ੍ਹਾਂ ਦਾ ਨਿਕਾਹ ਜਮਾਲ-ਉਦ-ਦੀਨ ਨਾਲ ਕਰ ਦਿੱਤਾ, ਜਿਸ ਮਗਰੋਂ ਸ਼ੇਖ ਫ਼ਰੀਦ ਦਾ ਜਨਮ ਹੋਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ
ਫਰੀਦਾ ਖਾਲਕ ਖਲਕ ਮੇ-ਖਲਕ ਵਸੇ ਰੱਬ ਮਾਹੇ॥
ਮੰਦਾ ਕਿਸਨੂੰ ਆਖੀਐ ਜੋ ਤਿਸ ਬਿਨ ਕੋਇ ਨਾਹਿ॥

ਇਹ ਸਲੋਕ ਸਾਫ ਕਰ ਦਿੰਦੇ ਹਨ ਕਿ ਬਾਬਾ ਫ਼ਰੀਦ ਜੀ ਅਤੇ ਨਾਨਕ ਜੀ ਨਾਮ ਲੇਵਾ ਮੰਨਦੇ ਹਨ ਕਿ ਰੱਬ ਮਨੁੱਖਤਾ ਵਿਚ ਵੱਸਦਾ ਹੈ। ਇਹਦਾ ਟਿਕਾਣਾ ਮੰਦਰ, ਮਸਜਿਦ ਜਾਂ ਗੁਰਦੁਆਰੇ ਨਹੀਂ ਹਨ। ਮਨੁੱਖਤਾ ਨੂੰ ਪਿਆਰ ਕਰਨ ਵਾਲਾ ਹੀ ਰੱਬ ਨੂੰ ਪਿਆਰ ਕਰਦਾ ਹੈ।

ਫਰੀਦ ਜੀ ਦੀ ਵਡਿਤਣ ਵਿਚ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੇ ਸ਼ਲੋਕ ਆਦਿ ਗ੍ਰੰਥ ਵਿਚ ਸੰਕਲਿਤ ਹਨ ਜਿਨ੍ਹਾਂ ਵਿਚੋਂ ਚੋਣਵੇਂ ਸ਼ਲੋਕਾਂ ਦਾ ਵਰਣਨ ਕੀਤਾ ਜਾ ਰਿਹਾ ਹੈ।

ਆਦਿ ਗ੍ਰੰਥ ਵਿਚ ਸੰਕਲਿਤ ਬਾਣੀ ਦਾ ਵਰਗੀਕਰਣ
ਸੱਚੇ ਕੌਣ ਹਨ?
ਦਿਲਹੁ ਮੁਹੁਬਤਿ ਜਿੰਨ ਸੇਈ ਸਚਿਆ॥
ਜਿਨ ਮਹਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥



(ਆਸਾ)
ਰੱਬ ਦਾ ਸਰੂਪ ਕੀ ਹੈ-
ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉਂ ਮਾਝਾ ਦੁਧੁ॥
ਸਭੇ ਵਸਤੂ ਮਿਠੀਆਂ ਰੱਬ ਨਾ ਪੁਜਨਿ ਤੁਧੁ॥
ਫਰੀਦਾ ਰੱਬ ਖਜੂਰੀ ਪਕੀਆ ਮਾਖਿਆ ਨਹੀਂ ਵੰਹਨਿ॥
ਸਬਰ ਕੀ ਪਰਿਭਾਸ਼ਾ:
ਰੁੱਖੀ ਸੁੱਖੀ ਖਾਇ ਕੈ ਠੰਡਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥
ਪ੍ਰੀਤ ਤੇ ਜੋਬਨ:—
ਜੋਬਨ ਜਾਂਦੇ ਨਾ ਡਰਾਂ ਜੇ ਸਹੁ ਪ੍ਰੀਤਿ ਨ ਜਾਇ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥

ਬਿਰਹਾ :—
ਬਿਰਹਾ-ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣੁ ਮਸਾਨ॥
ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥
ਬੇ ਮੁਹਤਾਜੀ :—
ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂੰ ਐਵੇਂ ਰਖਸੀ ਜੀਉ ਸਰੀਰਹੁ ਲੇਹਿ॥
ਹਵਾਦਾਰੀ :—
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ
ਜੇ ਤਉ ਪਿਰੀਆ ਦੀ ਸਿਕ ਹਿਉ ਨ ਠਾਹੇ ਕਹੀ ਦਾ॥
ਰੱਬ ਦੀ ਰਜਾ :—
ਫਰੀਦਾ ਦੁਖ ਸੁੱਖ ਇਕੁ ਕਹਿ ਦਿਲ ਤੇ ਲਾਹਿ ਵਿਕਾਰੁ॥
ਜੇ ਤਉ ਪਿਰੀਆ ਦੀ ਸਿਕ ਹਿਆਊ ਨ ਠਾਹੇ ਕਹੀ ਦਾ॥
ਅਮੀਰ ਸ਼੍ਰੇਣੀ ਸਬੰਧੀ :—
ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੁੱਖ॥
ਜਿਨਾ ਖਾਧੀ ਚੋਪੜੀ ਘਣੇ ਸਹਿਣਗੇ ਦੁੱਖ॥

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ
ਅਗੈ ਗਏ ਸਿੰਵਾਪਸਨਿ ਚੋਟਾਂ ਖਾਸੀ ਕਉਣ॥

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥
ਅਮੀਰੀ ਤੇ ਬੇ ਨਿਆਜੀ :—
ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨਾ ਲਾਏ ਚਿਤੁ॥
ਮਿੱਟੀ ਪਈ ਅਤੋਲਵੀਂ ਕੋਇ ਨਾ ਹੋਸੀ ਮਿਤੁ॥

ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ॥
ਸਾਈ ਜਾਇ ਸਮਾਲਿ, ਜਿਥੈ ਹੀ ਤਉ ਵੰਞਣਾ॥
ਬੁਰੇ ਦਾ ਭਲਾ ਕਰ :—
ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥
ਫਿੱਕਾ ਨਾ ਬੋਲ :—
ਇਕੁ ਫਿਕਾ ਨ ਗਾਲਾਇ ਸਭਨਾ ਮੈਂ ਸਚਾ ਧਣੀ॥
ਹਿਉ ਨ ਕੈਹੀ ਠਾਹਿ ਮਾਣਕ ਸੱਭ ਅਮੋਲਵੇ॥
ਬਾਹਰੀ ਭੇਖ ਦਾ ਖੰਡਨ :—
ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥
ਆਪਾ ਪੜਚੋਲ :—
ਫਰੀਦਾ ਜੇ ਤੂ ਅਕਲਿ ਲਤੀਫੁ ਹੈ ਕਾਲੇ ਲਿਖੁ ਨਾ ਲੇਖੁ
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰ ਦੇਖੁ॥

ਫਰੀਦਾ ਕਾਲੇ ਮੈਡੇ ਕੱਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈਂ ਫਿਰਾ ਲੋਕੁ ਕਹੈ ਦਰਵੇਸੁ॥
ਅਹਿੰਸਾ :—
ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥
ਸੂਫ਼ੀ ਮਤ ਮੁਤਾਬਕ ਰੱਬ ਕਿੱਥੇ ਵੱਸਦਾ?
ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐਂ ਜੰਗਲੁ ਕਿਆ ਢੂਢੇਹਿ॥

ਬਾਬਾ ਫ਼ਰੀਦ ਜੀ ਦੇ ਨਾਮ ਨਾਲ 'ਗੋਦੜੀ' ਦੀ ਦੰਦ ਕਥਾ ਵੀ ਮਸ਼ਹੂਰ ਹੈ। ਜਦੋਂ ਉਹ ਮੋਕਲਹਰ ਪਹੁੰਚੇ ਤਾਂ ਉਨ੍ਹਾਂ ਨੇ ਆਪਣੀ ਗੋਦੜੀ ਉਤਾਰ ਕੇ ਇੱਕ ਦਰਖ਼ਤ ਉੱਤੇ ਟੰਗ ਦਿੱਤੀ। ਪਸ਼ੂ ਚਾਰਨ ਵਾਲੇ ਕੁੱਝ ਮੁੰਡਿਆਂ ਨੇ ਇਸ ਗੋਦੜੀ ਦੀ ਖਿੱਦੋ ਬਣਾ ਕੇ ਖੇਡਣਾ ਸ਼ੁਰੂ ਕਰ ਦਿੱਤਾ। ਜਦੋਂ ਬਾਬਾ ਫ਼ਰੀਦ ਜੀ ਵਾਪਸ ਉੱਥੋਂ ਮੁੜੇ ਤਾਂ ਗੋਦੜੀ ਗਾਇਬ ਸੀ। ਇਸੇ ਦੀ ਯਾਦ ਵਿਚ ਹੁਣ ਗੁਰਦੁਆਰਾ ਗੋਦੜੀ ਸਾਹਿਬ ਬਣਿਆ ਹੋਇਆ ਹੈ। ਇੱਥੇ ਹਰ ਸਾਲ 19 ਤੋਂ 23 ਸਤੰਬਰ ਤੱਕ ਬਾਬਾ ਫ਼ਰੀਦ ਆਗਮਨ ਪੁਰਬ ਵੱਡੇ ਪੱਧਰ ਉੱਤੇ ਮਨਾਇਆ ਜਾਂਦਾ ਹੈ।

# ਦੁਨੀਆ ਵਿਚ ਫੈਲਣ ਲੱਗਾ ਹੈ ਇਕ ਹੋਰ ਮਾਰੂ ਨਸ਼ਾ - ਜ਼ੌਂਬੀ

ਇਸ ਸਮੇਂ ਪੂਰੀ ਦੁਨੀਆ ਦੇ ਦੇਸ਼ ਇਕ ਬੇਹੱਦ ਭਿਆਨਕ ਨਸ਼ੇ ਜ਼ੌਂਬੀ ਤੋਂ ਭੈਭੀਤ ਹਨ, ਜੋ ਬੜੀ ਤੇਜ਼ੀ ਨਾਲ ਫੈਲ ਰਿਹਾ ਹੈ। ਇਸ ਨਵੇਂ ਤੇ ਖ਼ਤਰਨਾਕ ਨਸ਼ੇ ਨੇ ਦੁਨੀਆ ਭਰ ਦੇ ਸਿਹਤ ਮਾਹਿਰਾਂ, ਸਰਕਾਰਾਂ ਤੇ ਸਮਾਜ ਨੂੰ ਗਹਿਰੀ ਚਿੰਤਾ ਵਿਚ ਪਾ ਦਿੱਤਾ ਹੈ। ਅਮਰੀਕਾ ਦੇ ਕਈ ਸੂਬਿਆਂ, ਕੈਨੇਡਾ, ਮੈਕਸੀਕੋ ਤੇ ਕੁਝ ਹੋਰ ਦੇਸ਼ਾਂ ਵਿਚ ਫੈਲ ਫੈਲ ਚੁੱਕੇ ਜ਼ੌਂਬੀ ਡਰੱਗ ਦੇ ਕੁਝ ਮਾਮਲੇ ਯੂਰਪੀਅਨ ਦੇਸ਼ਾਂ ਵਿਚ ਵੀ ਸਾਹਮਣੇ ਆਉਣ ਕਾਰਨ ਦੁਨੀਆ ਦੀਆਂ ਸਿਹਤ ਏਜੰਸੀਆਂ ਹਰਕਤ ਵਿਚ ਆ ਗਈਆਂ ਹਨ, ਕਿਉਂਕਿ ਇਹ ਨਸ਼ਾ ਬੜੀ ਤੇਜ਼ੀ ਨਾਲ ਲੋਕਾਂ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਰਿਹਾ ਹੈ।



ਜ਼ੌਂਬੀ ਤੋਂ ਕੀ ਭਾਵ ਹੈ - ਜ਼ੌਂਬੀ ਫ਼ਿਲਮਾਂ 'ਚ ਇਕ ਅਜਿਹਾ ਕਾਲਪਨਿਕ ਮੁਰਦਾ ਇਨਸਾਨ/ਪਾਤਰ ਹੁੰਦਾ ਹੈ, ਜੋ ਮਰ ਕੇ ਵੀ ਆਪਣੀ ਕਬਰ 'ਚੋਂ ਉੱਠ ਪੈਂਦਾ ਹੈ। ਉਹ ਕੁਝ ਬੋਲਦਾ ਨਹੀਂ, ਕੁਝ ਸੋਚਦਾ ਨਹੀਂ, ਪਰ ਅੱਧਮਰੀ ਹਾਲਤ ਵਿਚ ਹੁੰਦਾ ਹੋਇਆ ਵੀ ਸਨਸਨੀਖੇਜ਼ ਮਾਨਵ ਵਿਰੋਧੀ ਘਟਨਾਵਾਂ ਨੂੰ ਅੰਜ਼ਾਮ ਦਿੰਦਾ ਹੈ। ਇਸ ਨੂੰ ਖਾਸ ਕਰਕੇ ਪੱਛਮੀ ਫ਼ਿਲਮਾਂ ਵਿਚ ਦੂਜੇ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਤੇ ਲੋਕਾਂ ਨੂੰ ਮਾਰ ਕੇ ਉਨ੍ਹਾਂ ਦਾ ਮਾਸ ਖਾਂਦਾ ਦਰਸਾਇਆ ਜਾਂਦਾ ਹੈ, ਜੋ ਅਜੀਬ ਅਨਹੋਣੀਆਂ ਹਰਕਤਾਂ ਕਰਦਾ ਹੈ। ਇਸ ਨੂੰ ਕੁਝ ਨਾਵਲਾਂ ਜਾਂ ਹਾਲੀਵੁੱਡ ਫ਼ਿਲਮਾਂ ਵਿਚ ਕੋਈ ਵਾਇਰਸ ਫੈਲਾਉਂਦੇ ਵਿਖਾਇਆ ਜਾਂਦਾ ਹੈ। ਦਰਅਸਲ ਜ਼ੌਂਬੀ ਇਕ ਅਜਿਹੀ ਲਾਸ਼ ਨੂੰ ਕਹਿ ਸਕਦੇ ਹਾਂ, ਜਿਸ ਨੂੰ ਕਾਲਪਨਿਕ ਢੰਗ ਨਾਲ ਜ਼ਿੰਦਾ ਕਰ ਲਿਆ ਗਿਆ ਹੋਵੇ। ਜਦੋਂ ਇਹ ਕਿਸੇ ਹੋਰ ਇਨਸਾਨ ਨੂੰ ਕੱਟ ਲਵੇ ਜਾਂ ਆਪਣੇ ਪ੍ਰਭਾਵ ਹੇਠ ਲੈ ਲਵੇ ਤਾਂ ਦੂਜਾ ਚੰਗਾ ਭਲਾ ਇਨਸਾਨ ਵੀ ਜ਼ੌਂਬੀ ਬਣ ਕੇ ਅਜੀਬ ਹਰਕਤਾਂ ਕਰਨ ਲੱਗ ਪੈਂਦਾ ਹੈ।

**ਗੁਰਚਰਨ ਸਿੰਘ ਨੂਰਪੁਰ**

ਕੀ ਹੈ ਜ਼ੌਂਬੀ ਡਰੱਗ - ਦੋ ਦਵਾਈਆਂ ਦੇ ਮਿਸ਼ਰਣ ਤੋਂ ਬਣਨ ਵਾਲੇ ਇਸ ਨਸ਼ੇ ਦਾ ਕੋਈ ਪੱਕਾ ਨਾਂਅ ਨਹੀਂ ਹੈ ਪਰ ਪੂਰੀ ਦੁਨੀਆ ਇਸ ਨੂੰ 'ਜ਼ੌਂਬੀ' ਕਹਿਣ ਲੱਗ ਗਈ ਹੈ, ਜਿਸ ਨੂੰ ਲੈਣ ਬਾਅਦ ਬੰਦਾ ਇਕ ਤਰ੍ਹਾਂ ਨਾਲ ਜ਼ਿੰਦਾ ਲਾਸ਼ ਬਣ ਜਾਂਦਾ ਹੈ। ਅਸੀਂ ਕਹਿ ਸਕਦੇ ਹਾਂ 'ਜ਼ੌਂਬੀ ਡਰੱਗ' ਆਮ ਲੋਕਾਂ ਵਲੋਂ ਘੜਿਆ ਤੇ ਪ੍ਰਚਾਰਿਆ ਗਿਆ ਨਾਂਅ ਹੈ। ਇਸ ਨਸ਼ੇ ਦਾ ਅਸਲ ਨਾਂਅ 'ਜ਼ਾਈਲਾਜ਼ੀਨ' ਹੈ। ਜੋ ਖਾਸ ਕਰਕੇ ਵੱਡੇ ਪਸ਼ੂਆਂ ਹਾਥੀ, ਗੈਂਡੇ, ਘੋੜੇ ਤੇ ਗਾਵਾਂ ਆਦਿ ਨੂੰ ਇਲਾਜ ਕਰਨ ਸਮੇਂ ਬੇਹੋਸ਼ ਕਰਨ ਲਈ ਦਿੱਤੀ ਜਾਂਦੀ ਦਵਾਈ ਹੈ, ਇਸ ਦਵਾਈ ਨਾਲ ਇਕ ਹੋਰ ਦਵਾਈ 'ਫੈਂਟਾਨਿਲ' ਨੂੰ ਮਿਲਾ ਕੇ ਜ਼ੌਂਬੀ ਨਸ਼ਾ ਤਿਆਰ ਕੀਤਾ ਜਾਂਦਾ ਹੈ। ਹਾਲਾਂਕਿ ਇਸ ਵਿਚ ਕਈ ਵਾਰ ਹੋਰ ਨਸ਼ੀਲੇ ਪਦਾਰਥ ਹੈਰੋਇਨ, ਕੋਕੇਨ ਤੇ ਹੋਰ ਗੈਰਕਾਨੂੰਨੀ ਕੈਮੀਕਲ ਵੀ ਮਿਲਾਏ ਜਾਂਦੇ ਹਨ। ਇਹ ਮਿਸ਼ਰਣ ਇਸ ਨਸ਼ੇ ਨੂੰ ਬਹੁਤ ਘਾਤਕ ਤੇ ਜਾਨਲੇਵਾ ਬਣਾ ਦਿੰਦਾ ਹੈ, ਕੁਝ ਦੇਸ਼ਾਂ ਦੇ ਨੌਜਵਾਨ ਇਸ ਨਸ਼ੇ ਨੂੰ ਲੈਣ ਲੱਗ ਪਏ ਹਨ।

ਮਨੁੱਖਾਂ 'ਤੇ ਜ਼ੌਂਬੀ ਦਾ ਪ੍ਰਭਾਵ - ਇਸ ਨਸ਼ੇ ਨੂੰ ਲੈਣ ਵਾਲਾ ਬੰਦਾ ਘੰਟਿਆਬੱਧੀ ਕਿਸੇ ਪੱਥਰ ਦੇ ਬੁੱਤ ਵਾਂਗ ਇਕੋ ਥਾਂ ਖੜ੍ਹਾ ਰਹਿੰਦਾ ਹੈ, ਕਿਉਂਕਿ ਇਸ ਨਾਲ ਦਿਮਾਗ ਪੂਰੀ ਤਰ੍ਹਾਂ ਸੁੰਨ ਹੋ ਜਾਂਦਾ ਹੈ। ਉਸ ਦੇ ਸਰੀਰ ਦੀ ਹਰ ਹਰਕਤ ਧੀਮੀ ਹੋ ਜਾਂਦੀ ਹੈ ਤੇ ਆਲੇ-ਦੁਆਲੇ ਦੀ ਸਮਝ ਤੱਕ ਖ਼ਤਮ ਹੋ ਜਾਂਦੀ ਹੈ। ਦਿਲ ਦੀ ਧੜਕਣ ਮੱਠੀ ਪੈਣ ਨਾਲ ਸਾਹ ਲੈਣ ਦੀ ਪ੍ਰਕਿਰਿਆ ਵੀ ਮੱਠੀ ਪੈ ਜਾਂਦੀ ਹੈ ਤੇ ਬਲੱਡ ਪ੍ਰੈਸ਼ਰ ਵੀ ਘਟ ਜਾਂਦਾ ਹੈ। ਇਹ ਨਸ਼ਾ ਲੈਣ ਵਾਲਿਆਂ ਦੀ ਸੁੱਧ-ਬੁੱਧ ਗੁਆਚ ਜਾਂਦੀ ਹੈ, ਖ਼ੂਨ ਦੀਆਂ ਨਸਾਂ ਸੁੰਗੜਨ ਕਾਰਨ ਪੂਰੇ ਸਰੀਰ ਤੇ ਚਮੜੀ ਵਿਚ ਆਕਸੀਜਨ ਦੀ ਸਪਲਾਈ ਘਟਣ ਨਾਲ ਚਮੜੀ 'ਤੇ ਜ਼ਖ਼ਮ ਹੋਣ ਲੱਗਦੇ ਹਨ। ਸਰੀਰ ਦੇ ਟਿਸ਼ੂ ਹੌਲੀ-ਹੌਲੀ ਮਰਨ ਲੱਗਦੇ ਹਨ, ਹੱਥਾਂ-ਪੈਰਾਂ 'ਤੇ ਸੋਜ ਪੈਣ ਕਾਰਨ ਗੈਂਗਰੀਨ ਹੋਣ ਲੱਗਦੀ ਹੈ। ਇਹ ਅਜਿਹਾ ਨਸ਼ਾ ਹੈ, ਜੋ ਮਨੁੱਖ ਦੇ ਦਿਲ, ਦਿਮਾਗ, ਸਾਹ ਪ੍ਰਣਾਲੀ ਤੇ ਚਮੜੀ 'ਤੇ ਇਕੋ ਸਮੇਂ ਹਮਲਾ ਕਰਦਾ ਹੈ। ਜੋ ਲੋਕ ਲਗਾਤਾਰ ਜ਼ੌਂਬੀ ਡਰੱਗ ਦੀ ਵਰਤੋਂ ਕਰਦੇ ਹਨ, ਉਨ੍ਹਾਂ ਦੀ ਯਾਦਦਾਸ਼ਤ ਖ਼ਤਮ ਹੋਣ ਲੱਗਦੀ ਹੈ। ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਚੰਗੇ ਤੇ ਮਾੜੇ ਦਾ ਫਰਕ ਕਰਨ ਯੋਗ ਨਹੀਂ ਰਹਿੰਦੇ। ਇਸ ਨਸ਼ੇ ਦਾ ਸੇਵਨ ਕਰਨ ਵਾਲਿਆਂ ਦੀ ਬਹੁਤ ਜਲਦੀ ਮੌਤ ਜਾਂਦੀ ਹੈ, ਫਿਰ ਵੀ ਲੋਕ ਇਸ ਨਸ਼ੇ ਦਾ ਸੇਵਨ ਕਰ ਰਹੇ ਹਨ।

ਜ਼ੌਂਬੀ ਦੀ ਸ਼ੁਰੂਆਤ - ਇਹ ਨਸ਼ਾ ਸਭ ਤੋਂ ਪਹਿਲਾਂ ਅਮਰੀਕੀ ਦੇਸ਼ ਪਿਊਰਟੋ ਰੀਕੋ 'ਤੋਂ ਸ਼ੁਰੂ ਹੋਇਆ ਹੈ, ਜੋ ਛੋਟੇ-ਛੋਟੇ ਟਾਪੂਆਂ ਦਾ ਸਮੂਹ ਹੈ। ਇਹ ਦੇਸ਼ ਸਪੇਨੀ, ਅਫਰੀਕੀ ਤੇ 'ਤੇ ਸਥਾਨਕ ਤਾਈਨੋ ਲੋਕਾਂ ਦਾ ਸੁਮੇਲ ਹੈ। ਇੱਥੋਂ ਸ਼ੁਰੂ ਹੋਇਆ ਇਹ ਨਸ਼ਾ ਬੜੀ ਤੇਜ਼ੀ ਨਾਲ ਹੋਰ ਮੁਲਕਾਂ ਤੱਕ ਫੈਲ ਚੁੱਕਾ ਹੈ। ਇਹ ਦੁਨੀਆ 'ਚ ਇਕੋ-ਇਕ ਅਜਿਹਾ ਨਸ਼ਾ ਹੈ, ਜਿਸ ਦਾ ਨਾਂਅ ਜ਼ੌਂਬੀ ਹੈ ਤੇ ਇਸ ਨੂੰ ਲੈਣ ਵਾਲਿਆਂ ਨੂੰ ਵੀ ਜ਼ੌਂਬੀ ਕਿਹਾ ਜਾਂਦਾ ਹੈ। ਅਮਰੀਕਾ ਦੇ ਕੁਝ ਇਲਾਕਿਆਂ ਦੇ



ਚੌਕਾਂ, ਸੜਕਾਂ, ਬਾਜ਼ਾਰਾਂ ਵਿਚ ਇਸ ਨਸ਼ੇ ਦੀ ਵਰਤੋਂ ਕਰਕੇ ਲੋਕ ਬੁੱਤ ਬਣ ਕੇ ਖੜ੍ਹੇ ਦਿਖਾਈ ਦਿੰਦੇ ਹਨ। ਨਸ਼ੇ ਨਾਲ ਧੁੱਤ ਹੋ ਕੇ ਬੁੱਤ ਬਣ ਕੇ ਖੜ੍ਹੇ ਨੌਜਵਾਨ ਲੜਕੇ-ਲੜਕੀਆਂ ਦੀਆਂ ਤਸਵੀਰਾਂ ਤੇ ਵੀਡੀਓਜ਼ ਵੇਖਣ ਵਾਲਿਆਂ ਨੂੰ ਦੁਖੀ ਕਰ ਦਿੰਦੀਆਂ ਹਨ। ਮਹਿੰਗੇ ਨਸ਼ਿਆਂ ਦੇ ਮੁਕਾਬਲੇ ਸਸਤਾ ਹੋਣ ਕਰਕੇ ਇਹ ਨਸ਼ਾ ਬੜੀ ਤੇਜ਼ੀ ਨਾਲ ਫੈਲ ਰਿਹਾ ਹੈ।

ਬਚਾਅ ਲਈ ਯਤਨ - ਸਰਕਾਰਾਂ ਨੂੰ ਹਰ ਤਰ੍ਹਾਂ ਦੇ ਨਸ਼ਿਆਂ ਨੂੰ ਰੋਕਣ ਲਈ ਢੁਕਵੇਂ ਯਤਨ ਕਰਨ ਦੇ ਨਾਲ ਹੀ ਨਸ਼ਿਆਂ ਨੂੰ ਰੋਕਣ ਲਈ ਰਵਾਇਤੀ ਢੰਗਾਂ ਦੀ ਬਜਾਏ ਨਵੇਂ ਢੰਗ-ਤਰੀਕੇ ਖੋਜਣ ਦੀ ਲੋੜ ਹੈ, ਕਿਉਂਕਿ ਮੌਜੂਦਾ ਪ੍ਰਸ਼ਾਸਨਿਕ ਵਿਵਸਥਾ ਨਸ਼ਿਆਂ ਦੇ ਪ੍ਰਕੋਪ ਨੂੰ ਰੋਕਣ ਲਈ ਨਾ-ਕਾਫ਼ੀ ਹੈ। ਨਸ਼ੇ ਕਰਨ ਵਾਲਿਆਂ ਦਾ ਇਲਾਜ ਕਰਨ ਦੇ ਨਾਲ-ਨਾਲ ਨਸ਼ਿਆਂ ਦੀਆਂ ਸਪਲਾਈ ਲਾਈਨਾਂ ਕੱਟਣ ਲਈ ਵੱਡੇ ਪੱਧਰ 'ਤੇ ਯਤਨ ਕਰਦਿਆਂ ਨਸ਼ਿਆਂ ਦੀ ਰੋਕਥਾਮ ਲਈ ਇਨ੍ਹਾਂ ਦੇ ਸਰੋਤਾਂ ਨੂੰ ਬੰਦ ਕਰਨ ਲਈ ਢੁਕਵੇਂ ਕਦਮ ਚੁੱਕਣ ਦੀ ਲੋੜ ਹੈ। ਨਸ਼ੇ ਤੇ ਅਪਰਾਧ ਦਾ ਆਪਸੀ ਗੂੜਾ ਸਬੰਧ ਹੁੰਦਾ ਹੈ, ਜੇਕਰ ਕਿਸੇ ਸਮਾਜ ਵਿਚ ਨਸ਼ਿਆਂ ਦਾ ਪ੍ਰਕੋਪ ਵਧੇਗਾ ਤਾਂ ਯਕੀਨਨ ਅਪਰਾਧ ਵੀ ਵਧਣਗੇ। ਫ਼ਸਲਾਂ ਦੇ ਰੂਪ ਵਿਚ ਪੈਦਾ ਹੋਣ ਵਾਲੇ ਤੇ ਕੁਝ ਹੱਦ ਤੱਕ ਸੁਰੱਖਿਅਤ ਨਸ਼ੇ - ਪੋਸਤ, ਅਫੀਮ ਆਦਿ - ਸ਼ਰਾਬ ਦੇ ਨਸ਼ੇ ਤੋਂ ਵੀ ਘੱਟ ਮਾਰੂ ਹਨ, ਸਰਕਾਰਾਂ ਨੂੰ ਇਨ੍ਹਾਂ ਦੀ ਬਿਜਾਈ ਕਰਾਉਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਲੋਕਾਂ ਵਿਚ ਵਧ ਰਹੀਆਂ ਮਾਨਸਿਕ ਬਿਮਾਰੀਆਂ ਤੇ ਇਨ੍ਹਾਂ ਦੇ ਇਲਾਜ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਆਸਾਨੀ ਨਾਲ ਮਿਲਣ, ਇਸ ਸੰਬੰਧੀ ਵੀ ਸਿਹਤ ਮਾਹਿਰਾਂ ਨੂੰ ਗੰਭੀਰ ਵਿਚਾਰ ਚਰਚਾ ਕਰਨ ਦੀ ਲੋੜ ਹੈ। ਸਕੂਲਾਂ, ਕਾਲਜਾਂ ਵਿਚ ਨਸ਼ੇ ਤੇ ਇਨ੍ਹਾਂ ਨਾਲ ਹੋਣ ਵਾਲੇ ਸਰੀਰਕ ਤੇ ਮਾਨਸਿਕ ਰੋਗਾਂ ਸੰਬੰਧੀ ਬੱਚਿਆਂ ਨੂੰ ਸੁਚੇਤ ਕਰਨ ਦੀ ਬਹੁਤ ਲੋੜ ਹੈ। ਮਨ ਦੀ ਬੇਚੈਨੀ, ਉਦਾਸੀ ਤੇ ਨਿਰਾਸ਼ਾ ਨੂੰ ਕਿਸੇ ਨਸ਼ੇ ਨਾਲ ਦੂਰ ਕਰਨ ਦੀ ਬਜਾਏ ਇਸ ਸਥਿਤੀ 'ਚੋਂ ਬਾਹਰ ਨਿਕਲਣ ਬਾਰੇ ਸਾਡੇ ਸਮਾਜ ਨੂੰ ਵੀ ਸਿੱਖਿਅਤ ਕਰਨ ਦੀ ਲੋੜ ਹੈ।

ਨਸ਼ਾ ਕੋਈ ਵੀ ਹੋਵੇ, ਇਸ ਨੂੰ ਲੈਣ ਨਾਲ ਸਾਡੀ ਸਰੀਰਕ-ਮਾਨਸਿਕ ਸਿਹਤ, ਘਰ ਦੀ ਅਰਥ ਵਿਵਸਥਾ, ਸਾਡਾ ਮਾਣ-ਸਨਮਾਨ ਸਭ ਤਬਾਹ ਹੋਣ ਲੱਗਦੇ ਹਨ। ਹੁਣ ਤੱਕ ਨਸ਼ੇ ਲੱਖਾਂ ਨੌਜਵਾਨਾਂ ਤੇ ਅਨੇਕਾਂ ਪ੍ਰਤਿਭਾਵਾਂ ਨੂੰ ਖ਼ਤਮ ਕਰ ਚੁੱਕੇ ਹਨ, ਲੱਖਾਂ ਘਰ ਨਸ਼ਿਆਂ ਕਾਰਨ ਖ਼ਤਮ ਹੋ ਚੁੱਕੇ ਹਨ। ਹੁਣ ਨਸ਼ਿਆਂ ਤੋਂ ਬਚਾਅ ਤੇ ਮਨੁੱਖ ਦੀ ਮਾਨਸਿਕ ਸਿਹਤ ਨੂੰ ਤੰਦਰੁਸਤ ਰੱਖਣ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾਣ ਦੀ ਲੋੜ ਹੈ। ਨਸ਼ਿਆਂ ਦੀ ਰੋਕਥਾਮ ਲਈ ਸਾਡੀਆਂ ਸਰਕਾਰਾਂ ਨੂੰ ਰਵਾਇਤੀ ਲੀਹਾਂ ਤੋਂ ਹਟ ਕੇ ਸੋਚਣ, ਵਿਚਾਰਨ ਤੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਦੀ ਲੋੜ ਹੈ। ਭਵਿੱਖ ਵਿਚ ਜਦੋਂ ਏ.ਆਈ. ਦੇ ਚੱਲਦਿਆਂ ਸਾਡੇ ਹੱਥੀਂ ਕੀਤੇ ਜਾਣ ਵਾਲੇ ਕੰਮ ਹੋਰ ਵੀ ਘਟਣ ਨਾਲ ਵਿਹਲ ਹੋਰ ਵੀ ਵਧ ਜਾਵੇਗੀ। ਦੁਨੀਆ ਭਰ 'ਚ ਬੇਰੁਜ਼ਗਾਰੀ ਹਰ ਦਿਨ ਵਧਦੀ ਜਾ ਰਹੀ ਹੈ, ਇਸ ਸਥਿਤੀ ਵਿਚ ਮਨੁੱਖ ਦੇ ਵਿਹਾਰ ਵਿਚ ਪਤਾ ਨਹੀਂ ਕੀ-ਕੀ ਤਬਦੀਲੀਆਂ ਹੋਣਗੀਆਂ? ਮਨੁੱਖ ਵਿਹਲਾ ਅਤੇ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਕਿਵੇਂ ਰਹੇਗਾ, ਇਸ ਸੰਬੰਧੀ ਦੁਨੀਆ ਭਰ ਦੇ ਸਿਹਤ ਮਾਹਿਰਾਂ ਨੂੰ ਗੰਭੀਰ ਚਰਚਾ ਛੇੜਨ ਦੀ ਜ਼ਰੂਰਤ ਹੈ।

# ਜਮਹੂਰੀਅਤ ਦੀ ਰਾਖੀ ਲਈ ਲੋਕ ਅੰਦੋਲਨ ਜ਼ਰੂਰੀ

ਜਸਵੰਤ ਜੀਰਖ
ਫ਼ੋਨ: 98151-69825

ਸਾਡੇ ਦੇਸ਼ ਵਿਚ ਹਰ ਪਾਸੇ ਹੋ ਰਹੀਆਂ ਸੰਵਿਧਾਨਕ ਉਲੰਘਣਾਵਾਂ ਰਾਹੀਂ ਮਨੁੱਖੀ ਜਮਹੂਰੀਅਤ ਦਾ ਮਲੀਆਮੇਟ ਕਰਨ ਦਾ ਦੌਰ ਪੂਰੇ ਜ਼ੋਰ ਨਾਲ ਆਪਣੇ ਰੰਗ ਵਿਖਾ ਰਿਹਾ ਹੈ। ਸੱਤਾ 'ਤੇ ਬਿਰਾਜਮਾਨ ਸਿਆਸਤਦਾਨ ਜੋ ਚੋਣਾਂ ਸਮੇਂ ਆਪਣੇ ਆਪ ਨੂੰ ਲੋਕਾਂ ਦੇ ਸੇਵਕ ਹੋਣ ਦਾ ਦੰਭ ਕਰਕੇ ਲੋਕਾਂ ਨੂੰ ਭਰਮਾਉਂਦੇ ਹਨ, ਪਰ ਜਦੋਂ ਸੱਤਾ ਉੱਪਰ ਕਾਬਜ਼ ਹੋ ਕੇ ਸੇਵਕ ਦੀ ਬਜਾਏ ਦੇਸ਼ ਦੇ ਮਾਲਕ ਬਣ ਲੋਕਾਂ ਦੀ ਥਾਂ ਕਿਹਨਾਂ ਦੀ ਸੇਵਾ ਕਰਦੇ ਹਨ, ਸਭ ਨੰਗਾ ਹੋ ਜਾਂਦਾ ਹੈ।

ਹਰ ਵਿਭਾਗ ਦੇ ਛੋਟੇ-ਵੱਡੇ ਅਧਿਕਾਰੀਆਂ, ਇੱਥੋਂ ਤੱਕ ਕਿ ਇਨਸਾਫ਼ ਦੇ ਫਰਿਸ਼ਤੇ ਜੱਜਾਂ ਵੱਲੋਂ ਵੀ ਦੇਸ਼ ਦੇ ਅਸਲ ਮਾਲਕ ਲੋਕਾਂ ਨੂੰ ਕਿਵੇਂ ਕੀੜੇ-ਮਕੌੜੇ ਸਮਝ ਕੇ ਉਨ੍ਹਾਂ ਪ੍ਰਤੀ ਕੀਤਾ ਜਾਂਦਾ ਦੁਰਵਿਹਾਰ ਜਮਹੂਰੀਅਤ ਦੇ ਸ਼ਬਦ ਨੂੰ ਹੀ ਸ਼ਰਮਸਾਰ ਕਰ ਰਿਹਾ ਹੈ। ਲੋਕਾਂ ਵੱਲੋਂ ਹਰ ਰੋਜ਼ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਅਤੇ ਸੱਤਾ 'ਤੇ ਬਿਰਾਜਮਾਨ ਮੰਤਰੀਆਂ/ਮੁੱਖ ਮੰਤਰੀਆਂ ਨੂੰ ਮੰਗ ਪੱਤਰ ਦੇਣ ਦੀ ਜਮਹੂਰੀ ਪ੍ਰਕਿਰਿਆ ਬਾਰ-ਬਾਰ ਦੋਹਰਾਈ ਜਾਂਦੀ ਹੈ, ਪਰ ਇਸ ਦੇ ਬਾਵਜੂਦ ਇਨ੍ਹਾਂ ਸਾਰੇ ਜ਼ੁੰਮੇਵਾਰਾਂ ਵੱਲੋਂ ਕੋਈ ਠੋਸ ਕਾਰਵਾਈ ਕਰਨ ਦੀ ਬਜਾਏ ਸਿਰਫ ਗੋਂਗਲੂਆਂ ਤੋਂ ਮਿੱਟੀ ਝਾੜਨ ਦੀ ਕਹਾਵਤ ਅਨੁਸਾਰ ਹਾਂ-ਹੂੰ ਕਰਕੇ ਲੋਕਾਂ ਨੂੰ ਟਾਲ-ਮਟੋਲ ਕਰਨ ਦੀ ਨੀਤੀ ਰਾਹੀਂ ਟਾਲਣ ਤੋਂ ਵੱਧ ਕੁਝ ਵੀ ਪੱਲੇ ਨਹੀਂ ਪਾਇਆ ਜਾ ਰਿਹਾ। ਜਦੋਂ ਬਾਰ-ਬਾਰ ਅਜਿਹਾ ਵਾਪਰਨ ਨਾਲ ਦੇਸ਼ ਦੇ ਅਸਲ ਮਾਲਕ, ਭਾਵ ਲੋਕ ਆਪਣੇ ਚੁਣੇ ਹੋਏ ਨੁਮਾਇੰਦਿਆਂ ਅਤੇ ਅਫਸਰਸ਼ਾਹੀ ਨੂੰ ਪੁੱਛਣ ਲਈ ਆਪਣੇ ਜਮਹੂਰੀ ਅਧਿਕਾਰ ਦੀ ਵਰਤੋਂ ਕਰਦੇ ਹਨ ਤਾਂ ਇਨ੍ਹਾਂ ਮਾਲਕ ਬਣ ਬੈਠੇ ਮੱਕਾਪ੍ਰਸਤਾਂ ਵੱਲੋਂ ਸੱਤਾ ਦੇ ਗਰੂਰ ਵਿਚ ਸ਼ਾਂਤਮਈ ਰੋਸ ਪ੍ਰਗਟਾਉਂਦੇ ਲੋਕਾਂ ਨਾਲ ਜੋ ਵਰਤਾਓ ਕੀਤਾ ਜਾਂਦਾ ਹੈ, ਉਹ ਦੇਸ਼ ਦੇ ਹਰ ਖੇਤਰ ਵਿਚ ਹਰ ਰੋਜ਼ ਹੁੰਦਾ ਵੇਖ ਰਹੇ ਹਾਂ। ਕਿਵੇਂ ਕਿਸਾਨਾਂ, ਮਜ਼ਦੂਰਾਂ, ਬੇਰੁਜ਼ਗਾਰਾਂ, ਵਿਦਿਆਰਥੀਆਂ, ਮੁਲਾਜ਼ਮਾਂ, ਪੈਨਸ਼ਨਰਾਂ ਉੱਪਰ ਪਾਣੀ ਦੀਆਂ ਬੁਛਾੜਾਂ, ਲਾਠੀਆਂ ਅੱਥਰੂ ਗੈਸ ਗੋਲਿਆਂ ਰਾਹੀਂ ਹਮਲੇ ਹੀ ਨਹੀਂ ਕੀਤੇ ਜਾਂਦੇ, ਸਗੋਂ ਝੂਠੇ ਕੇਸ ਮੜ੍ਹ ਕੇ ਜੇਲ੍ਹੀ ਡੱਕਿਆ ਜਾ ਰਿਹਾ ਹੈ। ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਸੂਬਾ ਤੇ ਕੇਂਦਰ ਸਰਕਾਰਾਂ ਵੱਲੋਂ ਪੁਲਿਸ ਨੂੰ ਖੁੱਲ੍ਹੀ ਛੁੱਟੀ ਦੇ ਕੇ ਦੇਸ਼ ਨੂੰ ਪੁਲਿਸ ਰਾਜ ਵਿਚ ਤਬਦੀਲ ਕੀਤਾ ਜਾ ਰਿਹਾ ਹੈ। 34 ਸਾਲਾ ਟਿਊਟਰ ਨਰਿੰਦਰਦੀਪ ਸਿੰਘ ਦੀ ਪੁਲਿਸ ਤਸ਼ੱਦਦ ਕਾਰਨ ਹੋਈ ਮੌਤ ਦੀ ਘਟਨਾ ਸਮੇਤ ਹੋਰ ਅਨੇਕਾਂ ਹੀ ਅਜਿਹੇ ਦਰਦਨਾਕ ਵਰਤਾਰੇ ਹਨ, ਜਿਹੜੇ ਇਸ ਜੰਗਲ ਰਾਜ ਦੀ ਗਵਾਹੀ ਭਰਦੇ ਹਨ। ਇਸੇ ਤਰ੍ਹਾਂ ਆਏ ਦਿਨ ਪੁਲਿਸ ਮੁਕਾਬਲੇ ਦੇ ਨਾਂ ਹੇਠ ਮਨੁੱਖੀ ਜ਼ਿੰਦਗੀਆਂ ਦਾ ਘਾਣ ਹੋ ਰਿਹਾ ਹੈ।



ਲੋਕਾਂ ਉੱਪਰ ਹੋ ਰਹੇ ਅਜਿਹੇ ਅੱਤਿਆਚਾਰਾਂ ਦਾ ਦੇਸ਼ ਦੀਆਂ ਉੱਚ ਅਦਾਲਤਾਂ ਨੂੰ ਨੋਟਿਸ ਲੈਣਾ ਬਣਦਾ ਹੈ, ਪਰ ਕਿਸੇ ਨੇ ਵੀ ਸਰਕਾਰ ਵੱਲੋਂ ਲੋਕਾਂ ਉਪਰ ਕੀਤੇ ਅੱਤਿਆਚਾਰਾਂ ਬਾਰੇ ਪੁੱਛਣ ਤੱਕ ਦੀ ਵੀ ਲੋੜ ਨਹੀਂ ਸਮਝੀ। ਮਾਨਯੋਗ ਕਹੇ ਜਾਂਦੇ ਜੱਜਾਂ ਦੀ ਮਾਨਸਿਕਤਾ ਕੁਝ ਕੁ ਮਾਮਲਿਆਂ ਨੂੰ ਛੱਡ, ਸੱਤਾਧਾਰੀਆਂ ਦੀ ਰੱਖਿਆ ਕਰਨ ਵਾਲੀ ਬਣ ਰਹੀ ਹੈ, ਕਿਉਂਕਿ ਉਨ੍ਹਾਂ ਨੂੰ ਸੇਵਾ ਮੁਕਤੀ ਉਪਰੰਤ ਸਰਕਾਰ ਵੱਲੋਂ ਕੋਈ ਉੱਚ ਅਹੁਦਾ ਮਿਲਣ ਦੀ ਝਾਕ ਹੁੰਦੀ ਹੈ। ਲੋਕ ਜੋ ਕਿ ਦੇਸ਼ ਦੇ ਮਾਲਕ ਹੁੰਦੇ ਹਨ ਅਤੇ ਹਾਕਮ ਇਨ੍ਹਾਂ ਦੇ ਨੌਕਰ, ਜਿਨ੍ਹਾਂ ਨੇ ਦੇਸ਼ ਦੇ ਮਾਲਕਾਂ ਭਾਵ ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨੀ ਹੁੰਦੀ ਹੈ, ਉਨ੍ਹਾਂ ਦੇ ਮੌਲਿਕ ਅਧਿਕਾਰਾਂ ਸਮੇਤ ਇੱਥੋਂ ਦੇ ਵਾਤਾਵਰਣ, ਕੁਦਰਤੀ ਸਰੋਤਾਂ ਦੀ ਰੱਖਿਆ ਅਤੇ ਦੇਸ਼ ਦੇ ਵਿਕਾਸ ਲਈ ਨੀਤੀਆਂ ਤਹਿ ਕਰਨੀਆਂ ਹੁੰਦੀਆਂ ਹਨ, ਪਰ ਹਵਾ ਨੂੰ ਗੁਰੂ ਅਤੇ ਪਾਣੀ ਨੂੰ ਪਿਤਾ ਮੰਨ ਕੇ ਇਨ੍ਹਾਂ ਵਿਚ ਜ਼ਹਿਰ ਘੋਲਣ ਵਾਲੇ, ਮੁਲਕ ਦੀਆਂ ਨਦੀਆਂ ਦੇ ਪਾਣੀਆਂ ਸਮੇਤ ਸ਼ੁੱਧ ਹਵਾਵਾਂ ਵਿਚ ਧਰਮ ਦੇ ਪਰਦੇ ਹੇਠ ਤੀਰਥਾਂ ਅਤੇ ਤਿਉਹਾਰਾਂ ਸਮੇਂ ਗੰਧਲਾ ਕਰਨ ਦੀ ਕੋਈ ਕਸਰ ਨਹੀਂ ਛੱਡਦੇ। ਲੋਕਾਂ ਦੀ ਗੈਰ-ਵਿਗਿਆਨਿਕ ਅੰਧਵਿਸ਼ਵਾਸੀ ਧਰਮ ਅਧਾਰਤ ਆਸਥਾ ਨੂੰ ਸਰਕਾਰ ਵੱਲੋਂ ਮਾਨਤਾ ਦੇ ਕੇ ਵਾਤਾਵਰਣ ਗੰਧਲਾ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਜਾਂਦੀ ਹੈ। ਗੰਗਾ ਨਦੀ ਵਿਚ ਹਜ਼ਾਰਾਂ ਕਵਿੰਟਲ ਕਚਰੇ ਰਾਹੀਂ ਗੰਦ ਪਾਉਣ ਵਾਲੇ ਇਨ੍ਹਾਂ ਧਰਮੀ ਅਖਵਾਉਣ ਵਾਲਿਆਂ ਵੱਲੋਂ ਪਾਏ ਕੂੜੇ-ਕਰਕਟ ਨੂੰ ਚੁੱਕਣ ਉਪਰ ਲੋਕਾਂ ਦੀ ਕਿਰਤ ਰਾਹੀਂ ਭਰੇ ਖਜ਼ਾਨੇ ਵਿਚੋਂ ਕਰੋੜਾਂ ਰੁਪਏ ਦਾ ਖਰਚ ਕੀਤਾ ਗਿਆ। ਇਸ ਖਰਚ ਨੂੰ ਹੋਰ ਉਸਾਰੂ ਕੰਮਾਂ ਲਈ ਵਰਤਿਆ ਜਾ ਸਕਦਾ ਸੀ, ਪਰ ਇੱਥੇ ਅਜਿਹੇ ਕਰਮ ਕਾਂਡਾਂ ਰਾਹੀਂ ਗੰਦਗੀ ਫੈਲਾਉਣ ਵਿਰੁੱਧ ਕਾਨੂੰਨ ਬਣਾ ਕੇ ਲੋਕਾਂ ਨੂੰ ਚੰਗੀ ਜ਼ਿੰਦਗੀ ਦੇਣ ਦੀ ਬਜਾਏ, ਉਨ੍ਹਾਂ ਨੂੰ ਹੋਰ ਮਾਨਸਿਕ ਗੁਲਾਮ ਅਤੇ ਕੰਗਾਲ ਬਣਾ ਕੇ ਪੂੰਜੀਪਤੀਆਂ/ਦੇਸੀ-ਵਿਦੇਸ਼ੀ ਕੰਪਨੀਆਂ/ਕਾਰਪੋਰੇਟਾਂ ਨੂੰ ਹੋਰ ਮਾਲੋ-ਮਾਲ ਕਰਨ ਲਈ ਨੀਤੀਆਂ ਬਣਾਈਆਂ ਜਾ ਰਹੀਆਂ ਹਨ।

ਆਦਿ ਵਾਸੀ ਇਲਾਕਿਆ ਵਿਚ ਵਿਕਾਸ ਦੇ ਨਾਂ ਹੇਠ ਉਨ੍ਹਾਂ ਦੀ ਰੋਜ਼ੀ-ਰੋਟੀ ਦੇ ਸਾਧਨ ਖਤਮ ਕਰਕੇ ਹਜ਼ਾਰਾਂ ਏਕੜ ਜੰਗਲਾਂ ਦੇ ਉਜਾੜੇ ਨੂੰ ਵਿਕਾਸ ਦਾ ਨਾਂ ਦੇ ਕੇ, ਕਾਰਪੋਰੇਟਾਂ ਦੇ ਮੁਨਾਫੇ ਵਧਾਉਣ ਲਈ ਮਨੁੱਖੀ ਤਬਾਹੀ ਕੀਤੀ ਜਾ ਰਹੀ ਹੈ। ਅਜਿਹੇ ਵਰਤਾਰਿਆਂ ਨੂੰ ਰੋਕਣ ਲਈ ਸਿਆਸਤਦਾਨਾਂ, ਉੱਚ ਅਧਿਕਾਰੀਆਂ ਅਤੇ ਅਦਾਲਤਾਂ ਵੱਲੋਂ ਕੋਈ ਕਦਮ ਨਹੀਂ ਚੁੱਕੇ ਜਾ ਰਹੇ, ਜਿਸ ਕਰਕੇ ਦੇਸ਼ ਦੇ ਹਿਤ ਵਿਚ ਅਗਾਂਹਵਧੂ ਮਨੁੱਖਤਾ ਪੱਖੀ ਲੋਕਾਂ ਨੂੰ ਅੱਗੇ ਆਉਣ ਦੀ ਲੋੜ ਹੈ।

ਦੇਸ਼ ਦੇ ਸਾਰੇ ਕਮਾਊ ਅਦਾਰੇ ਇੱਕ-ਇੱਕ ਕਰਕੇ ਵਿਉਪਾਰਕ ਅਦਾਰਿਆਂ/ ਕਾਰਪੋਰੇਟਾਂ ਦੀ ਝੋਲੀ ਪਾਏ ਗਏ ਅਤੇ ਜੋ ਬਚਦੇ ਹਨ, ਉਨ੍ਹਾਂ ਲਈ ਵੀ ਤਿਆਰੀਆਂ ਜਾਰੀ ਹਨ। ਪੈਟਰੋਲ, ਡੀਜ਼ਲ ਦੇ ਰੇਟਾਂ ਵਿਚ ਵਿਸ਼ਵ ਮਾਰਕੀਟ ਵਿਚ ਵੱਡੀ ਪੱਧਰ 'ਤੇ ਹੇਠਾਂ ਆਣ ਦੇ ਬਾਵਜੂਦ ਤੇਲ ਕੰਪਨੀਆਂ ਦੇ ਮੁਨਾਫੇ ਘਟਾਉਣ ਦੀ ਥਾਂ ਉੱਚੇ ਭਾਅ ਵੇਚ ਕੇ ਲੋਕਾਂ ਦੀ ਲੁੱਟ ਕਰਨ ਲਈ ਦਿੱਤੀ ਖੁੱਲ੍ਹੀ ਛੋਟ ਪ੍ਰਤੱਖ ਹੈ। ਇਸ ਤਰ੍ਹਾਂ ਲੋਕਾਂ ਰਾਹੀਂ ਚੁਣੀਆਂ ਸਰਕਾਰਾਂ ਵੱਲੋਂ ਦੇਸ਼ ਦੇ ਕਾਰੋਬਾਰ ਆਪਣੇ ਪ੍ਰਬੰਧਾਂ ਹੇਠ ਕੱਢ ਵੱਡੇ-ਵੱਡੇ ਪੂੰਜੀਪਤੀਆਂ ਨੂੰ ਦਿੱਤੇ ਜਾ ਰਹੇ ਹਨ, ਜਿਸ ਦੇ ਸਿੱਟੇ ਆਮ ਲੋਕਾਂ ਨੂੰ ਬੇਰੁਜ਼ਗਾਰੀ, ਘੱਟ ਵੇਤਨ, ਗਰੀਬੀ, ਮਹਿੰਗਾਈ, ਅਨਪੜ੍ਹਤਾ ਆਦਿ ਦੇ ਰੂਪ ਵਿਚ ਭਗਤਣੇ ਪੈ ਰਹੇ ਹਨ।

ਦੇਸ਼ ਨੂੰ ਸਭ ਤੋਂ ਵੱਡਾ ਲੋਕਤੰਤਰ ਕਹੇ ਜਾਣ ਵਾਲੇ ਰਾਜ ਪ੍ਰਬੰਧ ਅਧੀਨ ਸੱਤਾ 'ਤੇ ਕਾਬਜ਼ ਸਿਆਸੀ ਧਿਰ ਅਤੇ ਸੱਤਾ ਉੱਪਰ ਕਾਬਜ਼ ਹੋਣ ਦੇ ਯਤਨ ਕਰ ਰਹੀ ਸਤਾਹੀਣ ਧਿਰ ਵੱਲੋਂ ਵੋਟਾਂ ਵੇਲੇ ਜੋ ਧੱਕੇਸ਼ਾਹੀ, ਬਦਮਾਸ਼ੀ, ਕੁੱਟਮਾਰ ਅਤੇ ਚੋਣ ਬੂਥਾਂ 'ਤੇ ਕਬਜ਼ੇ ਕਰਨ ਵਰਗੇ ਕਾਂਡ, ਲੋਕ ਅਕਸਰ ਹੀ ਵੇਖ ਰਹੇ ਹਨ।

ਚੋਣ ਕਮਿਸ਼ਨ ਅਤੇ ਅਦਾਲਤਾਂ ਵੱਲੋਂ ਇਹ ਸਭ ਕੁਝ ਵੇਖਦੇ ਅਤੇ ਜਾਣਦੇ ਹੋਣ ਦੇ ਬਾਵਜੂਦ ਗਲਤ ਦੇ ਖਿਲਾਫ ਕੋਈ ਕਾਰਵਾਈ ਕਰਨੀ ਕਿਉਂ ਉਚਿੱਤ ਨਹੀਂ ਸਮਝੀ ਜਾਂਦੀ? ਵੱਡੇ ਸਵਾਲ ਹਨ। ਵੋਟ ਚੋਰੀ ਇਲੈਕਸ਼ਨ ਕਮਿਸਨ ਕਰ ਰਿਹਾ ਸੀ, ਪਰ ਕਿਸੇ ਵੀ ਅਦਾਲਤ ਵੱਲੋਂ ਉਸ ਨੂੰ ਰੋਕਣ ਦੀ ਬਣਦੀ ਜ਼ੁੰਮੇਵਾਰੀ ਨਹੀਂ ਨਿਭਾਈ। ਇਲੈਕਸ਼ਨ ਕਮਿਸ਼ਨ ਸਰਕਾਰ ਦੇ ਪਿੰਜਰੇ ਦਾ ਤੋਤਾ ਬਣ ਕੇ ਕੰਮ ਕਰ ਰਿਹਾ ਹੈ, ਸੋਸ਼ਲ ਅਤੇ ਪ੍ਰਿੰਟ ਮੀਡੀਆ ਰਾਹੀਂ ਸਭ ਸਾਹਮਣੇ ਆ ਰਿਹਾ ਹੈ। ਜਿਸ ਨੂੰ ਮਰਜ਼ੀ ਚੋਣ ਪ੍ਰਕਿਰਿਆ 'ਚੋਂ ਬਾਹਰ ਕਰ ਦੇਣ, ਜਿਸ ਦੀ ਮਰਜੀ ਵੋਟ ਕੱਟ ਦੇਣ, ਲੋਕ ਪ੍ਰੇਸ਼ਾਨ ਹੋਈ ਜਾਣ, ਕੋਈ ਕਾਨੂੰਨ ਪੁੱਛਣ ਵਾਲਾ ਨਹੀਂ। ਸੁਪਰੀਮ ਕੋਰਟ ਵੱਲੋਂ ਲੋਕਾਂ ਦੀਆਂ ਨਜ਼ਾਇਜ ਕੱਟੀਆਂ ਗਈਆਂ ਵੋਟਾਂ ਬਾਰੇ ਇਹ ਕਹਿ ਕੇ ਪੱਲਾ ਝਾੜ ਲੈਣਾ ਕਿ ਕੋਈ ਗੱਲ ਨਹੀਂ, ਅਗਲੀ ਵਾਰੀ ਠੀਕ ਕਰਵਾ ਲੈਣਾ, ਹੁਣ ਸਮਾਂ ਨਿਕਲ ਗਿਆ ਹੈ, ਜਦੋਂ ਕਿ ਉਨ੍ਹਾਂ ਦਾ ਮੁੱਖ ਕੰਮ ਗਲਤ ਹੋ ਰਹੇ ਨੂੰ ਰੋਕ ਕੇ ਦੋਸ਼ੀ ਖਿਲਾਫ ਕਾਨੂੰਨੀ ਕਾਰਵਾਈ ਕਰਨਾ ਹੈ।

ਇਸੇ ਤਰ੍ਹਾਂ ਬਲਾਤਕਾਰ ਵਰਗੇ ਸੰਗੀਨ ਕੇਸਾਂ ਵਿਚ ਉਮਰ ਕੈਦ ਭੁਗਤ ਰਹੇ ਰਾਮ ਰਹੀਮ, ਆਸਾ ਰਾਮ ਵਰਗੇ ਬਲਾਤਕਾਰੀ ਬਾਬਿਆਂ ਨੂੰ ਦੋਸ਼ ਮੁਕਤ ਕਰਵਾਉਣ ਲਈ ਹੋ ਰਹੇ ਯਤਨ ਕੀ ਦਰਸਾਉਂਦੇ ਹਨ? ਕਿਉਂਕਿ ਇਹ ਸਭ ਸਰਕਾਰੀ ਛਤਰ ਛਾਇਆ ਹੇਠ ਪਲ ਰਹੇ ਉਹ ਬਾਬੇ ਹਨ, ਜਿਨ੍ਹਾਂ ਦੇ ਡੇਰਿਆਂ ਨੂੰ ਸਰਕਾਰਾਂ ਆਪਣੇ ਵੋਟ ਬੈਂਕ ਸਮਝਦੀਆਂ ਹਨ। ਮਨੀਪੁਰ ਵਿਚ ਔਰਤਾਂ ਨੂੰ ਬੇਪੱਤ ਕਰਨ ਵਰਗੀਆਂ ਘਟਨਾਵਾਂ ਸਰਕਾਰੀ ਤੰਤਰ ਦੇ ਝੂਠੇ ਦਾਅਵਿਆਂ 'ਤੋਂ ਪਰਦਾ ਉਠਾਉਣ ਦਾ ਜ਼ਾਹਰਾ ਸਬੂਤ ਹਨ। ਇਸੇ ਤਰ੍ਹਾਂ ਬਿਲਕਸ ਬਾਨੋ ਦੇ ਬਲਾਤਕਾਰੀਆਂ ਨੂੰ ਸੰਸਕਾਰੀ ਬ੍ਰਾਹਮਣ ਦੇ ਸਰਟੀਫਿਕੇਟ ਦੇ ਕੇ ਬਰੀ ਕਰਵਾਉਣਾ, ਮਠਿਆਈਆਂ ਵੰਡ ਕੇ ਉਨ੍ਹਾਂ ਦੇ ਗਲਾਂ 'ਚ ਹਾਰ ਪਾ ਕੇ ਸੁਆਗਤ ਕਰਨਾ ਅਤੇ ਵਿਧਾਇਕ ਬਲਵੰਤ ਸੇਂਗਰ ਵਰਗੇ ਬਲਾਤਕਾਰੀ ਨੂੰ ਬਰੀ ਕਰਵਾਉਣਾ ਆਦਿ ਸਰਕਾਰ ਅਤੇ ਧਰਮ ਦੇ ਪਾਜ ਉਧੇੜਦੇ ਹਨ। ਦੂਜੇ ਪਾਸੇ ਲੋਕਾਂ ਉੱਪਰ ਹੋ ਰਹੇ ਸਰਕਾਰੀ ਅੱਤਿਆਚਾਰਾਂ ਅਤੇ ਬੇਇਨਸਾਫੀ ਖਿਲਾਫ ਆਵਾਜ਼ ਉਠਾ ਕੇ ਸਵਾਲ ਕਰਨ ਵਾਲੇ ਦੇਸ਼ ਹਿੱਤੂ ਬੁੱਧੀਜੀਵੀ ਵਰਗ ਨੂੰ 'ਦਿਮਾਗੀ ਨਕਸਲ' ਕਹਿ ਕੇ ਸੱਚ ਨੂੰ ਲੋਕਾਂ ਤੋਂ ਦੂਰ ਰੱਖਣ ਲਈ ਦਿੱਤੇ ਗੁੰਮਰਾਹਕੁੰਨ ਫੁਰਮਾਨਾਂ ਰਾਹੀਂ ਹੱਕੀ ਆਵਾਜ਼ ਦਬਾਉਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ।

ਉਮਰ ਖਾਲਿਦ ਵਰਗੇ ਕੇਸਾਂ ਵਿਚ ਜ਼ਮਾਨਤ ਦੇਣ ਲਈ ਜਮਹੂਰੀ ਸਮਹੂਰੀ ਪ੍ਰਕਿਰਿਆ ਨੂੰ ਤਿਆਗ ਕੇ ਮਨਘੜਤ ਦੋਸ਼ ਮੜ੍ਹ ਕੇ ਸਰਾਸਰ ਬੇਇਨਸਾਫੀ ਹੋ ਰਹੀ ਹੈ। ਬਿਨਾਂ ਕੋਈ ਕੇਸ ਚਲਾਏ ਉਨ੍ਹਾਂ ਦੀ ਜ਼ਿੰਦਗੀ ਜੇਲ੍ਹਾਂ ਵਿਚ ਬਰਬਾਦ ਕੀਤੀ ਜਾ ਰਹੀ ਹੈ। ਜੇਕਰ ਦੇਸ਼ ਵਿਚ ਮਨੁੱਖੀ ਜਮਹੂਰੀਅਤ ਦੀ ਰਾਖੀ ਲਈ ਮਾਨਯੋਗ ਅਦਾਲਤਾਂ ਵੱਲੋਂ ਸਰਕਾਰੀ ਪ੍ਰਭਾਵ ਹੇਠ ਮਨੁੱਖੀ ਬਰਾਬਰਤਾ ਦੇ ਸੰਵਿਧਨਿਕ ਅਧਿਕਾਰ ਨਾਲ ਇਸੇ ਤਰ੍ਹਾਂ ਪੱਖਪਾਤ ਅਤੇ ਖਿਲਵਾੜ ਜਾਰੀ ਰਿਹਾ ਤਾਂ ਲੋਕਾਂ ਦੇ ਜਥੇਬੰਦਕ ਅੰਦੋਲਨਾਂ ਦਾ ਵਿਕਸਤ ਹੋਣਾ ਲਾਜ਼ਮੀ ਹੈ।

# ਗਾਹਕ ਦਾ ਮਨੋਵਿਗਿਆਨ ਅਤੇ ਮੰਡੀ



ਮਲਵਿੰਦਰ
ਫੋਨ: 365 994 6744

ਸਾਡਾ ਮੁੰਡਾ ਸਵੇਰੇ ਉੱਠਦਿਆਂ ਹੀ ਸਿਰ ਸੁੱਟ ਕੇ ਲੈਪਟੌਪ ਦੇ ਸਿਰਹਾਣੇ ਬਹਿ ਜਾਂਦਾ ਹੈ। ਸੌਫਟਵੇਅਰ ਇੰਜੀਨੀਅਰ ਹੈ। ਪਤਾ ਨਹੀਂ ਸਾਰਾ ਦਿਨ ਕੀ ਗਿਟਮਿਟ ਕਰਦਾ ਹੈ। ਪਰ ਕਿਤਾਬਾਂ ਵੀ ਪੜ੍ਹਦਾ ਰਹਿੰਦਾ ਹੈ। ਅੰਗਰੇਜ਼ੀ ਭਾਸ਼ਾ ਦੀਆਂ ਮੋਟੀਆਂ ਕਿਤਾਬਾਂ। ਇਹ ਗੱਲ ਵੀ ਸ਼ਾਇਦ ਉਸਨੇ ਕਿਸੇ ਕਿਤਾਬ ਵਿਚੋਂ ਪੜ੍ਹ ਕੇ ਹੀ ਮੈਨੂੰ ਦੱਸੀ ਹੋਵੇਗੀ। ਕਹਿੰਦਾ ਇੱਕ ਔਰਤ ਦਾ ਸੋਨੇ ਦੇ ਗਹਿਣਿਆਂ ਦਾ ਸਟੋਰ ਸੀ। ਪਰ ਵਿਕਰੀ ਨਹੀਂ ਸੀ ਹੋ ਰਹੀ। ਉਸ ਰੇਟ ਘਟਾ ਕੇ ਵੀ ਵੇਖੇ। ਸੇਲ ਦੀਆਂ ਤਖ਼ਤੀਆਂ ਵੀ ਲਟਕਾ ਕੇ ਵੇਖੀਆਂ। ਪਰ ਵਿਕਰੀ ਨਹੀਂ ਸੀ ਹੋ ਰਹੀ। ਉਸ ਸੋਚਿਆ ਕੋਈ ਹੋਰ ਕਾਰੋਬਾਰ ਕਰਕੇ ਵੇਖਦੀ ਹਾਂ। ਨਵਾਂ ਕਾਰੋਬਾਰ ਸ਼ੁਰੂ ਕਰਨ ਲਈ ਉਸਨੂੰ ਕੁਝ ਦਿਨਾਂ ਲਈ ਸ਼ਹਿਰੋਂ ਬਾਹਰ ਜਾਣਾ ਪੈਣਾ ਸੀ। ਉਸ ਆਪਣੀ ਸਹਾਇਕ ਕੁੜੀ ਨੂੰ ਕਿਹਾ ਕਿ ਤੂੰ ਗਹਿਣੇ ਅੱਧੇ ਮੁੱਲ 'ਤੇ ਵੇਚ ਦੇਵੀਂ। ਕੁੜੀ ਨੇ ਗਹਿਣਿਆਂ ਦੀ ਕੀਮਤ ਗਲਤੀ ਨਾਲ਼ ਦੁਗਣੀ ਲਿਖ ਦਿੱਤੀ। ਜਦ ਉਹ ਔਰਤ ਵਾਪਸ ਆਈ ਤਾਂ ਉਸ ਵੇਖਿਆ ਕਿ ਗਹਿਣੇ ਵਿਕ ਚੁੱਕੇ ਹਨ। ਸਹਾਇਕ ਕੁੜੀ ਨੇ ਦੱਸਿਆ ਕਿ ਗ਼ਲਤੀ ਨਾਲ ਕੀਮਤ ਦੁਗਣੀ ਕਰਨ 'ਤੇ ਵਿਕਰੀ ਵੱਧ ਗਈ। ਨਤੀਜਾ ਇਹ ਕੱਢਿਆ ਗਿਆ ਕਿ ਜਦ ਘੱਟ ਕੀਮਤ 'ਤੇ ਗਹਿਣੇ ਵੇਚ ਰਹੇ ਸਨ ਤਾਂ ਗਾਹਕ ਘੱਟੀਆ ਮਾਲ ਸਮਝ ਨਹੀਂ ਸੀ ਖ਼ਰੀਦ ਰਿਹਾ। ਕੀਮਤ ਵੱਧਣ ਨਾਲ਼ ਉਹ ਗਹਿਣੇ ਵਧੀਆ ਹੋ ਗਏ। ਖ਼ਰੀਦੋ-ਫ਼ਰੋਖਤ ਕਰਦਿਆਂ ਗਾਹਕ ਦੇ ਦਿਮਾਗ ਵਿਚ ਮਹਿੰਗਾ ਭਾਵ ਵਧੀਆ ਦਾ ਫਾਰਮੂਲਾ ਬੈਠਾ ਰਹਿੰਦਾ ਹੈ। ਮੈਨੂੰ ਸੱਠ ਵਰ੍ਹੇ ਪਹਿਲਾਂ ਆਪਣੇ ਬਾਪ ਵੱਲੋਂ ਦੱਸੀ ਗੱਲ ਚੇਤੇ ਆ ਗਈ। ਉਹ ਬੰਬੇ ਸ਼ਹਿਰ (ਹੁਣ ਮੁੰਬਈ) ਵਿਚ ਕੰਮ ਕਰਦੇ ਸਨ। ਇੱਕ ਦਿਨ ਇੱਕ ਰੇਹੜੀ ਕੋਲ਼ ਕੇਲੇ ਖਰੀਦਣ ਲਈ ਰੁਕੇ। ਕੇਲਿਆਂ ਦਾ ਭਾਅ ਉਨ੍ਹਾਂ ਪੁੱਛ ਲਿਆ ਸੀ। ਤਦ ਨੂੰ ਇੱਕ ਕਾਰ ਰੇਹੜੀ ਕੋਲ਼ ਆ ਕੇ ਰੁਕੀ। ਰੇਹੜੀ ਵਾਲ਼ੇ ਨੇ ਉਸ ਨੂੰ ਕੇਲਿਆਂ ਦਾ ਭਾਅ ਦੁਗਣਾ ਦੱਸਿਆ। ਜਦ ਕਾਰ ਵਾਲ਼ਾ ਚਲਾ ਗਿਆ ਤਾਂ ਇਨ੍ਹਾਂ ਪੁਛਿਆ ਕਿ ਸਾਡੇ ਨਾਲ਼ ਤਾਂ ਤੇਰੇ ਵੱਲੋਂ ਦੱਸੇ ਮੁੱਲ ਨਾਲੋਂ ਅੱਧੇ ਮੁੱਲ 'ਤੇ ਗੱਲ ਹੋਈ ਹੈ। ਰੇਹੜੀ ਵਾਲੇ ਨੇ ਬੜੀ ਨਿਮਰਤਾ ਨਾਲ਼ ਕਿਹਾ ਕਿ ਤੁਹਾਨੂੰ ਉਸੇ ਭਾਅ ਮਿਲਣਗੇ। ਜੇਕਰ ਮੈਂ ਕਾਰ ਵਾਲ਼ੇ ਨੂੰ ਇਹ ਮੁੱਲ ਦੱਸਦਾ ਤਾਂ ਉਸ ਨੇ ਕੇਲੇ ਨਹੀਂ ਖਰੀਦਣੇ ਸਨ। ਅੱਧੀ ਸਦੀ ਦੇ ਆਰ-ਪਾਰ ਫੈਲੀਆਂ ਇਹ ਦੋ ਘਟਨਾਵਾਂ ਸਾਡੇ ਕਲੀਨ ਵਰਗ ਦੀ ਮਾਨਸਿਕਤਾ ਨੂੰ ਦਰਸਾਉਂਦੀਆਂ ਹਨ। ਆਪਾਂ ਬੀਤ ਰਹੇ ਸਮਿਆਂ ਦੌਰਾਨ ਇੱਕ ਵਰਗ ਵਿਸ਼ੇਸ਼ ਦੀ ਮਾਨਸਿਕਤਾ ਨੂੰ ਫੜਨ ਦੀ ਕੋਸ਼ਿਸ਼ ਕਰਦੇ ਹਾਂ।

ਮੰਡੀ ਕੋਲ਼ ਖਰੀਦਦਾਰ ਦੀ ਜੇਬ 'ਚੋਂ ਪੈਸੇ ਕਢਵਾਉਣ ਦੇ ਬਹੁਤ ਸਾਰੇ ਗੁਰ ਮੌਜੂਦ ਹਨ। ਮੰਡੀ ਜਾਣਦੀ ਹੈ ਕਿ ਖਰੀਦਦਾਰ ਨੂੰ ਵਸਤਾਂ ਖਰੀਦਣ ਲਈ ਕਿਵੇਂ ਤਿਆਰ ਕਰਨਾ ਹੈ। ਗਾਹਕ ਅੰਦਰ ਵਿਸ਼ਵਾਸ ਪੈਦਾ ਕਰਨਾ, ਉਸ ਨਾਲ਼ ਇੰਝ ਵਿਵਹਾਰ ਕਰਨਾ ਜਿਵੇਂ ਉਹ ਬਹੁਤ ਮਹੱਤਵਪੂਰਨ ਵਿਅਕਤੀ ਹੋਵੇ। ਉਸ ਦੀਆਂ ਭਾਵਨਾਵਾਂ ਦੀ ਕਦਰ ਕਰਨ ਦਾ ਨਾਟਕ ਕਰਨਾ, ਉਸ ਦੀ ਚੋਣ ਨੂੰ ਸਲਾਹੁਣਾ, ਉਸ ਦੇ ਵਿਹਾਰ ਨੂੰ ਸਮਝਦਿਆਂ ਆਪਣੀ ਨੀਤੀ ਘੜਨੀ ਕੁਝ ਪ੍ਰਭਾਵਸ਼ਾਲੀ ਨੁਕਤੇ ਹਨ, ਜਿਨ੍ਹਾਂ ਦੀ ਵਰਤੋਂ ਕਰਨ ਵਿਚ ਮੰਡੀ ਮਾਹਰ ਹੈ। ਖਰੀਦਦਾਰੀ ਕਰਨ ਦੇ ਸਮਰੱਥ ਵਰਗ ਆਪਣੀਆਂ ਲੋੜਾਂ ਤੋਂ ਬਾਹਰ ਜਾ ਕੇ ਆਪਣੇ ਰੁਤਬੇ ਤੇ ਵਿਖਾਵੇ ਲਈ ਵੀ ਬਹੁਤ ਸਾਰੀ ਖਰੀਦਦਾਰੀ ਕਰਦਾ ਹੈ। ਮੈਨੂੰ ਯਾਦ ਆਉਂਦਾ ਹੈ ਕਿ ਸਾਡੇ ਸ਼ਹਿਰ ਵਿਚ ਹਰ ਸਾਲ ਇੱਕ ਟਰੇਡ-ਫੇਅਰ ਲੱਗਦਾ ਹੈ। ਦਸ ਕੁ ਸਾਲ ਪਹਿਲਾਂ ਉਥੇ ਘੁੰਮਦਿਆਂ ਸਾਡੀ ਸ਼੍ਰੀਮਤੀ ਨੂੰ ਭਾਫ਼ ਨਾਲ਼ ਖਾਣਾ ਪਕਾਉਣ ਵਾਲਾ ਇੱਕ ਉਪਕਰਣ ਪਸੰਦ ਆ ਗਿਆ। ਇਹ ਕੁਝ ਸਹੇਲੀਆਂ ਬੜੇ ਚਾਅ ਨਾਲ ਉਹ ਉਪਕਰਣ ਖਰੀਦ ਕੇ ਘਰ ਲੈ ਆਈਆਂ। ਕੋਈ ਇੱਕ-ਅੱਧ ਵਾਰ ਉਸ ਉਪਰ ਸਬਜੀਆਂ ਪਕਾਈਆਂ ਗਈਆਂ। ਉਹ ਉਪਕਰਣ ਹੁਣ ਸਾਡੇ ਘਰ ਵਿਚ ਕਿੱਥੇ ਤੇ ਕਿਵੇਂ ਪਿਆ ਹੈ, ਮੈਨੂੰ ਨਹੀਂ ਪਤਾ। ਇੰਝ ਦੇ ਹੋਰ ਕਈ ਉਪਕਰਣ ਸਾਡੇ ਘਰਾਂ ਵਿਚ ਪਏ ਹਨ ਜਿੰਨ੍ਹਾਂ ਦੀ ਵਰਤੋਂ ਸਾਲ-ਛਿਮਾਹੀ ਹੁੰਦੀ ਹੈ। ਇਹ ਸਭ ਮੰਡੀ ਦਾ ਚਮਤਕਾਰ ਹੈ। ਜੁੱਤੀਆਂ ਨਾਲ਼ ਭਰੇ ਸ਼ੂ-ਰੈਕ ਤੇ ਕੱਪੜਿਆਂ ਨਾਲ਼ ਤੂਸੀਆਂ ਅਲਮਾਰੀਆਂ ਸੇਲ ਦੀਆਂ ਤਖਤੀਆਂ ਅਤੇ ਮੰਡੀ ਦੀ ਨਵ-ਸਿਰਜਤ ਭਾਸ਼ਾ ਦੇ ਮਨੋਵਿਗਿਆਨਿਕ ਪ੍ਰਭਾਵ ਦਾ ਹੀ ਨਤੀਜਾ ਹੈ।



ਮੰਡੀ ਅਤੇ ਗਾਹਕ ਦੀ ਮਾਨਸਿਕਤਾ ਦਾ ਆਪਸ ਵਿਚ ਗੂੜਾ ਰਿਸ਼ਤਾ ਹੈ। ਮੰਡੀ ਦੀ ਸਫ਼ਲਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਹ ਗਾਹਕ ਦੀ ਸੋਚ, ਲੋੜਾਂ ਅਤੇ ਖਰੀਦਦਾਰੀ ਦੇ ਵਿਵਹਾਰ ਨੂੰ ਕਿੰਨੀ ਚੰਗੀ ਤਰ੍ਹਾਂ ਸਮਝਦੀ ਹੈ। ਉਹ ਸੋਚ, ਭਾਵਨਾਵਾਂ ਅਤੇ ਕਾਰਨ, ਜੋ ਗਾਹਕ ਦੁਆਰਾ ਕੋਈ ਚੀਜ਼ ਖਰੀਦਣ ਜਾਂ ਨਾ ਖਰੀਦਣ ਲਈ ਪ੍ਰੇਰਿਤ ਕਰਦੇ ਹਨ, ਖਰੀਦਦਾਰ ਦੀ ਮਾਨਸਿਕਤਾ ਨੂੰ ਨਿਰਧਾਰਤ ਕਰਦੇ ਹਨ। ਬੁਨਿਆਦੀ ਲੋੜਾਂ ਤੋਂ ਬਾਅਦ ਬੰਦਾ ਲਗਜ਼ਰੀ ਚੀਜ਼ਾਂ ਦੀ ਖਰੀਦ ਕਰਦਾ ਹੈ। ਇਸ ਵਿਚ ਉਸਦੀਆਂ ਭਾਵਨਾਵਾਂ ਅਤੇ ਖ਼ੁਸ਼ੀ ਵੀ ਸ਼ਾਮਲ ਹੁੰਦੀ ਹੈ। ਕਿਸੇ ਦੁਕਾਨ ਵਿਸ਼ੇਸ਼ ਜਾਂ ਬ੍ਰਾਂਡ ਵਿਸ਼ੇਸ਼ ਉਪਰ ਭਰੋਸਾ ਵੀ ਖਰੀਦਦਾਰੀ ਦਾ ਸਬੱਬ ਬਣਦੇ ਹਨ। ਭਾਰੀ ਛੋਟ ਅਤੇ ਇੱਕ ਨਾਲ਼ ਇੱਕ ਮੁਫ਼ਤ ਵਰਗੀਆਂ ਤਖ਼ਤੀਆਂ ਵੀ ਗਾਹਕ ਅੰਦਰ ਲਾਲਚ ਪੈਦਾ ਕਰਦੀਆਂ ਹਨ ਅਤੇ ਉਹ ਬਿਨਾ ਲੋੜ ਤੋਂ ਵੀ ਵਸਤਾਂ ਖਰੀਦਦਾ ਹੈ। ਅਜਿਹੇ ਹੋਰ ਬਹੁਤ ਸਾਰੇ ਲਾਲਚ ਹਨ, ਜਿਨ੍ਹਾਂ ਨੂੰ ਮੰਡੀ ਹਥਿਆਰ ਵਾਂਗ ਵਰਤਦੀ ਹੈ। ਆਪਣੇ ਆਂਢ-ਗੁਆਂਢ ਅਤੇ ਦੋਸਤਾਂ, ਜਾਣਕਾਰਾਂ ਦੇ ਦਾਇਰੇ ਵਿਚ ਜਿਹੜੀ ਕੋਈ ਨਵੀਂ ਚੀਜ਼ ਵਰਤੀ ਜਾ ਰਹੀ ਹੈ, ਬੰਦੇ ਦੀ ਮਾਨਸਿਕਤਾ ਵੀ ਉਸ ਵਸਤੂ ਨੂੰ ਖਰੀਦਣ ਦੀ ਬਣ ਜਾਂਦੀ ਹੈ। ਸਮਾਜ ਵਿਚ ਵਿਚਰਦਿਆਂ ਅਜਿਹਾ ਵਾਪਰਨਾ ਸੁਭਾਵਕ ਵੀ ਹੈ। ਖਰੀਦਦਾਰ ਨੂੰ ਕੁਝ ਫੈਸਲੇ ਆਪਣੀ ਸਮਾਜਿਕਤਾ ਨੂੰ ਨਿਭਾਉਂਦਿਆਂ ਵੀ ਲੈਣੇ ਪੈਂਦੇ ਹਨ। ਸਾਡੀ ਸਮਾਜਿਕਤਾ ਸਾਡੇ ਉਪਰ ਸਿੱਧਾ ਅਸਰ ਪਾਉਂਦੀ ਹੈ।

ਡਿਜ਼ੀਟਲ ਯੁੱਗ ਨੇ ਮੰਡੀ ਦੇ ਮੁਹਾਂਦਰਾ ਅਤੇ ਗਾਹਕ ਦੀ ਮਾਨਸਿਕਤਾ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ ਹਨ। ਇੰਟਰਨੈੱਟ 'ਤੇ ਕੀਮਤਾਂ ਦੀ ਤੁਲਨਾ ਕਰਨਾ ਅਤੇ ਕਿਸੇ ਵਸਤੂ ਵਿਸ਼ੇਸ਼ ਨੂੰ ਮਿਲ਼ੇ ਰੀਵਿਊ ਪੜ੍ਹ ਕੇ ਵਸਤ ਖਰੀਦਣ ਦੇ ਰੁਝਾਨ ਵੀ ਮੰਡੀ ਦੇ ਪੱਖ ਵਿਚ ਹੀ ਭੂਮਿਕਾ ਨਿਭਾ ਰਹੀ ਹੈ। ਆਨ-ਲਾਈਨ ਖਰੀਦੋ-ਫਰੋਖਤ ਕਰਨੀ ਹੁਣ ਸਟੇਟਸ ਸਿੰਬਲ ਬਣ ਗਿਆ ਹੈ। ਹਰ ਘਰ ਵਿਚ ਰੋਜ਼ਾਨਾ ਇੱਕ-ਦੋ ਪਾਰਸਲ ਤਾਂ ਆਉਂਦੇ ਹੀ ਹਨ। ਪੈਕਿੰਗ ਦਾ ਖ਼ੂਬਸੂਰਤ ਲਿਬਾਸ ਪਹਿਨੀ ਆਉਂਦੀਆਂ ਇਹ ਵਸਤਾਂ ਘਰ ਦੀ ਕਿਸੇ ਲੋੜ ਦੇ ਮੇਚ ਦੀਆਂ ਹੋਣ, ਅਜਿਹਾ ਜ਼ਰੂਰੀ ਨਹੀਂ ਹੈ। ਗੱਲ ਤਾਂ ਬੰਦੇ ਦੀ ਮਾਨਸਿਕ ਸਥਿਤੀ ਦੀ ਤ੍ਰਿਪਤੀ ਦੀ ਹੈ। ਪੂੰਜੀਵਾਦ ਦੇ ਇਸ ਦੌਰ ਵਿਚ ਪੂੰਜੀ ਬੰਦੇ ਦੀ ਸੋਚ ਦੇ ਕੇਂਦਰ ਵਿਚ ਆ ਗਈ ਹੈ। ਬੇਲੋੜੀਆਂ ਵਸਤਾਂ ਖਰੀਦ ਕੇ ਘਰ ਭਰਨਾ ਵੀ ਪੂੰਜੀ ਦੇ ਅੰਬਾਰ ਲਾਉਣ ਵਰਗਾ ਹੀ ਵਰਤਾਰਾ ਹੈ। ਬਜ਼ਾਰ ਤੁਹਾਨੂੰ ਹਾਕਾਂ ਮਾਰ ਰਿਹਾ ਹੈ। ਮੰਡੀ ਦੀ ਭਾਸ਼ਾ ਵਿਚ ਅੱਧੇ-ਪੌਣੇ ਮੁੱਲ 'ਤੇ ਵਿਕ ਰਹੀਆਂ ਵਸਤਾਂ ਤੁਹਾਡੀ ਇੱਕ ਹਾਕ 'ਤੇ ਤੁਹਾਡੇ ਘਰ ਦੀ ਡੋਰ-ਬੈੱਲ ਬਣ ਜਾਂਦੀਆਂ ਹਨ। ਦੋਸਤ ਨੇ ਦੱਸਿਆ ਕਿ ਘਰ ਵਾਲ਼ੀ ਕਹਿੰਦੀ ਗੋਲ-ਗੱਪੇ ਖਾਣੇ ਹਨ। ਪੰਜਾਂ ਮਿੰਟਾਂ ਵਿਚ ਆਪਣੀ ਪੂਰੀ ਤਿਆਰੀ ਸਮੇਤ ਗੋਲ਼-ਗੱਪੇ ਹਾਜ਼ਰ ਸਨ। ਬਜ਼ਾਰ ਤੁਹਾਡੀਆਂ ਬਰੂਹਾਂ 'ਤੇ ਆ ਕੇ ਬੈਠ ਗਿਆ ਹੈ। ਬਾਹਰ ਜਾਣ ਦਾ ਹਰ ਰਸਤਾ ਬੰਦ ਹੈ। ਤੁਹਾਡੇ ਕੋਲ਼ ਇਕੋ ਚਾਰਾ ਹੈ। ਸਾਰੇ ਦੇ ਸਾਰੇ ਮੰਡੀ ਨੂੰ ਸਮਰਪਿਤ ਹੋ ਜਾਓ। ਬੈਂਕ ਤੁਹਾਨੂੰ ਕਰਜ਼ਾ ਦੇਣ ਲਈ ਤੁਹਾਡੇ ਬੂਹੇ ਦੇ ਇੱਕ ਤਖ਼ਤੇ ਪਿੱਛੇ ਬੈਠਾ ਹੈ। ਸਮਾਨ ਕਿਸਤਾਂ 'ਤੇ ਵੀ ਮਿਲਦਾ ਤੇ ਤੁਹਾਡੇ ਘਰ ਦਾ ਸ਼ਿੰਗਾਰ ਬਣਦਾ ਹੈ। ਘਰ ਵੀ ਕਿਸਤਾਂ 'ਤੇ ਮਿਲਦੇ ਹਨ। ਸੱਚ ਤਾਂ ਇਹ ਹੈ ਕਿ ਅੱਜ ਬਹੁਤਾ ਘਰ ਕਿਸਤਾਂ ਦਾ ਡਰ ਹੀ ਹੰਢਾਅ ਰਿਹਾ ਹੈ। ਕਿਸ਼ਤਾਂ ਦਾ ਭੁਗਤਾਨ ਕਰਦਾ ਬੰਦਾ ਹੌਲੀ-ਹੌਲੀ ਕਿਸ਼ਤਾਂ ਵਿਚ ਖ਼ਤਮ ਹੋ ਰਿਹਾ ਹੈ। ਕੈਨੇਡਾ ਰਹਿੰਦਾ ਦੋਸਤ ਬਿਰਧ ਬਾਪ ਨੂੰ ਲੈ ਕੇ ਪਿੰਡ ਪਹੁੰਚਦਾ ਹੈ। ਕਹਿੰਦਾ ਉਥੇ ਤਾਂ ਅੰਤਮ ਰਸਮਾਂ ਬਹੁਤ ਮਹਿੰਗੀਆਂ ਹਨ। ਉਨ੍ਹਾਂ ਰਸਮਾਂ 'ਤੇ ਵੀ ਮੰਡੀ ਦਾ ਕਬਜ਼ਾ ਹੈ।

ਗੱਲ ਇਹ ਖ਼ਤਮ ਕਰਨ ਵਾਲ਼ੀ ਤਾਂ ਨਹੀਂ, ਵਿਚਾਰਨ ਵਾਲੀ ਹੈ। ਮੰਡੀ ਦੇ ਇਸ ਮਕੜਜਾਲ 'ਚੋਂ ਬਾਹਰ ਨਿਕਲਣਾ ਮਨੁੱਖ ਲਈ ਚੁਣੌਤੀ ਹੈ। ਆਪਣੀਆਂ ਸੋਚਾਂ, ਵਿਚਾਰਾਂ ਨੂੰ ਬਦਲਣਾ ਪਵੇਗਾ। ਜਿਉਣ ਦਾ ਢੰਗ ਬਦਲਣਾ ਪਵੇਗਾ। ਬਰਾਂਡਡ ਕੱਪੜਿਆਂ, ਵਸਤਾਂ ਨੂੰ ਤਿਆਗਣਾ ਪਵੇਗਾ। ਜੇਕਰ ਤੁਹਾਡੇ ਕੋਲ਼ ਬਹੁਤਾ ਧੰਨ ਹੈ ਤਾਂ ਉਹ ਧੰਨ ਮੰਡੀ ਵਿਚ ਖ਼ਰਚਣ ਤੋਂ ਪਹਿਲਾਂ ਆਪਣੇ ਆਲੇ-ਦੁਆਲੇ, ਭੈਣ-ਭਰਾਵਾਂ, ਰਿਸ਼ਤੇਦਾਰਾਂ ਵਿਚ ਝਾਤੀ ਮਾਰ ਕੇ ਵੇਖ ਲਵੋ। ਕੋਈ ਬੱਚਾ ਪੜ੍ਹਨਾ ਚਾਹੁੰਦਾ ਹੋਵੇ, ਹੁਸ਼ਿਆਰ ਹੋਵੇ, ਘਰ ਦੀ ਗ਼ਰੀਬੀ ਕਾਰਨ ਪੜ੍ਹ ਨਾ ਸਕਦਾ ਹੋਵੇ, ਉਸ ਬੱਚੇ ਨੂੰ ਗੋਦ ਲੈ ਲਵੋ। ਕਹਿਣ ਤੋਂ ਭਾਵ ਉਸ ਦੀ ਪੜ੍ਹਾਈ ਦਾ ਜ਼ੁੰਮੇਵਾਰੀ ਆਪਣੇ ਸਿਰ ਲੈ ਲਵੋ। ਸ਼ਾਇਦ ਤੁਹਾਡਾ ਇਹ ਫੈਸਲਾ ਉਸ ਬੱਚੇ ਅਤੇ ਉਸ ਦੇ ਪਰਿਵਾਰ ਦੀ ਜ਼ਿੰਦਗੀ ਬਦਲ ਦੇਵੇ। ਸ਼ਾਇਦ ਗ਼ਰੀਬੀ ਦਾ ਕੋਹੜ ਉਨ੍ਹਾਂ ਦੇ ਗ਼ਲੋਂ ਲਹਿ ਜਾਵੇ। ਤੁਹਾਡੇ ਮਨ ਨੂੰ ਤਸੱਲੀ ਅਤੇ ਪ੍ਰਸੰਨਤਾ ਮਿਲੇਗੀ। ਇੱਕ ਸਵੈਮਾਣ ਤੁਹਾਡੇ ਅੰਗ-ਸੰਗ ਰਹੇਗਾ। ਕਿਸੇ ਗ਼ਰੀਬ ਧੀ ਦਾ ਵਿਆਹ ਕਰਕੇ, ਕਿਸੇ ਥੁੜਾਂ ਮਾਰੇ ਬਿਮਾਰੀ ਨਾਲ਼ ਜੂਝ ਰਹੇ ਬੰਦੇ ਦੀ ਮਦਦ ਕਰਕੇ ਅਤੇ ਅਨੇਕਾਂ ਹੋਰ ਮੌਕਿਆਂ 'ਤੇ ਤੁਹਾਡਾ ਅਜਿਹਾ ਯਤਨ ਤੁਹਾਨੂੰ ਅਸੀਸਾਂ ਦੇਵੇਗਾ। ਮੰਡੀ ਤੋਂ ਬਾਹਰ ਵੀ ਤੁਸੀਂ ਖ਼ੁਦ ਨੂੰ ਖ਼ਰਚ ਸਕਦੇ ਹੋ। ਮੰਡੀ ਦਾ ਮੁਕਾਬਲਾ ਕਰਨ ਦਾ ਇਹ ਇੱਕ ਸਾਰਥਿਕ ਉਪਰਾਲਾ ਹੋਵੇਗਾ।

# ਕਿਰਤ ਦਾ ਸਿਰਨਾਵਾਂ – ਤਾਈ ਚਿੰਤੀ

## ਮੇਰੇ ਆਪਣੇ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬੀਤੇ ਦੀਆਂ ਪਰਤਾਂ ਫਰੋਲਦਿਆਂ ਮਨ ਦੀ ਜੂਹੇ ਮਾਂ ਜੇਹੀ ਤਾਈ ਚਿੰਤੀ ਅਕਸਰ ਹੀ ਦਸਤਕ ਦੇ ਜਾਂਦੀ। ਉਹ ਘਰ ਦਾ ਗੋਹਾ ਕੂੜਾ ਕਰਦੀ ਸੀ। ਮਾਂ ਦੀ ਹਮ-ਉਮਰ ਅਤੇ ਹਮਰਾਜ਼। ਭੈਣਾਂ ਵਾਂਗ ਬੈਠ ਕੇ ਗੱਲਾਂ ਕਰਦੀਆਂ, ਪਰਿਵਾਰਕ ਜ਼ਿੰਮੇਵਾਰੀਆਂ ਅਤੇ ਫਰਜ਼ਾਂ ਨੂੰ ਪੂਰਨ ਤਨਦੇਹੀ ਨਾਲ ਨੇਪਰੇ ਚਾੜ੍ਹਨ ਲਈ ਸਲਾਹਾਂ ਕਰਦੀਆਂ। ਮੋਹਭਿੱਜੇ ਰਿਸ਼ਤੇ ਦਾ ਸੁੱਚਾ ਨਾਮਕਰਨ। ਜਾਤੀ ਵਖਰੇਵਿਆਂ ਬਾਰੇ ਘਰ ਵਿਚ ਕੋਈ ਵੀ ਗੱਲ ਨਹੀਂ ਸੀ ਹੁੰਦੀ। ਉਹ ਆਪਣੇ ਲਾਣੇਦਾਰ ਦੇ ਘਰ ਨੂੰ ਆਪਣਾ ਘਰ ਅਤੇ ਸਾਨੂੰ ਬੱਚਿਆਂ ਨੂੰ ਆਪਣੇ ਬੱਚੇ ਸਮਝ, ਘੂਰਦੀ ਵੀ ਅਤੇ ਪਲੋਸ ਵੀ ਸਕਦੀ ਸੀ।

ਦਰਅਸਲ ਪਿੰਡ ਵੱਖ-ਵੱਖ ਭਾਈਚਾਰਿਆਂ ਦਾ ਗੁਲਦਸਤਾ, ਵੱਖ-ਵੱਖ ਕਿੱਤਿਆਂ ਅਤੇ ਵੱਖ-ਵੱਖ ਜਾਤਾਂ ਦਾ, ਪਿੰਡ ਨੂੰ ਸਿਰਜਣ ਵਿਚ ਅਹਿਮ ਯੋਗਦਾਨ। ਪਿੰਡ ਦੇ ਮੋਢੀਆਂ ਦਾ ਪਲੇਠਾ ਕਦਮ ਵੱਖ-ਵੱਖ ਕਿਤਿਆਂ ਦੇ ਮਾਹਰਾਂ ਨੂੰ ਆਪਣੇ ਪਿੰਡ ਵਸਾਉਣਾ ਸੀ ਤਾਂ ਕਿ ਪਿੰਡ ਵਿਚ ਰਹਿੰਦੇ ਹਰ ਸ਼ਖ਼ਸ ਦੀਆਂ ਲੋੜਾਂ ਨੂੰ ਪਿੰਡ ਵਿਚ ਹੀ ਪੂਰਿਆਂ ਕੀਤਾ ਜਾ ਸਕੇ। ਇਕ ਦੂਜੇ 'ਤੇ ਨਿਰਭਰਤਾ ਪਿੰਡ ਦਾ ਖਾਸਾ ਅਤੇ ਪਿੰਡ ਦੀ ਸਰਬਪੱਖੀ ਤਰੱਕੀ ਲਈ ਹਰ ਭਾਈਚਾਰੇ ਦਾ ਅਹਿਮ ਯੋਗਦਾਨ ਅਤੇ ਹਰ ਇਕ ਨੂੰ ਮਿਲਦੀ ਪ੍ਰਭਾਵੀ ਪਛਾਣ।

ਘਰ ਵਿਚ ਡੰਗਰਾਂ ਦਾ ਗੋਹਾ-ਕੂੜਾ ਕਰਨ ਲਈ ਮਜ਼ਹਬੀ ਪਰਿਵਾਰ ਦੀਆਂ ਔਰਤਾਂ ਜ਼ਿਮੀਂਦਾਰਾਂ ਦੇ ਘਰਾਂ ਵਿਚ ਅਕਸਰ ਹੀ ਕੰਮ ਕਰਦੀਆਂ ਸਨ। ਆਪਣੇ ਪਰਿਵਾਰ ਨੂੰ ਪਾਲਦੀਆਂ, ਆਪਣੇ ਪਾਲਕ ਦੇ ਸ਼ੁਕਰਗੁਜ਼ਾਰ ਹੁੰਦੀਆਂ ਅਤੇ ਹਰੇਕ ਦੀ ਉਨਤੀ ਦੀ ਅਰਦਾਸ ਵੀ ਕਰਦੀਆਂ ਸਨ। 'ਬਾਹੇਗੁਰੂ ਤੁਹਾਨੂੰ ਬਾਹਲਾ ਦੇਵੇ' ਅਕਸਰ ਹੀ ਉਨ੍ਹਾਂ ਦੀ ਜ਼ਬਾਨ 'ਤੇ ਤਾਰੀ ਰਹਿੰਦਾ ਸੀ।

ਘਰ ਵਿਚ ਪਸ਼ੂਆਂ ਦੀ ਗਿਣਤੀ ਅਤੇ ਹਵੇਲੀ ਦੀ ਰੂੜੀਆਂ ਤੋਂ ਦੂਰੀ ਦੇ ਹਿਸਾਬ ਨਾਲ ਸੇਪੀ ਕੀਤੀ ਜਾਂਦੀ ਸੀ ਅਤੇ ਛੇ ਮਹੀਨਿਆਂ ਬਾਅਦ ਕਣਕ/ਮੱਕੀ/ਕਪਾਹ ਆਦਿ ਲੈ ਲਏ ਜਾਂਦੇ ਸਨ ਭਾਵੇਂ ਕਿ ਘਰ ਵਿਚ ਲੋੜ ਪੈਣ 'ਤੇ ਕਿਸੇ ਵੇਲੇ ਵੀ ਲੋੜ ਨੂੰ ਪੂਰਾ ਕਰਨ ਲਈ ਜ਼ਿੰਮੇਦਾਰ ਦਾ ਪਰਿਵਾਰ ਹਾਜ਼ਰ ਰਹਿੰਦਾ ਸੀ।

ਸਿਰ ਦੇ ਸਾਈਂ ਦੇ ਚੜ੍ਹਦੀ ਉਮਰ ਤੁਰ ਜਾਣ ਤੋਂ ਬਾਅਦ, ਤਾਈ ਚਿੰਤੀ ਨੇ ਆਪਣੇ ਦੋ ਪੁੱਤਰਾਂ ਅਤੇ ਤਿੰਨ ਧੀਆਂ ਦੀ ਵੱਡੀ ਕਬੀਲਦਾਰੀ ਨੂੰ ਜਿਸ ਮਿਹਨਤ ਅਤੇ ਪੂਰਨ ਸਮਰਪਿਤਾ ਨਾਲ ਪਾਲਦਿਆਂ, ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਇਆ, ਇਹ ਉਸਦੀ ਸਿਆਣਪ, ਹਰੇਕ ਦੇ ਕੰਮ ਆਉਣਾ ਅਤੇ ਹਰੇਕ ਤੋਂ ਕੰਮ ਲੈਣ ਦੀ ਜੁਗਤ ਅਤੇ ਆਪਣਾ ਬਣਾਉਣ ਦੇ ਹੁਨਰ ਸਦਕਾ ਹੀ ਸੰਭਵ ਸੀ।

ਤਾਈ ਚਿੰਤੀ ਮੇਰੇ ਲਈ ਮਾਵਾਂ ਵਰਗੀ ਸੀ ਅਤੇ ਮੇਰੇ ਕਲਾਸ ਵਿਚ ਪਾਸ ਹੋਣ 'ਤੇ ਪ੍ਰੀਤੋ (ਮੇਰੀ ਮਾਤਾ) ਕੋਲੋਂ ਦਾਈਏ ਨਾਲ ਵਧਾਈ ਲੈਂਦੀ ਸੀ। ਮੇਰੇ ਵਿਆਹ ਵੇਲੇ ਉਹ ਸਾਰੀਆਂ ਸਮਾਜਿਕ ਰਸਮਾਂ ਵਿਚ ਭਾਈਵਾਲ ਸੀ ਅਤੇ ਉਸਨੇ ਵਿਆਹ ਤੋਂ ਬਾਅਦ ਸਾਨੂੰ ਉਚੇਚੇ ਤੌਰ 'ਤੇ ਆਪਣੇ ਘਰ ਸੱਦਿਆ ਸੀ। ਅੱਜ ਵੀ ਚੇਤਿਆਂ ਵਿਚ ਤਾਜ਼ਾ ਹੈ, ਤਾਈ ਚਿੰਤੀ ਦੇ ਘਰ ਜਾਣਾ, ਮੰਜੀ 'ਤੇ ਵਛਾਈ ਘੁੱਗੀਆਂ ਅਤੇ ਮੋਰਾਂ ਵਾਲੀ ਦਰੀ 'ਤੇ ਬਹਿ ਕੇ ਨਿੱਕੀਆਂ- ਨਿੱਕੀਆਂ ਗੱਲਾਂ ਕਰਦਿਆਂ, ਪਿੱਤਲ ਦੇ ਗਲਾਸਾਂ ਵਿਚ ਚਾਹ ਪੀਣਾ ਅਤੇ ਮੇਰੇ ਬਚਪਨੇ ਤੋਂ ਲੈ ਕੇ ਸਾਰੀ ਜੀਵਨੀ ਸਫ਼ਰ ਨੂੰ ਨਵ-ਵਿਆਹੀ ਪਤਨੀ ਸੰਗ ਸਾਂਝੀ ਕਰਦਿਆਂ, ਘਰ ਦੀ ਪਲੇਠੀ ਨੂੰਹ ਨਾਲ ਅਪਣੱਤ ਤੇ ਮੋਹ ਦਾ ਰਿਸ਼ਤਾ ਜੋੜਨਾ। ਦਰਅਸਲ ਸਦੀਵੀ ਸਬੰਧ, ਸੁੱਚੀ ਸੋਚ, ਸਦਭਾਵਨਾ, ਸਮਰਪਿਤਾ ਅਤੇ ਸਦ-ਰੂਪਤਾ ਨਾਲ ਹੀ ਬਣਦੇ ਨੇ ਅਤੇ ਇਨ੍ਹਾਂ ਨੂੰ ਨਿਭਾਉਣ ਲਈ ਉਮਰਾਂ ਲੱਗ ਜਾਂਦੀਆਂ।

ਪਿੰਡ ਵਿਚਲੇ ਘਰ ਦੀ ਇਕ ਨੁਕਰੇ ਡੰਗਰਾਂ ਦੇ ਢਾਰੇ ਵਿਚ ਬਰਸਾਤਾਂ ਵਿਚ ਗੋਹੇ-ਕੂੜੇ ਦੇ ਚੋਂਦੇ ਟੋਕਰੇ, ਪਸ਼ੂਆਂ ਦੇ ਪੈਰਾਂ ਨਾਲ ਪਏ ਖਾਂਚੇ ਅਤੇ ਸਾਉਣ ਦੀ ਝੜੀ ਕਾਰਨ ਭੁੱਖ ਨਾਲ ਵਿਲਕਦੇ ਪਸ਼ੂਆਂ ਦਾ ਦ੍ਰਿਸ਼ ਜਦ ਅੱਖਾਂ ਸਾਹਵੇਂ ਤੈਰਦਾ ਤਾਂ ਕਈ ਵਾਰ ਤਾਈ ਚਿੰਤੀ ਸਾਨੂੰ ਬੱਚਿਆਂ ਨੂੰ ਖਿੰਝਦੀ ਵੀ, 'ਤੁਹਾਡੇ ਪਿਉ ਨੂੰ ਤਾਂ ਖੇਤੀ ਦੇ ਕੰਮਾਂ ਵਿਚੋਂ ਸਿਰ ਖੁਰਕਣ ਦੀ ਵੀ ਵਿਹਲ ਨਹੀਂ ਅਤੇ ਤੁਸੀਂ ਕੁਤਰੇ ਹੋਏ ਪੱਠੇ ਵੀ ਬੇਜ਼ੁਬਾਨਾਂ ਨੂੰ ਨਹੀਂ ਪਾ ਸਕਦੇ। ਫੇ ਪੜ੍ਹ ਲਿਓ। ਕਾਹਤੋਂ ਬੇਜ਼ੁਬਾਨਿਆਂ ਦਾ ਸਰਾਪ ਲੈਂਦੇ ਹੋ।'

ਘਰ ਦੇ ਬੱਚਿਆਂ ਅਤੇ ਡੰਗਰਾਂ ਦਾ ਧਿਆਨ ਰੱਖਣ ਵਾਲੀ ਤਾਈ ਚਿੰਤੀ ਦੇ ਮਨ ਦੀ ਪਾਕੀਜ਼ਗੀ ਹੀ ਸੀ ਕਿ ਉਸਦੇ ਬੱਚੇ ਭਾਵੇਂ ਪੜ੍ਹ ਨਾ ਸਕੇ ਪਰ ਸਾਨੂੰ ਪੜ੍ਹਦਿਆਂ ਨੂੰ ਦੇਖ ਕੇ ਬਹੁਤ ਖੁਸ਼ ਹੁੰਦੀ ਸੀ। ਉਸਨੇ ਕਹਿਣਾ, 'ਪ੍ਰੀਤੋ! ਦੇਖੀਂ ਜਦ ਬਖਸ਼ੀ ਪੜ੍ਹ ਕੇ ਅਫਸਰ ਬਣ ਗਿਆ ਤਾਂ ਤੇਰੇ ਨਾਲੋਂ ਮੇਰਾ ਜ਼ਿਆਦਾ ਰੋਹਬ ਹੋਵੇਗਾ।' ਉਸ ਲਈ ਆਸਵੰਦ ਆਸਾਂ ਵਿਚੋਂ ਖੁਸ਼ੀਆਂ ਭਾਲਣਾ ਅਤੇ ਜੀਵਨ ਨੂੰ ਇਕ ਮਕਸਦ ਦੇਣਾ, ਉਸਾਰੂ ਬਿਰਤੀ ਦਾ ਨਿਰਲੇਪ ਰੂਪ ਸੀ।

ਸਾਡੇ ਭੈਣ-ਭਰਾਵਾਂ ਦੇ ਵਿਆਹਾਂ ਮੌਕੇ ਤਾਈ ਚਿੰਤੀ ਦਾ ਪੂਰਾ ਰੋਹਬ ਹੁੰਦਾ ਸੀ ਅਤੇ ਹਰ ਲਾਗ ਅਤੇ ਸ਼ਗਨ ਆਦਿ ਮਾਣ ਨਾਲ ਲੈਂਦੀ। ਲੱਖ-ਲੱਖ ਵਧਾਈਆਂ ਦਿੰਦੀ। ਵੈਸੇ ਵੀ ਸਭ ਇਹ ਭਲੀ ਭਾਂਤ ਜਾਣਦੇ ਹਨ ਕਿ ਲਾਗੀ, ਕਾਮੇ ਆਦਿ ਖੁਸ਼ ਰਹਿਣ ਤਾਂ ਪਿੰਡ ਅਤੇ ਭਾਈਚਾਰੇ ਵਿਚ ਬੱਲੇ-ਬੱਲੇ ਅਤੇ ਜੇਕਰ ਇਹ ਨਾਰਾਜ਼ ਹੋ ਗਏ ਤਾਂ ਪਲ ਵੀ ਨਹੀਂ ਲਾਉਂਦੇ ਭਾਈਚਾਰੇ ਵਿਚ ਜਲੂਸ ਕੱਢਣ ਲੱਗਿਆ।

ਤਾਈ ਚਿੰਤੀ ਹੁਣ ਨਹੀਂ ਰਹੀ ਅਤੇ ਮੇਰੀ ਮਾਂ ਵੀ ਸਦਾ ਲਈ ਅੰਬਰ ਦਾ ਤਾਰਾ ਬਣ ਚੁੱਕੀ ਏ। ਪਰ ਉਨ੍ਹਾਂ ਦੀ ਸਾਂਝ ਦਾ ਦ੍ਰਿਸ਼ ਜਦ ਮਨ ਵਿਚ ਤਰਦਾ ਤਾਂ ਬੀਤੇ ਦੇ ਨਕਸ਼ ਮਨ-ਵਿਹੜੇ ਵਿਚ ਉਨ੍ਹਾਂ ਪਲਾਂ ਨੂੰ ਚਿੱਤਵ ਜਾਂਦੇ ਜਦ ਆਪਸੀ ਸਾਂਝ, ਭਾਈਚਾਰਕ ਮੋਹ ਅਤੇ ਅਪਣੱਤ ਦੀ ਫ਼ਿਜ਼ਾ ਵਿਚ ਕਦੇ ਵੀ ਜਾਤਾਂ ਜਾਂ ਧਰਮਾਂ ਦੇ ਬਖੇੜੇ ਖੜੇ ਨਹੀਂ ਸਨ ਹੁੰਦੇ। ਹਰ ਲਈ ਅਦਬ ਅਤੇ ਸਤਿਕਾਰ ਜੀਵਨ ਦਾ ਮੂਲ ਮੰਤਰ ਹੁੰਦਾ ਸੀ ਅਤੇ ਉਹ ਇਸ ਮੂਲਮੰਤਰ ਵਿਚੋਂ ਹੀ ਜ਼ਿੰਦਗੀ ਦਾ ਸਰੂਪ ਚਿੱਤਵਦੇ ਸਨ।

ਤਾਈ ਚਿੰਤੀ ਦਾ ਵੱਡਾ ਮੁੰਡਾ ਪੁੱਲਾਂ 'ਤੇ ਜਾਣ ਕਾਰਨ, ਉਸਦਾ ਕੁਝ ਹੱਥ ਸੁਖਾਲਾ ਹੋ ਗਿਆ ਤਾਂ ਉਸਨੇ ਆਪਣੀਆਂ ਕੁੜੀਆਂ ਨੂੰ ਵੀ ਪੰਜਵੀਂ ਤੱਕ ਪੜ੍ਹਾਇਆ ਅਤੇ ਉਨ੍ਹਾਂ ਦੇ ਹਰ ਕਾਰਜ ਨੂੰ ਵਧੀਆ ਤਰੀਕੇ ਨਾਲ ਨਿਭਾਇਆ। ਪੰਜਾਬੀ ਭਾਈਚਾਰੇ ਦੀ ਕੇਹੀ ਵਿਲੱਖਣਤਾ ਏ ਕਿ ਆਪਣੇ ਕਾਮੇ ਜਾਂ ਲਾਗੀ ਦੇ ਹਰ ਕਾਰਜ ਵਿਚ ਪਿੰਡ ਦਾ ਹਰ ਸ਼ਖ਼ਸ ਬਰਾਬਰ ਦਾ ਭਾਈਵਾਲ ਹੁੰਦਾ ਅਤੇ ਆਪਣਾ ਹਿੱਸਾ ਜ਼ਰੂਰ ਪਾਉਂਦਾ ਸੀ। ਉਹ ਪੈਸਿਆਂ/ਸੂਟਾਂ/ਦਾਣਿਆਂ ਨਾਲ ਜਾਂ ਕਿਸੇ ਹੋਰ ਵਸਤ ਦੇ ਰੂਪ ਵਿਚ ਹੁੰਦਾ ਸੀ।

ਤਾਈ ਚਿੰਤੀ ਦਾ ਆਪਣੇ ਭਾਈਚਾਰੇ ਵਿਚ ਵੀ ਰਸੂਖ਼ ਸੀ ਅਤੇ ਇਸ ਰਸੂਖ਼ ਸਦਕਾ ਉਸਨੇ ਇਕ ਮਾਣਮੱਤੀ ਜ਼ਿੰਦਗੀ ਜੀਵੀ। ਘਰ ਵਿਚ ਰੱਖੇ ਲਵੇਰੇ ਲਈ ਖੇਤਾਂ ਵਿਚੋਂ ਘਾਹ ਲਿਆਉਣਾ ਜਾਂ ਚਾਰੇ ਦੀ ਪੰਡ ਮਾਲਕਾਂ ਦੇ ਖੇਤੋਂ ਲਿਆਉਣਾ, ਇਕ ਹੱਕ ਹੁੰਦਾ ਸੀ। ਹਰੇਕ ਕਿਰਸਾਨ ਕਦੇ ਵੀ ਆਪਣੇ ਕੰਮੀਆਂ ਨੂੰ ਖੇਤ ਵਿਚੋਂ ਕੋਈ ਵਸਤ ਲਿਆਉਣ, ਵੱਢਣ ਜਾਂ ਪੁੱਟਣ ਤੋਂ ਵਰਜਦਾ ਨਹੀਂ ਸੀ। ਉਸ ਸਮੇਂ ਦੇ ਕੰਮੀਂ ਲਾਲਚੀ ਨਹੀਂ ਸਨ। ਉਨ੍ਹਾਂ ਨੂੰ ਆਪਣੇ ਮਾਲਕ ਦੀ ਆਰਥਿਕ ਹਾਲਾਤ ਦਾ ਅਹਿਸਾਸ ਹੁੰਦਾ ਸੀ ਅਤੇ ਉਹ ਆਪਣੀ ਲੋੜ ਅਨੁਸਾਰ ਹੀ ਕੋਈ ਚੀਜ਼ ਜੱਟਾਂ ਦੇ ਖੇਤ ਵਿਚੋਂ ਲਿਆਉਂਦੇ ਸਨ। ਉਹ ਸਮਝਦੇ ਸਨ ਕਿ ਇਨ੍ਹਾਂ ਫਸਲਾਂ ਕਾਰਨ ਹੀ ਜ਼ਿਮੀਂਦਾਰ ਅਤੇ ਉਸਦੇ ਪਰਿਵਾਰ ਦੀ ਹੋਂਦ ਹੈ ਅਤੇ ਉਨ੍ਹਾਂ ਦੀ ਹੋਂਦ ਨਾਲ ਹੀ ਹਰ ਕੰਮੀਂ ਦੀ ਹੋਂਦ ਜੁੜੀ ਹੋਈ ਹੈ। ਪਰਸਪਰ ਨਿਰਭਰਤਾ ਸਦਕਾ ਹੀ ਰਿਸ਼ਤੇ ਵਿਚ ਮੋਹ ਦਾ ਚਿਰਾਗ ਜਗਦਾ ਸੀ ਜਿਸਦੇ ਚਾਨਣ ਵਿਚ ਪਿੰਡ ਦੀ ਹਰ ਨੁੱਕਰ ਅਤੇ ਜੂਹ ਰੁਸ਼ਨਾਉਂਦੀ ਸੀ। ਨਿੱਘ ਕਾਰਨ ਮਘਦੀ ਧੂਣੀ ਦਾ ਅਹਿਸਾਸ ਹਰੇਕ ਪਿੰਡ ਵਾਸੀ ਨੂੰ ਮਜੀਠੀ ਰੰਗਤ ਬਖਸ਼ਦਾ ਸੀ।

ਤਾਈ ਚਿੰਤੀ ਬਹੁਤ ਬੇਬਾਕ ਸੀ। ਉਹ ਮੇਰੀ ਮਾਂ ਨੂੰ ਮੂੰਹ 'ਤੇ ਟੋਕ ਸਕਦੀ ਸੀ, ਕੁਝ ਗਲਤ ਕਰਨ/ਕਹਿਣ ਤੋਂ ਰੋਕ ਸਕਦੀ ਅਤੇ ਉਸ ਦੀਆਂ ਕਮੀਆਂ ਨੂੰ ਉਸਦੇ ਹੀ ਸਾਹਮਣੇ ਫਰੋਲ ਸਕਦੀ ਸੀ। ਮਾਂ ਦਾ ਸਬਰ, ਤਾਈ ਚਿੰਤੀ ਦੇ ਬੋਲ ਪੁਗਾਉਂਦਾ, ਉਸ 'ਤੇ ਫੁੱਲ ਚੜ੍ਹਾਉਂਦਾ, ਆਪਣੇ ਅੰਤਰੀਵ ਵਿਚ ਝਾਤੀ ਮਾਰਨ ਲਈ ਪ੍ਰੇਰਤ ਕਰਦਾ ਅਤੇ ਉਹ ਆਪਣੇ ਵਿਚੋਂ ਚੰਗੇਰੀ ਮਾਂ ਦੇ ਨਿਰਮਾਣ ਵਿਚ ਰੁੱਝ ਜਾਂਦੀ। ਕੇਹਾ ਇਤਫ਼ਾਕ ਹੈ ਕਿ ਆਪਣੇ ਕੰਮੀਆਂ ਨੂੰ ਆਪਣਾ ਸਮਝਣ ਵਾਲੇ ਬਜ਼ੁਰਗਾਂ ਦੀ ਔਲਾਦ ਲਾਗੀਆਂ ਤੋਂ ਮੂੰਹ ਫੇਰਨ ਵਿਚ ਵਡਿਆਈ ਸਮਝਣ ਲੱਗ ਪਈ ਹੈ। ਤਾਹੀਉਂ ਤਾਂ ਅੱਜ-ਕੱਲ੍ਹ ਵੱਡੇ-ਵੱਡੇ ਘਰਾਂ ਵਿਚ ਬੌਣੇ ਲੋਕ ਰਹਿੰਦੇ ਨੇ। ਇਹ ਬੌਣੀਆਂ ਸੋਚਾਂ ਹੀ ਮਨੁੱਖ ਦੀ ਸਭ ਤੋਂ ਵੱਡੀ ਤਰਾਸਦੀ।

ਸੁੱਖ ਸਹੂਲਤਾਂ ਮਾਣ ਰਹੇ ਮੌਜੂਦਾ ਮਨੁੱਖ ਲਈ, ਕੰਮੀਆਂ, ਲਾਗੀਆਂ ਅਤੇ ਖੇਤੀ ਨਾਲ ਸਬੰਧਤ ਫੁੱਟਕਲ ਕੰਮ ਕਰਨ ਵਾਲਿਆਂ ਵਾਸਤੇ ਮਨ ਵਿਚ ਕੋਈ ਥਾਂ ਨਹੀਂ। ਉਹ ਅਜੇਹੇ ਸਬੰਧਾਂ ਨੂੰ ਫਾਲਤੂ ਬੋਝ ਸਮਝ, ਛੁਟਿਆ ਰਹੇ ਹਨ। ਪਿੰਡ ਕੋਠੀਆਂ ਜਾਂ ਮਹੱਲਾਂ ਵਰਗੇ ਘਰਾਂ ਦਾ ਨਾਮ ਨਹੀਂ ਜਿਨ੍ਹਾਂ ਦੇ ਬੰਨੇਰਿਆਂ 'ਤੇ ਕਬੂਤਰਾਂ ਦੀਆਂ ਬਿੱਠਾਂ ਹੋਣ। ਸਗੋਂ ਪਿੰਡ ਜਿਉਂਦੀ ਜਾਗਦੀ ਧੜਕਣ ਦਾ ਨਾਮ ਹੈ ਜਿਸ ਵਿਚ ਹਰ ਜਾਤੀ ਅਤੇ ਕਿੱਤੇ ਨਾਲ ਸਬੰਧਤ ਮਨੁੱਖ, ਆਪਣੀ ਕਿਰਤ-ਕਮਾਈ ਵਿਚੋਂ ਹਰ ਸਾਹ ਨੂੰ ਪਵਿੱਤਰ ਕਰਦਾ, ਪਿੰਡ ਦੀ ਸਮੁੱਚੀ ਫ਼ਿਜ਼ਾ ਨੂੰ ਪਾਕ ਕਰਦਾ ਏ।

ਤਾਈ ਚਿੰਤੀ ਲਈ ਮਨ ਵਿਚ ਪੈਦਾ ਹੋਇਆ ਸਤਿਕਾਰ ਅਤੇ ਅਦਬ, ਜਿਊਣ ਦਾ ਸਾਹ ਬਣ ਕੇ ਮੇਰੇ ਸਾਹਾਂ ਨੂੰ ਧੜਕਣ ਦਿੰਦਾ ਏ। ਬਹੁਤ ਚੰਗਾ ਲੱਗਦਾ ਏ, ਮਹਿਕਦੇ ਸਾਹ ਵਰਗੇ ਉਨ੍ਹਾਂ ਫਰਿਸ਼ਤਿਆਂ ਵਰਗੇ ਲੋਕਾਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਦੀ ਯਾਦ-ਬੰਦਗੀ ਵਿਚ ਲੀਨ ਹੋਣਾ। ਬੀਤੇ ਨੂੰ ਯਾਦ ਰੱਖਣਾ ਅਤੇ ਉਨ੍ਹਾਂ ਰਾਹੀਂ ਆਪਣੀ ਜ਼ਿੰਦਗੀ ਦੇ ਮਸਤਕ ਨੂੰ ਰੁਸ਼ਨਾਉਣ ਦਾ ਧੰਨਭਾਗ ਵਿਰਲਿਆਂ ਦਾ ਨਸੀਬ ਹੁੰਦਾ ਅਤੇ ਉਨ੍ਹਾਂ ਵਿਰਲਿਆਂ ਵਿਚੋਂ ਤੁਸੀਂ ਕਿਥੇ ਕੁ ਹੋ, ਹਰ ਪੰਜਾਬੀ ਨੂੰ ਆਪਣੇ ਕੋਲੋਂ ਜ਼ਰੂਰ ਪੁੱਛਣਾ ਚਾਹੀਦਾ।

ਪਿੰਡ ਸਦਾ ਸਲਾਮਤ ਰਹੇਗਾ ਕਿਉਂਕਿ ਤਾਈ ਚਿੰਤੀ ਵਰਗੀਆਂ ਰੂਹਾਂ ਦੀ ਦਰਵੇਸ਼ੀ, ਆਪਣੇ ਸੁਪਨਿਆਂ ਦੀ ਪੂਰਨਤਾ ਨੂੰ ਪਿੰਡ ਦੇ ਜੁਆਕਾਂ ਵਿਚੋਂ ਕਿਆਸਦੀ, ਪਿੰਡ ਦੀ ਸਰਬ ਸੁੱਖਨਤਾ ਅਤੇ ਸਰਬੱਤ ਦੇ ਭਲੇ ਦਾ ਮਾਨਵੀ ਸਤੰਭ ਸੀ।

ਤਾਈ ਚਿੰਤੀ ਦੀ ਯਾਦ ਨੂੰ ਪਿੰਡ ਦੀ ਜੂਹ ਵਿਚੋਂ ਪਕੜਣਾ ਅਤੇ ਉਸ ਨਾਲ ਮੂਕ-ਸੰਵਾਦ, ਮੈਨੂੰ ਬੀਤੇ ਪਲਾਂ ਦਾ ਦਰਸ਼-ਦੀਦਾਰ ਕਰਵਾ ਦਿੰਦਾ। ਇਹ ਪਿੱਤਰੀ ਮੋਹ ਦਾ ਸੁੱਚਾ ਸਬੱਬ ਵੀ ਹੈ।

ਹੁਣ ਵੀ ਪਿੰਡ ਜਾਵਾਂ ਤਾਂ ਤਾਈ ਚਿੰਤੀ ਦੇ ਪਰਿਵਾਰ ਬਾਰੇ ਜ਼ਰੂਰ ਪੁੱਛਦਾ ਹਾਂ ਅਤੇ ਉਸਦੇ ਵੱਡੇ ਪਰਿਵਾਰ ਵਿਚੋਂ ਤਾਈ ਚਿੰਤੀ ਦੇ ਨਕਸ਼ ਨਿਹਾਰਦਾ ਹਾਂ ਕਿਉਂਕਿ ਮੇਰੀ ਮਨੁੱਖੀ ਸ਼ਖ਼ਸੀਅਤ ਉਸਾਰੀ ਵਿਚ ਪਿੰਡ ਦੇ ਹਰ ਸ਼ਖ਼ਸ ਦਾ ਯੋਗਦਾਨ ਏ ਜਿਹੜਾ ਮੇਰੀਆਂ ਬਚਪਨੀ ਰਾਹਾਂ ਅਤੇ ਪੈੜਾਂ ਵਿਚ ਮੇਰੇ ਕਦਮਾਂ ਨੂੰ ਡੋਲਣ ਤੋਂ ਸੰਭਾਲਦਾ ਰਿਹਾ ਤੇ ਮੇਰੀਆਂ ਸੋਚਾਂ ਦੇ ਨਾਵੇਂ ਸੂਰਜੀ ਕਾਤਰ ਧਰਦਾ ਰਿਹਾ।

ਤਾਈ ਚਿੰਤੀ ਦੀ ਯਾਦ ਨੂੰ ਸਿਜਦਾ ਕੀਤੇ ਬਗੈਰ ਪਿੰਡ ਦੀ ਜ਼ਿਆਰਤ ਸੰਪੂਰਨ ਤਾਂ ਹੋ ਹੀ ਨਹੀਂ ਸਕਦੀ। ਤੁਸੀਂ ਵੀ ਅਜੇਹੀ ਜ਼ਿਆਰਤ ਦਾ ਮਾਣ ਜ਼ਰੂਰ ਬਣਨਾ।

### ਅੰਤਿਕਾ

ਸ਼ਾਇਦ ਸਾਡੀ ਹੀ ਉਹ ਆਖਰੀ ਨਸਲ ਸੀ ਜਿਸਨੇ ਪੇਂਡੂ ਸਭਿਆਚਾਰ ਦੇ ਇੰਨੇ ਵੱਖ-ਵੱਖ ਰੰਗਾਂ ਨੂੰ ਬਹੁਤ ਨੇੜਿਉਂ ਦੇਖਿਆ ਤੇ ਮਾਣਿਆ। ਇਹ ਉਹ ਲੋਕ ਸਨ ਜੋ ਕਿਸੇ ਵੀ ਜਵਾਕ ਨੂੰ ਘੂਰ ਸਕਦੇ, ਕਿਸੇ ਮਾੜੀ ਹਰਕਤ ਤੋਂ ਰੋਕਦੇ ਤੇ ਟੋਕਦੇ, ਗਲਤ ਰਾਹ ਤੋਂ ਵਰਜਦੇ, ਜਿਨ੍ਹਾਂ ਲਈ ਹਰ ਧੀ ਪਿੰਡ ਦੀ ਇੱਜ਼ਤ ਹੁੰਦੀ, ਹਰ ਬੱਚਾ ਪਿੰਡ ਦਾ ਜਾਇਆ ਹੁੰਦਾ। ਉਹ ਤੁਹਾਨੂੰ ਸਵੇਰੇ ਸਕੂਲੇ ਪੇਪਰ ਦੇਣ ਵੇਲੇ ਦਹੀਂ ਖਾ ਕੇ ਜਾਣ ਦੀ ਨਸੀਹਤ ਵੀ ਕਰਦੇ ਅਤੇ ਸਿਰ 'ਤੇ ਪੋਲੀ ਜਹੀ ਥਪਕੀ ਦੇ ਕੇ ਹੱਲਾਸ਼ੇਰੀ ਵੀ ਦਿੰਦੇ। ਤੁਹਾਡੀ ਤਰੱਕੀ ਲਈ ਦੁਆਵਾਂ ਮੰਗਦੇ ਅਤੇ ਸੰਗਤੀ ਰੂਪ ਵਿਚ ਪਿੰਡ ਦੀ ਸਮੁੱਚੀ ਤਰੱਕੀ ਲਈ ਅਰਦਾਸਾਂ ਵੀ ਕਰਦੇ। ਉਹ ਸਰਬੱਤ ਦੇ ਭਲੇ ਦੇ ਸੱਭ ਤੋਂ ਵੱਡੇ ਸੰਦੇਸ਼ ਵਾਹਕ ਸਨ। ਅਸੀਂ ਜੋ ਕੁਝ ਵੀ ਹਾਂ ਉਸੇ ਪੇਂਡੂ ਧਰਾਤਲ ਦੀ ਉਪਜ ਹਾਂ ਜਿਸਦੀ ਜ਼ਰਖੇਜਤਾ ਨੇ ਸਾਡੀਆਂ ਸੋਚਾਂ ਨੂੰ ਜ਼ਹੀਨ ਅਤੇ ਸੁਪਨਿਆਂ ਨੂੰ ਸਮੇਂ ਦੇ ਹਾਣ ਦਾ ਕੀਤਾ। ਉਨ੍ਹਾਂ ਦੀ ਵਿਰਾਸਤ ਨੂੰ ਯਾਦ ਕਰਨ ਲਈ ਇਹ ਨਿੱਕਾ ਜੇਹਾ ਉਦਮ ਤੁਹਾਨੂੰ ਕਿਵੇਂ ਲੱਗਾ, ਜ਼ਰੂਰ ਦੱਸਣਾ। ਧੰਨਵਾਦ!

# 'ਬਰੇਕਿੰਗ ਨਿਊਜ਼'



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

ਸਾਡੇ ਸ਼ਹਿਰ 'ਚ ਬਹੁਤ ਸਾਲ ਪਹਿਲਾਂ ਹਲਕਾ ਭੋਜਨ ਜਾਂ ਕਾਹਲ 'ਚ ਨਾਸ਼ਤਾ ਆਦਿ ਕਰਨ ਲਈ 'ਸਨੈਕ ਬਾਰ' ਖੁਲ੍ਹੀ ਸੀ। ਬੜੀ ਦੇਰ ਬੜੇ ਜਣੇ ਉਸ ਨੂੰ 'ਸਨੇਕ ਬਾਰ' (ਸੱਪਾਂ ਦੀ ਬਾਰ) ਹੀ ਕਹਿੰਦੇ ਰਹੇ! ਅਜਿਹਾ ਹਾਲ ਹੀ ਸਾਡੇ ਨਾਲ ਉਦੋਂ ਹੋਇਆ ਜਦ ਅਸੀਂ ਆਪਣਾ ਇਕ ਨਿਊਜ਼ ਚੈਨਲ ਖੋਲ੍ਹਿਆ ਤੇ ਉਸ ਦਾ ਨਾਮ 'ਬਰੇਕਿੰਗ ਨਿਊਜ਼' ਰਖਿਆ। ਸਾਡਾ ਇਕ 'ਗੁਣੀ-ਗਿਆਨੀ' ਜਾਣਕਾਰ ਸਾਨੂੰ ਚੈਨਲ ਚਲਾਉਣ 'ਤੇ ਵਧਾਈ ਦੇਣ ਆਇਆ। ਹੈ ਤਾਂ ਉਹ ਅਸਲੋਂ ਅਨਪੜ੍ਹ ਅਤੇ ਖਾਲਸ ਅਗਿਆਨੀ, ਪਰ ਆਪਣੇ ਆਪ ਨੂੰ ਸਮਝਦੈ ਅਫਲਾਤੂਨ ਦਾ ਫੁੱਫੜ!

ਆਉਂਦੇ ਸਾਰ ਨਾ ਆ ਦੇਖਿਆ ਨਾ ਤਾਅ ਤੇ ਲਗ ਪਿਆ ਪਰਬਚਨ ਦੇਣ- 'ਅਖੇ ਇਹ ਟੁਕੜੇ-ਟੁਕੜੇ ਖਬਰ ਕੀ ਹੋਈ ਭਲਾ? ਟੋਟਾ-ਟੋਟਾ ਨਿਊਜ਼?'

ਜ਼ਾਹਿਰ ਹੈ ਕਿ ਸਾਡਾ ਵਿਦਵਾਨ ਮਿੱਤਰ 'ਬਰੇਕਿੰਗ ਨਿਊਜ਼' ਨੂੰ ਟੁੱਟੀ-ਭਜੀ ਖਬਰ ਸਮਝ ਬੈਠਾ ਸੀ। ਅਸੀਂ ਉਸ ਨੂੰ ਸਮਝਾਇਆ ਕਿ ਬਰੇਕਿੰਗ ਨਿਊਜ਼ ਭਾਜਪਾ ਜਾਂ ਉਸ ਦੇ ਅੰਧਭਗਤਾਂ ਵਾਲਾ ਕੋਈ 'ਟੁਕੜੇ ਟੁਕੜੇ ਗੈਂਗ' ਨਹੀਂ ਹੈ ਅਤੇ ਨਾ ਹੀ ਇਹ 'ਅਰਬਨ ਨਕਸਲ' ਜਾਂ 'ਦਿਮਾਗੀ ਨਕਸਲ' ਵਰਗੀ ਕੋਈ ਭਾਜਪਾਈ 'ਅਲਾਮਤ' ਹੀ ਹੈ। ਨਾ ਹੀ ਇਹ ਸੰਨ 2000 ਦੀ ਬੌਲੀਵੁੱਡ ਫਿਲਮ 'ਬਿੱਛੂ' ਦੇ ਗੀਤ 'ਦਿਲ ਟੋਟੇ ਟੋਟੇ ਹੋ ਗਿਆ' ਵਰਗੀ ਕੋਈ ਗੱਲ-ਬਾਤ ਹੀ ਹੈ; ਸਗੋਂ ਇਹ ਤਾਂ ਇਕ ਮਹੱਤਵਪੂਰਨ ਘਟਨਾ ਦੀ ਤੁਰੰਤ ਤੇ ਤਾਜ਼ਾ ਜਾਣਕਾਰੀ ਨੂੰ ਕਿਹਾ ਜਾਂਦਾ ਹੈ ਜੋ ਖਬਰੀ-ਚੈਨਲ ਸਭ ਤੋਂ ਪਹਿਲਾਂ ਲੋਕਾਂ ਤਕ ਪਹੁੰਚਾਉਂਦੇ ਹਨ।

ਸਾਡਾ ਮਿੱਤਰ ਫਿਰ ਹੋਰ ਰੁਖ ਹੋ ਗਿਆ। ਅਖੇ 'ਤੁਹਾਡੇ ਇਸ ਚੈਨਲ ਦੀ ਬਰੇਕਿੰਗ ਨਿਊਜ਼ ਤਾਂ ਬੇਹੀ-ਬੁੱਸੀ ਹੁੰਦੀ ਹੈ। ਹਰ ਚੈਨਲ ਉਸ ਘਟਨਾ ਨੂੰ ਦਿਖਾ ਰਿਹਾ ਹੁੰਦੈ ਤੇ ਤੁਸੀਂ ਹਿੱਕ ਥਾਪੜ-ਥਾਪੜ ਦਾਅਵੇ ਕਰ ਰਹੇ ਹੁੰਦੇ ਹੋ ਕਿ ਇਹ ਖਬਰ ਸਾਡੇ ਚੈਨਲ 'ਤੇ ਹੀ ਸਭ ਤੋਂ ਪਹਿਲਾਂ ਦਿਖਾਈ ਜਾ ਰਹੀ ਹੈ। ਯਾਣੀ ਜੋ ਦੂਜੇ ਚੈਨਲਾਂ 'ਤੇ ਦਰਜਨਾਂ ਵਾਰ ਦਿਖਾਈ ਜਾ ਚੁਕੀ ਹੋਵੇ, ਉਹ ਤੁਹਾਡੇ ਲਈ ਤਾਜ਼ਾ ਖਬਰ ਹੁੰਦੀ ਹੈ! ਕਈ ਵਾਰ ਤਾਂ ਖਬਰ 'ਚ ਖਬਰ ਹੁੰਦੀ ਹੀ ਨਹੀਂ, ਐਂ ਲਗਦੈ ਜਿਵੇਂ ਖਬਰ ਘੜੀ ਗਈ ਹੋਵੇ!'

ਸਾਨੂੰ ਏਦਾਂ ਲੱਗਾ, ਜਿਦਾਂ ਉਹ ਸਾਡੀ ਤੁਲਨਾਂ ਗੋਦੀ ਮੀਡੀਆ ਨਾਲ ਕਰ ਰਿਹਾ ਹੋਵੇ। ਫਿਰ ਉਸ ਨੇ ਸਾਨੂੰ ਹਰ ਖਬਰ ਦਾ ਬੇਲੋੜਾ ਵਿਸ਼ਲੇਸ਼ਨ ਕਰਨ ਦੀ ਲੱਗੀ ਲਤ ਦੀ ਖਬਰ ਲਈ। ਸਾਨੂੰ ਸਿਧਾ ਸਪੱਸ਼ਟ ਸੰਬੋਧਨ ਕਰਦਿਆਂ ਬੋਲਿਆ, 'ਆਹ ਕੀ ਤੂੰ ਹਰ ਖਬਰ 'ਚ ਆਪਣੇ ਵਿਸ਼ਲੇਸ਼ਨ ਕਰਨ ਵਾਲੀ ਲੱਤ/ਟੰਗ ਫਸਾ ਦਿੰਦੈ। ਮਾੜੇ-ਮੋਟੇ ਹਾਦਸੇ ਵਾਲੀ ਖਬਰ 'ਚ ਵੀ ਕਹਿਣ ਲਗ ਜਾਨੈਂ ਕਿ ਇਸ 'ਚ ਦੇਖਣ ਵਾਲੀਆਂ 3-4 ਗਲਾਂ/ਨੁਕਤੇ ਹਨ-ਪਹਿਲਾ, ਕਿ ਹਾਦਸਾ ਹੋਇਆ, ਦੂਜਾ, ਕਿ ਹਾਦਸਾ ਦੋ ਵਾਹਨਾਂ ਦਰਮਿਆਨ ਹੋਇਆ, ਤੀਜਾ, ਹਾਦਸਾ ਸੜਕ 'ਤੇ ਹੋਇਆ ਅਤੇ ਚੌਥਾ ਕਿ ਇਸ ਹਾਦਸੇ 'ਚ ਕੁਝ ਕੁ ਜਣਿਆਂ ਨੂੰ ਮਾਮੂਲੀ ਸਟਾਂ ਲਗੀਆ ਹਨ। ਤੂੰ ਇਥੇ ਈ ਨਹੀਂ ਰੁਕਦਾ। ਆਪਣੇ ਇਸ ਵਿਸ਼ਲੇਸ਼ਨ ਨੂੰ ਹੋਰ ਅਗੇ ਲੈ ਜਾਨੈ। ਅਖੇ, ਹਾਦਸਾ ਹੋਣ ਦੇ 3-4 ਕਾਰਨ ਹੋ ਸਕਦੇ ਹਨ ਹਨ: ਪਹਿਲਾ, ਵਾਹਨਾਂ ਦੀ ਰਫਤਾਰ ਤੇਜ਼ ਹੋ ਸਕਦੀ ਹੈ, ਦੂਜਾ, ਵਾਹਨ-ਚਾਲਕ ਦੀ ਝੋਕ




ਲਗ ਗਈ ਹੋ ਸਕਦੀ ਹੈ ਜਾਂ ਉਹ ਨਸ਼ੇ ਦੀ ਹਾਲਤ 'ਚ ਹੋ ਸਕਦਾ ਹੈ, ਤੀਜਾ, ਹਾਦਸਾ ਸੜਕ ਦੀ ਬਣਤਰ ਕਾਰਨ ਵਾਪਰਿਆ ਹੋ ਸਕਦਾ ਹੈ ਤੇ ਚੌਥਾ, ਹਾਦਸਾ ਅਣਗਹਿਲੀ ਕਾਰਨ ਹੋਇਆ ਹੋ ਸਕਦੈ।'

ਸਾਡੀ ਧੜਾ-ਧੜ ਖੁੰਬ ਠੱਪੀ ਜਾ ਰਹੀ ਸੀ। ਪਰ ਅਸੀਂ 'ਦੜ ਵਟ ਜ਼ਮਾਨਾ ਕਟ ਭਲੇ ਦਿਨ ਆਵਣਗੇ' ਵਾਲੀ ਅਵਸਥਾ ਦੇ ਧਾਰਨੀ ਬਣੇ ਬੈਠੇ 'ਦੋ ਪਈਆਂ ਵਿਸਰ ਗਈਆਂ ਸਦਕਾ ਢੂਈ ਦਾ' ਵਾਲਾ ਅਖਾਣ ਅਪਣਾ ਕੇ ਆਪਣੀ ਲਾਹ-ਪਾਹ ਸਹਾਰੀ ਜਾ ਰਹੇ ਸਾਂ। ਸਾਨੂੰ ਹਿੰਦੀ ਦੇ ਪ੍ਰਸਿੱਧ ਹਾਸਰਸ ਕਵੀ ਕਾਕਾ ਹਾਥਰਸੀ ਦੀ ਉਸ ਕਵਿਤਾ ਦੇ ਉਨ੍ਹਾਂ ਨੇਤਾਵਾਂ ਦੀ ਯਾਦ ਆ ਗਈ, ਜੋ 'ਬਲੈਕ-ਆਊਟ' ਬਾਰੇ ਉਨਾਂ ਕੁ ਹੀ ਜਾਣਦੇ ਸਨ, ਜਿੰਨਾ ਕੁ ਸਾਡਾ ਇਹ 'ਗੁਣੀ-ਗਿਆਨੀ' ਮਿੱਤਰ ਤਾਜ਼ਾ/ਤੇਜ਼ ਖਬਰਾਂ ਬਾਰੇ। ਸਾਡੇ ਸ਼ਹਿਰ 'ਚ ਸੱਤਰਵਿਆਂ ਦੇ ਸ਼ੁਰੂ 'ਚ ਇਕ ਤ੍ਰੈ-ਭਾਸ਼ੀ ਮੁਸ਼ਾਇਰਾ ਹੋਇਆ ਸੀ। ਉਸ ਤੋਂ ਕੁਝ ਕੁ ਸਮਾਂ ਪਹਿਲਾਂ ਭਾਰਤ-ਪਾਕਿਸਤਾਨ ਦੀ ਜੰਗ ਹੋ ਕੇ ਹਟੀ ਸੀ। ਪੂਰਬੀ ਪਾਕਿਸਤਾਨ ਬੰਗਲਾਦੇਸ਼ ਬਣ ਚੁਕਾ ਸੀ। ਹੋਰ ਜੰਗਾਂ ਵਾਂਗ ਇਸ ਜੰਗ ਵੇਲੇ ਵੀ ਸਾਡੇ ਇਧਰ 'ਬਲੈਕ-ਆਊਟ' ਹੁੰਦੀ ਸੀ, ਯਾਣੀ ਸੂਰਜ ਛਿਪਣ ਉਪਰੰਤ ਦੀਵਾ-ਬੱਤੀ ਕਰਨ ਦੀ ਮਨਾਹੀ, ਤੇ ਪੂਰਾ ਘੁੱਪ-ਹਨੇਰਾ! ਉਸ ਮੁਸ਼ਾਇਰੇ 'ਚ ਕਾਕਾ ਹਾਥਰਸੀ ਨੇ ਵਿਅੰਗ ਕਸਿਆ ਸੀ, 'ਏਕ ਨੇਤਾ ਨੇ ਦੂਸਰੇ ਨੇਤਾ ਸੇ ਪੂਛਾ, 'ਯਾਰ ਯੇ ਬਲ਼ੈਕ-ਆਊਟ ਕਯਾ ਹੋਤੀ ਹੈ'? ਦੂਸਰੇ ਨੇਤਾ ਨੇ ਉਤਰ ਦੀਆ, 'ਸਾਲੇ ਰਾਤ ਕੋ ਕਰਤੇ ਹੈਂ, ਦਿਨ ਕੋ ਕਰੇਂ ਤੋ ਕੁਛ ਪਤਾ ਭੀ ਚਲੇ!'

ਮੌਜੂਦਾ ਦੌਰ ਦੇ ਮਸ਼ਹੂਰ ਹਿੰਦੀ ਵਿਅੰਗ ਲੇਖਕ ਸੰਪਤ ਸਰਲ ਨੇ ਜੋ 'ਬਰੇਕਿੰਗ ਨਿਊਜ਼' ਉਪਰ ਆਪਣੀ ਇਕ ਲਘੂ-ਕਥਾ ਰਾਹੀਂ ਚੋਟ ਕੀਤੀ ਹੈ, ਉਹ ਬੇਮਿਸਾਲ ਹੈ। ਸੋਸ਼ਲ ਮੀਡੀਆ ਤੇ ਵਾਇਰਲ ਹੋਈ ਇਹ ਲਘੂ-ਕਥਾ ਤੁਸੀਂ ਵੀ ਪੜ੍ਹੋ-ਸੁਣੋ (ਇਸ ਦੀ ਪੰਜਾਬੀ ਕੀਤੀ ਗਈ ਹੈ):

'ਆਤਮ-ਨਿਰਭਰ ਨਾਮ ਦੇ ਰਾਜ 'ਚ ਡਿਜਿਟਲ ਕ੍ਰਾਂਤੀ ਭਾਵੇਂ ਅਜੇ ਹੋਣ ਵਾਲੀ ਸੀ ਲੇਕਿਨ ਨਿਊਜ਼-ਕ੍ਰਾਂਤੀ ਹੋ ਚੁਕੀ ਸੀ। ਨਿਊਜ਼ ਚੈਨਲ ਖਬਰਾਂ ਤਲਾਸ਼ਦੇ ਨਹੀਂ ਘੜਦੇ ਸੀ ਅਤੇ ਖਬਰਾਂ ਦਿੰਦੇ ਨਹੀਂ ਫੈਲਾਉਂਦੇ ਸੀ। ਬਰੇਕਿੰਗ-ਨਿਊਜ਼ ਦੀ ਤਾਂ ਮਾਰਾ-ਮਾਰੀ ਸੀ।

ਜਿਉਂ ਹੀ ਰਾਜਾ ਨਹਾ ਕੇ ਇਸ਼ਨਾਨ ਘਰ 'ਚੋਂ ਨਿਕਲਿਆ ਤਾਂ ਇਕ ਚੈਨਲ ਨੇ ਨਿਊਜ਼ ਦਾਗੀ-ਰਾਜਾ ਨਾਹਤਾ। ਦੂਸਰੇ ਨਿਊਜ਼ ਚੈਨਲ ਨੇ ਖੁਸ਼ੀ ਜ਼ਾਹਿਰ ਕੀਤੀ-ਰਾਜਾ ਅੱਜ ਨਾਹਤਾ। ਤੀਜੇ ਨੇ ਅਟਕਲਾਂ ਲਾਈਆਂ-ਰਾਜਾ ਕਿਉਂ ਨਾਹਤਾ? ਚੌਥੇ ਨੇ ਨਵੀਂ ਜਾਣਕਾਰੀ ਦਿਤੀ-ਰਾਜਾ ਪਹਿਲੀ ਵਾਰ ਨਾਹਤਾ। ਪੰਜਵੇਂ ਨੇ ਆਤਮ-ਨਿਰਭਰਤਾ ਦੀ ਪੁਸ਼ਟੀ ਕੀਤੀ-ਰਾਜਾ ਖੁਦ ਨਾਹਤਾ। ਛੇਵੇਂ ਨੇ ਰਹੱਸ ਖੋਲ੍ਹਿਆ-ਰਾਜਾ ਪਾਣੀ ਨਾਲ ਨਾਹਤਾ। ਸਤਵੇਂ ਨੇ ਬਰੇਕਿੰਗ ਨਿਊਜ਼ 'ਚ ਗਰਮੀ ਭਰੀ-ਰਾਜਾ ਗਰਮ ਪਾਣੀ ਨਾਲ ਨਾਹਤਾ। ਅਠਵਾਂ ਗਰਵਿਤ ਹੋਇਆ-ਰਾਜਾ ਚੁੱਲੂ ਭਰ ਪਾਣੀ ਨਾਲ ਨਾਹਤਾ। ਨੌਂਵੇਂ ਨੇ ਸਥਿਤੀ ਹੋਰ ਸਾਫ ਕੀਤੀ-ਰਾਜਾ ਸਾਫ ਪਾਣੀ ਨਾਲ ਨਾਹਤਾ। ਦਸਵੇਂ ਨੇ ਗੁਪਤ ਜਾਣਕਾਰੀ ਦਿਤੀ-ਰਾਜਾ 'ਕੱਲਾ ਹੀ ਨਾਹਤਾ। ਗਿਆਰਵੇਂ ਨੇ ਰਾਹਤ ਭਰੀ ਬਰੇਕਿੰਗ ਨਿਊਜ਼ ਦਿਤੀ-ਰਾਜਾ ਅੱਜ ਤਾਂ ਨਾਹਤਾ। ਬਾਹਰਵੇਂ ਨਿਊਜ਼ ਚੈਨਲ ਨੇ ਤਾਂ ਸਭ ਤੇ ਪਾਣੀ ਫੇਰ ਦਿਤਾ-ਰਾਜਾ ਗਿਲੇ ਪਾਣੀ ਨਾਲ ਨਾਹਤਾ!'

ਪਰ ਆਪਾਂ ਸਭ ਖਾਧੀਆਂ-ਪੀਤੀਆਂ ਹਨ। ਅਖੇ 'ਬੇਸ਼ਰਮ ਦੀ ਪਿੱਠ ਤੇ ਰੁੱਖ ਉਗਿਆ, ਕਹਿੰਦਾ ਯਾਰਾਂ ਨੂੰ ਛਾਂ ਹੋਊ' ਯਾਣੀ 'ਬੇਸ਼ਰਮ ਦੀ ਡੁੱਲੀ ਦਾਲ, ਕਹਿੰਦਾ ਅਸੀਂ ਏਦਾਂ ਈ ਖਾਂਦੇ ਹੁੰਦੇ ਹਾਂ।' ਸਾਡਾ 'ਬਰੇਕਿੰਗ ਨਿਊਜ਼' ਚੈਨਲ ਖਬਰਾਂ ਦੀ ਨਿਰੰਤਰ ਤੋੜ-ਫੋੜ ਕਰੀ ਜਾ ਰਿਹੈ ਤੇ ਅਸੀਂ ਆਪਣੇ ਵਿਦਵਤਾ ਭਰਪੂਰ ਬੇਲੋੜੇ ਵਿਸ਼ਲੇਸ਼ਨ ਦੀ ਛਹਿਬਰ ਲਗਾਤਾਰ ਲਾਈ ਜਾ ਰਹੇ ਹਾਂ!

ਸਾਡਾ ਚੈਨਲ ਜ਼ਿੰਦਾਬਾਦ!' ਬਰੇਕਿੰਗ ਨਿਊਜ਼' ਦੀ ਉਮਰ ਲੰਮੀ ਹੋਵੇ! ਆਮੀਨ!

# ਰਜਵੰਤ ਸੰਧੂ ਰਚਿਤ 'ਮੇਰੇ ਪਿਤਾ ਦੀ ਕੁਰਸੀ': ਕਾਵਿ-ਵਾਰਤਾ-ਬਿਰਤਾਂਤ ਦਾ ਸੁਮੇਲ

ਤੇਰੇ ਮਹਿਲਾਂ ਦੇ ਵਿਚ ਵਿਚ ਵੇ, ਬਾਬਲ ਡੋਲਾ ਨਹੀਓਂ ਲੰਘਦਾ...
ਬਾਬਲ ਮੇਰਾ ਦੇਸਾਂ ਦਾ ਰਾਜਾ, ਕੋਈ ਨਿੰਦਕੇ ਨਾ ਜਾਵੇ...
ਤੂੰ ਕਿਓਂ ਰੋਵੇਂ ਬਾਬਲ ਵੇ, ਜੱਗ ਹੁੰਦੜੀ ਆਈ...

ਰਜਵੰਤ ਸੰਧੂ ਦੀ ਏਸ ਨਿਵੇਕਲੀ ਕਿਤਾਬ ਵਿਚ, ਸਥੂਲ ਕੁਰਸੀ; ਬਾਬਲ ਦੇ ਮਹਿਲਾਂ ਦਾ ਸੂਖਮ ਚਿੰਨ੍ਹ ਹੋ ਜਾਂਦੀ ਏ। ਬਾਬਲ ਏਥੇ ਦੇਸ ਈ ਨਹੀਂ, ਦੇਸਾਂ ਦਾ ਰਾਜਾ ਏ; ਕਿੰਨਿਆ ਈ ਦੇਸਾਂ ਦਾ। ਪਰੀਆਂ ਦੇ ਦੇਸਾਂ ਦਾ ਰਾਜਾ ਵੀ! ਏਸੇ ਦੇਸੋਂ ਓਸਨੇ ਲਾਡਲੀ ਧੀ ਲਈ ਸੱਤ ਸਮੁੰਦਰ ਪਾਰੋਂ ਗੁੱਡੀ ਲੈ ਕੇ ਆਉਣੀ ਏ। ਇਹ ਧੀ ਦੀ ਮੰਗ ਏ। ਨਾਲ ਹਦਾਇਤ ਏ ਛੇਤੀ ਆਉਣ ਦੀ। ਪਾਪਾ ਦੀ ਛੇਤੀ ਆਉਣ ਲਈ ਧੀ ਆਪਣੀ ਗੁੱਡੀ ਦੀ ਮੰਗ ਵੀ ਛੱਡ ਦੇਂਦੀ ਏ। ਤੇ ਕਈ ਵਾਰ ਕਿਸੇ ਦੇ ਪਾਪਾ ਛੇਤੀ ਨਹੀਂ ਵੀ ਆਉਂਦੇ। ਤੇ ਕਈ ਵਾਰ?...ਆਉਂਦੇ ਈ ਨਹੀਂ!...ਓਦੋਂ ਵੀ ਧੀ ਆਪਣੀ ਥਾਂਵੇਂ ਬਾਪ ਨੂੰ ਈ ਹੌਸਲਾ ਦੇਂਦੀ ਲਗਦੀ ਏ, ਇਹ ਆਖਕੇ; ਇਹ ਤਾਂ 'ਜੱਗ ਹੁੰਦੜੀ ਆਈ' ਏ। ਹੌਲੀ ਹੌਲੀ ਇਹ 'ਜੱਗ ਹੁੰਦੜੀ' ਕਿਸੇ ਪਰਿਵਾਰ ਲਈ ਧਰਵਾਸਾ ਹੋ ਜਾਂਦੀ ਏ। ਧਰਵਾਸ ਆਸ ਨਾਲੋਂ ਉੱਤੇ ਏ। ਏਸੇ ਧਰਵਾਸ ਦੇ ਭਰਵਾਸੇ ਰਜਵੰਤ ਜ਼ਿੰਦਗੀ ਦਾ ਭਵ-ਸਾਗਰ ਪਾਰ ਕਰਦੀ ਏ। ਕਰਦੀ-ਕਰਦੀ ਰਚਨ ਦੇ ਏਸ ਪੜਪੱਕ ਪੜਾ 'ਤੇ ਅਪੜਦੀ ਏ। ਓਹ ਵੀ ਇਕੋ ਛੜੱਪਾ ਮਾਰਕੇ। ਐਂ ਜੀਕੂੰ ਐਵੇਂ ਕੋਈ ਖਾਲ ਈ ਟੱਪਣਾ ਹੋਵੇ!



**ਅਤੈ ਸਿੰਘ, ਟੋਰਾਂਟੋ ਕੈਨੇਡਾ**
**ਫੋਨ: 98151-77577**

ਇਹ ਪੜਤਾ ਦੀ ਏਸ ਕਿਤਾਬ ਬਾਰੇ ਆਪਣੀ ਪਹੁੰਚ ਏ। ਇਸਦੀ ਸਾਹਿਤਕ ਆਲੋਚਨਾ ਨਹੀਂ। ਇਹ ਰਚਨਾ ਕਿਸੇ ਇੱਕ ਸਾਹਿਤ ਵਿਧਾ ਵਿਚ ਬੱਝਦੀ ਈ ਨਹੀਂ। ਇਹਨੇ ਤਾਂ ਜਿਵੇਂ ਸਾਹਿਤ ਰੂਪਾਂ, ਵਿਧਾਵਾਂ; ਧਾਰਨਾਵਾਂ ਨੂੰ ਤੋੜਨਾ ਮਿਥਿਆ ਹੋਵੇ! ਤੇ ਆਪਣੀ ਗੱਲ ਕਿਸੇ ਵੀ ਹੀਲੇ ਕਰਨ ਲਈ, ਸੁਣਾਉਣ ਲਈ; ਜਚਾਉਣ ਲਈ ਧਾਰਿਆ ਹੋਵੇ। ਗੱਲ ਕਰਨੀ, ਸੁਣਾਉਣੀ; ਜਚਾਉਣੀ ਕਿਸੇ-ਕਿਸੇ ਨੂੰ ਈ ਆਉਂਦੀ ਏ। ਵੱਡੇ ਭਾਊ ਜੀ ਵਰਿਆਮ ਸੰਧੂ ਨੂੰ ਆਉਂਦੀ ਏ। ਪ੍ਰਿੰਸੀਪਲ ਸਰਵਣ ਸਿੰਘ ਹੋਰਾਂ ਨੂੰ ਆਉਂਦੀ ਏ। ਆਪਣੇ ਭਾਅ ਜਗੀਰ ਕਾਹਲੋਂ ਨੂੰ ਵੀ ਆਉਂਦੀ ਏ। ਪਰ ਜਿਵੇਂ ਰਜਵੰਤ ਸੰਧੂ ਨੂੰ ਆਉਂਦੀ ਏ ਓਵੇਂ ਕੀਹਨੂੰ ਆਉਂਦੀ ਏ? ਐਨ ਨਿਰਉਚੇਚ। ਅਚੇਤ। ਸੁਤੇ ਸਿੱਧ। ਏਨਾ ਸਹਿਜ ਵੀ ਕੋਈ ਹੁੰਦਾ! ਏਨੀ ਅਡੋਲਤਾ ਕਿਸ ਕੋਲ ਹੁੰਦੀ ਏ! ਏਡੀ ਦਰਿੜਤਾ ਆਪਣੇ ਆਪ ਤਾਂ ਨਹੀਂ ਆਉਂਦੀ ਹੋਣੀ। ਇਹ ਜ਼ਿੰਦਗੀ ਦੀ ਕਠੋਰਤਾ ਸਿਖਾ ਦੇਂਦੀ ਏ। ਸਮੇਂ ਦੀ ਬੇਕਿਰਕੀ ਸਮਝਾ ਦੇਂਦੀ ਏ। ਹਾਲਾਤ ਦੀ ਸੰਵੇਦਨਾ ਸੁਝਾ ਦੇਂਦੀ ਏ। ਜਿਨ੍ਹਾਂ ਵੇਲਿਆਂ ਵਿਚਦੀ ਕੋਈ ਪੀੜਿਆ ਹੁੰਦਾ, ਓਹਨਾਂ ਦਾ ਸੱਚ ਵੀ ਓਹੋ ਜਾਣਦਾ!

ਇਹ ਕੁੱਝ ਕੁ ਭਾਵੁਕ ਕਥਨ, ਰਜਵੰਤ ਦੇ ਸੁਲਝੇ ਬਚਨ ਪੜ੍ਹ ਕੇ ਸੁਣ ਕੇ ਵਿਚਾਰ ਕੇ; ਤਰਦੇ-ਤਰਦੇ ਮਨ ਵਿਚ ਆਏ। ਕਮਜ਼ੋਰ ਮਨ ਤੋਂ ਸਾਂਭੇ ਨਾ ਗਏ। ਕਾਗਤ 'ਤੇ ਉਤਾਰ'ਤੇ। ਕਾਗਤ ਉਡਦੇ ਖਿਆਲਾਂ ਦੇ ਕਬੂਤਰਾਂ ਲਈ ਛਤਰੀ ਹੋ ਜਾਂਦੇ ਨੇ ਕਦੇ! ਇਹ ਕਾਗਜ਼ ਦੀ ਕਿਸ਼ਤੀ ਵਰਗੀ ਤਰਲਤਾ ਨਹੀਂ। ਜ਼ਿੰਦਗੀ ਦੇ ਸਬਕ ਵਰਗੀ ਗਾਥਾ ਏ। ਇਹ ਜਮਾਤਾਂ ਦੇ ਕਮਰਿਆਂ ਵਿਚੋਂ ਸਿੱਖਿਆ ਸਬਕ ਨਹੀਂ। ਜ਼ਿੰਦਗੀ ਨੂੰ ਜੀਊਣ ਵਾਂਗ ਜੀਊਂਦਿਆਂ, ਪੜ੍ਹਿਆ-ਗੁੜ੍ਹਿਆ ਕੜ੍ਹਿਆ; ਵਿਹਾਰਕ ਅਧਿਆਏ ਏ। ਕਵੀ ਦੇ ਸ਼ਬਦੀਂ:

ਕਿਤਾਬਾਂ 'ਚੋਂ ਜੀਣ ਦੀ ਜਾਚ ਸਿੱਖਦੇ ਸਿੱਖਦੇ
ਜੀਊਣਾ ਭੁੱਲ ਬੈਠੇ
ਜਿਹੜੇ ਜੀਊਂਦੇ ਓਹ ਅਨਪੜ੍ਹ! ...

ਕਾਵਿ ਸਾਹਿਤ ਦਾ ਮੂਲ ਏ। ਵਾਰਤਾ ਢਾਡੀਆਂ-ਕਵੀਸ਼ਰਾਂ ਦੇ ਪਰਸੰਗਾਂ ਦੀ ਜਣਨੀ ਏ। ਬਿਰਤਾਂਤ ਕਿੱਸਾਕਾਰੀ ਵਿਧਾ ਦੀ ਉਪਜ ਏ। ਪਹਿਲਾਂ ਸਾਹਿਤ ਲਈ ਕਾਵਿ ਸ਼ਬਦ ਈ ਸੀ। ਫਿਰ ਨਾਟ ਆਇਆ। ਗਲਪ ਨੂੰ ਨਵੀਨ ਸਾਹਿਤ ਰੂਪ ਆਖਿਆ ਜਾਂਦਾ। ਕਦੇ ਸਿਰਫ ਕਾਵਿ ਤੇ ਵਾਰਤਾ ਈ ਸਾਹਿਤ ਸੀ। ਅਕਾਦਮਿਕਤਾ ਨੇ ਇਹਨੂੰ ਕਈ ਕੁੱਝ ਬਣਾ'ਤਾ! ਕਈਆਂ ਰੂਪਾਂ 'ਚ ਵੰਡ'ਤਾ। ਆਧੁਨਿਕਤਾ ਦੇ ਨਾਂ 'ਤੇ, ਸਾਹਿਤ ਗਿਆਨ ਦਾ ਛੱਟਾ ਦੇ ਕੇ; ਇਹਨੂੰ ਏਨਾ ਖਿਲਾਰਤਾ ਭਈ ਹੁਣ ਪੰਡ 'ਚ ਬੱਝਣਾ ਮੁਹਾਲ ਹੋ ਗਿਆ ਲਗਦਾ। ਰਜਵੰਤ ਅਚੇਤ-ਸਚੇਤ ਇਨ੍ਹਾਂ ਸਾਹਿਤਕ ਨਰੜਾਂ ਨੂੰ ਤੋੜਨ ਦਾ ਵੱਡਮੁੱਲਾ ਕਾਰਜ ਇਸ ਕਿਤਾਬ ਵਿਚਦੀ ਕਰਦੀ ਏ।

'ਮੇਰੇ ਪਿਤਾ ਦੀ ਕੁਰਸੀ' (ਪੰਜ ਆਬ ਪ੍ਰਕਾਸ਼ਨ, ਜਲੰਧਰ, 2026) ਗੁਆਂਢੀ ਮੁਲਕ ਦੀ ਫੇਰੀ ਦੇ ਸਫਰੀ ਪ੍ਰਸੰਗ ਦੀ ਕਥਾ ਏ, ਵਾਰਤਾ ਏ; ਕਵਿਤਾ ਏ। ਕਿਸੇ ਵੀ ਸਾਹਿਤ ਰੂਪ ਵਿਚ ਕਿਸੇ ਹੋਰ ਸਾਹਿਤ ਰੂਪ ਦਾ ਆ ਜਾਣਾ ਸੁਭਾਵਕ ਏ। ਸਫਰਨਾਮਾ, ਜੀਵਨੀ; ਡਾਇਰੀ ਇੱਕ-ਦੂਜੇ ਨਾਲ ਜੁੜੇ ਹੋਏ ਸਾਹਿਤ ਰੂਪ ਨੇ। ਇੱਕ-ਦੂਜੇ ਵਿਚ ਸਹਿਜੇ ਸਮਾ ਜਾਂਦੇ ਨੇ। ਇਨ੍ਹਾਂ ਵਿਚਲਾ ਸਵੈ ਪਸਰ ਕੇ ਸਮੂਹ ਤੱਕ ਜਾ ਅਪੜਦਾ ਏ। ਸਮੂਹ ਦੀ ਚੇਤਨਾ ਸਵੈ ਤੱਕ ਸਿਮਟ ਆਉਂਦੀ ਏ। ਰਜਵੰਤ ਸੰਧੂ ਆਪਣੇ ਸਵੈ ਨੂੰ ਸਮੂਹ ਤੱਕ ਸਹਿਜੇ ਈ ਪਾਸਾਰਦੀ ਏ। ਸਮੂਹ ਨੂੰ ਆਪਣੇ ਸਵੈ ਦੇ ਕਲਾਵੇ ਵਿਚ ਨਿਰਉਚੇਚ ਭਰਦੀ ਏ। ਤਾਂ ਈ ਇਹ ਇਕੋ ਵੇਲੇ ਕਈ ਸਾਹਿਤਕ ਰੂਪਾਂ ਨੂੰ ਨਿਭਾ ਸਕੀ ਏ। ਕਈ ਪਹਿਲੂਆਂ, ਪੱਖਾਂ; ਪਰਤਾਂ ਨੂੰ ਨਾਲੋ-ਨਾਲ ਉਘਾੜ ਸਕੀ ਏ। 'ਮੇਰੇ' ਸ਼ਬਦ ਸਿਰਫ ਆਪਣੇ, ਇਕੋ; ਇਕੋ-ਇੱਕ ਆਪਣੇ ਲਈ ਵੀ ਵਰਤਿਆ ਜਾਂਦਾ ਏ: ਜਿਵੇਂ, ਮੇਰੇ ਪਿਤਾ, ਮੇਰੇ ਪੁੱਤ; ਮੇਰੇ ਪਤੀ...। ਨਾਲ ਈ ਕਈਆਂ ਵਾਸਤੇ, ਸਾਰਿਆਂ ਵਾਸਤੇ; ਸਮੂਹ ਵਾਸਤੇ ਵੀ ਵਰਤਿਆ ਜਾਂਦਾ ਏ: ਜਿਵੇਂ, ਮੇਰੇ ਦੋਸਤੋ, ਮੇਰੇ ਪੰਜਾਬੀਓ; ਮੇਰੇ ਮਿਹਰਬਾਨੋ...।

ਕਿਤਾਬ ਦੇ ਪਹਿਲੇ ਦੋ ਅਧਿਆਏ ਇਕੋ ਗਲਪ ਰਚਨਾ ਦੇ ਦੋ ਹਿੱਸੇ ਲਗਦੇ ਨੇ। ਆਖਰੀ ਅਧਿਆਏ ਕਾਵਿਕ ਕਥਾ ਵਾਰਤਾ ਦਾ ਉੱਤਮ ਨਮੂਨਾ ਜਾਪਦਾ ਏ। ਕੁੱਝ ਕਿਤਾਬਾਂ ਦੋ ਲੇਖਕਾਂ ਦੀਆਂ ਰਲ ਕੇ ਲਿਖੀਆਂ ਵੀ ਹੋਣਗੀਆਂ। ਇਹ ਇਕੋ ਲੇਖਕ ਵੱਲੋਂ ਦੋ ਜਣਿਆਂ ਦੀ ਲਿਖੀ ਗਾਥਾ ਏ। ਦੋਵੇਂ ਇੱਕ-ਦੂਜੇ ਦੇ ਐਨ ਕਰੀਬ ਨੇ। ਏਨੇ ਨੇੜੇ ਕਿ ਦੋ ਬੁੱਤਾਂ ਦੀ ਇਕੋ ਸਾਂਝੀ ਰੂਹ ਏ। ਬਣਦੀ ਏ ਦੋਹਾਂ ਦੀ। ਬਣਨ ਵਾਂਗ ਬਣਦੀ ਏ। ਇੱਕ ਦੂਜੇ ਦੀ ਸਮਝ ਏ ਦੋਹਾਂ ਨੂੰ। ਚੰਗੀ ਨਿਭਦੀ ਏ। ਦੁਆ ਏ, ਇਓਂ ਈ ਨਿਭਦੀ ਰਹੇ! 'ਇੱਕ ਨੇ ਆਖੀ, ਦੂਜੇ ਨੇ ਮੰਨੀ; ਦੋਵੇਂ ਗੁਣੀ' ਤੋਂ ਵੱਡਾ ਕੋਈ ਵਿਹਾਰੀ-ਵਿਚਾਰੀ ਨੁਕਤਾ ਨਹੀਂ ਲਭਦਾ- ਭਲੇਰੀ ਸਾਂਝ ਦਾ। ਪੰਜਾਬੀ ਦੀ ਲੋਕ ਕਹਾਵਤ ਵੀ ਏ:

ਸਾਂਝ ਭਲੇਰੀ ਨਿਭੇ ਇਓਂ
ਜਿਓਂ ਜਾਣਾਂ ਤਿਓਂ ਚੱਲ ਨਿਓਂ

'ਮੇਰੇ ਪਿਤਾ ਦੀ ਕੁਰਸੀ' ਦੀ ਲੇਖਕ ਰਜਵੰਤ ਸੰਧੂ ਦੀ ਵੱਡੀ ਖੂਬੀ ਸ਼ਬਦੀ ਦਰਿਸ਼ਕਾਰੀ ਏ। ਨਾਲ ਮਿਲਦੀ ਬਿਰਤਾਂਤਕਾਰੀ ਏ। ਜਚਦੀ ਕਾਵਿਕ ਵਾਰਤਕਕਾਰੀ ਏ। ਕਵਿਤਾ ਦਾ ਵਾਰਤਕੀ ਹੋ ਜਾਣਾ ਕਾਵਿ ਦੋਸ਼ ਮੰਨਿਆ ਜਾਂਦਾ ਏ। ਵਾਰਤਕ ਦਾ ਕਾਵਿਕ ਹੋਣਾ ਉਸਦਾ ਗੁਣ ਬਣਦਾ ਏ। ਨਿਰੰਤਰ ਲੈਅ, ਵਹਾ; ਤਾਲ ਵਾਰਤਕ ਨੂੰ ਰਸਾਉਂਦਾ ਏ। ਇਹ ਰਸੀ ਵਾਰਤਕ ਦਾ ਉੱਤਮ ਨਮੂਨਾ ਏ। ਰਜਵੰਤ ਦੀ ਲੇਖਣੀ ਦਾ ਪਛਾਣ ਚਿੰਨ੍ਹ ਏ।

ਰਜਵੰਤ ਸੰਧੂ ਪਾਠਕ ਨੂੰ ਆਪਣੇ ਸ਼ਬਦਾਂ ਦੇ ਨਾਲ-ਨਾਲ ਤੋਰਦੀ ਏ। ਕਿਤੇ ਲਿਖਤੋਂ ਨਿੱਖੜਨ, ਉੱਖੜਨ; ਲਾਂਭੇ ਨਹੀਂ ਹੋਣ ਦੇਂਦੀ। ਇਹ ਉਸਦੀ ਦੀਰਘ ਸੂਤਰੀ ਸ਼ੈਲੀ ਦੀ ਢੁਕਵੀਂ, ਜਚਵੀਂ; ਫਬਵੀਂ ਵਰਤੋਂ ਦੀ ਮੂੰਹ ਬੋਲਦੀ ਮਿਸਾਲ ਏ। ਉਸਦੀ ਲਿਖਤ ਵਿਚ ਟਿਕਾ ਏ, ਠਹਿਰਾ ਏ; ਇਕਾਗਰਤਾ ਏ। ਬਿਨਾਂ ਇਕਸੁਰਤਾ ਦੇ ਇਸਨੂੰ ਪੜ੍ਹਨਾ ਨਿਆਈਂ ਨਹੀਂ। ਚੰਗੀ ਲਿਖਤ ਲਿਖਤਾ-ਪੜ੍ਹਤਾ ਦੀ ਲੀਨਤਾ ਲੋੜਦੀ ਏ।

ਇਹ ਰਚਨਾ ਦੱਸਦੀ ਘੱਟ ਏ। ਬੋਲਦੀ ਥੋਹੜਾ ਏ। ਲਿਖਦੀ ਸਾਂਵਾਂ ਏ। ਦਰਸਾਉਂਦੀ ਜ਼ਿਆਦਾ ਏ। ਦਰਿਸ਼ੀਂ ਆਪਣੇ ਭਾਵ, ਖਿਆਲ; ਇਹਸਾਸ ਪ੍ਰਗਟਾਉਂਦੀ ਏ। ਰਜਵੰਤ ਨੂੰ ਦ੍ਰਿਸ਼ ਸਜੀਵ ਕਰਨੇ ਆਉਂਦੇ ਨੇ। ਇਸ ਸਮੂਲਚੀ ਰਚਨਾ ਦਾ ਕੇਂਦਰੀ ਦ੍ਰਿਸ਼ 'ਕੁਰਸੀ' ਏ। ਇਹ ਕਿਤੇ ਵੀ, ਕਿਵੇਂ ਵੀ; ਕਿਸੇ ਤਰ੍ਹਾਂ ਵੀ ਅੱਜ ਪ੍ਰਚਲਿਤ ਕੁਰਸੀ ਦਾ ਪ੍ਰਤੀਕ ਨਹੀਂ। ਏਹੋ ਏਸ ਚਿੰਨ੍ਹ ਦੀ ਨਿਵੇਲੀ ਖੂਬੀ ਏ। ਇਹ ਕਿਸੇ ਦੀ ਕੁਰਸੀ ਨਹੀਂ। ਕਿਸੇ ਅਹੁਦੇ ਦੀ ਕੁਰਸੀ ਨਹੀਂ। ਧੌਂਸ ਦੀ ਕੁਰਸੀ ਨਹੀਂ। ਇਹ ਕਿਸੇ 'ਮੇਰੇ' ਦੀ ਕੁਰਸੀ ਏ। ਉਸਦੇ ਚੇਤੇ ਦੀ ਕੁਰਸੀ ਏ। ਉਸਦੇ ਪਿਆਰ ਦੀ ਕੁਰਸੀ ਏ। ਪਿਤਾ-ਪਿਆਰ ਦੀ ਨਿਸ਼ਾਨੀ ਏ। ਵਿਰਾਸਤ ਏ ਧੀ ਦੇ ਬਾਪ ਦੀ। ਸਾਡੀ ਸਾਂਝੀ ਪੰਜਾਬ ਪਰੰਪਰਾ ਦੀ ਪ੍ਰਤੀਕ ਏ ਇਹ। ਪੰਜਾਬ ਪਿਆਰ ਦੀ ਸਾਂਝੀ ਧੜਕਣ ਏ। ਕੀ ਕੁੱਝ ਏ ਇਹ ਕਿਸੇ ਧੀ ਲਈ, ਭੈਣ ਲਈ; ਮਾਂ ਲਈ! ਸਗੋਂ ਇੱਕ ਔਰਤ ਲਈ। ਭਾਰਤੀ ਨਾਰੀ ਲਈ। ਸੰਸਕਾਰੀ ਲਈ!

ਇਹ ਔਰਤ ਮਨ ਦੀ ਵਡੱਤਣ ਏ ਭਈ ਪਹਿਲਾਂ ਓਹ ਆਪਣੇ ਘਰਵਾਲੇ ਦੀ ਲਿਲਕਤੀ ਸਮਝਦੀ ਏ। ਓਧਰਲੇ ਪੰਜਾਬ ਜਾ ਕੇ ਪਹਿਲਾਂ ਓਹ, ਆਪਣੇ ਪੰਜਾਬੀ ਦੇ ਵਿਸ਼ਵ-ਪੱਧਰੀ ਮੋਹਵੰਤੇ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੂੰ; ਉਸਦੇ ਓਧਰ ਰਹਿ ਗਏ ਪਿੰਡ ਲਿਜਾਂਦੀ ਏ। ਫੇਰ ਆਪਣੇ ਪਿਤਾ ਦੀ ਯਾਦ ਸੀਨੇ ਲਾਉਣ ਲਈ ਓਹਦੇ ਦਫਤਰ ਜਾਂਦੀ ਏ। ਕਿਸੇ ਨੂੰ ਵਡਿਆਇਆਂ ਆਪਣੀ ਵਡਿਆਈ ਹੁੰਦੀ ਏ! ਇਨ੍ਹਾਂ ਦੋਹਾਂ ਹਿੱਸਿਆਂ ਨੂੰ ਆਪ ਪੜ੍ਹਿਆਂ ਈ ਅਨੰਦ ਆਉਣਾ ਏ। ਓਹ ਆਨੰਦ ਜਿਹੜਾ ਏਸ ਲੇਖਕ ਜੋੜੀ ਨੇ ਅੱਖੀਂ ਵੇਖਿਆ, ਮਨੀਂ ਹੰਢਾਇਆ: ਰੂਹੋਂ ਮਹਿਸੂਸਿਆ।

ਹੋਣ, ਲੱਗਣ; ਸੱਚ, ਕਲਪਨਾ; ਕਿਆਸ, ਵਾਸਤਵ ਵਿਚ ਬੜਾ ਸੂਖਮ ਅੰਤਰ-ਸੁਮੇਲ-ਨੇੜ ਏ। ਵਰਿਆਮ ਸੰਧੂ ਨੂੰ ਪਿੰਡ ਦਾ ਜਿਹੜਾ ਘਰ, ਓਹਦਾ ਘਰ ਦੱਸ ਕੇ ਵਿਖਾਇਆ ਜਾਂਦਾ; ਓਹ ਓਹਦਾ ਨਹੀਂ। -ਇਹਦਾ ਪਤਾ ਵੀ ਓਹਨੂੰ ਬਾਅਦ ਵਿਚ ਲਗਦੈ। ਓਦੋਂ ਓਸ ਘਰ ਵਾਲਿਆਂ ਨੂੰ ਵੀ ਖੋਰੇ ਪੱਕਾ ਪਤਾ ਹੋਵੇ ਜਾਂ ਨਾ? ਕੌਣ ਜਾਣੇ! ਇਹ ਸਭ ਕੁੱਝ ਲਾਂਭੇ ਕਰਕੇ ਵੀ, ਓਸ ਘਰ ਦੇ ਜੀਆਂ ਦਾ ਵਤੀਰਾ, ਇਸ ਲੇਖਕ ਜੋੜੀ ਨੂੰ; ਓਸੇ ਘਰ ਨਾਲ ਈ ਆਪਣੇ ਘਰ ਵਾਂਗ ਜੋੜ ਦੇਂਦਾ ਏ। 'ਇਹਨੂੰ ਆਪਣਾ ਘਰ ਈ ਸਮਝੋ' ਪੰਜਾਬੀ ਮੁਹਾਵਰਾ ਏਥੇ ਐਨ ਢੁਕਦਾ ਏ।

ਰਜਵੰਤ ਸੰਧੂ ਆਪਣੇ ਪਿਤਾ ਦੀ ਨੌਕਰੀ ਵੇਲੇ ਦੇ ਦਫਤਰ ਪਹੁੰਚਦੀ ਏ। ਇਸਦੀ ਇਮਾਰਤ ਹੁਣ ਓਦੋਂ ਵਾਲੀ ਨਹੀਂ। ਓਹ ਕੁਰਸੀ ਵੀ, ਓਹ ਨਹੀਂ; ਜਿਸ'ਤੇ ਉਸਦਾ ਬਾਪ ਕਦੇ ਬਹਿੰਦਾ। ਮਨੁੱਖੀ ਮਨ ਦੇ ਅਹਿਸਾਸ, ਕਿਆਸ; ਜਜ਼ਬੇ ਕਿੰਨੇ ਮੁੱਲਵਾਨ, ਬਲਵਾਨ; ਮੂੰਹਜ਼ੋਰ ਨੇ! ਧੀ ਨੂੰ ਇਹ ਕੁਰਸੀ, ਓਹੋ ਕੁਰਸੀ ਲਗਦੀ ਏ; ਜਿਸ'ਤੇ ਕਦੇ ਓਹਦਾ ਪਿਤਾ ਏਸੇ ਥਾਂ 'ਤੇ ਬਹਿੰਦਾ।

ਰਜਵੰਤ ਸੰਧੂ ਦੀ ਕਲਮ ਓਸ ਬੀਤੇ ਵੇਲੇ ਨੂੰ ਹੁਣ ਦੇ ਵੇਲੇ ਨਾਲ ਐਨ ਮੇਲਦੀ, ਜੋੜਦੀ; ਮੇਚਦੀ ਏ। ਕਿਤੇ ਭਾਵੀਂ, ਕਿਤੇ ਸ਼ਬਦੀਂ; ਕਿਤੇ ਅੱਖੀਆਂ ਦੇ ਨੀਰੀਂ! ਏਸ ਕਲਮ ਦੀ ਸਿਫਤ ਲਈ ਇਸਦੇ ਹਾਣ ਦੇ ਸ਼ਬਦ ਕਿੱਥੋਂ ਲੱਭਣੇ ਨੇ? ਕਿਹੜੀ ਕੜੀ ਆਲੋਚਨਾ ਨੇ ਇਸ ਦੇ ਬਰ ਮਿਚਣਾ ਏ? ਕਿਤਿਓਂ ਪੜ੍ਹਿਆ ਚੇਤੇ ਏ, ਅਖੇ; ਲਫ਼ਜ਼ ਕਦੇ ਦੁੱਖਾਂ ਦੇ ਮੇਚੇ ਨਹੀਂ ਆਉਂਦੇ। ਰਜਵੰਤ ਨੂੰ ਤਾਂ ਲਗਦਾ, ਜਿਵੇਂ; ਇਨ੍ਹਾਂ ਸ਼ਬਦਾਂ ਦੀ ਹੱਦ ਵਿਚ ਬੱਝਣਾ ਵੀ ਕਬੂਲ ਨਹੀਂ। ਅਸਲ, ਕਲਾ ਕਿਸੇ ਪੰਡ, ਵੰਡ; ਖੰਡ ਵਿਚ ਬੱਝਣ ਵਾਲੀ ਨਹੀਂ। ਸਾਹਿਤ ਸ਼ਾਬਦਿਕ ਕਲਾ ਏ। ਰਜਵੰਤ ਇਸਨੂੰ ਆਪਣੀ ਦ੍ਰਿਸ਼ਟੀ 'ਤੋਂ, ਆਪਣੇ ਨੁਕਤੇ 'ਤੋਂ; ਆਪਣੇ ਵਿੱਤ ਮੁਜਬ ਖ਼ੁਦਮੁਖ਼ਤਿਆਰ ਹਸਤੀ ਵਾਂਗ ਨਿਭਾਉਂਦੀ ਏ। ਉਸਦਾ ਇਹ ਲਿਖਣ-ਗੁਣ ਉਸਦੇ ਸਭ ਤੋਂ ਕਰੀਬੀ ਸਾਹਿਤਕਾਰ ਡਾ. ਵਰਿਆਮ ਸਿੰਘ ਸੰਧੂ ਨਾਲ ਅਚੇਤ ਈ ਮਿਲ ਜਾਂਦਾ ਏ।

ਇਸ ਲਿਖਤ ਦੇ ਸਿਖਰਲੇ ਅਧਿਆਏ, ਰਜਵੰਤ ਅੰਦਰ ਸਾਂਭੇ ਪਏ ਕਥਾਕਾਰ ਦੀ; ਵੱਡੀ ਸੰਭਾਵਨਾ ਨੂੰ ਉਜਾਗਰ ਕਰਦੇ ਨੇ। ਓਹ ਨਿੱਕੀਆਂ, ਨਿਆਰੀਆਂ; ਨਿਵੇਕਲੀਆਂ- ਡੂੰਘੀਆਂ, ਗੁੱਝੀਆਂ; ਰਮਜ਼ੀ ਦਲੀਲਾਂ ਨਾਲ ਇੱਕ ਸੋਮੇ ਤੋਂ ਨਿੱਖੜੀਆਂ ਦੋ ਸਭਿਆਚਾਰੀ ਧਾਰਾਵਾਂ ਨੂੰ ਇੱਕ ਸਾਂਝੀ ਤਸਵੀਰ ਵਿਚ-ਪਰੋਕਰੇ, ਸਮਝਾਕੇ; ਖਿੱਚਕੇ ਮਿਲਾ ਦੇਂਦੀ ਏ। ਇਸ ਵੇਰਵੇ ਨੂੰ ਆਪ ਪੜ੍ਹਿਆਂ, ਵਿਚਾਰਿਆਂ; ਸਮਝਿਆਂ ਈ ਗੱਲ ਸਿਰੇ ਲੱਗਣੀ ਏ। ਸੰਖੇਪ ਸੰਕੇਤੀ ਸਹਿਜੀ ਗੱਲ ਏਨੀ ਏ, ਭਈ ਇਸ ਵੇਲੇ ਨੂੰ ਸਾਕਾਰਦੇ ਲੇਖਕ ਦੇ ਸ਼ਬਦੀ ਦ੍ਰਿਸ਼, ਸੰਵਾਦ; ਜਜ਼ਬੇ ਇਸਦੀ ਮੂੰਹੋਂ ਬੋਲਦੀ ਸੱਚਾਈ ਜਾਪਦੇ ਨੇ।

ਆਪਣੀ ਜਾਚੇ ਇਹ ਕੁੱਝ ਪੱਖ, ਇਸ ਰਚਨਾਂ ਨੂੰ; ਪੰਜਾਬੀ ਦੇ ਐਸ ਵੇਲੇ- 'ਕਹੇ ਜਾਂਦੇ'- ਪ੍ਰਚਲਿਤ, ਰਵਾਇਤੀ; ਰਿਆਇਤੀ ਸਫਰਨਾਮਿਆਂ ਨਾਲੋਂ ਨਿਖੇੜਦੇ ਨੇ। ਜੇ ਕਿਤੇ ਓਹ ਸਫਰਨਾਮਾ ਜੁਗਤ ਨੂੰ ਨਿਭਾਉਂਦਿਆਂ ਸਮਕਾਲੀ ਰਿਵਾਜ ਅਨੁਸਾਰ ਤੁਰਦੀ ਵੀ ਏ ਤਾਂ ਬਹੁਤ ਸੰਭਲ ਕੇ। ਜਿੱਥੇ ਕਿਤੇ ਜਾਣਕਾਰੀ ਦੇਣ ਦੀ ਲੋੜ ਜਾਪੀ, ਓਹ ਸੰਖਿਪਤ ਹੋ ਜਾਂਦੀ ਏ। ਅਰੰਭਲੇ ਪੰਨਿਆਂ 'ਤੇ ਈ, ਗੁਰੂ ਨਾਨਕ ਦੇਵ ਦੇ ਜੀਵਨ ਬਿਰਤਾਂਤ ਨੂੰ; ਕੁੱਝ ਕੁ ਸਤਰਾਂ ਵਿਚ ਈ ਸਮੇਟ ਦੇਂਦੀ ਏ। ਇਹ ਸਿਰਫ ਮਿਸਾਲ ਏ। ਅੱਗੇ ਵੀ ਏਹੋ ਵਿਧੀ ਅਪਣਾਈ ਏ। ਨਾਂਵਾਂ, ਥਾਂਵਾਂ; ਆਲੇ-ਦੁਆਲੇ ਨੂੰ ਵੀ ਲੋੜ ਜੋਗਾ ਈ ਜਣਾਇਆ ਏ। ਬਹੁਤੀ ਘੜਮੱਸ ਨਹੀਂ। ਸਮੁੱਚੀ ਲਿਖਤ ਦਾ ਬੱਝਵਾਂ ਪ੍ਰਭਾਵ ਪੜ੍ਹਤਾ ਨੂੰ ਇੱਕ ਨੁਕਤੇ 'ਤੇ ਈ ਬੰਨ੍ਹ ਦੇਂਦਾ ਏ। 'ਮੇਰੇ'-'ਪਿਤਾ' ਦੀ 'ਕੁਰਸੀ'। ਦੂਜਾ ਨੁਕਤਾ ਭਾਊ ਵਰਿਆਮ ਸਿੰਘ ਸੰਧੂ ਦੀ ਤੀਰਥ ਯਾਤਰਾ ਸਮਾਨ ਆਪਣੇ ਵਿਛੜੇ 'ਪਿੰਡ ਦੀ ਯਾਤਰਾ'। ਅਗਲੇਰਾ ਨੁਕਤਾ ਲੇਖਕ ਦੀ ਅਥਾਹ, ਰੂਹਾਨੀ; ਜਜ਼ਬਾਤੀ 'ਸ਼ਰਧਾ'। ਬੜੀ ਥਾਂਈਂ ਓਹ ਨਿਰ੍ਹੀ ਸ਼ਰਧਾ ਦੀ ਮੂਰਤ ਬਣੀ ਦਿਖਦੀ ਏ।

ਏਸ ਕਿਤਾਬ ਵਿਚੋਂ ਬਹੁਤ ਸਾਰੇ ਹਰਫ, ਸ਼ਬਦ; ਵਾਕ ਉਲੀਕਣ, ਲਕੀਰਨ; ਸੰਭਾਲਣ ਵਾਲੇ ਨੇ। ਓਹਨਾਂ ਵਿਚੋਂ ਕੁੱਝ ਕੁ ਚੋਣਵੇਂ ਚੁਗਣ ਵਾਲੇ ਨੇ। ਪੰਨਿਆਂ ਦੇ ਪੰਨੇ ਇਸ ਲਿਖਤ ਦੀ ਸਿਫਤ ਨੂੰ ਪੁਸ਼ਟ ਕਰਦੇ ਨੇ। ਇਸ ਯਾਤਰਾ ਪੁਸਤਕ ਵਿਚਲੇ ਕਈ ਮਹੱਤਵੀ ਨੁਕਤੇ ਗੌਲਣ ਵਾਲੇ ਨੇ। ਲੇਖਕ ਜੋੜੀ ਨੇ, ਆਪਣੇ-ਆਪਣੇ ਸ਼ਬਦੀਂ; ਵੰਡ ਦੇ ਦੁਖਾਂਤਕ ਅਨੁਭਵ ਨੂੰ ਉਲੀਕਿਆ ਏ। ਇਹ ਪੜ੍ਹ ਕੇ ਖਿਆਲ ਆਉਂਦਾ ਭਈ ਵੰਡ ਨਾਲ ਕੀ ਕੁੱਝ ਵੰਡਿਆ ਗਿਆ? ਮੁਲਕ/ਪੰਜਾਬ ਵੰਡਿਆ ਗਿਆ। ਪਾਣੀ ਵੰਡਿਆ ਗਿਆ। ਧਰਮ ਵੰਡਿਆ ਗਿਆ। ਜਾਤਾਂ ਵੰਡੀਆਂ ਗਈਆਂ। ਜਾਨਾਂ ਵੰਡੀਆਂ ਗਈਆਂ। ਹਵਾਵਾਂ ਤੱਕ ਵੰਡੀਆਂ ਗਈਆਂ। ਏਨੀਆਂ ਵੱਡੀਆਂ ਵੰਡੀਆਂ ਪਈਆਂ। ਰੂਹਾਂ ਕੰਬ ਗਈਆਂ! ਸੂਫੀ ਸੰਤ ਦਾ ਲਿਖਿਆ ਚੇਤੇ ਆਉਂਦਾ:

ਰੋਵਣ ਰੱਤ ਭਰ ਹੰਝੂ ਚਸ਼ਮਾਂ
ਦਰਦ ਫੁਲੇਂਦੇ ਤਾਂਹੀਂ
ਅੰਬਰ ਕਾਲਾ ਇਤਿ ਬਿਧ ਹੋਇਆ
ਅਸਾਂ ਦਰਦਮੰਦਾਂ ਦੀਆਂ ਆਹੀਂ

-ਪਹਿਲਾ ਵਾਕ ਨਿੱਕ ਵਾਕ ਦੀ ਮਿਸਾਲ ਏ। ਦੋਹਾਂ ਪਾਸਿਆਂ ਦੀ ਸਮਤਾ। ਫਿਰ ਲੀਕ ਕਿਓਂ? 'ਪਾਸੇ' ਸ਼ਬਦ ਦੀ ਵਰਤੋਂ ਪੰਜਾਬੀ ਦੀ ਠੇਠਤਾ ਨਾਲ ਨੇੜਤਾ ਏ। 'ਛ' ਅੱਖਰ ਸਣੇ, ਕੁੱਝ ਹੋਰ ਲੋਪ ਹੁੰਦੇ ਜਾਂਦੇ ਸ਼ਬਦਾਂ ਦੇ; ਭਾਸ਼ਾ ਵਿਗਿਆਨੀਆਂ ਵੀ ਬਦਲ ਸੁਝਾਏ ਨੇ। ਸ਼ੁਕਰ, ਰਜਵੰਤ ਨੇ ਇਸ ਔਖੇਰੇ ਠੇਠ ਪੰਜਾਬੀ ਸ਼ਬਦ ਨੂੰ ਆਪਣੀ ਲਿਖਤ ਵਿਚ ਪਰੋਇਆ-ਸਮੋਇਆ ਏ। ਏਨੀ ਠੇਠ ਪੰਜਾਬੀ ਵਿਚ 'ਲੱਲਾ ਪੈਰ ਬਿੰਦੀ' / 'ਲ਼' ਦੀ ਵਰਤੋਂ ਦੀ ਸਮਝ ਨਹੀਂ ਆਈ? ਸਾਡਾ ਵੱਡਾ ਭਾਸ਼ਾ ਵਿਗਿਆਨੀ ਡਾ. ਰਣਜੀਤ ਸਿੰਘ ਰੰਗੀਲਾ ਆਖਦਾ ਭਈ ਬਿੰਦੀਆਂ ਤਾਂ ਅਰਬੀ/ਫ਼ਾਰਸੀ ਨਾਲ ਈ ਗਈਆਂ। ਕਿਤੇ-ਕਿਤੇ ਸ਼ਬਦ-ਜੋੜ ਜਾਂ ਪਰੂਫ ਰੀਡਿੰਗ ਦੀ ਊਣ ਰੜਕਦੀ ਵੀ ਏ। 'ਹੋੜੇ /ੋ' ਦੀ ਥਾਂ 'ਲਾਂ /ੈ' ਲੱਗਣ ਨਾਲ ਈ ਸ਼ਬਦ ਕੁੱਝ ਹੋਰ ਹੋ ਜਾਂਦਾ ਏ। ਖ਼ੈਰ, ਕੁੱਝ ਆਪਣੇ ਵੱਸ ਨਹੀਂ ਵੀ ਹੁੰਦਾ। ਛਾਪਕ, ਪ੍ਰਕਾਸ਼ਕ; ਵੇਚਕ ਦੀ ਸੁਹਿਰਦਤਾ ਪੰਜਾਬੀ ਲਈ ਬਹੁਤ ਲੋੜੀਂਦੀ ਏ।

-ਮਾਂਵਾਂ ਜਦੋਂ 'ਮੇਰਾ ਪੁੱਤ' ਸੰਬੋਧਨ ਵਰਤਦੀਆਂ ਨੇ ਤਾਂ ਮਾਂ-ਪੁੱਤ ਦਾ ਸੀਨਾ ਕਿੰਨਾ ਫੈਲ ਜਾਂਦਾ ਏ! ਅਖੌਤ ਏ, ਅਖੇ:

ਇਕੋ ਰਿਸ਼ਤਾ ਮਾਂ-ਪੁੱਤ: ਬਾਕੀ ਸਭ ਗੰਢ-ਤੁਪ

-ਦਰਸਨ ਤੋਂ ਅੱਗੇ ਪਰਸਨ ਦਾ ਮਹੱਤਵ ਏ। ਇਸ ਸਾਹਿਤਕ ਜੋੜੀ ਦੇ ਮਨ ਵਿਛੜੇ ਥਾਂਵਾਂ ਦੇ ਦਰਸ-ਪਰਸ ਕਰਕੇ ਧੰਨ ਹੁੰਦੇ ਨੇ।

ਇਸਤਰ੍ਹਾਂ ਦੀਆਂ ਮਿਸਾਲਾਂ ਸਾਰੀ ਪੁਸਤਕ ਵਿਚ ਪਈਆਂ ਨੇ। ਇਹ ਕੁੱਝ ਕੁ 'ਘਰ ਦੇ ਭਾਗ ਡਿਓਢੀਓਂ ਦਿੱਸ ਪੈਂਦੇ ਨੇ' ਵਾਂਗ ਨੇ। ਇਸ ਲੇਖਕ ਦੀ ਇਮਾਨਦਾਰੀ ਏ, ਜੀਹਨੇ ਦੱਸਿਆ; ਇਹ ਕੁੱਝ ਹਿੱਸੇ ਓਦੋਂ ਨਾਲ-ਨਾਲ ਕੀਤੀ ਵੀਡੀਓਗ੍ਰਾਫੀ ਦਾ ਉਤਾਰਾ ਨੇ। ਇਹ ਯੂ ਟਿਊਬ 'ਤੇ ਵੀ ਸੁਣੀਂਦੀ ਏ। ਕੁੱਝ ਸਮਾਂ ਟੀ.ਵੀ., ਰੰਗ ਮੰਚ; ਫਿਲਮ ਨਾਲ ਜੁੜੇ ਰਹਿਣ ਕਰਕੇ- ਦਾਸ ਦਾ ਨਿੱਜੀ ਅਨੁਭਵ ਏ: ਜਿਹੜੀ ਗੱਲ ਜਿਵੇਂ ਤੇ ਜਿੰਨੇ ਸਹਿਜ ਨਾਲ ਆਹਮੋ-ਸਾਹਮਣੇ ਬਹਿ ਕੇ, ਲਿਖਤ ਵਿਚ ਕਿਸੇ ਨੂੰ ਸੰਬੋਧਤ ਹੋ ਕੇ; ਖ਼ਤ ਲਿਖ ਕੇ ਹੁੰਦੀ ਏ- ਓਵੇਂ ਦੀ ਆਤਮੀ-ਸਿਰਜਣੀ-ਰਚਨਈ ਗੱਲ ਮੰਚ, ਕੈਮਰੇ; ਮਾਈਕ ਸਾਂਹਵੇਂ ਨਹੀਂ ਹੁੰਦੀ। ਮੋਬਾਈਲੀ, ਫੇਸ ਬੁੱਕੀ; ਯੰਤਰੀ ਜਿਹੇ- ਗੱਲ-ਬਾਤੀਂ ਬੋਲ ਸੁਨੇਹੇ ਵੀ- 'ਬਣੌਟੀ-ਗਿਆਨ' /ਏ.ਆਈ. ਨਾਲ ਈ ਜੁੜਦੇ ਲਗਦੇ ਨੇ। ਖ਼ੈਰ! ਮਤੀ, ਅਮਤੀ; ਸਹਿਮਤੀ ਆਪੋ ਆਪਣੀ! ਲੋਕ ਬੋਲੀ ਵੀ ਏ ਨਾ, ਅਖੇ:

ਬਹਿ ਜਾਈਏ ਆਹਮੋ ਸਾਹਮਣੇ
ਦੁੱਖ ਸੁਖ ਤੇ ਗਰੀਬੀ ਭੁੱਲ ਜਾਵੇ

ਡਾ. ਵਰਿਆਮ ਸਿੰਘ ਸੰਧੂ ਸਾਡੇ ਪਿੰਡਾਂ, ਇਲਾਕੇ; ਤੇ ਮਾਝੇ ਦਾ ਮਾਣ ਏ। ਇਹ ਮਾਣ ਪੰਜਾਬੋਂ ਭਾਰਤੋਂ ਵਿਸ਼ਵੋਂ ਪਾਰ ਬ੍ਰਹਿਮੰਡ ਤੱਕ ਪਸਰਦਾ ਮਹਿਸੂਸਣਾ ਮੇਰੇ ਵਰਗੇ ਜਜ਼ਬਾਤੀ ਦੀ ਨਿੱਜੀ ਕਮਜ਼ੋਰੀ ਏ। ਬ੍ਰਹਿਮੰਡ ਧਰਤ ਦਾ ਉਦਾਤੀ ਆਤਮ ਏ। ਇਸ ਉਚੇਰੀ ਅਵੱਸਥਾ ਤੱਕ ਪਹੁੰਚਣ ਵਿਚ ਭੈਣ ਰਜਵੰਤ ਸੰਧੂ ਪੂਰੀ ਸ਼ਾਮਲ ਏ। ਮੇਰਾ ਪਿੰਡ ਇਨ੍ਹਾਂ ਦੇ ਪਿੰਡ ਨੇੜੇ ਏ। ਇਹ ਨੇੜੇ ਦੀ ਸਾਂਝ ਮੈਂ ਮਾਣੀ ਏ। ਵਰਿਆਮ ਭਾਅ ਤੋਂ ਮੈਨੂੰ ਸਦਾ ਵੱਡੇ ਭਰਾਵਾਂ ਵਰਗਾ ਪਿਆਰ ਮਿਲਿਆ ਏ। ਅਸੀਂ ਇੱਕ ਦੂਜੇ ਦੇ ਪਿੰਡੀਂ ਗਏ ਵੀ ਆਂ। ਵੱਡੇ ਵੀਰ ਦੇ ਪਿੰਡ 1974-75 ਦੇ ਕਰੀਬ, ਇੱਕ ਰਿਸ਼ਤੇਦਾਰੀ ਵਿਚ ਵਿਆਹ 'ਤੇ ਗਿਆਂ; ਉਸਦਾ ਪੰਜਾਬ ਦੇ ਚਾਦਰੇ, ਕੁੜਤੇ; ਤੇ ਟੇਢੀ ਪੱਗ ਵਾਲੇ ਖੁੱਲ੍ਹੇ-ਡੁੱਲ੍ਹੇ ਪਹਿਰਾਵੇ ਵਰਗੇ ਸੁਭਾ ਦਾ ਅਨੰਦ ਮਾਣਿਆ। ਓਹਦੀ ਬੈਠਕ 'ਚ ਬਹਿ ਕੇ ਲੱਸੀ ਨਾਲ ਜ਼ਬਾਨੀ ਕਹਾਣੀ ਵੀ ਸੁਣੀ। ਰਜਵੰਤ ਢਿੱਲੋਂ/ਸੰਧੂ ਦੀ ਹਲੀਮੀ, ਧੀਰਜ; ਸਹਿਜਤਾ ਹਰ ਮਨ ਨੂੰ ਭਾਉਂਦੀ ਏ।

ਇੱਕ ਨਿੱਜੀ ਗੱਲ ਸਾਂਝੀ ਕਰਨੋਂ ਆਪਣੇ ਆਪ ਨੂੰ ਰੋਕਣਾ ਔਖਾ ਲਗਦੈ। ਇਹ ਮੇਰੇ ਪਿਤਾ ਦੀ ਕੁਰਸੀ ਦੀ ਗਾਥਾ ਏ। ਓਹ ਓਹਨਾਂ ਵੇਲਿਆਂ 'ਚ ਪੱਟੀ ਸ਼ਹਿਰ ਡਾਕਟਰੀ ਕਰਦੇ। ਮਾਂ ਪਿੰਡ ਪੜ੍ਹਾਉਂਦੀ। ਮੇਰੇ ਨਾਨਕੇ ਕੈਰੋਂ ਪਰਿਵਾਰ 'ਚ ਨੇ। ਓਹ ਵੀ ਢਿੱਲੋਂ ਨੇ। ਓਧਰੋਂ ਏਧਰ ਆਏ ਨੇ। ਸਾਡੇ ਭਰਾਵਾਂ 'ਚ ਹੋਰ ਕਿਸੇ ਵੰਡ-ਵੰਡਾਈ 'ਤੋਂ ਝਗੜਾ ਨਹੀਂ ਹੋਇਆ। ਸਿਰਫ ਇਸ ਕੁਰਸੀ ਨੂੰ ਰੱਖਣ 'ਤੋਂ ਸਾਡੇ ਦੋਹਾਂ ਭਰਾਵਾਂ- ਅਭੈ ਸਿੰਘ ਤੇ ਮੇਰੇ ਵਿਚਾਲੇ ਥੋੜ੍ਹੀ ਕੁ ਨਾਰਾਜ਼ਗੀ ਹੋਈ। ਓਹ ਵੀ ਓਹਨਾਂ ਵੱਡੇ ਭਰਾ ਵਾਲੀ ਵਡੱਤਣ ਨਾਲ ਪਿੰਡ ਵਾਲੇ ਘਰ ਸਣੇ ਮੈਨੂੰ ਸੌਂਪ'ਤੀ। ਮੈਂ ਓਹ ਘਰ ਮੁੜ ਓਸੇ ਤਰ੍ਹਾਂ ਸੇਵਾਮੁਕਤ ਹੋ ਕੇ ਸਾਂਭਿਆ ਏ। ਓਥੇ ਇਹ ਕੁਰਸੀ ਨਾਲਦਾ ਮੇਜ਼, ਕੁੱਝ ਹੋਰ ਪੁਰਾਣਾ ਨਿਕਸੁਕ; ਤੇ ਇੱਕ ਪਲੰਘ ਢੋਅ ਵਾਲਾ ਮੇਰੀ ਪਹਿਲੀ ਮਾਂ ਦਾ ਸਾਂਭਿਆ ਪਿਆ ਏ। ਇਨ੍ਹਾਂ ਤਿੰਨਾਂ- ਮੇਜ਼, ਕੁਰਸੀ; ਪਲੰਘ ਦੀ ਇੱਕ ਸਾਂਝੀ ਖੂਬੀ ਏ। ਇਹ ਵੰਡ ਤੋਂ ਪਹਿਲਾਂ ਘਰਿੰਡ ਪਿੰਡ 'ਤੋਂ ਬਣੇ ਨੇ। ਭਾਰ ਬਹੁਤ ਈ ਘੱਟ ਏ। ਅਜੇ ਵੀ ਓਸੇ ਤਰ੍ਹਾਂ ਦੇ ਨੇ!

ਇਓਂ ਨਿੱਕੀਆਂ-ਨਿੱਕੀਆਂ ਸਾਂਝਾਂ, ਸਿਮਰਤੀਆਂ; ਸ਼ੈਆਂ ਵੀ ਜ਼ਿੰਦਗੀ ਦੀ ਬੜੀ ਵੱਡੀ ਰਾਸ ਲਗਦੀਆਂ ਨੇ। ਰਜਵੰਤ ਸੰਧੂ ਲਿਖਿਤ 'ਮੇਰੇ ਪਿਤਾ ਦੀ ਕੁਰਸੀ' ਵੀ ਬੜੀ ਮਹੀਨ, ਬਰੀਕ; ਤੀਬਰ ਭਾਵਨਾ ਵਾਲੀ ਮਹੱਤਵੀ ਰਚਨਾ ਏ। ਇਸਦੀ ਸਾਹਿਤਕ ਪਰਖ-ਪੜਚੋਲ ਤਾਂ ਵੱਡੇ ਅਕਾਦਮਿਕ ਵਿਦਵਾਨ ਆਲੋਚਕ ਕਰਨਗੇ। ਮੈਂ ਸਿਰਫ ਏਸ ਰਚਨ ਦਾ ਗੁਣਨੀ ਸੰਵਾਦੀ ਆਂ। ਵੱਡਿਆਂ ਬਾਰੇ ਲਿਖਦਿਆਂ ਇੱਕ ਝਿਜਕ ਜਿਹੀ ਅਕਸਰ ਵਲ ਲੈਂਦੀ ਏ। ਉਂਜ ਵੀ ਸਿਆਣੇ ਆਖਦੇ ਨੇ ਭਈ ਆਪ ਤੋਂ ਵੱਡਿਆਂ ਅੱਗੇ ਨਹੀਂ ਕੁਈਦਾ। ਮੈਨੂੰ ਆਪਣੀ ਨਿੱਕਤਾ ਦਾ ਪੂਰਾ ਅਹਿਸਾਸ ਏ। ਏਸੇ ਅਹਿਸਾਸ ਵਿਚੋਂ ਆਪਣੇ ਵਿੱਤ ਮੁਜਬ ਇਹ ਕੁੱਝ ਔਖਰੀ ਤਿਲਫੁਲ ਹਾਜ਼ਰ ਏ ਜੀ!

ਕਵੀਓ ਵਾਚ:

ਅਸੀਂ ਆਪੋ ਆਪਣੇ ਕੰਢਿਆਂ 'ਤੇ ਖਲੋ ਕੇ
ਇੱਕ ਦੂਜੇ ਨੂੰ 'ਵਾਜਾਂ ਮਾਰਦੇ ਆਂ
ਅਸੀਂ ਬੋਲਾਂ ਦੇ ਪੁਲਾਂ ਨੂੰ
ਸਾਂਝ ਆਖਦੇ ਆਂ!



# ‘ਖ਼ਾਲੀ ਆਲ੍ਹਣਾ’... ਇੱਕ ਪ੍ਰਭਾਵਸ਼ਾਲੀ ਸਿਰਜਣਾ!

ਕੈਨੇਡਾ ਵਿਚ ਵੱਸਦੇ ਸੰਨੀ ਧਾਲੀਵਾਲ ਦਾ 'ਸੰਨੀ ਡੇਅ' ਵਰਗਾ ਕਾਵਿ-ਸੰਗ੍ਰਹਿ 'ਖ਼ਾਲੀ ਆਲ੍ਹਣਾ' ਉਸ ਦੀ ਪਲੇਠੀ ਸਾਹਿਤਕ ਸਿਰਜਣਾ ਹੈ, ਜਿਸ ਨੂੰ ਪੜ੍ਹਦਿਆਂ ਅਤੇ ਮਾਣਦਿਆਂ ਇੰਜ ਮਹਿਸੂਸ ਹੋਇਆ ਜਿਵੇਂ ਕਿਸੇ ਹੰਢੇ ਹੋਏ ਲਿਖਾਰੀ ਦੀ ਸ਼ਾਹਕਾਰ ਰਚਨਾ ਹੋਵੇ। ਸੰਨੀ ਨੇ ਆਪਣੇ ਕਾਵਿ ਮਨ ਦੇ ਵਲਵਲਿਆਂ ਅਤੇ ਅਨੁਭਵਾਂ ਨੂੰ ਖ਼ੂਬਸੂਰਤੀ ਨਾਲ ਸਰਲ, ਪਰ ਪ੍ਰਭਾਵਸ਼ਾਲੀ ਲਫ਼ਜ਼ਾਂ ਵਿਚ ਰੰਗ ਕੇ ਪਾਠਕਾਂ ਦੇ ਸਨਮੁੱਖ ਕੀਤਾ ਹੈ।

ਸਨੀ ਡੇਅ ਵਰਗਾ... ਸੰਨੀ ਧਾਲੀਵਾਲ

ਦੋਸਤੋ, ਬਹੁਤ ਵਿਰਲੇ ਸੱਜਣ ਹੁੰਦੇ ਹਨ ਜੋ ਜਦ ਪਹਿਲੀ ਵਾਰ ਤੁਹਾਡੇ ਨਾਲ ਰਾਬਤਾ ਕਾਇਮ ਕਰਦੇ ਹਨ ਤਾਂ ਉਹ ਤੁਹਾਨੂੰ ਜਾਣੇ-ਪਛਾਣੇ ਮਹਿਸੂਸ ਹੁੰਦੇ ਹਨ। ਸੰਨੀ (ਸਵਿੰਦਰ ਸਿੰਘ) ਧਾਲੀਵਾਲ ਵੀ ਇੱਕ ਅਜਿਹੀ ਵਿਰਲੀ ਸ਼ਖ਼ਸੀਅਤ ਹੈ। ਮੇਰਾ ਇਸ ਨਾਲ ਰਾਬਤਾ ਕੁਝ ਸਮਾਂ ਪਹਿਲਾਂ ਬਣਿਆ। ਅਸਲ ਵਿਚ ਇਹ ਮੈਨੂੰ ਇਸ ਲਈ ਵੀ ਜ਼ਿਆਦਾ ਜਾਣਿਆ-



**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਪਛਾਣਿਆ ਲੱਗਿਆ, ਕਿਉਂਕਿ, ਇਸ ਦੇ ਪਿਤਾ ਜੀ ਡਾ. ਅਮਰ ਸਿੰਘ ਧਾਲੀਵਾਲ ਉਸ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਅਤੇ ਕੰਟਰੋਲਰ ਆਫ ਐਗਜ਼ਾਮੀਨੇਸ਼ਨ ਸਨ ਜਿੱਥੇ ਸੰਨੀ ਅਤੇ ਮੈਂ ਥੋੜ੍ਹਾ ਅਗਾਂਹ-ਪਿਛਾਂਹ ਪੜ੍ਹਦੇ ਹੁੰਦੇ ਸਾਂ। ਸਾਡੇ ਵਿਭਾਗ ਬਹੁਤੇ ਦੂਰ ਨਾ ਹੁੰਦਿਆਂ ਵੀ ਅਸੀਂ ਕਦੇ ਮਿਲੇ ਨਹੀਂ ਸਾਂ।

ਬਚਪਨ ਅਤੇ ਜਵਾਨੀ ਦਾ ਮੁਢਲਾ ਸਮਾਂ ਪੰਜਾਬ ਵਿਚ ਰਹਿੰਦਿਆਂ ਅਤੇ ਪਿਛਲੇ ਸਾਡੇ ਕੁ ਤਿੰਨ ਦਹਾਕਿਆਂ ਤੋਂ ਪਰਵਾਸ ਦੀ ਦੂਹਰੀ ਜ਼ਿੰਦਗੀ ਨੂੰ ਹੰਢਾਉਂਦਿਆਂ, ਸੰਨੀ ਧਾਲੀਵਾਲ ਨੇ ਜ਼ਿੰਦਗੀ ਅਤੇ ਸਮਾਜ ਦੇ ਤਾਣੇ-ਬਾਣੇ ਦੀਆਂ ਤੰਦਾਂ ਨੂੰ ਬਹੁਤ ਬਰੀਕੀ ਨਾਲ ਵਾਚਿਆ, ਜਾਣਿਆ ਅਤੇ ਮਹਿਸੂਸ ਵੀ ਕੀਤਾ ਹੈ। ਮੈਨੂੰ ਲੱਗਦਾ ਹੈ ਇਨ੍ਹਾਂ ਤਾਣਿਆਂ-ਬਾਣਿਆਂ ਵਿਚੋਂ ਹੀ ਇਸ ਖ਼ੂਬਸੂਰਤ ਕਾਵਿ-ਸੰਗ੍ਰਹਿ ਦਾ ਬੀਜ ਪੁੰਗਰਿਆ...।

ਪੜ੍ਹਦਿਆਂ ਅਤੇ ਜਵਾਨ ਹੁੰਦਿਆਂ ਪੰਜਾਬ ਵਿਚਲੇ ਧੁੰਦਲੇ ਭਵਿੱਖ ਨੇ ਪਰਵਾਸ ਦੀ ਪਰਵਾਜ਼ ਦਾ ਪਲੈਟਫਾਰਮ ਬੰਨ੍ਹਿਆ ਅਤੇ ਸੰਨੀ ਧਾਲੀਵਾਲ ਲੰਮੀ ਉਡਾਰੀ ਮਾਰ ਆਪਣੇ 'ਸੁਪਨਿਆਂ ਦੇ ਦੇਸ' ਕੈਨੇਡਾ ਪਹੁੰਚ ਗਿਆ...। ਫੇਰ ਸ਼ੁਰੂ ਹੋਇਆ ਉਸ ਦੇ ਪਰਵਾਸ ਦਾ ਕਰੜਾ ਸੰਘਰਸ਼ ਜੋ ਮੇਰੇ ਸਮੇਤ ਹੋਰ ਪਰਵਾਸੀ ਵੀ ਭਲੀ-ਭਾਂਤ ਜਾਣਦੇ ਹੋਣਗੇ। ਇਸ ਸੰਘਰਸ਼ ਦੀ ਝਲਕ ਦਿਖਾਉਂਦਿਆਂ ਸੰਨੀ ਅਕਸਰ ਕਹਿੰਦਾ ਹੈ... 'ਕੈਨੇਡਾ ਵਿਚ ਸੈਟਲ ਹੋਣ ਦੀ ਭੱਜ-ਦੌੜ ਵਿਚ ਪਤਾ ਹੀ ਨਹੀਂ ਲੱਗਾ ਕਦੋਂ ਸਿਰ ਦੇ ਕਾਲ਼ੇ ਵਾਲ ਚਿੱਟੇ ਹੋ ਗਏ... ਅਤੇ ਫੇਰ ਚਿੱਟੇ ਵੀ ਗੁੱਸੇ ਹੋ ਕੇ ਕਿਧਰੇ ਗਾਇਬ ਹੋ ਗਏ।'

ਪਰਵਾਸੀ ਸੰਘਰਸ਼ ਵਿਚ ਸੰਨੀ ਧਾਲੀਵਾਲ ਨੂੰ ਠੋਕਰਾਂ ਨੇ ਮੂਧੇ ਮੂੰਹ ਵੀ ਸੁੱਟਿਆ। ਉਸ ਨੂੰ ਦੋ ਵਿਕਲਪ ਹੀ ਨਜ਼ਰ ਆਏ - ਚੱਲਣਾ ਹੀ ਛੱਡ ਦਿੰਦਾ ਜਾਂ ਫਿਰ ਉੱਠ ਕੇ ਚੱਲਣਾ ਸਿੱਖ ਲੈਂਦਾ। ਸੰਨੀ ਡਿੱਗ-ਡਿੱਗ ਕੇ ਉੱਠਦਾ ਅਤੇ ਚੱਲਦਾ ਵੀ ਰਿਹਾ...। ਮੁੱਠੀ ਵਿਚੋਂ ਕਿਰਦੀ ਰੇਤ ਵਾਂਗ ਜ਼ਿੰਦਗੀ ਵੀ ਪਲ-ਪਲ ਕਰਕੇ ਬੀਤਦੀ ਗਈ। ਤੀਲ੍ਹਾ-ਤੀਲ੍ਹਾ ਇਕੱਠਾ ਕਰਦਿਆਂ ਆਲ੍ਹਣਾ ਬਣਾਇਆ ਅਤੇ ਫੇਰ ਸਮਾਂ ਪਾ ਕੇ ਭਰਿਆ ਹੋਇਆ ਆਲ੍ਹਣਾ... ਖ਼ਾਲੀ ਹੋਣਾ ਸ਼ੁਰੂ ਹੋ ਗਿਆ!

ਸਾਹਿਤ ਸਿਰਜਣਾ ਦੇ ਪੱਖੋਂ ਸੰਨੀ ਇੱਕ ਬਹੁ-ਪੱਖੀ ਅਤੇ ਬਹੁ-ਵਿਧਾਵੀ ਸਾਹਿਤਕਾਰ ਹੈ। ਉਸ ਨੇ ਕਵਿਤਾ ਦੇ ਨਾਲ-ਨਾਲ ਕਹਾਣੀਆਂ ਵੀ ਲਿਖੀਆਂ ਹਨ। ਸਾਹਿਤ ਦੀ ਚੇਟਕ ਬਚਪਨ ਵਿਚ ਲੱਗ ਗਈ ਸੀ ਜਾਂ ਕਹਿ ਲਓ ਕਿ ਵਿਰਾਸਤ ਵਿਚ ਹੀ ਆਪਣੇ ਪਿਤਾ ਡਾ. ਅਮਰ ਸਿੰਘ ਧਾਲੀਵਾਲ ਤੋਂ ਮਿਲ ਗਈ।

ਖ਼ਾਲੀ ਆਲ੍ਹਣਾ... ਇੱਕ ਪ੍ਰਭਾਵਸ਼ਾਲੀ ਸਿਰਜਣਾ

ਜੀਵਨ ਜਿਉਂਦਿਆਂ ਮਨੁੱਖ ਦੇ ਆਲੇ-ਦੁਆਲੇ ਅਣਗਿਣਤ ਘਟਨਾਵਾਂ-ਦੁਰਘਟਨਾਵਾਂ ਘਟਦੀਆਂ ਰਹਿੰਦੀਆਂ ਹਨ। ਬਦਲਾਓ ਆਉਂਦੇ ਰਹਿੰਦੇ ਹਨ... ਜਿਨ੍ਹਾਂ ਦਾ ਕਵੀ ਦੇ ਸੂਖਮ ਮਨ ਉਪਰ ਗਹਿਰਾ ਪ੍ਰਭਾਵ ਪੈਂਦਾ ਹੈ। ਮਨ ਦੇ ਅਨੁਭਵ, ਅਹਿਸਾਸ ਅਤੇ ਵਲਵਲੇ ਲਫ਼ਜ਼ਾਂ ਦੇ ਵਸਤਰ ਪਾ ਪਾਠਕਾਂ ਤੱਕ ਪਹੁੰਚਣ ਲਈ ਕਾਹਲ਼ੇ ਪੈ ਜਾਂਦੇ ਹਨ। ਇਉਂ ਈ... ਦੇਸ਼-ਵਿਦੇਸ਼ ਦਾ ਸੰਘਰਸ਼ਮਈ ਜੀਵਨ ਜਿਉਂਦਿਆਂ ਅਤੇ ਜ਼ਿੰਦਗੀ ਦਾ ਜਸ਼ਨ ਮਨਾਉਂਦਿਆਂ, ਸੰਨੀ ਧਾਲੀਵਾਲ ਦੀ ਰੂਹ ਅੰਦਰ ਵੀ ਸ਼ਬਦਾਂ ਦਾ ਪਹੁ-ਫੁਟਾਲਾ ਹੋਇਆ, ਜੋ ਫਿਰ ਜ਼ਖ਼ੀਰਾ ਬਣਿਆ ਅਤੇ ਕਲਮ ਦੇ ਜ਼ਰੀਏ 'ਖ਼ਾਲੀ ਆਲ੍ਹਣਾ' ਬਣਦਿਆਂ ਮੇਰੇ ਵਰਗੇ ਅਨੇਕ ਪਾਠਕਾਂ ਦੇ ਹੱਥਾਂ ਵਿਚ ਅੱਪੜ ਗਿਆ।

ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ। ਇਸ ਬਦਲਾਓ ਨੂੰ ਕੋਈ ਰੋਕ ਨਹੀਂ ਸਕਿਆ ਅਤੇ ਨਾ ਹੀ ਰੋਕ ਸਕਦਾ ਹੈ। ਬਦਲਦੇ ਸਮੇਂ ਅਨੁਸਾਰ ਮਨੁੱਖ ਦੇ ਆਪਸੀ ਤਾਲ-ਮੇਲ ਦੇ ਤੌਰ-ਤਰੀਕੇ ਅਤੇ ਸਾਧਨ ਵੀ ਬਦਲ ਰਹੇ ਹਨ। 'ਗੱਡਾ-ਯੁੱਗ' ਅਤੇ ਚਿੱਠੀਆਂ-ਕਾਰਡਾਂ ਦਾ ਜ਼ਮਾਨਾ ਸੁਪਰਸੋਨਿਕ ਜਹਾਜ਼ਾਂ, ਡਰੋਨਾਂ, ਈ-ਮੇਲਾਂ ਅਤੇ ਸੋਸ਼ਲ ਮੀਡੀਆ ਵਿਚ ਤਬਦੀਲ ਹੋ ਗਿਆ ਹੈ...। ਸੋਸ਼ਲ ਮੀਡੀਆ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ/ਬਣਾਉਟੀ ਬੁੱਧੀ ਦੇ ਇਸ ਯੁੱਗ ਵਿਚ ਪ੍ਰਿੰਟ ਮੀਡੀਆ ਪਿੱਛੇ ਰਹਿ ਗਿਆ ਹੈ ਅਤੇ ਰਹਿੰਦਾ ਜਾ ਰਿਹਾ ਹੈ। ਸੰਨੀ ਧਾਲੀਵਾਲ ਨੇ ਸੋਸ਼ਲ ਮੀਡੀਆ ਰਾਹੀਂ ਆਪਣੀਆਂ ਲਿਖਤਾਂ ਨੂੰ ਪਾਠਕਾਂ ਤੱਕ ਪਹੁੰਚਾਇਆ। ਅੱਜ ਵੀ ਉਹ ਫੇਸਬੁਕ ਉਪਰ ਕੰਧਾਂ ਦੀਆਂ ਕੰਧਾਂ ਭਰ ਰਿਹਾ ਹੈ ਅਤੇ ਉਸ ਦੇ ਚਾਹੁਣ ਜਾਨਣ ਵਾਲੇ ਨਾਲੋ-ਨਾਲ ਹੀ ਉਸਨੂੰ ਆਪਣਾ ਬਣਦਾ ਪ੍ਰਤੀਕਰਮ ਦੇਂਦੇ ਜਾਂਦੇ ਨੇ... ਜਿਸ ਦਾ ਪ੍ਰਮਾਣ ਇਸ ਪੁਸਤਕ ਵਿਚ ਦਰਜ ਪਾਠਕਾਂ ਦੇ ਹੁੰਗਾਰਿਆਂ ਤੋਂ ਮਿਲ ਜਾਂਦਾ ਹੈ। ਨਿਰਸੰਦੇਹ ਉਸ ਦੇ ਪਾਠਕਾਂ ਦਾ ਘੇਰਾ ਵੱਡਾ ਹੈ ਅਤੇ ਵਿਸ਼ਾਲ ਹੋ ਰਿਹਾ ਹੈ।

128 ਪੰਨਿਆਂ ਦੀ ਪੁਸਤਕ ਨੂੰ ਪੰਜ ਆਬ ਪ੍ਰਕਾਸ਼ਨ ਜਲੰਧਰ ਨੇ ਛਾਪਿਆ ਹੈ। 42 ਕਵਿਤਾਵਾਂ ਹਨ, ਜੋ ਦੇਸ਼-ਵਿਦੇਸ਼ ਦੀ ਜ਼ਿੰਦਗੀ ਦੇ ਵੱਖਰੇ-ਵੱਖਰੇ ਪਹਿਲੂਆਂ ਦੀਆਂ ਬਾਤਾਂ ਪਾਉਂਦੀਆਂ ਜਾਂਦੀਆਂ ਹਨ। ਜੀਵਨ ਦੇ ਤਾਣਿਆਂ-ਬਾਣਿਆਂ ਦੀਆਂ ਤੰਦਾਂ ਨਾਲ ਖਹਿੰਦੀਆਂ ਹੋਈਆਂ ਵੱਖ-ਵੱਖ ਧੁਨਾਂ ਦੇ ਰਾਗ ਅਲਾਪਦੀਆਂ ਹਨ। ਸੰਨੀ ਧਾਲੀਵਾਲ ਕਿਉਂਕਿ ਖ਼ੁਦ ਇੱਕ ਸਾਇੰਸਦਾਨ ਹੈ, ਇਸ ਲਈ ਉਸ ਦੀ ਪਾਰਖੂ ਅੱਖ ਦੇ ਨਾਪਣ-ਮਾਪਣ ਦੇ ਮਾਪ-ਦੰਡ ਵੀ ਰਵਾਇਤ ਤੋਂ ਹਟਵੇਂ ਹਨ।

ਉਹ ਛੋਟੀਆਂ-ਲੰਮੀਆਂ, ਖੁੱਲ੍ਹੀਆਂ-ਬੰਦ, ਐਵੇਂ-ਉਵੇਂ ਵਗੈਰਾ-ਵਗੈਰਾ ਦੇ ਝਮੇਲਿਆਂ ਜਾਂ ਫਿਰ ਕਵਿਤਾਵਾਂ ਦੀਆਂ ਕਿਸਮਾਂ ਵਿਚ ਨਹੀਂ ਫਸਦਾ। ਆਪਣੀਆਂ ਪੈੜਾਂ ਖ਼ੁਦ ਪਾਉਂਦਾ ਜਾਂਦਾ ਹੈ ਅਤੇ ਰਵਾਇਤੀ ਸੀਮਾਵਾਂ ਨਾਲ ਲਫ਼ਜ਼ਾਂ ਅਤੇ ਸ਼ਬਦਾਂ ਦਾ ਗਲਾ ਵੀ ਨਹੀਂ ਘੁੱਟਦਾ। ਇਹ ਉਹਦੀ ਲੇਖਣੀ ਦੀ ਵਿਸ਼ੇਸ਼ਤਾ ਅਤੇ ਵਿਲੱਖਣਤਾ ਹੈ। ਕਦੇ-ਕਦੇ ਕਿਸੇ ਕਵਿਤਾ ਵਿਚੋਂ ਕਹਾਣੀ ਦੀ ਝਲਕ ਵੀ ਪੈ ਜਾਂਦੀ ਹੈ। ਸੰਨੀ ਧਾਲੀਵਾਲ ਆਪਣੀਆਂ ਰਚਨਾਵਾਂ ਵਿਚ ਸਕਾਰਾਤਮਕਤਾ ਨੂੰ ਕਦੇ ਖੁੱਸਣ ਨਹੀਂ ਦਿੰਦਾ... 'ਸੰਨੀ ਡੇਅ' ਵਿਚ 'ਆਸ ਅਤੇ ਉਮੀਦ' ਦੀਆਂ ਕਿਰਨਾਂ ਦੇ ਛੱਟੇ ਦਿੰਦਾ ਰਹਿੰਦਾ ਹੈ।

ਕਿਉਂਕਿ 'ਖ਼ਾਲੀ-ਆਲ੍ਹਣਾ' ਪੁਸਤਕ ਵਿਚ ਜੀਵਨ ਦੀਆਂ ਬਾਤਾਂ ਹਨ, ਇਸ ਲਈ ਪੁਸਤਕ ਦੀ ਸ਼ੁਰੂਆਤ ਹੀ ਪਲ-ਪਲ ਬੀਤਦੀ ਜ਼ਿੰਦਗੀ, ਦੁਨਿਆਵੀ ਪਦਾਰਥਾਂ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਕਸ਼ਮਕਸ਼ ਨੂੰ ਲੈ ਕੇ ਹੋ ਰਹੀ ਹੈ। ਅਸਲ ਵਿਚ ਮਨੁੱਖ ਦੇ ਪੱਲੇ ਬਸ ਉਹੀ ਪਲ ਹੁੰਦਾ ਹੈ... ਜਿਸ ਵਿਚ ਉਹ ਸਾਹ ਲੈ ਰਿਹਾ ਹੈ, ਜਿਸ ਨੂੰ ਉਹ ਜੀਅ ਰਿਹਾ ਹੁੰਦਾ ਹੈ। ਇੱਕ ਪਲ ਬੀਤ ਗਿਆ, ਦੂਸਰੇ ਦਾ ਭਰੋਸਾ ਨਹੀਂ... ਗੁਰਬਾਣੀ ਵੀ ਤਾਂ ਇਹੀ ਕਹਿੰਦੀ ਹੈ -

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥

ਸੰਨੀ ਧਾਲੀਵਾਲ ਵੀ ਜ਼ਿੰਦਗੀ ਬਾਰੇ ਕੁਝ ਇੰਜ ਹੀ ਕਹਿ ਰਿਹਾ ਹੈ...

ਜ਼ਿੰਦਗੀ ਕਹਿੰਦੀ ਹੈ!
ਮੈਂ ਚੱਲੀ ਹਾਂ
ਬਠਿੰਡੇ ਦੀ ਰੇਤ ਵਾਂਗ
ਤੇਰੇ ਹੱਥਾਂ 'ਚੋਂ ਕਿਰਦੀ ਜਾਂਦੀ ਹਾਂ

ਤੈਨੂੰ
ਮੈਂ ਕਿਰਦੀ ਨਹੀਂ ਦਿਸਦੀ?
ਜਦੋਂ ਵੀ ਕਦੇ
ਹੌਲਾ ਦਾ ਬੁੱਲਾ
ਤੇਰੀਆਂ ਅੱਖਾਂ ਨੂੰ
ਛੂੰਹਦਾ ਹੈ
ਤਦ ਹੀ
ਤੈਨੂੰ ਥੋੜ੍ਹਾ ਚੇਤਾ ਆਉਂਦਾ ਹੈ
ਪਰ
ਫਿਰ ਤੂੰ ਕਾਗਜ਼ ਇਕੱਠੇ ਕਰਨ ਦੇ
ਚੱਕਰ ਵਿਚ ਮੈਨੂੰ ਭੁੱਲ ਜਾਂਦਾ ਹੈ

ਮੈਂ ਚੱਲੀ ਹਾਂ
ਮੇਰੇ ਨਾਲ ਕਿੱਕਲੀ ਪਾ
ਮੈਨੂੰ ਘੁੱਟ-ਘੁੱਟ ਜੱਫੀਆਂ ਪਾ
ਮੈਂ ਚੱਲੀ ਹਾਂ...

ਮਨੁੱਖ ਇੱਕ ਸਮਾਜਿਕ ਜੀਵ ਹੀ ਹੈ। ਜੀਵ-ਜੰਤੂਆਂ ਵਾਂਗ ਤੀਲ੍ਹਾ-ਤੀਲ੍ਹਾ ਇਕੱਠਾ ਕਰਕੇ ਆਲ੍ਹਣਾ ਬਣਾਉਂਦਾ ਹੈ, ਭਰਦਾ ਹੈ, ਰਿਸ਼ਤੇ-ਨਾਤੇ ਅਤੇ ਦੁਨਿਆਵੀ ਫ਼ਰਜ਼ ਨਿਭਾਉਂਦਾ ਹੈ, ਬੋਟਾਂ ਦੇ ਖੰਭ ਨਿਕਲਦੇ ਹਨ ਅਤੇ ਉਹ ਉੱਚੀਆਂ ਪਰਵਾਜ਼ਾਂ ਭਰਦਿਆਂ ਆਪੋ-ਆਪਣੇ ਰਾਹੀਂ ਔਹ ਦੇ... ਔਹ ਉੱਡ ਜਾਂਦੇ ਹਨ! ਭਰਿਆ ਹੋਇਆ ਆਲ੍ਹਣਾ ਖ਼ਾਲੀ ਹੋ ਜਾਂਦਾ ਹੈ ਅਤੇ ਆਪ ਮੁਹਾਰੇ ਰੂਹ 'ਚੋਂ ਲਫ਼ਜ਼ ਬੋਲਦੇ ਨੇ...

ਹੁਣ ਆਲ੍ਹਣੇ ਵਿਚ
ਤੂੰ ਤੇ ਮੈਂ ਰਹਿ ਗਏ ਹਾਂ
ਬੱਚਿਆਂ ਬਿਨ ਆਲ੍ਹਣਾ
ਖ਼ਾਲੀ ਹੋ ਗਿਆ

ਪਤਾ ਨਹੀਂ ਕਿਹੜੇ ਦਿਨ ਇਹ ਆਲ੍ਹਣਾ
ਹੋਰ ਖ਼ਾਲੀ ਹੋ ਜਾਵੇ
ਚੰਗਾ ਇਹੀ ਹੈ
ਕਿ ਆਪਾਂ ਰਹਿੰਦੇ ਵਕਤ ਨੂੰ
ਨਿੰਬੂ ਵਾਂਗ ਨਚੋੜ ਪੀ ਜਾਈਏ

ਕਿਤੇ ਇਹ ਨਾ ਹੋਵੇ ਕਿ
'ਸੰਨੀ ਡੇਅ' ਦੀ ਉਡੀਕ ਵਿਚ
ਆਪਾਂ ਲੇਟ ਹੋ ਜਾਈਏ

ਆਪਾਂ ਲੇਟ ਹੋ ਜਾਈਏ

ਮਨੁੱਖ ਅਕਸਰ ਦੋਗਲਾ ਕਿਰਦਾਰ ਨਿਭਾਅ ਜਾਂਦਾ ਹੈ। ਜੋ ਕਹਿੰਦਾ ਹੈ... ਉਹ ਕਰਦਾ ਨਹੀਂ। ਸਾਡੇ ਸਮਾਜ ਵਿਚ ਮੁੰਡੇ ਅਤੇ ਕੁੜੀਆਂ ਲਈ ਵੱਖਰੇ ਮਾਪਦੰਡ ਹਨ - ਅੱਜ ਵੀ। ਭਾਵੇਂ ਅਸੀਂ ਕੁੜੀਆਂ ਨੂੰ ਚਿੜੀਆਂ ਕਹਿੰਦੇ ਹਾਂ, ਪਰ ਉਨ੍ਹਾਂ ਨੂੰ ਉਡਣ ਨਹੀਂ ਦਿੰਦੇ - ਖੰਭ ਕੁਤਰ ਦਿੰਦੇ ਹਾਂ, ਉਨ੍ਹਾਂ ਦੇ ਪੈਰਾਂ 'ਚ ਬੇੜੀਆਂ ਪਾ ਦਿੰਦੇ ਹਾਂ। ਇਨਸਾਨ ਦੇ ਇਸ ਵਰਤਾਰੇ ਨੂੰ ਲੇਖਕ ਨੇ ਬਾਖ਼ੂਬੀ ਕਲਮਬੱਧ ਕੀਤਾ ਹੈ... 'ਕ੍ਰਿਸਮਿਸ ਗਿਫ਼ਟ' ਵਿਚ




ਮੇਰੇ ਭਰਾ ਨੂੰ 'ਟੈਲੀਸਕੋਪ' ਗਿਫ਼ਟ ਮਿਲੀ
ਬੜੀ ਵਧੀਆ, ਉੱਚੀ ਜਿਹੀ
ਆਪਣੇ ਸਟੈਂਡ ਤੇ ਖੜ੍ਹੇ ਹੋਣ ਵਾਲੀ
ਮੈਨੂੰ ਸੋਨੇ ਦੀਆਂ ਝਾਂਜਰਾਂ ਗਿਫ਼ਟ ਮਿਲੀਆਂ

ਕੀ ਕਰਨਾ ਸੀ 'ਕਨੇਡਾ' ਆ ਕੇ
ਜੇਕਰ ਤੂੰ ਮੇਰੇ ਪੈਰਾਂ ਵਿਚ
ਜੰਜੀਰਾਂ ਈ ਪਾਉਣੀਆਂ ਸੀ
ਮੈਂ ਨਹੀਂ ਪਾਉਣੀਆਂ
ਮੈਂ ਵੀ ਵੀਰੇ ਬਰਾਬਰ ਉਡੂੰਗੀ
ਰੰਗ-ਬਰੰਗੀ ਦੁਨੀਆ ਦੇਖੂੰਗੀ
ਮੈਂ ਇਹਨਾਂ ਨੂੰ ਤੋੜੂੰਗੀ...
ਮੈਂ ਇਹਨਾਂ ਨੂੰ ਤੋੜੂੰਗੀ...

ਦੂਹਰਾ ਵਿਅਕਤੀਤਵ, ਨੈਤਿਕਤਾ, ਅਤੇ ਕਿਰਦਾਰ ਦੀ ਗੱਲ ਨੂੰ ਕੁਛ ਹੋਰ ਅੱਗੇ ਤੋਰਦਿਆਂ, ਸੰਨੀ ਧਾਲੀਵਾਲ ਨੇ ਹਾਥੀ ਦੇ ਖਾਣ ਅਤੇ ਦਿਖਾਉਣ ਵਾਲੇ ਦੰਦਾਂ ਵਰਗੇ ਭੰਬਲਭੂਸੇ ਨੂੰ 'ਮਜ਼ਦੂਰਾਂ ਦੀ ਹੜਤਾਲ' ਕਵਿਤਾ ਵਿਚ ਸਿਰਜਿਆ ਹੈ। ਇੱਕ 'ਵੱਡਾ ਕਵੀ' ਮਜ਼ਦੂਰਾਂ ਨੂੰ ਮਜ਼ਦੂਰਾਂ ਬਾਰੇ ਹੀ ਲਿਖੀ 'ਇਨਾਮੀ ਕਵਿਤਾ' ਦਾ ਪਾਠ ਪੜ੍ਹਾਉਂਦਾ ਹੈ ਜੋ ਮਜ਼ਦੂਰਾਂ ਨੂੰ ਕਿਸੇ ਹੋਰ ਈ ਦੁਨੀਆ ਦੀਆਂ ਬਾਤਾਂ ਲੱਗਦੀਆਂ ਨੇ। ਅਸਲੀਅਤ ਤੋਂ ਕੋਹਾਂ ਦੂਰ ਜਿਸ ਕਾਰਨ ਉਸ ਨੂੰ ਮਜ਼ਦੂਰਾਂ ਦੀ ਨਾਰਾਜ਼ਗੀ ਝੱਲਣੀ ਪੈਂਦੀ ਹੈ, ਪਰ ਕਸੂਰ ਫਿਰ ਵੀ ਮਜ਼ਦੂਰਾਂ ਦੇ ਸਿਰ ਹੀ ਮੜ੍ਹਦਾ ਹੈ। ਲੇਖਕ ਦੇਸ਼ਾਂ ਵਿਦੇਸ਼ਾਂ ਵਿਚ ਧੜਾਧੜ ਹੋ ਰਹੀਆਂ 'ਵਰਲਡ ਪੰਜਾਬੀ ਕਾਨਫਰੰਸਾਂ' 'ਤੇ ਵੀ ਕਰਾਰੀ ਚੋਟ ਕਰਦਾ ਹੈ...

ਅਗਲੀ ਕਾਰਵਾਈ ਹੋਈ...
ਸਾਰੇ ਕਵੀਆਂ ਨੇ ਸਹਿਮਤੀ ਨਾਲ
'ਵਰਲਡ ਪੰਜਾਬੀ ਕਾਨਫਰੰਸ' ਕਰਾਉਣ ਦਾ
ਮਤਾ ਪਾਸ ਕੀਤਾ
ਕੁਝ ਕਿਤਾਬਾਂ ਦੀ
ਘੁੰਡ ਚੁਕਾਈ ਹੋਈ, ਵਸਤਰ ਲਾਹੇ
ਕਰਾਰੇ-ਕਰਾਰੇ ਚਿਕਨ ਨਾਲ
ਸਕਾਚ ਤੇ ਜਾਨੀ ਵਾਕਰ ਦੇ
ਦੋ-ਦੋ ਪੈੱਗ ਲਾਏ
ਨੰਦੀਆਂ ਨੂੰ ਦਿਲ ਦੇ ਮਾਸ ਖੁਆਇਆ
ਸਾਰੇ ਕਵੀ ਆਪਣੀਆਂ ਏ. ਸੀ. ਕਾਰਾਂ 'ਤੇ
ਆਪੋ-ਆਪਣੇ ਘਰੀਂ ਜਾ ਵੜੇ।

ਕਵਿਤਾ ਅਤੇ ਕਵਿਤਾ ਦੇ ਪਾਠਕਾਂ ਦੀ ਪਸੰਦ ਅਤੇ ਵੰਨਗੀ ਬਾਰੇ ਹੀ 'ਕਵਿਤਾ ਲਿਖ' ਰਚਨਾ ਵਿਚ ਸੰਨੀ ਧਾਲੀਵਾਲ ਪੰਜਾਬੀ ਕਵਿਤਾ ਨੂੰ 'ਰੱਸੀ 'ਤੇ ਤੁਰਨ ਬਰਾਬਰ' ਵਰਗਾ ਮਹਿਸੂਸ ਕਰਦਾ... ਖ਼ੁਦ ਆਪਣੇ ਪਿੰਡ 'ਰਣਸੀਂਹ' ਵੀ ਗੇੜਾ ਦੇ ਆਇਆ...

ਤੂੰ ਮੈਨੂੰ ਕਹਿਨੀ ਏਂ ਕਿ
ਕਵਿਤਾ ਲਿਖ
ਪਰ! ਪੰਜਾਬੀ ਵਿਚ ਲਿਖ
ਤੈਨੂੰ ਪਤਾ ਪੰਜਾਬੀ ਵਿਚ ਕਵਿਤਾ
ਲਿਖਣੀ ਕਿੰਨੀ ਔਖੀ ਆ
ਦਸ ਪੰਦਰਾਂ ਦਿਨਾਂ ਦੀ ਮਿਹਨਤ
ਲੋਕ ਦੋ ਮਿੰਟ ਵਿਚ ਮਿੱਟੀ ਕਰ ਦਿੰਦੇ ਆ

ਕੋਈ ਵੈਜੀਟੇਰੀਅਨ ਪਸੰਦ ਕਰਦਾ
ਕੋਈ ਨਾਨ-ਵੈਜ ਪਸੰਦ ਕਰਦਾ
ਕੋਈ ਗਰਮ-ਗਰਮ ਪਸੰਦ ਕਰਦਾ
ਕੋਈ ਠੰਡੀ-ਠੰਡੀ ਪਸੰਦ ਕਰਦਾ
ਕੋਈ ਕੋਸੀ-ਕੋਸੀ ਪਸੰਦ ਕਰਦਾ

ਅਜੋਕੇ ਸਮੇਂ ਵਿਚ ਧੜਾ-ਧੜਾ ਉੱਗ ਰਹੇ 'ਪੰਜਾਬੀ ਸਾਹਿਤ ਦੇ ਡਾਕਟਰਾਂ' ਨੂੰ ਸੰਨੀ ਧਾਲੀਵਾਲ ਲੰਮਾ ਹੱਥ ਪਾਉਂਦਾ ਹੈ...

ਡਾ. ਸਾਹਿਬ ਕੀ ਗੱਲ ਹੈ?
ਨਾਲ਼ੇ ਠਾਠੀ ਬੰਨ੍ਹੀ ਜਾਂਦੇ ਹੋ
ਨਾਲ਼ੇ ਮਸ਼ਕਰੀਏਂ ਹੱਸੀ ਜਾਂਦੇ ਹੋ

ਖ਼ਬਰ ਹੀ ਬੜੀ ਖ਼ੁਸ਼ੀ ਵਾਲੀ ਹੈ
ਹੱਸਾਂ ਨਾ ਤਾਂ ਹੋਰ ਰੋਵਾਂ!

ਤੂੰ ਸੁਣਿਆ ਨਹੀਂ?
ਗਰਮੀਆਂ ਵਿਚ ਟੋਰੋਂਟੋ
ਤਿੰਨ ਵਰਲਡ ਪੰਜਾਬੀ
ਕਾਨਫਰੰਸਾਂ ਹੋ ਰਹੀਆਂ ਨੇ
ਇਕੱਲੀਆਂ ਉਂਗਲੀਆਂ ਹੀ ਘਿਓ ਵਿਚ ਨਹੀਂ
ਆਪਣੇ ਪੈਰ ਵੀ ਗਿੱਲੇ ਹੁੰਦੇ ਆ

ਰੱਬ ਕਰੇ!
ਇਹ ਸਾਹਿਤਕਾਰ ਇਸ ਤਰਾਂ ਹੀ
ਸਾਡੇ ਜਾਲ ਵਿਚ ਫਸਦੇ ਰਹਿਣ
ਇੱਕ ਦੂਜੇ ਨਾਲ ਛਿੱਤਰੋ-ਛਿੱਤਰੀ ਹੋ ਕੇ
ਦਾਲ ਵੰਡਦੇ ਰਹਿਣ
ਸਾਡੇ ਤੋਂ ਸਾਹਿਤ ਦੀ ਸੇਵਾ ਕਰਵਾਉਂਦੇ ਰਹਿਣ..

ਸਾਰਿਆਂ ਨੂੰ ਇੱਕੋ ਰੱਸੇ ਤਾਂ ਨਹੀਂ ਬੰਨ੍ਹਿਆ ਜਾ ਸਕਦਾ, ਪਰ ਕੁਝ ਕੁ ਕਵੀਆਂ ਦੇ ਕਿਰਦਾਰ, ਵਿਵਹਾਰ ਅਤੇ ਨਾਲਾਇਕੀਆਂ ਦੀ ਖਿੱਦੋ ਨੂੰ ਉਧੇੜਦੀ ਕਵਿਤਾ, ਮੈਨੂੰ ਨਹੀਂ ਚਾਹੀਦਾ 'ਕਵੀ ਪਤੀ' ਵੀ ਪੜ੍ਹਨਯੋਗ ਹੈ ਜਿਸ ਤੋਂ ਕੁਝ ਸਿੱਖਿਆ ਵੀ ਜਾ ਸਕਦਾ ਹੈ।

'ਸ਼ੀਸ਼ਾ ਬੋਲਦਾ' ਅਤੇ 'ਦੇਸ਼ ਭਗਤ ਫ਼ੌਜੀ' ਬਹੁਤ ਵਧੀਆ ਰਚਨਾਵਾਂ ਹਨ। 'ਮੈਂ ਭਗਤ ਸਿੰਘ ਬੋਲਦਾ ਹਾਂ', 'ਕਰਤਾਰ ਸਿੰਘ ਸਰਾਭਾ', 'ਅਸੀਂ ਆਵਾਂਗੇ, ਤੰਬੂ ਲਾਵਾਂਗੇ ' ਅਤੇ 'ਕਿਸਾਨ-ਮਜ਼ਦੂਰ ਏਕਤਾ ਜ਼ਿੰਦਾਬਾਦ' ਰਚਨਾਵਾਂ ਵਿਚ ਕਵੀ ਦਾ ਇਨਕਲਾਬੀ ਮਨ ਬੋਲ ਤੇ ਜੁਝਾਰ ਰਿਹਾ ਹੈ। ਇਸ ਪੁਸਤਕ ਵਿਚ ਕਈ ਹੋਰ ਖ਼ੂਬਸੂਰਤ ਰਚਨਾਵਾਂ ਵੀ ਦਰਜ ਹਨ। ਸਾਰੀਆਂ ਰਚਨਾਵਾਂ ਦਾ ਵਰਣਨ ਕਰਦਿਆਂ ਤਾਂ ਇੱਕ ਹੋਰ ਕਿਤਾਬ ਬਣ ਜਾਣ ਦਾ ਡਰ ਹੈ!

ਕੈਲੀਫੋਰਨੀਆ ਦੇ 'ਸੰਨੀ ਡੇਅ' ਵਾਲੇ ਮੌਸਮ ਵਿਚ... ਪੁਸਤਕ ਨੂੰ ਪੜ੍ਹਦਿਆਂ ਅਤੇ ਮਾਣਦਿਆਂ ਮੈਨੂੰ ਬੜੀ ਚੰਗੀ ਲੱਗੀ ਅਤੇ ਇੰਜ ਵੀ ਜਾਪਿਆ ਕਿ ਸੰਨੀ ਧਾਲੀਵਾਲ ਕਵਿਤਾ ਦੇ ਖੇਤਰ ਵਿਚ ਨਵੇਂ ਮਾਅਰਕੇ ਮਾਰਨ ਲਈ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਪੰਜਾਬੀ ਸਾਹਿਤ ਦੇ ਸੁਹਿਰਦ ਪਾਠਕਾਂ ਨੂੰ ਇਹੋ ਜਿਹੀਆਂ ਪੁਸਤਕਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ। ਮੇਰੇ ਵੱਲੋਂ ਸੰਨੀ ਧਾਲੀਵਾਲ ਨੂੰ ਮੁਬਾਰਕਾਂ ਅਤੇ ਸਾਹਿਤਕ ਸਫ਼ਰ ਦੇ ਅਗਲੇ ਕਾਰਜ ਲਈ ਸ਼ੁਭ ਕਾਮਨਾਵਾਂ!!

ਜ਼ਿੰਦਗੀ ਜ਼ਿੰਦਾਬਾਦ।

# ਇਹੁ ਜਨਮੁ ਤੁਮਹਾਰੇ ਲੇਖੇ!

## ਕਿਸ਼ਤ - 28

*ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 28ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ*






**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਜਗਦੀਪ ਦਾ ਇਹ ਵਹਿਮ ਹੌਲੀ-ਹੌਲੀ ਖੁਰਨ ਲੱਗਿਆ ਕਿ ਗੁਰਮੁਖ ਸਿੰਘ ਨੂੰ ਛੱਡ ਕੇ ਦਿਨ-ਦੀਵੀਂ ਚਰਨਜੀਤ ਨਾਲ ਬੰਬਈ ਚਲੀ ਜਾਣ ਨੇ ਪੰਜਾਬੀ ਦਾ ਸਾਰਾ ਸਾਹਿਤਕ ਤੇ ਪੱਤਰਕਾਰੀ ਸੰਸਾਰ ਉਸ ਦੇ ਵਿਰੁੱਧ ਕਰ ਦਿੱਤਾ ਹੈ। ਹਰਵਿੰਦਰ ਅਖ਼ਬਾਰਾਂ-ਰਸਾਲਿਆਂ ਦੀਆਂ ਅਜਿਹੀਆਂ ਕਤਰਨਾਂ ਲੈ ਆਉਂਦਾ ਜਿਨ੍ਹਾਂ ਵਿਚ ਇਸ ਘਟਨਾ ਦਾ ਕੋਈ ਵੀ ਜ਼ਿਕਰ ਕੀਤੇ ਬਿਨਾਂ ਉਸ ਦੀਆਂ ਰਚਨਾਵਾਂ ਦੀ ਪ੍ਰਸੰਸਾ ਕੀਤੀ ਗਈ ਹੁੰਦੀ। ਇਹਨਾਂ ਲੇਖਾਂ ਵਿਚ ਇਸ ਘਟਨਾ ਦਾ ਜ਼ਿਕਰ ਤਾਂ ਕੀ, ਕਿਤੇ ਕੋਈ ਪਰਛਾਵਾਂ ਤੱਕ ਨਹੀਂ ਸੀ ਹੁੰਦਾ। ਜੇ ਕਿਸੇ ਪੱਤਰ ਵਿਚ ਕਿਸੇ ਈਰਖਾਲੂ ਜਾਂ ਵਿਰੋਧੀ ਦੀ ਬੇਹੀ ਕੜ੍ਹੀ ਵਿਚ ਉਬਾਲ ਆਇਆ ਹੁੰਦਾ, ਉਸ ਦੀ ਡੁੱਲ੍ਹ-ਡੁੱਲ੍ਹ ਪੈਂਦੀ ਮੰਦਭਾਵਨਾ ਦੇ ਮੁਕਾਬਲੇ ਸਦਭਾਵੀ ਲਿਖਤਾਂ ਦੀ ਗਿਣਤੀ ਦੁਗੁਣੀ-ਚੌਗੁਣੀ ਹੁੰਦੀ। ਨਿੰਦਕ ਬਹੁਤਾ ਕਰ ਕੇ ਉਸ ਤੋਂ ਉਮਰੋਂ ਵਡੇਰੇ ਜਾਂ ਉਸ ਦੀ ਆਪਣੀ ਪੀੜ੍ਹੀ ਦੇ ਸਨ ਜੋ ਉਸ ਦੀ ਸਾਹਿਤਕ ਸਫਲਤਾ ਤੋਂ ਤਾਂ ਖਾਰ ਖਾਂਦੇ ਹੀ ਸਨ, ਇਸ ਗੱਲੋਂ ਵੀ ਬੇਚੈਨ ਰਹਿੰਦੇ ਸਨ ਕਿ ਉਸ ਨੇ ਉਹਨਾਂ ਦੇ ਕਲਪਿਤ ਪਿਆਰ ਨੂੰ ਹਕੀਕਤ ਬਣਾਉਣ ਲਈ ਹੁੰਗਾਰਾ ਨਹੀਂ ਸੀ ਭਰਿਆ। ਹਰਵਿੰਦਰ ਅਜਿਹੇ ਲੇਖ ਜਗਦੀਪ ਕੋਲ ਲੈ ਕੇ ਆਉਣ ਦੀ ਥਾਂ ਸੁੱਟ ਦਿੰਦਾ। ਲੇਖਿਕਾਵਾਂ ਤੇ ਨੌਜਵਾਨ ਲੇਖਕਾਂ ਦੀਆਂ ਉਸ ਖ਼ਾਤਰ ਪ੍ਰਸੰਸਕ ਤੇ ਸ਼ਰਧਾਲੂ ਭਾਵਨਾਵਾਂ ਵਿਚ ਬੰਬਈਆ ਕਾਂਡ ਤੋਂ ਮਗਰੋਂ ਪਰਤੱਖ ਵਾਧਾ ਹੋ ਗਿਆ ਸੀ।

ਕਿੰਨੀਆਂ ਹੀ ਲੇਖਿਕਾਵਾਂ ਸਨ ਜਿਨ੍ਹਾਂ ਦਾ ਇਹ ਵਿਸ਼ਵਾਸ ਪੱਕਾ ਹੋ ਗਿਆ ਸੀ ਕਿ ਸਾਹਿਤ ਦੀ ਦੁਨੀਆ ਵਿਚ ਜਗਦੀਪ ਵਾਂਗ ਚਮਕਣ ਦੇ ਰਾਹ ਵਿਚ ਜੇ ਕੋਈ ਰੁਕਾਵਟ ਸੀ ਤਾਂ ਚੰਦ-ਗ੍ਰਹਿਣ ਸਮੇਂ ਉਸ ਉੱਤੇ ਪੈਂਦੇ ਧਰਤੀ ਦੇ ਪਰਛਾਵੇਂ ਵਾਂਗ ਉਹਨਾਂ ਉੱਤੇ ਪੈ ਰਿਹਾ ਪਤੀਆਂ ਦਾ ਪਰਛਾਵਾਂ ਸੀ! ਸਾਹਿਤਕ ਨਿਰਖ-ਪਰਖ ਦੀ ਸਮਰੱਥਾ ਤੋਂ ਸੱਖਣੀ ਉਹਨਾਂ ਦੀ ਸੂਝ ਉਹਨਾਂ ਦਾ ਇਹ ਵਿਸ਼ਵਾਸ ਪੱਕਾ ਕਰ ਦਿੰਦੀ ਕਿ ਰਚਨਾ ਤਾਂ ਉਹਨਾਂ ਦੀ ਵੀ ਜਗਦੀਪ ਦੇ ਮੋਢੇ ਨਾਲ ਮੋਢਾ ਮੇਚਦੀ ਹੈ, ਜੇ ਉਹ ਪ੍ਰਸਿੱਧੀ ਤੇ ਹਰਮਨਪਿਆਰਤਾ ਦੀ ਦੌੜ ਵਿਚ ਉਸ ਤੋਂ ਬਹੁਤ ਪਿੱਛੇ ਹਫ਼ਦੀਆਂ-ਹੌਂਕਦੀਆਂ ਦਿਖਾਈ ਦਿੰਦੀਆਂ ਹਨ ਤਾਂ ਸਿਰਫ਼ ਇਸ ਕਾਰਨ ਕਿ ਪਤੀ ਨਾਂ ਦਾ ਸਿਲ-ਪੱਥਰ ਉਹਨਾਂ ਦੇ ਗਿੱਟੇ ਨਾਲ ਬੱਝਿਆ ਹੋਇਆ ਹੈ।

ਨੌਜਵਾਨ ਪੀੜ੍ਹੀ ਸੰਮੋਹਿਤ ਸੀ ਕਿ ਕਿੰਨੇ ਲੇਖਕ, ਬੁੱਧੀਜੀਵੀ ਤੇ ਸੋਚਵਾਨ ਅਜਿਹੇ ਹਨ ਜੋ ਵਿਅਕਤੀ ਦੀ ਆਜ਼ਾਦੀ ਦੇ ਪੱਖ ਵਿਚ ਤੇ ਘਸੀਆਂ-ਪੁਰਾਣੀਆਂ ਸਮਾਜਕ ਰਹੁਰੀਤਾਂ ਦੇ ਵਿਰੁੱਧ ਲਿਖਦੇ-ਬੋਲਦੇ ਤਾਂ ਹਨ ਪਰ ਉਹਨਾਂ ਹੀ ਰਹੁਰੀਤਾਂ ਦੇ ਗ਼ੁਲਾਮ ਵੀ ਬਣੇ ਰਹਿੰਦੇ ਹਨ। ਜਗਦੀਪ ਨੇ ਜੋ ਸੋਚਿਆ, ਉਹ ਕੀਤਾ। ਪੁਰਸ਼-ਪ੍ਰਧਾਨ ਸਮਾਜ ਵਿਚ ਇਕ ਇਸਤਰੀ ਲਈ ਇਹ ਕਰਨਾ ਯਕੀਨਨ ਪੁਰਸ਼ ਦੇ ਮੁਕਾਬਲੇ ਬੇਹੱਦ ਔਖਾ ਹੈ ਤਾਂ ਵੀ ਉਸ ਨੇ ਕਰ ਦਿਖਾਇਆ।

ਛੇਤੀ ਹੀ ਜਗਦੀਪ ਦਾ ਸ਼ਾਂਤੀ ਕੁੰਜ ਪ੍ਰਸੰਸਕਾਂ ਦੇ ਦਿਲ ਵਿਚ ਵਸ ਗਿਆ। ਉਹ ਕਿਸੇ ਵੀ ਕੰਮ ਦਿੱਲੀ ਆਉਂਦੇ ਤਾਂ ਮਿਲਣ ਦੀ ਬੇਨਤੀ ਦਾ ਫੋਨ ਕਰਦੇ। ਹੁਣ ਉਹ ਸਮੇਂ ਦੇ ਨੁਕਸਾਨ ਦੇ ਬਾਵਜੂਦ ਉਹਨਾਂ ਨੂੰ ਮਿਲਣੋਂ ਨਾਂਹ ਨਹੀਂ ਸੀ ਕਰਦੀ। ਲੇਖਕਾਂ ਨੂੰ ਮਿਲਣ ਦਾ ਭੈ ਹੌਲ਼ੀ-ਹੌਲ਼ੀ ਖ਼ਤਮ ਹੋ ਗਿਆ ਸੀ। ਲੇਖਿਕਾਵਾਂ ਤਾਂ ਉਸ ਕੋਲ ਬੈਠ ਕੇ ਇਉਂ ਮਹਿਸੂਸ ਕਰਦੀਆਂ ਜਿਵੇਂ ਉਸ ਅੰਦਰੋਂ ਕੋਈ ਸ਼ਕਤੀ ਨਿੱਕਲ ਕੇ ਉਹਨਾਂ ਦੇ ਸਾਹਾਂ ਵਿਚ ਸਮਾ ਰਹੀ ਹੋਵੇ, ਉਹਨਾਂ ਦੇ ਲਹੂ ਵਿਚ ਰਮ ਰਹੀ ਹੋਵੇ, ਉਹਨਾਂ ਦੀ ਕਾਇਆ ਪਲਟ ਕੇ ਅਬਲਾ ਦੀ ਥਾਂ ਸਬਲਾ ਤੇ ਡਰਪੋਕ ਦੀ ਥਾਂ ਵੀਰਾਂਗਣਾ ਬਣਾ ਰਹੀ ਹੋਵੇ। ਉਹ ਇਹ ਸ਼ਕਤੀ ਸੰਜੋ-ਸਹੇਜ ਕੇ ਘਰ ਲੈ ਜਾਣਾ ਚਾਹੁੰਦੀਆਂ ਜਿਥੇ ਇਹ ਉਹਨਾਂ ਦੀ ਮੁਕਤੀ ਦਾ ਰਾਹ ਖੋਲ੍ਹ ਸਕੇ ਤੇ ਉਹ ਪਤੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਸਿੱਧੀਆਂ ਦੇਖ ਸਕਣ। ਪਰ ਜਿਉਂ-ਜਿਉਂ ਉਹ ਸ਼ਾਂਤੀ ਕੁੰਜ ਤੋ ਦੂਰ ਤੇ ਆਪਣੇ ਘਰ ਦੇ ਨੇੜੇ ਪਹੁੰਚਦੀਆਂ ਜਾਂਦੀਆਂ, ਦੀਵੇ ਤੋਂ ਦੂਰ ਜਾਇਆਂ ਲੋਅ ਘਟਦੀ ਜਾਣ ਵਾਂਗ ਇਹ ਸ਼ਕਤੀ ਖੀਣ ਹੁੰਦੀ ਜਾਂਦੀ ਤੇ ਪੱਲੇ ਰਹਿ ਜਾਂਦੀ ਉਹੋ ਪੁਰਾਣੀ ਬੇਵਸੀ ਤੇ ਛਟਪਟਾਹਟ। ਇਸ ਮਾਨਸਿਕ ਹੁੰਮਸ ਨੂੰ ਉਹ ਕਲਮ ਰਾਹੀਂ ਕਾਗ਼ਜ਼ ਉੱਤੇ ਉਲਟਦੀਆਂ ਤੇ ਇਸ ਉਲਟੀ ਵਿਚੋਂ ਪੁਰਸ਼-ਵਿਰੋਧ ਦੀ ਹਵਾੜ੍ਹ ਮਾਰਦੀ। ਉਹ ਵਿਅਕਤੀ ਵਜੋਂ ਵੀ ਤੇ ਸਾਹਿਤਕਾਰ ਵਜੋਂ ਵੀ ਉੱਚੀਆਂ ਗਗਨ-ਉਡਾਰੀਆਂ ਦੀ ਥਾਂ ਲਾਈਆਂ ਨੀਵੀਆਂ ਟਪੂਸੀਆਂ ਦਾ ਠੀਕਰਾ ਮਰਦ ਦੇ ਸਿਰ ਭੰਨਦੀਆਂ। ਉਹਨਾਂ ਦੀਆਂ ਲਿਖਤਾਂ ਵਿਚ ਔਰਤਜ਼ਾਤ ਦੇ ਹਰ ਦੁੱਖ, ਹਰ ਕਲੇਸ਼ ਦਾ ਕਾਰਨ ਤੇ ਹਰ ਅਹੁਰ ਦੀ ਜੜ ਮਰਦ ਹੀ ਸੀ।

ਲੇਖਕਾਂ, ਪਾਠਕਾਂ, ਪ੍ਰਸੰਸਕਾਂ ਦੀ ਇਸ ਆਵਾਜਾਈ ਨੇ ਜਗਦੀਪ ਦਾ ਰਚਨਾਤਮਕ ਉਤਸਾਹ ਸੁਰਜੀਤ ਕਰ ਦਿੱਤਾ। ਉਸ ਦੇ ਹਿੰਦੀ ਕਹਾਣੀ-ਸੰਗ੍ਰਹਿ ਦੀ ਹਿੰਦੀ ਪੱਤਰਾਂ ਵਿਚ ਹੀ ਨਹੀਂ, ਪੰਜਾਬੀ ਵਿਚ ਵੀ ਚਰਚਾ ਹੋਈ। ਇਸ ਨਾਲ ਉਸ ਦਾ ਉਤਸਾਹ ਦੂਣ-ਸਵਾਇਆ ਹੋ ਗਿਆ। ਹੁਣ ਉਹ ਨਿੰਦਿਆ-ਚੁਗਲੀ ਨੂੰ ਪੈਰਾਂ ਦੀ ਬੇੜੀ ਸਮਝਣ ਦੀ ਥਾਂ ਗਿੱਟਿਉਂ-ਗੋਡਿਉਂ ਨੀਵੀਂ ਕੋਈ ਫ਼ਾਲਤੂ ਚੀਜ਼ ਸਮਝ ਕੇ ਤੇਜ਼ ਪੁਲਾਂਘਾਂ ਭਰਦਿਆਂ ਅੱਗੇ ਵਧ ਸਕਦੀ ਸੀ।

ਜਗਦੀਪ ਦੀ ਆਵਾਜ਼ ਕੁਦਰਤੋਂ ਹੀ ਮਿੱਠੀ ਸੀ, ਉਸ ਵਿਚ ਇਕ ਚਮਚਾ ਸ਼ਹਿਦ ਹੋਰ ਘੋਲ ਕੇ ਉਸ ਨੇ ਫੋਨ ਮਿਲਾਇਆ, "ਤਨੇਜਾ ਜੀ, ਮੈਂ ਜਗਦੀਪ।... ਤੁਸੀਂ ਤਾਂ ਭੁੱਲ ਹੀ ਗਏ!"

"ਜਗਦੀਪ ਜੀ, ਤੁਹਾਡੇ ਜਿਹੀ ਲੇਖਿਕਾ ਨੂੰ ਤਾਂ ਕੋਈ ਵੈਸੇ ਹੀ ਨਹੀਂ ਭੁੱਲ ਸਕਦਾ, ਤੁਹਾਡਾ ਇਹ ਨਾਚੀਜ਼ ਪ੍ਰਕਾਸ਼ਕ ਭਲਾ ਕਿਵੇਂ ਭੁੱਲ ਸਕਦਾ ਹੈ?... ਤੁਹਾਡੀਆਂ ਕਹਾਣੀਆਂ ਨੂੰ ਭਾਵੇਂ ਅਜੇ ਉਮੀਦ ਜਿੰਨਾ ਤਾਂ ਨਹੀਂ ਪਰ ਵਾਹਵਾ ਰਿਸਪਾਂਸ ਮਿਲ ਰਿਹਾ ਹੈ। ਜੇ ਸੌ ਦੇ ਇਕ ਸੌ ਦੋ, ਚਾਰ ਨਾ ਹੋਏ, ਸਤਾਨਵੇਂ-ਅਠਾਨਵੇਂ ਤੋਂ ਤਾਂ ਘੱਟ ਨਹੀਂ ਹੀ ਰਹਿਣ ਲੱਗੇ। ਮੈਂ ਸਮਝਦਾ ਹਾਂ, ਜੇ ਨਾਵਲ ਹੁੰਦਾ, ਰਿਸਪਾਂਸ ਵੱਧ ਹੁੰਦਾ। ਹਾਂ, ਇਕ ਗੱਲ ਬਾਣੀਆਂ ਵਾਲੀ ਵੀ ਕਰ ਲਵਾਂ। ਸਮਾਗਮ ਦਾ ਖਰਚ ਮੈਂ ਇਸ ਲੇਖੇ ਵਿਚ ਨਹੀਂ ਪਾਉਂਦਾ। ਉਹ ਮਾਰ ਮੈਂ ਹੀ ਖਾਵਾਂਗਾ। ਜਗਦੀਪ ਜੀ, ਸੱਚੀ ਗੱਲ ਹੈ, ਉਹ ਮਾਰ ਤਾਂ ਜ਼ਰੂਰ ਹੈ ਪਰ ਮਿੱਠੀ ਮਾਰ ਹੈ!"

"ਤਨੇਜਾ ਜੀ, ਤੁਸੀਂ ਬਹੁਤ ਬੁੱਧੀਮਾਨ ਵੀ ਹੋ ਤੇ ਚਤੁਰ ਵੀ!" ਜਗਦੀਪ ਹੱਸੀ, "ਤੁਸੀਂ ਠੀਕ ਸੋਚਦੇ ਹੋ। ਜਦੋਂ ਮਾਰ ਖਾਣੀ ਹੀ ਹੈ, ਰੀਂ-ਰੀਂ ਕਰ ਕੇ ਖਾਣ ਦੀ ਕੀ ਤੁਕ। ਮਾਰ ਮਿੱਠੀ ਸਮਝ ਕੇ ਖਾਣ ਵਿਚ ਹੀ ਭਲਾ ਹੈ। ਰਹੀ ਨਾਵਲ ਦੀ ਗੱਲ, ਨਾਵਲ ਦਾ ਅਨੁਵਾਦਕ ਤਾਂ ਤੁਹਾਨੂੰ ਹੀ ਲੱਭਣਾ ਪਵੇਗਾ, ਤਨੇਜਾ ਜੀ। ਮੇਰਾ ਖ਼ਿਆਲ ਨਹੀਂ, ਨਾਵਲ ਜਿਹੀ ਵੱਡੀ ਰਚਨਾ ਦਾ ਅਨੁਵਾਦ ਕੋਈ ਕਹਾਣੀਆਂ ਵਾਂਗ ਕਰਨਾ ਮੰਨੇਗਾ। ਤੇ, ਤਨੇਜਾ ਜੀ, ਨਾਵਲ ਦਾ ਅਨੁਵਾਦ ਮੈਂ ਪੈਸੇ ਦੇ ਕੇ ਤਾਂ ਕਰਵਾਉਣੋਂ ਰਹੀ।"

"ਅਸਲ ਵਿਚ ਫੋਨ ਰਾਹੀਂ ਗੱਲ ਨਹੀਂ ਬਣਦੀ, ਮੈਂ ਕੱਲ੍ਹ ਆਪ ਆਉਂਦਾ ਹਾਂ। ਨਾਵਲ ਦੀ ਗੱਲ ਬੈਠ ਕੇ ਕਰਦੇ ਹਾਂ। ਦਸ ਬਜੇ ਠੀਕ ਰਹੇਗਾ ਤੁਹਾਨੂੰ? ਤੁਹਾਡੇ ਲਈ ਵਿਘਨ ਬਣ ਕੇ ਤਾਂ ਨਹੀਂ ਆਵਾਂਗਾ?"

ਜਗਦੀਪ ਹੱਸੀ, "ਇਕ ਬੇਨਤੀ ਹੈ, ਤਨੇਜਾ ਜੀ, ਮੇਰੇ ਨਾਵਲ ਦਾ ਅਨੁਵਾਦ ਤੁਸੀਂ ਆਪ ਨਾ ਕਰਨਾ। ਤੁਸੀਂ ਤਾਂ ਖ਼ੁਸ਼ਖ਼ਬਰੀ ਦਾ ਅਨੁਵਾਦ ਵਿਘਣ ਕਰਦੇ ਹੋ!"

ਉਹ ਵੀ ਹੱਸ ਪਿਆ, "ਸਾਡੇ ਨਸੀਬਾਂ ਵਿਚ ਏਨੀ ਬੁੱਧੀ ਕਿਥੇ, ਜਗਦੀਪ ਜੀ, ਕਿ ਤੁਹਾਡੇ ਵਰਗੇ ਵੱਡੇ ਲੇਖਕਾਂ ਦੀਆਂ ਰਚਨਾਵਾਂ ਦਾ ਅਨੁਵਾਦ ਕਰ ਸਕੀਏ। ਮਸਾਂ ਪੁਸਤਕਾਂ ਦਾ ਹਿਸਾਬ-ਕਿਤਾਬ ਰੱਖਣ ਤੇ ਗਾਹਕਾਂ ਦੀਆਂ ਰਸੀਦਾਂ ਕੱਟਣ ਜੋਗਾ ਪੜ੍ਹੇ ਹਾਂ।... ਠੀਕ ਹੈ ਜੀ ਫੇਰ, ਕੱਲ੍ਹ ਦਸ ਵਜੇ ਦਾ ਸਮਾਂ।"

ਅਗਲੇ ਦਿਨ ਦਸ ਵੱਜਣ ਤੋਂ ਪੰਜ-ਸੱਤ ਮਿੰਟ ਪਹਿਲਾਂ ਹੀ ਤਨੇਜਾ ਨੇ ਆ ਦਸਤਕ ਦਿੱਤੀ। ਪਰ ਜਗਦੀਪ ਤਾਂ ਉਸ ਤੋਂ ਵੀ ਪਹਿਲਾਂ ਤਿਆਰ ਹੋਈ ਬੈਠੀ ਸੀ। ਇਸ ਵਾਰ ਹਰਵਿੰਦਰ ਨੂੰ ਬੁਲਾਉਣਾ ਠੀਕ ਨਾ ਲੱਗਿਆ। ਤਨੇਜਾ ਭਰੋਸੇਜੋਗ ਬੰਦਾ ਲਗਦਾ ਹੈ ਜਿਸ ਨਾਲ ਬੇਝਿਜਕ ਗੱਲ ਕੀਤੀ ਜਾ ਸਕਦੀ ਹੈ। ਆਖ਼ਰ ਉਹ ਵਪਾਰੀ ਹੈ, ਕੋਈ ਪਰਉਪਕਾਰੀ ਨਹੀਂ। ਤਾਂ ਵੀ ਉਸ ਨੇ ਜਿਸ ਸਾਫ਼ਗੋਈ ਨਾਲ ਪੁਸਤਕ ਦੀ ਵਾਹਵਾ ਹੋ ਰਹੀ ਵਿਕਰੀ ਬਾਰੇ ਦੱਸਿਆ, ਉਸ ਤੋਂ ਲਗਦਾ ਹੈ, ਉਹ ਘੱਟੋ-ਘੱਟ ਠੱਗ ਤਾਂ ਨਹੀਂ ਹੀ ਹੈ। ਪ੍ਰਕਾਸ਼ਕ ਦਾ ਕੰਮ ਆਮ ਕਰਕੇ ਗਾਹਕਾਂ ਦੀ ਘਾਟ ਦਾ ਰੋਣਾ ਰੋਂਦੇ ਰਹਿਣਾ ਹੁੰਦਾ ਹੈ ਤਾਂ ਜੋ ਲੇਖਕ ਰਾਇਲਟੀ ਮੰਗਣ ਵੇਲੇ ਸ਼ਰਮਿੰਦਾ ਮਹਿਸੂਸ ਕਰੇ। ਉਹ ਵੀ ਰੋਣਾ ਰੋ ਸਕਦਾ ਸੀ ਕਿ ਕਿਤਾਬ ਵਿਕ ਨਹੀਂ ਰਹੀ। ਜਗਦੀਪ ਨੇ ਸਿੱਟਾ ਕੱਢਿਆ, ਤਨੇਜਾ ਨਾਲ ਪ੍ਰਕਾਸ਼ਕ ਵਜੋਂ ਨਿਭ ਸਕਦੀ ਹੈ!

ਤਨੇਜਾ ਨੇ ਸਤਰੰਗੇ ਕਾਗ਼ਜ਼ ਵਿਚ ਲਪੇਟਿਆ ਮਠਿਆਈ ਦਾ ਡੱਬਾ ਸੈਂਟਰਲ ਟੇਬਲ ਉੱਤੇ ਰੱਖਿਆ, "ਮੈਂ ਸੋਚਿਆ, ਪੁਸਤਕ ਦੀ ਕੁਛ-ਕੁਛ ਹੋਣ ਲੱਗੀ ਵਿਕਰੀ ਦੀ ਮਠਿਆਈ ਲੇਖਕ ਦੇ ਹੱਥੋਂ ਹੀ ਖਾਵਾਂਗੇ। ਵਿਕਰੀ ਅੱਜ ਨਹੀਂ ਤਾਂ ਭਲਕੇ, ਸਹਿਜੇ-ਸਹਿਜੇ ਤਾਂ ਵਧੇਗੀ ਹੀ। ਲਉ ਡੱਬਾ ਖੋਲ੍ਹੋ, ਆਪਣਾ ਮੂੰਹ ਵੀ ਮਿੱਠਾ ਕਰੋ ਤੇ ਮੇਰਾ ਵੀ ਕਰਵਾਉ।"

"ਮੈਂ ਚਾਹ ਬਣਾ ਕੇ ਲਿਆਉਂਦੀ ਹਾਂ", ਜਗਦੀਪ ਖੜ੍ਹੀ ਹੋਈ।

"ਤੁਸੀਂ ਕੋਈ ਨੌਕਰਾਣੀ ਨਹੀਂ ਰੱਖੀ ਹੋਈ?" ਉਹ ਹੈਰਾਨ ਹੋਇਆ, "ਬਾਕੀ ਸਭ ਕਿਧਰ ਗਏ?"

"ਸਰਦਾਰ ਜੀ ਦੁਕਾਨ ਚਲੇ ਜਾਂਦੇ ਨੇ, ਬੇਟਾ-ਬੇਟੀ ਹੋਸਟਲ ਵਿਚ ਨੇ, ਮੈਥੋਂ ਨੌਕਰਾਣੀ ਸਾਰਾ ਦਿਨ ਸਿਰ ਉੱਤੇ ਸਵਾਰ ਨਹੀਂ ਰੱਖੀ ਜਾਂਦੀ", ਜਗਦੀਪ ਨੇ ਲੇਖਕ ਦੀ ਮਜਬੂਰੀ ਦੱਸੀ, "ਨੌਕਰਾਣੀ ਬਿੱਲੀ ਵਾਂਗ ਕਦੀ ਇਥੇ ਤੇ ਕਦੀ ਉਥੇ ਘੁੰਮਦੀ ਫਿਰਦੀ ਰਹੇ, ਮੈਂ ਤਾਂ ਕੁਛ ਲਿਖ ਹੀ ਨਹੀਂ ਸਕਦੀ। ਲਿਖਣ ਵਾਸਤੇ ਮੈਂ ਮੁਕੰਮਲ ਇਕਾਂਤ ਲੋੜਦੀ ਹਾਂ, ਤਨੇਜਾ ਜੀ। ਝਾੜੂ-ਪੋਚੇ ਵਾਲੀ ਨੂੰ ਕਿਹਾ ਹੋਇਆ ਹੈ, ਨੌਂ ਬਜਦੇ ਨੂੰ ਕੰਮ ਮੁਕਾ ਕੇ ਵਿਦਾਅ ਹੋਵੇ। ਖਾਣੇ ਵਾਲੀ ਉਸ ਤੋਂ ਵੀ ਪਹਿਲਾਂ ਆਉਂਦੀ ਹੈ। ਨਾਸ਼ਤਾ ਦੇ ਕੇ ਉਹ ਸਰਦਾਰ ਜੀ ਦਾ ਦੁਪਹਿਰ ਦਾ ਖਾਣਾ ਪੈਕ ਕਰ ਕੇ ਉਹਨਾਂ ਦੇ ਹਵਾਲੇ ਕਰਦੀ ਹੈ ਤੇ ਮੇਰਾ ਲਪੇਟ ਕੇ ਰੱਖ ਦਿੰਦੀ ਹੈ। ਬੱਸ ਫੇਰ ਮੈਂ ਹੁੰਦੀ ਹਾਂ ਤੇ ਮੇਰਾ ਸਾਹਿਤ!"

"ਤੁਸੀਂ ਬਹੁਤ ਭਾਗਾਂ ਵਾਲੇ ਹੋ, ਜਗਦੀਪ ਜੀ, ਜਿਨ੍ਹਾਂ ਨੂੰ ਮਨਚਾਹਿਆ ਰਚਨਾਤਮਕ ਮਾਹੌਲ ਮਿਲਿਆ ਹੋਇਆ ਹੈ ਤੇ ਤੁਸੀਂ ਸਿਆਣੇ ਵੀ ਬਹੁਤ ਹੋ ਜਿਨ੍ਹਾਂ ਨੇ ਸਮੇਂ ਨੂੰ ਪੂਰੀ ਉਪਯੋਗਤਾ ਨਾਲ ਵਿਉਂਤਿਆ ਹੋਇਆ ਹੈ", ਤਨੇਜਾ ਨੂੰ ਵਡਿਆਈ ਦਾ ਵਧੀਆ ਮੌਕਾ ਮਿਲ ਗਿਆ, "ਤਦੇ ਤਾਂ ਸਾਹਿਤ ਦੇ ਸਾਗਰ ਵਿਚੋਂ ਅਜਿਹੇ ਸੁੱਚੇ ਮੋਤੀ ਕੱਢ ਲਿਆਉਂਦੇ ਹੋ!... ਹਾਂ, ਚਾਹ ਰਹਿਣ ਦਿਉ, ਕਿਥੇ ਖੇਚਲ ਕਰੋਗੇ। ਬੱਸ ਮਠਿਆਈ ਨਾਲ ਮੂੰਹ ਮਿੱਠਾ ਕਰਦੇ ਹਾਂ।"

"ਖੇਚਲ ਕਾਹਦੀ, ਤਨੇਜਾ ਜੀ", ਜਗਦੀਪ ਰਸੋਈ ਵਿਚ ਚਲੀ ਗਈ, "ਮੈਂ ਵੀ ਇਸ ਵੇਲੇ ਚਾਹ ਪੀ ਕੇ ਹੀ ਕਲਮ ਦੇ ਕੰਮ ਲਗਦੀ ਹੁੰਦੀ ਹਾਂ।"

ਚਾਹ ਦੇ ਪਿਆਲੇ ਰਖਦਿਆਂ ਜਗਦੀਪ ਨੇ ਡੱਬਾ ਖੋਲ੍ਹਿਆ ਅਤੇ ਬਰਫ਼ੀ ਪਲੇਟ ਵਿਚ ਰੱਖ ਕੇ ਉਸ ਨੂੰ ਪੇਸ਼ ਕੀਤੀ। ਧੰਨਵਾਦ ਕਰਦਿਆਂ ਉਸ ਨੇ ਪਲੇਟ ਫੜੀ, ਇਕ ਟੁਕੜਾ ਚੁੱਕਿਆ ਤੇ ਪਲੇਟ ਜਗਦੀਪ ਅੱਗੇ ਕਰਦਿਆਂ ਬੇਨਤੀ ਕੀਤੀ, "ਹੁਣ ਤੁਸੀਂ ਇਸ ਨਾਚੀਜ਼ ਦੇ ਹੱਥੋਂ ਮਠਿਆਈ ਪਰਵਾਨ ਕਰੋ।"

"ਸਾਹਿਤਕ ਰੁਚੀ ਤਾਂ ਤੁਹਾਡੀ ਵੀ ਹੈ, ਤਨੇਜਾ ਜੀ", ਜਗਦੀਪ ਮੁਸਕਰਾਈ, "ਦੇਖੋ, ਆਪਣਾ ਹਿੰਦੀ ਪ੍ਰਕਾਸ਼ਨ ਦਾ ਵੱਡਾ ਕਾਰੋਬਾਰੀ ਹੋਣਾ ਦੱਸਣ ਲਈ ਤੁਸੀਂ ਕਿੰਨਾ ਸੁਹਣਾ ਲਫ਼ਜ਼ ਲੱਭਿਆ ਹੈ, ਨਾਚੀਜ਼!"

ਕੱਚਾ ਜਿਹਾ ਹੋ ਕੇ ਚਾਹ ਦੀ ਘੁੱਟ ਭਰਦਿਆਂ ਉਹ ਕਹਿਣ ਲੱਗਿਆ, "ਨਾਚੀਜ਼ ਹੀ ਹਾਂ ਜੀ ਮੈਂ! ਹੁਣ ਇਸ ਨਾਚੀਜ਼ ਨੇ ਤੁਹਾਡਾ ਨਾਵਲ ਛਾਪਣਾ ਹੈ। ਨਾਵਲ ਛਾਪਣ ਦਾ ਲਾਲਚ ਮੈਨੂੰ ਇਸ ਕਰਕੇ ਹੈ, ਸ਼ਾਇਦ ਉਹ 'ਸਪਨੋਂ ਕੀ ਪਰਛਾਈਆਂ' ਦਾ ਕੁਛ ਘਾਟਾ ਪੂਰਾ ਕਰ ਦੇਵੇ।... ਹੁਣ ਤੱਕ ਤੁਹਾਡੇ ਕਿੰਨੇ ਨਾਵਲ ਨੇ ਤੇ ਕਿੰਨੇ ਕਹਾਣੀ-ਸੰਗ੍ਰਹਿ?"

"ਚਾਰ ਨਾਵਲ ਨੇ ਤੇ ਦੋ ਹੋਰ ਕਹਾਣੀ-ਸੰਗ੍ਰਹਿ ਨੇ। ਕਵਿਤਾ ਦੇ ਸੰਗ੍ਰਹਿ ਤਾਂ ਕਈ ਨੇ ਪਰ ਉਹਨਾਂ ਵਿਚੋਂ ਦੋ-ਤਿੰਨ ਮੁੱਢਲੇ ਮੈਂ ਆਪ ਹੀ ਕੱਚੇ ਸਮਝਦੀ ਹਾਂ। ਅਨੁਵਾਦ ਕਰਵਾਉਣੇ ਤਾਂ ਦੂਰ, ਉਹ ਮੈਂ ਪੰਜਾਬੀ ਵਿਚ ਵੀ ਦੁਬਾਰਾ ਉਸੇ ਰੂਪ ਵਿਚ ਨਹੀਂ ਛਾਪਣੇ। ਕਦੀ ਸਮਾਂ ਮਿਲਿਆ ਤੇ ਮਨ ਮੰਨਿਆ, ਉਹਨਾਂ ਸਭਨਾਂ ਵਿਚੋਂ ਕੁਛ ਛਿੱਲ-ਤਰਾਸ਼ ਕੇ ਬਚਾਈਆਂ ਜਾ ਸਕਣ ਵਾਲੀਆਂ ਕਵਿਤਾਵਾਂ ਦੀ ਇਕ ਪੁਸਤਕ ਤਿਆਰ ਕੀਤੀ ਜਾ ਸਕਦੀ ਹੈ। ਪਰ ਇਹ ਅਜੇ ਐਵੇਂ ਇਕ ਵਿਚਾਰ ਹੈ।"

"ਦੇਖੋ ਜਗਦੀਪ ਜੀ, ਅਨੁਵਾਦ ਤਾਂ ਗਲਪ ਦਾ ਹੀ ਠੀਕ ਰਹਿੰਦਾ ਹੈ। ਕਵਿਤਾ ਦਾ ਅਨੁਵਾਦ ਬਹੁਤ ਔਖਾ ਕੰਮ ਹੈ। ਜੇ ਅਨੁਵਾਦਕ ਬਹੁਤ ਹੀ ਪ੍ਰਤਿਭਾਸ਼ਾਲੀ ਨਾ ਹੋਵੇ, ਕਵਿਤਾ ਆਪਣਾ ਰਸ-ਰੰਗ ਗੁਆ ਬੈਠਦੀ ਹੈ। ਉਸ ਨਾਲ ਆਮ ਪਾਠਕ ਦੇ ਮਨ ਵਿਚ ਮਾੜੀ ਤਸਵੀਰ ਅਨੁਵਾਦਕ ਦੀ ਨਹੀਂ, ਕਵੀ ਦੀ ਬਣਦੀ ਹੈ।"

"ਤੁਹਾਡੀ ਗੱਲ ਅਨੁਭਵ ਵਿਚੋਂ ਨਿੱਕਲੀ ਹੋਣ ਕਰਕੇ ਬਿਲਕੁਲ ਸਹੀ ਹੈ", ਜਗਦੀਪ ਨੇ ਹਾਮੀ ਭਰੀ, "ਅਨੁਵਾਦ ਤਾਂ ਗਲਪ ਦਾ ਵੀ ਬੜੀ ਸੂਝ-ਸਿਆਣਪ ਲੋੜਦਾ ਹੈ, ਕਵਿਤਾ ਦੀ ਤਾਂ ਗੱਲ ਹੀ ਹੋਰ ਹੈ।... ਆਪਾਂ ਗਲਪ ਹੀ ਲੈਂਦੇ ਹਾਂ।"

"ਮੈਂ ਪੜ੍ਹ ਕੇ ਦੇਖਿਆ ਸੀ, ਕਹਾਣੀਆਂ ਦਾ ਅਨੁਵਾਦ ਚੰਗਾ ਹੈ", ਉਸ ਨੇ ਸਲਾਹ ਦਿੱਤੀ, "ਜੇ ਉਹੋ ਮੁੰਡਾ ਨਾਵਲ ਵੀ ਕਰ ਦੇਵੇ, ਠੀਕ ਰਹੇ।"

"ਠੀਕ ਤਾਂ ਰਹੇ, ਤਨੇਜਾ ਜੀ, ਪੰਜਾਬੀ ਹੋਣ ਤੋਂ ਇਲਾਵਾ ਉਹ ਆਪ ਮਾੜਾ-ਮੋਟਾ ਲਿਖਦਾ ਵੀ ਹੈ ਤੇ ਹਿੰਦੀ ਦੀ ਡਾਕਟਰੇਟ ਕਰ ਰਿਹਾ ਹੈ। ਇੰਜ ਅਨੁਵਾਦ ਦੇ ਉਹ ਸਮਰੱਥ ਹੈ", ਜਗਦੀਪ ਨੇ ਸ਼ੰਕਾ ਸਾਂਝਾ ਕੀਤਾ, "ਕਹਾਣੀ ਆਕਾਰ ਦੀ ਛੋਟੀ ਹੁੰਦੀ ਹੈ, ਮੇਰਾ ਨਹੀਂ ਖਿਆਲ, ਉਹ ਨਾਵਲ ਮੁਫ਼ਤੋ-ਮੁਫ਼ਤੀ ਕਰ ਦੇਵੇਗਾ, ਖਾਸ ਕਰਕੇ ਜਦੋਂ ਉਸ ਦਾ ਨਾਂ ਵੀ ਨਾ ਜਾਣਾ ਹੋਵੇ।"

"ਅਨੁਵਾਦਕ ਦਾ ਨਾਂ ਤਾਂ ਛੱਡੋ ਜੀ, ਅਨੁਵਾਦ ਦਾ ਤਾਂ ਇਸ਼ਾਰਾ ਤੱਕ ਨਹੀਂ ਕਰਨਾ", ਤਨੇਜਾ ਨੇ ਭੇਤ ਦੀ ਗੱਲ ਦੱਸੀ, "ਪਾਠਕ ਕਹਿੰਦੇ ਨੇ, ਮੰਨੂ ਭੰਡਾਰੀ ਤੇ ਕ੍ਰਿਸ਼ਣਾ ਸੋਬਤੀ ਤੋਂ ਮਗਰੋਂ ਇਹ ਤੀਜੀ ਪੰਜਾਬਣ ਹਿੰਦੀ ਲੇਖਿਕਾ ਜਗਦੀਪ ਲਿਖਣ ਲੱਗੀ ਹੈ। ਅਜਿਹੀਆਂ ਗੱਲਾਂ ਦੇ ਜਾਣਕਾਰ ਆਲੋਚਕਾਂ, ਵਿਦਵਾਨਾਂ, ਪ੍ਰੋਫ਼ੈਸਰਾਂ ਦਾ ਇਹਨਾਂ ਪਾਠਕਾਂ ਨਾਲ ਕਦੀ ਕੋਈ ਸੰਪਰਕ ਹੀ ਨਹੀਂ ਹੁੰਦਾ। ਇਹ ਵੱਖਰੀ ਹੀ ਦੁਨੀਆ ਦੇ ਵਾਸੀ ਹੁੰਦੇ ਨੇ। ਉਹ ਸਾਰੀ ਉਮਰ ਤੁਹਾਨੂੰ ਹਿੰਦੀ ਲੇਖਿਕਾ ਹੀ ਸਮਝਣਗੇ। ਅਨੁਵਾਦ ਦਾ ਇਹ ਪ੍ਰਭਾਵ ਨਹੀਂ ਪੈ ਸਕਦਾ, ਜਗਦੀਪ ਜੀ। ਇਸ ਕਰਕੇ ਅਨੁਵਾਦਕ ਨੂੰ ਪਲੋਸੋ। ਵੱਡੇ ਲੇਖਕ ਨਾਲ ਵਾਹ ਤਾਂ ਨਵੇਂ ਲੇਖਕਾਂ ਨੂੰ ਵੈਸੇ ਹੀ ਧੰਨ ਕਰ ਦਿੰਦਾ ਹੈ।"

"ਅਸਲ ਧੰਨ ਤਾਂ ਜਾਂ ਨਾਂ ਕਰਦਾ ਹੈ ਜਾਂ ਪੈਸਾ", ਜਗਦੀਪ ਹੱਸੀ, "ਦੋਵਾਂ ਵਿਚੋਂ ਇਕ ਵੀ ਨਾ ਹੋਵੇ, ਕੋਈ ਕਿਉਂ ਧੰਨ ਹੁੰਦਾ ਹੈ ਤਨੇਜਾ ਜੀ!"

"ਦੇਖੋ ਜਗਦੀਪ ਜੀ, ਇਹ ਕਾਰੋਬਾਰੀ ਭੇਤ ਨੇ, ਆਪਣੇ ਤੱਕ ਰੱਖਣਾ", ਉਸ ਨੇ ਕੋਈ ਹੋਰ ਉਥੇ ਨਾ ਹੋਣ ਦੇ ਬਾਵਜੂਦ ਆਵਾਜ਼ ਹੌਲੀ ਕਰ ਲਈ, "ਪ੍ਰਕਾਸ਼ਕ ਨੂੰ ਇਹ ਲੋਕ ਹੋਰ ਤਰ੍ਹਾਂ ਲੈਂਦੇ ਨੇ। ਸੋਚਦੇ ਨੇ, ਲੇਖਕਾਂ ਦੀ ਲੁੱਟ ਨਾਲ ਬਥੇਰਾ ਪੈਸਾ ਬਣਾਇਆ ਹੈ। ਪੈਸੇ-ਪੈਸੇ ਵਾਸਤੇ ਸਾਨੂੰ ਕੀ-ਕੀ ਪਾਪੜ ਵੇਲਣੇ ਪੈਂਦੇ ਨੇ, ਕੌਣ ਜਾਣਦਾ ਹੈ। ਉਸ ਨੂੰ ਤੁਸੀਂ ਆਪਣੀ ਜੇਬ ਵਿਚੋਂ ਪੈਸੇ ਦੇਣੇ ਆਖ ਕੇ ਮਨਾਉ, ਰੁਪਈਆ ਪੰਨਾ, ਸਵਾ ਰੁਪਈਆ ਪੰਨਾ, ਜੇ ਫੇਰ ਵੀ ਨਾ ਮੰਨੇ, ਹੱਦ ਡੇਢ ਰੁਪਈਆ ਕਹਿ ਦਿਉ। ਇਸ ਤੋਂ ਵੱਧ ਨਹੀਂ। ਫੇਰ ਕੋਈ ਹੋਰ ਲੱਭਾਂਗੇ। ਇਹ ਪੈਸੇ ਰਾਇਲਟੀ ਤੋਂ ਵੱਖਰੇ ਤੁਹਾਨੂੰ ਮੈਂ ਦੇਵਾਂਗਾ। ਜਗਦੀਪ ਜੀ, ਮੈਂ ਕਾਰੋਬਾਰ ਵਿਚ ਸਾਫ਼ ਗੱਲ ਕਰਨ ਵਾਲਾ ਬੰਦਾ ਹਾਂ। ਜੇ ਮੈਂ ਓਹਲਾ ਰੱਖਣਾ ਹੁੰਦਾ, ਆਮ ਪ੍ਰਕਾਸ਼ਕਾਂ ਵਾਂਗ ਤੁਹਾਡੀ ਪੁਸਤਕ ਵੇਚਦਾ ਵੀ ਰਹਿੰਦਾ ਤੇ ਨਾ ਵਿਕਣ ਦਾ ਰੋਣਾ ਵੀ ਰੋਂਦਾ ਰਹਿੰਦਾ। ਤਨੇਜਾ ਨਿਹੱਕੀਆਂ ਦੋ ਰੋਟੀਆਂ ਦੀ ਥਾਂ ਹੱਕ ਦੀ ਡੇਢ ਖਾ ਕੇ ਖ਼ੁਸ਼ ਰਹਿਣ ਵਾਲਾ ਬੰਦਾ ਹੈ, ਜਗਦੀਪ ਜੀ!"

ਜਗਦੀਪ ਹੱਸੀ, "ਨਿਹੱਕੀਆਂ ਦੋ ਦੀ ਥਾਂ ਹੱਕ ਦੀ ਇਕ ਨਹੀਂ ਕਹੀ, ਫੇਰ ਵੀ ਤੁਸੀਂ ਡੇਢ ਤਾਂ ਕਰ ਹੀ ਗਏ!"

ਉਹ ਵੀ ਵਿਅੰਗ ਸਮਝ ਕੇ ਹੱਸ ਪਿਆ, "ਦੋ ਦੀ ਥਾਂ ਇਕ ਖੁਆ ਕੇ ਭੁੱਖਾ ਤਾਂ ਨਾ ਮਾਰੋ, ਜਗਦੀਪ ਜੀ, ਤੁਹਾਡਾ ਆਪਣਾ ਪੰਜਾਬੀ ਹਾਂ!... ਮੇਰੇ ਦਿਲ ਵਿਚ ਤੁਹਾਡੀ ਬਹੁਤ ਕਦਰ ਹੈ ਜੀ, ਤੁਹਾਨੂੰ ਮੇਰੇ ਨਾਲ ਹਿਸਾਬ-ਕਿਤਾਬ ਦੀ ਗੱਲ ਕਰਨ ਦੀ ਕਦੀ ਲੋੜ ਹੀ ਨਹੀਂ ਪਵੇਗੀ, ਯਕੀਨ ਰੱਖੋ।... ਇਸ ਨਾਵਲ ਦੀ ਰਾਇਲਟੀ ਦਸ ਪਰਸੈਂਟ ਦਿਆਂਗਾ ਤੇ ਉਹ ਵੀ ਤਿੰਨ ਦੀ ਥਾਂ ਦੋ ਕਿਸਤਾਂ ਵਿਚ, ਅੱਧੀ ਪਹਿਲਾਂ ਤੇ ਅੱਧੀ ਅਗਲੇ ਸਾਲ। ਜੇ ਕਹਾਣੀਆਂ ਦੀ ਵਿਕਰੀ ਪਿੱਕ ਕਰ ਗਈ ਤੇ ਨਾਵਲ ਦਾ ਰਿਸਪਾਂਸ ਵੀ ਠੀਕ ਰਿਹਾ, ਅਗੇ ਤੋਂ ਇਹ ਪਰਸੈਂਟੇਜ ਪੱਕੀ ਰਹੀ। ਇਹ ਮੇਰਾ ਵਾਅਦਾ ਸਮਝੋ। ਹਰ ਪੁਸਤਕ ਛੇ ਕੁ ਮਹੀਨਿਆਂ ਮਗਰੋਂ ਪੇਪਰਬੈਕ ਕਢਦਾ ਰਹਾਂਗਾ।"

ਜਗਦੀਪ ਸੰਤੁਸ਼ਟ ਹੋ ਗਈ, "ਚਲੋ ਤਨੇਜਾ ਜੀ, ਮੈਂ ਅੱਜ ਤੋਂ ਤੁਹਾਡੇ ਨਾਲ ਪੈਸੇ ਦੀ ਗੱਲ ਕਰਨੀ ਛੱਡੀ।"

"ਬੱਸ ਅਨੁਵਾਦਕ ਨਾਲ ਗੱਲ ਕਰੋ। ਨਹੀਂ ਫੇਰ ਉਸ ਬਿਨਾਂ ਦੁਨੀਆ ਤਾਂ ਖਲੋ ਨਹੀਂ ਚੱਲੀ, ਕੋਈ ਹੋਰ ਲੱਭ ਲਵਾਂਗੇ।" ਉਹ ਜਾਣ ਲਈ ਉੱਠ ਖਲੋਤਾ, "ਹਾਂ ਸੱਚ, ਕਹਾਣੀ-ਸੰਗ੍ਰਹਿ ਮੈਂ ਉਰਦੂ ਵਿਚ ਹੋਣ ਲਈ ਦੇ ਦਿੱਤਾ ਹੈ। ਹਿੰਦੀ ਤੋਂ ਉਰਦੂ ਕਰਨ ਵਾਲੇ ਹਨ ਮੇਰੇ ਕੋਲ। ਦੇਖੋ ਜਗਦੀਪ ਜੀ, ਉਰਦੂ ਤਾਂ ਹੁਣ ਮਰ ਰਹੀ ਜਾਂ ਕਹਿ ਲਵੋ, ਮਾਰੀ ਜਾ ਰਹੀ ਜ਼ਬਾਨ ਹੈ, ਪਰ ਉਹਦੀ ਆਪਣੀ ਖ਼ੂਬਸੂਰਤੀ ਹੈ, ਆਪਣਾ ਦਮ ਹੈ। ਮਰਦੀ ਹੀ ਮਰੇਗੀ। ਅਜੇ ਵੀ ਪਾਠਕ ਹਨ, ਥੋੜ੍ਹੇ ਹੀ ਸਹੀ। ਨਾਲੇ ਸਾਨੂੰ ਵੀ ਪੁਰਾਣੀ ਆਦਤ ਪਈ ਹੋਈ ਹੈ। ਜਿੰਨਾ ਚਿਰ ਹੋ ਸਕਿਆ, ਛਾਪਦੇ ਰਹਾਂਗੇ। ਹਾਂ, ਉਰਦੂ ਦੀ ਰਾਇਲਟੀ ਮੈਂ ਵਿਕਰੀ ਦੇ ਹਿਸਾਬ ਦਿਆਂਗਾ। ਯਾਨੀ ਸਾਲ ਵਿਚ ਜਿੰਨੀਆਂ ਕਿਤਾਬਾਂ ਵਿਕੀਆਂ, ਉਹਨਾਂ ਦੀ ਰਾਇਲਟੀ ਤੁਹਾਨੂੰ ਹਰ ਇਕੱਤੀ ਮਾਰਚ ਨੂੰ ਮਿਲ ਜਾਇਆ ਕਰੇਗੀ।"

###

# ਕਬੀਲਦਾਰ ਛੜਾ



**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916 273 2856**

ਬਾਪੂ ਦੱਸਦਾ ਹੁੰਦਾ ਸੀ...ਭਲਿਆਂ ਵੇਲਿਆਂ ਦੀਆਂ ਗੱਲਾਂ...ਸਕੇ ਭੈਣ ਭਰਾਵਾਂ ਦਾ ਪਿਆਰ, ਮਾਮੇ-ਭੂਆ ਦੇ ਪੁੱਤਾਂ-ਧੀਆਂ ਦਾ ਪਿਆਰ...ਆਪਣੇ ਖ਼ੂਨ ਲਈ ਮਰਨ ਤੇ ਬੰਦਾ ਮਾਰਨ ਲਈ ਤਿਆਰ ਹੋ ਜਾਂਦਾ ਸੀ। ਅੱਜ ਵਾਂਗ ਰਿਸ਼ਤਿਆਂ ਵਿਚ ਸਾੜਾ ਨਹੀਂ ਸੀ ਹੁੰਦਾ। ਗ਼ਰਜ਼ਾਂ ਥੋੜ੍ਹੀਆਂ ਸਨ ਖ਼ਰਚੇ ਵੀ ਥੋੜ੍ਹੇ ਹੁੰਦੇ ਸੀ। ਕਾਗਜ਼ ਦਾ ਨੋਟ ਤਾਂ ਕਦੇ ਸ਼ਾਹੂਕਾਰਾਂ ਦੇ ਹੱਥਾਂ ਵਿਚ ਹੀ ਦਿਸਦਾ ਹੁੰਦਾ ਸੀ। ਸਾਡਾ ਗੁਜ਼ਾਰਾ ਤਾਂ ਭਾਨ ਨਾਲ ਹੀ ਹੋ ਜਾਂਦਾ ਸੀ। ਅੱਜ ਵਾਂਗ ਦਿਖਾਵੇ ਦੀ ਜ਼ਿੰਦਗੀ ਜਿਊਣ ਲਈ ਕਰਜ਼ਾ ਨਹੀਂ ਸੀ ਚੁੱਕਿਆ ਜਾਂਦਾ, ਸਗੋਂ ਸਾਦਗੀ ਨਾਲ ਰਹਿੰਦੇ ਸੀ। ਸਾਨੂੰ ਜ਼ਿੰਦਗੀ ਜਿਉਣ ਲਈ ਜੋ ਕੁੱਝ ਚਾਹੀਦਾ ਹੁੰਦਾ ਸੀ ਉਹ ਸਭ ਕੁੱਝ ਅਸੀਂ ਆਪ ਹੀ ਪੈਦਾ ਕਰ ਲੈਂਦੇ ਸੀ। ਪਹਿਲੀ ਗੱਲ ਤਾਂ ਕੋਈ ਬਿਮਾਰ ਹੁੰਦਾ ਨਹੀਂ ਸੀ ਜੇ ਰੱਬ ਨਾ ਕਰੇ ਕੋਈ ਬਿਮਾਰ ਹੋ ਵੀ ਜਾਂਦਾ ਸੀ ਤਾਂ ਘਰ ਦੀ ਰਸੋਈ ਵਿਚੋਂ ਹੀ ਦੇਸੀ ਇਲਾਜ ਕਰ ਲਈਦਾ ਸੀ। ਤੀਵੀਆਂ ਦੇ ਨਿਆਣੇ ਵੀ ਘਰ ਹੀ ਹੋ ਜਾਂਦੇ ਸਨ। ਨੌਵੇਂ ਮਹੀਨੇ ਵੀ ਕੰਮ ਕਰਨੋਂ ਨਹੀਂ ਹਟਦੀਆਂ ਸਨ। ਖੁਰਾਕ ਵੀ ਖੁੱਲ੍ਹੀ ਖਾਂਦੀਆਂ ਸਨ। ਅੱਜ ਦੀਆਂ ਕੁੜੀਆਂ ਵਾਂਗ ਪੇਟ ਨਾਪ ਕੇ ਰੋਟੀ ਨਹੀਂ ਸਨ ਖਾਂਦੀਆਂ। ਬੰਦੇ ਵੀ ਸਾਰੇ ਹੱਥੀਂ ਕੰਮ ਕਰਦੇ ਸਨ ਤੇ ਖੁੱਲ੍ਹੀਆਂ ਖੁਰਾਕਾਂ ਖਾਂਦੇ ਸਨ। ਖੁੱਲ੍ਹੇ ਵਿਹੜਿਆਂ ਦੇ ਘਰ ਸਨ ਤੇ ਰਾਹ 'ਤੇ ਕੋਈ ਬੂਹਾ ਨਹੀਂ ਸੀ ਹੁੰਦਾ। ਅੱਜ ਵਾਂਗ ਕੋਠੀਆਂ ਦਾ ਰਿਵਾਜ ਨਹੀਂ ਸੀ। ਪਰ ਹੌਲੀ-ਹੌਲੀ ਸਮਾਂ ਬਦਲ ਗਿਆ ਤੇ ਤਕੜੇ ਘਰਾਂ ਨੇ ਰਾਹ ਤੇ ਵੱਡੀਆਂ ਦਲਾਨਾਂ ਛੱਤ ਲਈਆਂ ਤੇ ਵੱਡੇ-ਵੱਡੇ ਤਖ਼ਤੇ ਲਾ ਲਏ ਸਨ। ਉਨ੍ਹਾਂ ਵੇਲਿਆਂ ਵਿਚ ਵੀ ਤਕੜੇ ਦਾ ਸੱਤੀ ਵੀਹੀਂ ਸੌ ਹੁੰਦਾ ਸੀ। ਵੈਲੀ ਬੰਦੇ ਵੀ ਹੁੰਦੇ ਸੀ। ਡਾਕੂ, ਲੁਟੇਰੇ ਵੀ ਹੁੰਦੇ ਸੀ। ਪਰ ਅੱਜ ਦੇ ਜ਼ਮਾਨੇ ਨਾਲੋਂ ਸਭ ਕੁੱਝ ਚੰਗਾ ਸੀ।

ਹਰੇਕ ਵਿਆਹੇ ਜੋੜੇ ਦੇ ਦਸ-ਬਾਰਾਂ ਨਿਆਣੇ ਹੁੰਦੇ ਸਨ। ਪਰ ਕਦੇ ਕੋਈ ਭੁੱਖਾ ਵੀ ਨਹੀਂ ਸੀ ਰਹਿੰਦਾ ਤੇ ਅੱਜ ਵਾਂਗ ਲੰਗਰ ਵੀ ਨਹੀਂ ਸਨ ਲੱਗਦੇ। ਲੋਕਾਂ ਵਿਚ ਥਪਾਕ ਬਹੁਤਾ ਸੀ। ਰਿਸ਼ਤਾ ਕਰਵਾਉਣ ਲਈ ਕਿਸੇ ਨੂੰ ਕਹਿਣਾ ਥੋੜ੍ਹਾ ਪੈਂਦਾ ਸੀ। ਮੁੰਡਾ ਹਲ਼ ਦੀ ਹੱਥੀ ਸਾਂਭਣ ਲੱਗ ਗਿਆ ਤੇ ਸਮਝੋ ਵਿਆਹ ਦੇ ਕਾਬਲ ਹੋ ਗਿਆ ਤੇ ਝੱਟ ਸ਼ਰੀਕੇ ਵਿਚੋਂ ਕੋਈ ਰਿਸ਼ਤਾ ਕਰਵਾ ਦਿੰਦਾ ਸੀ। ਅੱਜ ਕੱਲ੍ਹ ਤਾਂ ਸਕੇ ਚਾਚੇ-ਤਾਏ ਰਿਸ਼ਤਾ ਨਹੀਂ ਕਰਵਾਉਂਦੇ। ਦੂਜੇ ਨੇ ਤਾਂ ਕੀ ਕਰਵਾਉਣਾ ਹੈ।

'ਬਾਪੂ ਉਨ੍ਹਾਂ ਵੇਲਿਆਂ ਵਿਚ ਹਰੇਕ ਘਰੇ ਇੱਕ ਛੜਾ ਜ਼ਰੂਰ ਹੁੰਦਾ ਸੀ?' ਮੈਂ ਗੱਲ ਕੱਟਦਿਆਂ ਬਾਪੂ ਨੂੰ ਪੁੱਛਿਆ ਸੀ।

ਪੰਜ-ਸੱਤ ਭਰਾਵਾਂ ਵਿਚੋਂ ਇੱਕ ਰਹਿ ਹੀ ਜਾਂਦਾ ਸੀ। ਉਹ ਫਿਰ ਜਾਂ ਤਾਂ ਗੁਰਦੁਆਰੇ ਚਲਾ ਜਾਂਦਾ ਸੀ ਜਾਂ ਸੰਤਾਂ ਦੇ ਡੇਰੇ ਚੜ੍ਹ ਜਾਂਦਾ ਸੀ। ਇਹ ਰਿਵਾਜ ਆਪਣੇ ਘੱਟ ਸੀ ਪਰ ਮਾਲਵੇ ਵਿਚ ਜ਼ਿਆਦਾ ਸੀ। ਕਈ ਘਰਾਂ ਵਿਚ ਤਾਂ ਛੜੇ ਦੀ ਪੂਰੀ ਟੌਰ ਹੁੰਦੀ ਸੀ ਤੇ ਕਈਆਂ ਵਿਚ ਛੜੇ ਬੰਦੇ ਦੀ ਜ਼ਿੰਦਗੀ ਨਰਕ ਬਰਾਬਰ ਹੁੰਦੀ ਸੀ। ਬੱਸ ਪਸ਼ੂਆਂ ਦੀ ਦੇਖਭਾਲ ਕਰਕੇ ਰੋਟੀ ਖਾਈ ਜਾਂਦਾ ਸੀ। ਪਸ਼ੂਆਂ ਨੂੰ ਚਾਰਨ ਤੋਰੀ ਰੱਖਦੇ ਸਨ।

ਮੇਰੀ ਭੂਆ ਵੀ ਮਾਲਵੇ ਦੇ ਇੱਕ ਪਿੰਡ ਵਿਚ ਵਿਆਹੀ ਸੀ। ਭੂਆ ਦੇ ਵਿਆਹ ਤੋਂ ਪਹਿਲਾਂ ਹੀ ਉਸ ਦਾ ਸਹੁਰਾ ਸੁਰਗਵਾਸ ਹੋ ਗਿਆ ਸੀ। ਫੁੱਫੜ ਦੇ ਪੰਜ ਭਰਾ ਤੇ ਪੰਜ ਭੈਣਾਂ ਸਨ। ਫੁੱਫੜ ਦਾ ਵੱਡਾ ਭਰਾ ਕਰਮ ਸਿਓਂ ਛੜਾ ਸੀ, ਉਸ ਨੇ ਵਿਆਹ ਨਹੀਂ ਕਰਵਾਇਆ ਸੀ। ਉੱਚਾ ਲੰਮਾ ਕੱਦ ਸੋਹਣਾ-ਸੁਨੱਖਾ ਵੀ ਪੂਰਾ ਸੀ। ਬੋਰੀ ਵੀ ਚੁੱਕਦਾ ਰਿਹਾ ਸੀ। ਅਖਾੜੇ ਵਿਚ ਵੜਦਾ ਸੀ ਤੇ ਕਰਮਾਂ-ਕਰਮਾਂ ਹੁੰਦੀ ਸੀ। ਕਬੀਲਦਾਰੀ ਭਾਰੀ ਨੇ ਕਰਮੇ ਦੇ ਸਾਰੇ ਚਾਅ ਦੱਬ ਲਏ ਸਨ। ਭੈਣ-ਭਰਾਵਾਂ ਦੇ ਕਾਰਜਾਂ ਨੂੰ ਸਿਰੇ ਚਾੜ੍ਹਦਾ ਗਿਆ। ਘਰ ਦੀ ਮੁਖਤਿਆਰੀ ਕਰਮੇ ਕੋਲ ਸੀ। ਖੇਤਾਂ ਦਾ ਕੰਮ ਬਾਕੀ ਭਰਾ ਕਰਦੇ ਸਨ। ਇਸ ਦੀ ਜ਼ੁੰਮੇਵਾਰੀ ਕਬੀਲਦਾਰੀ ਦੇ ਕੰਮ ਧੰਦਿਆਂ ਦੀ ਸੀ। ਸਕੂਲ ਤਾਂ ਗਿਆ ਨਹੀਂ ਸੀ ਪਰ ਜਾਣਕਾਰੀ ਬਾਹਰਲੇ ਮੁਲਕਾਂ ਦੀ ਵੀ ਰੱਖਦਾ ਸੀ। ਕਰਮੇ ਤੋਂ ਛੋਟੇ ਤੇ ਮੇਰੇ ਫੁੱਫੜ ਤੋਂ ਦੋ ਵੱਡੇ ਭਰਾ ਕਰਮੇ ਨੇ ਵਲੈਤ ਭੇਜ ਦਿੱਤੇ ਸਨ। ਉਨ੍ਹਾਂ ਨੇ ਵੀ ਰੱਜ ਕੇ ਕਮਾਈ ਕੀਤੀ ਸੀ ਤੇ ਪਿੰਡ ਵਿਚ ਵੱਡੀ ਹਵੇਲੀ ਛੱਤੀ ਸੀ ਤੇ ਲੋਕਾਂ ਵਿਚ ਅੱਲ ਪੈ ਗਈ ਸੀ 'ਹਵੇਲੀ ਵਾਲੇ'। ਉਨ੍ਹਾਂ ਦਿਨਾਂ ਵਿਚ ਹਵੇਲੀ ਆਮ ਨਹੀਂ ਸੀ ਹੁੰਦੀ ਕੋਈ ਤਕੜਾ ਬੰਦਾ ਹੀ ਹਵੇਲੀ ਪਾਉਂਦਾ ਸੀ। ਕਰਮੇ ਦੇ ਸਾਰੇ ਭਰਾ ਉਸ ਨੂੰ ਬਾਪ ਸਮਾਨ ਸਮਝਦੇ ਸਨ। ਕਰਮਾਂ ਵੀ ਹਰੇਕ ਨੂੰ ਪਿਆਰ ਕਰਦਾ ਸੀ। ਕਰਮੇ ਤੋਂ ਛੋਟੇ ਭਰਾ ਦੀ ਘਰਵਾਲੀ ਦਾ ਦਿਲ ਕਰਮੇ 'ਤੇ ਆ ਗਿਆ ਸੀ ਤੇ ਕਰਮੇ ਨੇ ਉਸ ਨਾਲ ਕੰਘੀ ਪਾਉਣ ਦੀ ਬਜਾਏ ਉਸ ਨੂੰ ਸਮਝਾਇਆ ਸੀ ਕਿ ਦੇਖ! ਬਸੰਤ ਕੁਰੇ ਤੂੰ ਸਾਡੇ ਘਰ ਦੀ ਇੱਜ਼ਤ ਆਂ ਤੇ ਮੈਂ ਤੇਰੇ ਸਹੁਰੇ ਸਮਾਨ, ਇਹ ਪਿਆਰ ਦੀ ਪੀਂਘ ਮੈਂ ਨਹੀਂ ਝੂਟ ਸਕਦਾ। ਮੈਨੂੰ ਮੁਆਫ਼ ਕਰ ਦੇ, ਮੇਰੀ ਜ਼ਿੰਦਗੀ ਵਿਚ ਜਨਾਨੀ ਦਾ ਸੁੱਖ ਨਹੀਂ ਲਿਖਿਆ ਤੇ ਮੈਂ ਸੁੱਚਾ ਹੀ ਵਾਹਿਗੁਰੂ ਦੇ ਚਰਨਾਂ ਵਿਚ ਜਾਣਾ ਚਾਹੁੰਦਾ ਹਾਂ। ਕਰਮੇ ਦੀ ਪਵਿੱਤਰਤਾ ਨੂੰ ਸੁਣ ਕੇ ਬਸੰਤ ਕੌਰ ਨੇ ਕਰਮੇ ਦੇ ਪੈਰ ਫੜ ਲਏ ਤੇ ਮੁਆਫੀ ਮੰਗ ਕੇ ਇੱਕ ਚੀਜ਼ ਮੰਗ ਲਈ ਕਿ ਮੈਨੂੰ ਬੇਸ਼ੱਕ ਪਿਆਰ ਨਾ ਦੇਵੋ ਪਰ ਮੇਰੇ ਵੱਲੋਂ ਕੀਤੇ ਪਿਆਰ ਨੂੰ ਵੀ ਨਾ



ਠੁਕਰਾਵੋ। ਤੁਹਾਡੀ ਸੇਵਾ ਮੈਂ ਵੀ ਪਵਿੱਤਰ ਮਨ ਨਾਲ ਕਰਨਾ ਚਾਹੁੰਦੀ ਹਾਂ। ਤੁਸੀਂ ਸਾਰੇ ਪਰਿਵਾਰ ਲਈ ਆਪਣੀ ਜ਼ਿੰਦਗੀ ਦੀ ਕੁਰਬਾਨੀ ਦੇ ਦਿੱਤੀ ਹੈ ਤੇ ਮੇਰਾ ਫਰਜ਼ ਸਮਝ ਲਵੋ ਜਾਂ ਪਿਆਰ ਦੀ ਤਾਂਘ ਸਮਝ ਲਵੋ। ਬਸੰਤ ਕੌਰ ਨੇ ਵੀ ਅਡੋਲ ਮਨ ਨਾਲ ਆਪਣੇ ਵਿਚਾਰ ਰੱਖ ਦਿੱਤੇ ਸਨ ਪਰ ਕਰਮੇ ਨੇ ਬਸੰਤ ਕੌਰ ਦੇ ਸਿਰ 'ਤੇ ਹੱਥ ਰੱਖ ਦਿੱਤਾ ਸੀ ਤੇ ਮੂੰਹੋਂ ਕੁਝ ਨਹੀਂ ਸੀ ਬੋਲਿਆ। ਕਰਮਾ ਲੰਗੋਟੇ ਦਾ ਵੀ ਖਰਾ ਉਤਰਿਆ ਸੀ। ਵਾਰੋ-ਵਾਰੀ ਕਰਮੇ ਨੇ ਸਾਰੀਆਂ ਭੈਣਾਂ ਵੀ ਚੰਗੇ ਘਰੀਂ ਵਿਆਹ ਦਿੱਤੀਆਂ ਸਨ। ਭਰਾਵਾਂ ਨੇ ਕਰਮੇ ਨੂੰ ਵੀ ਵਿਆਹ ਕਰਾਉਣ ਬਾਰੇ ਕਿਹਾ ਸੀ ਪਰ ਉਹ ਕਹਿੰਦਾ ਤੁਸੀਂ ਹੀ ਮੇਰੇ ਲਈ ਸਭ ਕੁਝ ਹੋ। ਤੁਹਾਡੇ ਨਿਆਣੇ ਵੀ ਮੇਰੇ ਹੀ ਨੇ। ਵਲੈਤੀਏ ਵੀ ਵਿਆਹ ਕਰਵਾ ਕੇ ਵਧੀਆ ਵੱਸਦੇ ਸਨ। ਹਵੇਲੀ ਵਾਲਿਆਂ ਦਾ ਲਾਣਾ ਹੁਣ ਤੱਕ ਇਕੱਠਾ ਹੀ ਰਹਿੰਦਾ ਹੈ। ਮੇਰੇ ਦੇਖਣ ਦੀ ਗੱਲ ਆ ਕਰਮਾ ਸੌ ਸਾਲ ਦੇ ਨੇੜੇ ਹੋ ਕੇ ਮੁੱਕਿਆ ਸੀ। ਪਿੰਡ ਵਾਲੇ ਕਹਿੰਦੇ ਸੀ ਕਿ ਸਾਧ ਬੰਦਾ ਸੰਸਾਰ ਤੋਂ ਤੁਰ ਗਿਆ। ਜਤੀ-ਸਤੀ ਬੰਦਾ ਸੀ। ਸੱਚੀ ਕਰਮਾ 'ਕਬੀਲਦਾਰ ਛੜਾ' ਸੀ।

ਇਸੇ ਤਰ੍ਹਾਂ ਦੀ ਬਾਪੂ ਨੇ ਇੱਕ ਹੋਰ ਕਹਾਣੀ ਸੁਣਾਈ ਸੀ। ਕਰਨੈਲ ਚਾਰ ਭਰਾਵਾਂ ਦਾ ਤੇ ਤਿੰਨ ਭੈਣਾਂ ਦਾ ਸਭ ਤੋਂ ਵੱਡਾ ਭਰਾ ਸੀ। ਨਿਆਣੇ ਜੰਮ ਕੇ ਉਨ੍ਹਾਂ ਦਾ ਬਾਪੂ ਸੁਰਗਵਾਸ ਹੋ ਗਿਆ ਤੇ ਕਬੀਲਦਾਰੀ ਦਾ ਜੂਲ਼ਾ ਕਰਨੈਲ ਦੀ ਧੌਣ 'ਤੇ ਆ ਗਿਆ। ਜ਼ਮੀਨ ਥੋੜ੍ਹੀ ਸੀ, ਮਾਮਲੇ 'ਤੇ ਵੀ ਪਿੰਡੋਂ ਜ਼ਮੀਨ ਨਹੀਂ ਮਿਲਦੀ ਸੀ। ਬੇਟ ਦੇ ਇਲਾਕੇ ਵਿਚ ਮਾੜੀ ਜ਼ਮੀਨ ਵਿਚ ਤਕੜੇ ਸਰੀਰਾਂ ਦਾ ਵਾਹਣ ਕਰ ਕੇ ਵੀ ਗੁਜ਼ਾਰਾ ਨਹੀਂ ਸੀ ਹੁੰਦਾ। ਛੋਟੇ ਭਰਾਵਾਂ ਨੇ ਕਰਨੈਲ ਨੂੰ ਵਲੈਤ ਜਾਣ ਲਈ ਮਨਾ ਲਿਆ। ਉਨ੍ਹਾਂ ਵੇਲਿਆਂ ਵਿਚ ਹਰੇਕ ਬਾਹਰਲੇ ਮੁਲਕ ਨੂੰ ਲੋਕ ਵਲੈਤ ਹੀ ਕਹਿ ਦਿੰਦੇ ਸਨ। ਵਿਆਜ 'ਤੇ ਰੁਪਈਏ ਚੱਕ ਕੇ ਕਰਨੈਲ ਕੈਨੇਡਾ ਨਿਕਲ ਗਿਆ। ਨਾਨੀ ਦੀ ਘੜਾਨੀ ਵਿਚੋਂ ਰਿਸ਼ਤੇਦਾਰ ਲੱਭ ਕੇ ਕਰਨੈਲ ਨੇ ਬੈਠਣ ਜੋਗੀ ਥਾਂ ਬਣਾ ਲਈ। ਬੋਲੀ ਤੇ ਸੁਭਾਅ ਦਾ ਲੱਠਾ ਬੰਦਾ ਹੋਣ ਕਰਕੇ ਛੇਤੀ ਹੀ ਉਸ ਪਰਿਵਾਰ ਵਿਚ ਰਲ-ਮਿਲ ਗਿਆ। ਉਨ੍ਹਾਂ ਨੇ ਵੀ ਕਿਸੇ ਪੰਜਾਬੀ ਮਾਲਕ ਦੇ ਫਾਰਮ ਵਿਚ ਕੰਮ 'ਤੇ ਲਵਾ ਦਿੱਤਾ। ਫਿਰ ਕੀ ਸੀ ਡਾਲਰ ਬਣਨ ਲੱਗ ਗਏ ਤੇ ਮੁੱਖ 'ਤੇ ਲਾਲੀ ਆਉਣ ਲੱਗੀ। ਪਹਿਲਾਂ ਸਾਰਾ ਵਿਆਜ 'ਤੇ ਲਿਆ ਪੈਸਾ ਮੋੜਿਆ। ਫਿਰ ਵਧੀਆ ਘਰ ਪਾ ਲਿਆ। ਫਿਰ ਵਾਰੀ ਆਈ ਭੈਣ-ਭਰਾਵਾਂ ਦੇ ਵਿਆਹ ਕਰਨ ਦੀ, ਕਰਨੈਲ ਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਭਰਾਵਾਂ ਦੀਆਂ ਜੰਞਾਂ ਚਾੜ੍ਹਦਾ ਆਪਣੇ ਮੱਥੇ 'ਤੇ ਸਿਹਰਾ ਲਾਉਣ ਦਾ ਸਮਾਂ ਗੁਆ ਬੈਠਾ। ਕਰਨੈਲ ਦੇ ਮਾਲਕ ਨੇ ਕਈ ਵਾਰ ਉਸ ਨੂੰ ਵਿਆਹ ਬਾਰੇ ਪੁੱਛਿਆ ਵੀ ਸੀ ਪਰ ਭਰਾਵਾਂ ਦਾ ਹੀ ਸੋਚਦਾ ਆਪਣੀ ਵੱਤਰ ਲੰਘਾ ਗਿਆ। ਪੱਕਾ ਹੋ ਕੇ ਪਿੰਡ ਵੀ ਜਾ ਆਇਆ ਸੀ। ਪਰ ਵਿਆਹ ਨਾ ਕਰਵਾਇਆ। ਮਾਂ ਨੇ ਵੀ ਬਥੇਰਾ ਕਿਹਾ ਸੀ ਪੁੱਤ! ਬਥੇਰੀ ਕਮਾਈ ਕਰਕੇ ਦੇ ਦਿੱਤੀ ਭਰਾਵਾਂ ਨੂੰ, ਹੁਣ ਤੂੰ ਵੀ ਵਿਆਹ ਕਰਵਾ ਲੈ। ਕਰਨੈਲ ਨੇ ਕਮਾਈ ਕਰਨ ਵਾਲੇ ਤਾਂ ਰਿਕਾਰਡ ਤੋੜ ਦਿੱਤੇ ਸਨ। ਜ਼ਮੀਨ ਜਾਇਦਾਦ ਬਥੇਰੀ ਬਣਾ ਕੇ ਦਿੱਤੀ ਸੀ ਭਰਾਵਾਂ ਨੂੰ, ਭਰਾ ਵੀ ਕਰਨੈਲ ਨੂੰ ਬਾਪ ਸਮਾਨ ਸਮਝਦੇ ਸਨ। ਘਰ ਦਾ ਹਰੇਕ ਜੀਅ ਉਸ ਦੀ ਇੱਜ਼ਤ ਕਰਦਾ ਸੀ। ਹੋਰ ਸਮਾਂ ਬੀਤਿਆ, ਕਰਨੈਲ ਨੇ ਆਪਣੇ ਭੈਣ ਭਰਾਵਾਂ ਦੇ ਪੇਪਰ ਭਰ ਦਿੱਤੇ ਤੇ ਥੋੜ੍ਹੇ ਸਮੇਂ ਬਾਅਦ ਹੀ ਸਾਰੇ ਭੈਣ-ਭਰਾ ਕਨੇਡਾ ਇੰਝ ਉਤਰੇ ਜਿਵੇਂ ਨਾਨਕ ਮੇਲ ਟਰਾਲੀ ਵਿਚੋਂ ਉਤਰਦਾ ਹੁੰਦਾ ਹੈ। ਸਾਰਿਆਂ ਨੂੰ ਕਰਨੈਲ ਨੇ ਕੰਮਾਂ 'ਤੇ ਲੁਆ ਦਿੱਤਾ ਸੀ ਤੇ ਹੌਲੀ-ਹੌਲੀ ਤਰੱਕੀ ਦੀਆਂ ਪੌੜੀਆਂ ਚੜ੍ਹਦੇ ਆਪੋ-ਆਪਣੇ ਘਰਾਂ ਵਾਲੇ ਬਣ ਗਏ ਸਨ। ਪਰ ਕਰਨੈਲ ਦਾ ਟਿਕਾਣਾ ਤਾਂ ਫਾਰਮ ਵਿਚ ਬਣਿਆ ਘਰ ਹੀ ਰਿਹਾ। ਭਰਜਾਈਆਂ ਨੇ ਸਾਗ ਤੇ ਮੱਕੀ ਵਾਲੀਆਂ ਰੋਟੀਆਂ ਤਾਂ ਬਹੁਤ ਖੁਆ ਦਿੱਤੀਆਂ ਪਰ ਉਸ ਨਾਲ ਰਹਿਣ ਨੂੰ ਕੋਈ ਵੀ ਤਿਆਰ ਨਹੀਂ ਹੋਇਆ ਸੀ।

ਕਰਨੈਲ ਦੋ ਕੁ ਸਾਲ਼ੀਂ ਪਿੰਡ ਆ ਜਾਂਦਾ ਸੀ। ਘਰ-ਬਾਰ ਤੇ ਜ਼ਮੀਨ ਜਾਇਦਾਦ ਦੇਖ ਜਾਂਦਾ ਸੀ। ਭਰਾਵਾਂ ਨੂੰ ਉਸ ਦੇ ਸਿਰ 'ਤੇ ਕੋਈ ਫਿਕਰ ਨਹੀਂ ਸੀ। ਕਈ ਵਾਰ ਉਸ ਦੇ ਹਾਣੀ ਉਸ ਨੂੰ ਟਿੱਚਰਾਂ ਵੀ ਕਰਦੇ ਕਿ ਕਿਉਂ ਰਾਤ-ਦਿਨ ਖਪੀ ਜਾਂਦਾ ਏਂ। ਤੇਰੇ ਰੰਨ ਤੇ ਕੰਨ ਤਾਂ ਹੈ ਨਹੀਂ। ਕਰਨੈਲ ਅੱਗੋਂ ਹੱਸ ਕੇ ਕਹਿੰਦਾ ਕਿ ਮੇਰੇ ਭਰਾਵਾਂ ਦੀ ਔਲਾਦ ਵੀ ਤਾਂ ਮੇਰੀ ਹੀ ਹੈ। ਕੋਈ ਕਹਿ ਦਿੰਦਾ ਕਿ ਤੇਰੀ ਗੋਰੀ ਮੇਮ ਰੱਖੀ ਹੋਣੀ ਆ। ਕਰਨੈਲ ਨੂੰ ਲੋਕਾਂ ਦਾ ਬਹੁਤ ਕੁੱਝ ਝੱਲਣਾ ਪੈਂਦਾ ਸੀ। ਮਾਂ ਵਿਚਾਰੀ ਵੀ ਉਸ ਦੀ ਜੋੜੀ ਤੋਂ ਪਾਣੀ ਵਾਰ ਕੇ ਪੀਣਾ ਚਾਹੁੰਦੀ ਸੀ ਪਰ ਸ਼ਾਇਦ ਕਿਸਮਤ ਵਿਚ ਨਹੀਂ ਸੀ ਤੇ ਉਹ ਮੌਤ ਦੀ ਪੌੜੀ ਚੜ੍ਹ ਗਈ ਸੀ। ਪਰ ਕਰਨੈਲ ਵੀ ਕੀ ਕਰਦਾ। ਉਸ ਨੂੰ ਤਾਂ ਗਰੀਬੀ ਨੇ ਭਰਾਵਾਂ ਦਾ ਭਵਿੱਖ ਬਣਾਉਣ ਲਈ ਚੁਣ ਲਿਆ ਸੀ।

ਉਸ ਦੇ ਭਰਾਵਾਂ ਦੇ ਪੁੱਤ ਧੀਆਂ ਵਿਆਹੇ ਗਏ। ਉਨ੍ਹਾਂ ਚੰਗੇ ਕਾਰੋਬਾਰ ਸ਼ੁਰੂ ਕਰ ਲਏ। ਸਾਰੇ ਕਰਨੈਲ ਦੀ ਬਹੁਤ ਇੱਜ਼ਤ ਕਰਦੇ ਸਨ। ਪਿਛਲੀ ਉਮਰੇ ਪੈਨਸ਼ਨ ਲੱਗ ਗਈ ਤੇ ਉਹ ਸਾਰਿਆਂ ਤੋਂ ਛੋਟੇ ਭਰਾ ਨਾਲ ਰਹਿਣ ਲੱਗ ਗਿਆ। ਆਪਣੇ ਬਾਪੂ ਵਾਂਗ ਵੀ ਉਹ ਛੋਟੇ ਦਾ ਪਿਆਰ ਬਹੁਤਾ ਕਰਦਾ ਸੀ। ਛੋਟੇ ਭਰਾ ਨੇ ਵੀ ਪਿਉ ਸਮਝ ਕੇ ਸੇਵਾ ਕੀਤੀ ਸੀ। ਕਰਨੈਲ ਅੱਸੀ ਦੀ ਉਮਰ ਟੱਪ ਗਿਆ ਸੀ। ਇੱਕ ਦਿਨ ਸਾਰੇ ਭੈਣ-ਭਰਾਵਾਂ ਨੂੰ ਸੱਦ ਕੇ ਕਹਿੰਦਾ ਕਿ ਮੇਰਾ ਸਮਾਂ ਨੇੜੇ ਆ ਗਿਐ, ਮੇਰੀ ਲਾਸ਼ ਨੂੰ ਪਿੰਡ ਲੈ ਕੇ ਜਾਇਓ ਤੇ ਪਿੰਡ ਦੇ ਸਿਵਿਆਂ ਵਿਚ ਮੇਰਾ ਸਸਕਾਰ ਕਰਿਓ, ਕੀਰਤਪੁਰ ਮੇਰੇ ਫੁੱਲ ਪਾ ਕੇ ਬੇਬੇ ਬਾਪੂ ਨਾਲ ਰਲਾ ਆਇਓ। ਮੈਨੂੰ ਕੋਈ ਅਫ਼ਸੋਸ ਨਹੀਂ, ਕਿ ਮੈਂ ਵਿਆਹ ਨਹੀਂ ਕਰਵਾਇਆ ਤੇ ਮੇਰੇ ਨਿਆਣੇ ਨਹੀਂ। ਤੁਸੀਂ ਮੇਰੇ ਲਈ ਸਭ ਕੁੱਝ ਹੋ ਤੇ ਰਹੋਗੇ। ਮੈਂ ਆਪਣੇ ਪਿਉ ਦੀ ਅੰਸ਼ ਲਈ ਸਭ ਕੁੱਝ ਕੀਤਾ ਤੇ ਤੁਹਾਡੇ 'ਤੇ ਕੋਈ ਅਹਿਸਾਨ ਨਹੀਂ ਕੀਤਾ। ਜੇ ਪਿਉ ਨਾ ਮੁੱਕਦਾ, ਸ਼ਾਇਦ ਮੈਂ ਵੀ ਕਿਸੇ ਦਾ ਜਵਾਈ ਬਣ ਜਾਂਦਾ। ਬੱਸ ਆਖਰੀ ਵਾਰ ਇਹੀ ਕਹਿਣਾ ਹੈ, ਰਲ ਕੇ ਰਹਿਓ ਤੇ ਤਰੱਕੀਆਂ ਕਰਿਓ ਤੇ ਕੈਨੇਡਾ ਵਿਚ ਮੇਰਾ ਨਾਮ ਨਾ ਖਰਾਬ ਕਰਿਓ। ਕਹਿੰਦਾ ਹੋਇਆ ਕਰਨੈਲ ਸੁਰਗਵਾਸ ਹੋ ਗਿਆ ਸੀ। ਸਾਰਾ ਆਰ-ਪਰਿਵਾਰ ਉਸ ਦੀ ਲਾਸ਼ ਲੈ ਕੇ ਪਿੰਡ ਗਿਆ ਤੇ ਉਸ ਦਾ ਸਸਕਾਰ ਕੀਤਾ। ਪਿੰਡ ਵਾਲੇ ਕਹਿੰਦੇ, ਕਰਨੈਲ ਵਰਗਾ ਪੁੱਤ ਤੇ ਭਰਾ ਵਿਰਲਾ-ਵਿਰਲਾ ਹੀ ਮਾਵਾਂ ਜੰਮਦੀਆਂ ਹਨ, ਜਿਸ ਨੇ ਛੜਾ ਰਹਿ ਕੇ ਪਿਉ ਦੀ ਕਬੀਲਦਾਰੀ ਸਿਰੇ ਲਾ ਦਿੱਤੀ। ਬਾਪੂ ਵੀ ਕਹਾਣੀ ਸੁਣਾਉਂਦਾ ਗੱਚ ਭਰ ਆਉਂਦਾ। ਰੱਬ ਰਾਖਾ।

# ਕਲਮ, ਕ੍ਰਾਂਤੀ ਅਤੇ ਕੁਰਬਾਨੀ ਦਾ ਸੁਮੇਲ: ਸਰਦਾਰ ਭਗਤ ਸਿੰਘ



**ਡਾ. ਹਰਗੁਣਪ੍ਰੀਤ ਸਿੰਘ**
**ਫੋਨ: 9463619353**

ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਭਾਰਤ ਮਾਤਾ ਦੇ ਅਜਿਹੇ ਮਹਾਨ ਸਪੂਤ ਸਨ, ਜਿਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਵਿਅਕਤਿਤਵ ਅਤੇ ਕ੍ਰਾਂਤੀਕਾਰੀ ਵਿਚਾਰਾਂ ਰਾਹੀਂ ਕਰੋੜਾਂ ਗੁਲਾਮ ਅਤੇ ਦੱਬੇ-ਕੁਚਲੇ ਲੋਕਾਂ ਦੇ ਮਨਾਂ ਵਿਚ ਆਪਣੇ ਹੱਕਾਂ ਲਈ ਸੰਘਰਸ਼ ਕਰਨ ਅਤੇ ਦੇਸ਼ ਨੂੰ ਅੰਗਰੇਜ਼ੀ ਹਕੂਮਤ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਦੀ ਤੜਪ ਪੈਦਾ ਕੀਤੀ। ਭਾਵੇਂ ਉਨ੍ਹਾਂ ਨੂੰ ਸਿਰਫ਼ 23 ਸਾਲਾਂ ਦੀ ਛੋਟੀ ਜਿਹੀ ਉਮਰ ਮਿਲੀ, ਪਰ ਇਸ ਥੋੜ੍ਹੇ ਜਿਹੇ ਜੀਵਨ-ਕਾਲ ਵਿਚ ਉਨ੍ਹਾਂ ਨੇ ਆਪਣੀ ਅਦਭੁਤ ਸੂਝ-ਬੂਝ, ਦਲੇਰੀ, ਵਚਨਬੱਧਤਾ ਅਤੇ ਲੋਕਪ੍ਰਿਯਤਾ ਦੀਆਂ ਜਿਹੜੀਆਂ ਉਚਾਈਆਂ ਛੂਹੀਆਂ, ਉਨ੍ਹਾਂ ਦੀ ਮਿਸਾਲ ਇਤਿਹਾਸ ਵਿਚ ਵਿਰਲੀ ਹੀ ਮਿਲਦੀ ਹੈ।

ਭਗਤ ਸਿੰਘ ਸਮੁੱਚੀ ਪੰਜਾਬੀਅਤ ਅਤੇ ਭਾਰਤੀ ਲੋਕਾਈ ਦੇ ਪ੍ਰਤੀਨਿਧ ਸਨ। ਉਨ੍ਹਾਂ ਦੀ ਕਲਮ ਨੇ ਸੁੱਤੀ ਹੋਈ ਚੇਤਨਾ ਨੂੰ ਜਗਾਇਆ, ਉਨ੍ਹਾਂ ਦੀ ਕ੍ਰਾਂਤੀਕਾਰੀ ਸੋਚ ਨੇ ਨੌਜਵਾਨਾਂ ਨੂੰ ਬਦਲਾਅ ਦਾ ਰਾਹ ਦਿਖਾਇਆ ਅਤੇ ਉਨ੍ਹਾਂ ਦੀ ਕੁਰਬਾਨੀ ਨੇ ਆਜ਼ਾਦੀ ਦੇ ਸੰਘਰਸ਼ ਨੂੰ ਨਵੀਂ ਊਰਜਾ ਦਿੱਤੀ। ਉਨ੍ਹਾਂ ਲਈ ਕ੍ਰਾਂਤੀ ਸਿਰਫ਼ ਹਥਿਆਰ ਚੁੱਕਣ ਦਾ ਨਾਮ ਨਹੀਂ ਸੀ, ਸਗੋਂ ਵਿਚਾਰਾਂ, ਤਰਕ ਅਤੇ ਸਮਾਜਿਕ ਚੇਤਨਾ ਰਾਹੀਂ ਬਦਲਾਅ ਲਿਆਉਣ ਦਾ ਨਾਮ ਸੀ। ਇਸੇ ਲਈ ਭਗਤ ਸਿੰਘ ਦੀ ਸ਼ਖ਼ਸੀਅਤ ਵਿਚ ਕਲਮ, ਕ੍ਰਾਂਤੀ ਅਤੇ ਕੁਰਬਾਨੀ ਤਿੰਨੇ ਇੱਕ-ਦੂਜੇ ਨਾਲ ਜੁੜੇ ਹੋਏ ਨਜ਼ਰ ਆਉਂਦੇ ਹਨ। ਉਨ੍ਹਾਂ ਦਾ ਜੀਵਨ ਅੱਜ ਵੀ ਨੌਜਵਾਨਾਂ ਨੂੰ ਗਿਆਨ ਹਾਸਲ ਕਰਨ, ਸੱਚ ਲਈ ਆਵਾਜ਼ ਉਠਾਉਣ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਪ੍ਰੇਰਨਾ ਦਿੰਦਾ ਹੈ।

ਕਿਹਾ ਜਾਂਦਾ ਹੈ ਕਿ ਭਗਤ ਸਿੰਘ ਬਹੁਤ ਤੇਜ਼ੀ ਨਾਲ ਪੜ੍ਹਦੇ ਅਤੇ ਨਵੇਂ ਵਿਚਾਰਾਂ ਦੀ ਡੂੰਘਾਈ ਨਾਲ ਪੜਚੋਲ ਕਰਦੇ ਸਨ। ਫਾਂਸੀ ਤੋਂ ਕੁਝ ਸਮਾਂ ਪਹਿਲਾਂ ਵੀ ਉਹ ਲੈਨਿਨ ਦੀ ਪੁਸਤਕ ਪੜ੍ਹ ਰਹੇ ਸਨ ਅਤੇ ਜਦੋਂ ਉਨ੍ਹਾਂ ਨੂੰ ਆਖਰੀ ਇੱਛਾ ਪੁੱਛੀ ਗਈ ਤਾਂ ਉਨ੍ਹਾਂ ਨੇ ਆਪਣੀ ਪੜ੍ਹੀ ਜਾ ਰਹੀ ਪੁਸਤਕ ਦਾ ਇੱਕ ਅਧਿਆਇ ਪੂਰਾ ਕਰਨ ਦੀ ਇੱਛਾ ਪ੍ਰਗਟ ਕੀਤੀ। ਫਾਂਸੀ ਤੋਂ ਕੁਝ ਦਿਨ ਪਹਿਲਾਂ ਆਪਣੇ ਛੋਟੇ ਭਰਾ ਕੁਲਤਾਰ ਸਿੰਘ ਨੂੰ ਲਿਖੀ ਚਿੱਠੀ ਵਿਚ ਵੀ ਭਗਤ ਸਿੰਘ ਨੇ ਉਸ ਨੂੰ ਪੜ੍ਹਾਈ 'ਤੇ ਧਿਆਨ ਦੇਣ ਅਤੇ ਸਿਹਤ ਦਾ ਖ਼ਿਆਲ ਰੱਖਣ ਦੀ ਸਲਾਹ ਦਿੱਤੀ। ਉਨ੍ਹਾਂ ਨੇ ਲਿਖਿਆ, "ਅਜ਼ੀਜ਼ ਕੁਲਤਾਰ! ਅੱਜ ਤੁਹਾਡੀਆਂ ਅੱਖਾਂ ਵਿਚ ਹੰਝੂ ਵੇਖ ਕੇ ਮੈਨੂੰ ਬੜਾ ਦੁਖ ਹੋਇਆ...ਬਰਖੁਰਦਾਰ, ਲਗਨ ਨਾਲ ਆਪਣੀ ਪੜ੍ਹਾਈ ਕਰੋ ਤੇ ਸਿਹਤ ਦਾ ਖਿਆਲ ਰੱਖੋ। ਹੌਂਸਲਾ ਰੱਖੋ, ਹੋਰ ਕੀ ਕਹਾਂ?" ਭਗਤ ਸਿੰਘ ਦੇ ਇਹ ਸ਼ਬਦ ਅੱਜ ਵੀ ਨੌਜਵਾਨਾਂ ਲਈ



ਪ੍ਰੇਰਨਾ ਦਾ ਸਰੋਤ ਹਨ। ਉਨ੍ਹਾਂ ਦਾ ਜੀਵਨ ਉਨ੍ਹਾਂ ਨੌਜਵਾਨਾਂ ਲਈ ਇੱਕ ਸਪੱਸ਼ਟ ਸੰਦੇਸ਼ ਹੈ ਜੋ ਅਨੇਕਾਂ ਸੁਖ-ਸਹੂਲਤਾਂ ਦੇ ਬਾਵਜੂਦ ਪੜ੍ਹਾਈ, ਮਿਹਨਤ ਅਤੇ ਆਪਣੇ ਭਵਿੱਖ ਪ੍ਰਤੀ ਗੰਭੀਰ ਨਹੀਂ ਹੁੰਦੇ।

ਭਗਤ ਸਿੰਘ ਸਿਰਫ਼ ਇੱਕ ਮਹਾਨ ਕ੍ਰਾਂਤੀਕਾਰੀ ਹੀ ਨਹੀਂ ਸਨ, ਸਗੋਂ ਸੁਚੇਤ, ਨਿਡਰ ਅਤੇ ਵਿਚਾਰਸ਼ੀਲ ਪੱਤਰਕਾਰ ਤੇ ਲੇਖਕ ਵੀ ਸਨ। ਉਨ੍ਹਾਂ ਨੇ ਆਪਣੀ ਪੱਤਰਕਾਰੀ ਰਾਹੀਂ ਲੋਕਾਂ ਵਿਚ ਰਾਜਨੀਤਕ ਅਤੇ ਸਮਾਜਿਕ ਚੇਤਨਾ ਪੈਦਾ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਉਹ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਲਿਖਦੇ ਸਨ ਅਤੇ ਉਨ੍ਹਾਂ ਦੇ ਲੇਖਾਂ ਵਿਚ ਦੇਸ਼ ਦੀ ਗੁਲਾਮੀ ਦੇ ਨਾਲ-ਨਾਲ ਗਰੀਬੀ, ਫਿਰਕਾਪ੍ਰਸਤੀ, ਵਿਦਿਆਰਥੀਆਂ ਦੀ ਭੂਮਿਕਾ ਅਤੇ ਸਮਾਜਿਕ ਬਰਾਬਰੀ ਵਰਗੇ ਮੁੱਦਿਆਂ ਨੂੰ ਵੀ ਥਾਂ ਮਿਲਦੀ ਸੀ।

ਉਨ੍ਹਾਂ ਦਾ ਪੱਤਰਕਾਰੀ ਜੀਵਨ 'ਪ੍ਰਤਾਪ' ਅਖ਼ਬਾਰ ਤੋਂ ਸ਼ੁਰੂ ਹੋਇਆ, ਜਿੱਥੇ ਉਨ੍ਹਾਂ ਨੇ ਗਣੇਸ਼ ਸ਼ੰਕਰ ਵਿਦਿਆਰਥੀ ਦੇ ਮਾਰਗਦਰਸ਼ਨ ਹੇਠ ਪੱਤਰਕਾਰੀ ਦੇ ਗੁਰ ਸਿੱਖੇ। ਇਸ ਤੋਂ ਬਾਅਦ ਉਹ 'ਕਿਰਤੀ', 'ਵੀਰ ਅਰਜੁਨ', 'ਮਹਾਰਥੀ', 'ਮਤਵਾਲਾ', 'ਪ੍ਰਭਾ', 'ਅਕਾਲੀ' ਅਤੇ 'ਚਾਂਦ' ਆਦਿ ਅਖ਼ਬਾਰਾਂ ਤੇ ਰਸਾਲਿਆਂ ਨਾਲ ਵੀ ਜੁੜੇ ਰਹੇ। 'ਕਿਰਤੀ' ਵਿਚ ਉਹ ਸੰਪਾਦਕੀ ਟੀਮ ਦਾ ਹਿੱਸਾ ਰਹੇ ਅਤੇ ਲੰਮੇ ਸਮੇਂ ਤੱਕ ਵਿਚਾਰਪੂਰਨ ਲੇਖ ਲਿਖਦੇ ਰਹੇ। ਭਗਤ ਸਿੰਘ ਅਕਸਰ 'ਬਲਵੰਤ', 'ਰਣਜੀਤ' ਅਤੇ 'ਵਿਦਰੋਹੀ' ਆਦਿ ਉਪਨਾਵਾਂ ਹੇਠ ਲਿਖਦੇ ਸਨ ਕਿਉਂਕਿ ਉਸ ਸਮੇਂ ਅੰਗਰੇਜ਼ ਸਰਕਾਰ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਰਹੀ ਸੀ, ਇਸ ਲਈ ਉਪਨਾਵਾਂ ਦੀ ਵਰਤੋਂ ਵੀ ਇੱਕ ਸਾਵਧਾਨੀਪੂਰਨ ਕਦਮ ਸੀ।

ਭਗਤ ਸਿੰਘ ਪੱਤਰਕਾਰੀ ਨੂੰ ਮਹਿਜ਼ ਖ਼ਬਰਾਂ ਪਹੁੰਚਾਉਣ ਦਾ ਸਾਧਨ ਨਹੀਂ, ਸਗੋਂ ਲੋਕਾਂ ਨੂੰ ਜਾਗਰੂਕ ਅਤੇ ਸਿੱਖਿਅਤ ਕਰਨ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਸਮਝਦੇ ਸਨ। ਉਨ੍ਹਾਂ ਨੇ ਫਿਰਕੂ ਭਾਵਨਾਵਾਂ ਨੂੰ ਭੜਕਾਉਣ ਵਾਲੀ ਪੱਤਰਕਾਰੀ ਦੀ ਆਲੋਚਨਾ ਕੀਤੀ ਅਤੇ ਪੱਤਰਕਾਰਾਂ ਨੂੰ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਸੰਦੇਸ਼ ਦਿੱਤਾ। ਭਗਤ ਸਿੰਘ ਦੀ ਪੱਤਰਕਾਰੀ ਅੱਜ ਵੀ ਸਾਨੂੰ ਇਹ ਸਿੱਖਿਆ ਦਿੰਦੀ ਹੈ ਕਿ ਪੱਤਰਕਾਰ ਦਾ ਕੰਮ ਸਿਰਫ਼ ਘਟਨਾਵਾਂ ਦੀ ਜਾਣਕਾਰੀ ਦੇਣਾ ਨਹੀਂ, ਸਗੋਂ ਸੱਚ ਨੂੰ ਨਿਡਰਤਾ ਨਾਲ ਸਾਹਮਣੇ ਲਿਆਉਣਾ, ਲੋਕਾਂ ਨੂੰ ਜਾਗਰੂਕ ਕਰਨਾ ਅਤੇ ਸਮਾਜ ਦੀਆਂ ਸਮੱਸਿਆਵਾਂ ਬਾਰੇ ਸਕਾਰਾਤਮਕ ਵਿਚਾਰ-ਚਰਚਾ ਨੂੰ ਉਤਸ਼ਾਹਿਤ ਕਰਨਾ ਵੀ ਹੈ। ਇਸ ਪੱਖੋਂ ਭਗਤ ਸਿੰਘ ਅੱਜ ਦੇ ਨੌਜਵਾਨ ਪੱਤਰਕਾਰਾਂ ਅਤੇ ਮੀਡੀਆ ਦੇ ਵਿਦਿਆਰਥੀਆਂ ਲਈ ਵੀ ਮਹੱਤਵਪੂਰਨ ਪ੍ਰੇਰਨਾ ਸਰੋਤ ਹਨ। ਭਗਤ ਸਿੰਘ ਦਾ ਸਰੀਰ ਭਾਵੇਂ ਅੱਜ ਸਾਡੇ ਦਰਮਿਆਨ ਨਹੀਂ ਹੈ, ਪਰ ਉਨ੍ਹਾਂ ਦੀ ਸੋਚ, ਵਿਚਾਰਧਾਰਾ ਅਤੇ ਸ਼ਖ਼ਸੀਅਤ ਅੱਜ ਵੀ ਸਾਡੇ ਲਈ ਰਾਹ-ਦਸੇਰਾ ਹਨ। ਉਨ੍ਹਾਂ ਦੀ ਕਲਮ ਨੇ ਲੋਕਾਂ ਨੂੰ ਜਗਾਇਆ ਅਤੇ ਉਨ੍ਹਾਂ ਦੀ ਕੁਰਬਾਨੀ ਨੇ ਆਜ਼ਾਦੀ ਦੀ ਲਹਿਰ ਨੂੰ ਨਵੀਂ ਊਰਜਾ ਦਿੱਤੀ। ਉਨ੍ਹਾਂ ਦਾ ਜੀਵਨ ਨੌਜਵਾਨਾਂ ਨੂੰ ਗਿਆਨ, ਤਰਕ, ਹਿੰਮਤ, ਮਿਹਨਤ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਸੰਦੇਸ਼ ਦਿੰਦਾ ਹੈ।

# ਯੂਰਪ ਯੂਰਪ, ਅਮਰੀਕਾ ਅਮਰੀਕਾ - 3

ਬਲਦੇਵ ਸਿੰਘ ਧਾਲੀਵਾਲ
ਫੋਨ: 9872835835

ਅਮਰੀਕਾ ਪਹੁੰਚ ਕੇ ਏਅਰਪੋਰਟ ਤੋਂ ਘਰ-ਟਿਕਾਣੇ ਵੱਲ ਜਾਂਦਿਆਂ ਜਿਹੜੀ ਗੱਲ ਸਭ ਤੋਂ ਵੱਧ ਧਿਆਨ ਖਿਚਦੀ ਹੈ, ਉਹ ਹੈ ਹਰ ਚੀਜ਼ ਦਾ ਮਹਾਂਪਾਸਾਰਾ। ਕਈ ਫੇਰੀਆਂ ਤੋਂ ਬਾਅਦ ਅੱਜ ਵੀ ਮੈਨੂੰ ਇਹ ਗੱਲ ਥ੍ਰਿੱਲ ਕਰਦੀ ਹੈ। ਤਿੰਨ-ਚਾਰ ਸਾਲ ਪਹਿਲਾਂ ਅਸੀਂ ਦੋ ਪਰਿਵਾਰ ਰਲ਼ ਕੇ ਰਾਜਸਥਾਨ ਦਾ ਟੂਰ ਲਾਉਣ ਗਏ। ਡੱਬਵਾਲ਼ੀ ਤੋਂ ਅਗਾਂਹ ਜਦੋਂ ਪੰਜਾਬ ਦੀ ਹੱਦ ਲੰਘ ਕੇ ਰਾਜਸਥਾਨ ਵਿਚ ਦਾਖ਼ਲ ਹੋਏ ਤਾਂ ਸਭ ਤੋਂ ਪਹਿਲਾ ਪ੍ਰਭਾਵ ਇਹ ਮਹਿਸੂਸ ਹੋਇਆ ਕਿ ਅਸੀਂ ਜਿਵੇਂ ਕਿਸੇ ਭੀੜੀ ਗ਼ਲੀ ਵਿੱਚੋਂ ਨਿੱਕਲ ਕੇ ਖੁੱਲ੍ਹੇ ਮੈਦਾਨ ਵਿਚ ਆ ਗਏ ਹਾਂ। ਜਿਵੇਂ-ਜਿਵੇਂ ਅੱਗੇ ਵਧਦੇ ਗਏ ਇਹ ਪ੍ਰਭਾਵ ਹੋਰ ਵੀ ਵਧਦਾ ਗਿਆ। ਯੂਰਪ ਵਿਚ ਘੁੰਮਣ-ਫਿਰਨ ਤੋਂ ਪਿੱਛੋਂ ਜਦ ਅਮਰੀਕਾ ਵਿਚ ਆ ਉਤਰਦੇ ਹਾਂ ਤਾਂ ਉਹੀ ਇੱਕ ਖੁੱਲ੍ਹੇਪਣ ਦਾ, ਅਸੀਮ ਵਿਸ਼ਾਲਤਾ ਦਾ ਅਹਿਸਾਸ ਬੜੀ ਤੀਬਰਤਾ ਨਾ਼ਲ ਹੁੰਦਾ ਹੈ। ਯੂਰਪ ਦੇ ਕਈ ਦੇਸ਼ ਤਾਂ ਪੰਜਾਬ ਤੋਂ ਵੀ ਛੋਟੇ ਹਨ ਅਤੇ ਅਮਰੀਕਾ ਦਾ ਸਟੇਟ ਕੈਲੇਫੋਰਨੀਆ ਹੀ ਪੰਜਾਬ ਤੋਂ ਕਈ ਗੁਣਾ ਵੱਡਾ ਹੈ। ਅਜਿਹਾ ਵੱਡਾਪਣ ਘਰਾਂ, ਸੜਕਾਂ, ਪਾਰਕਾਂ, ਸ਼ਾਪਿੰਗ ਪਲਾਜ਼ਿਆਂ ਤੋਂ ਲੈ ਕੇ ਕੰਮਾਂ-ਕਾਰਾਂ ਤੱਕ ਹਰ ਥਾਂ ਉੱਤੇ ਨਜ਼ਰ ਆਉਂਦਾ ਹੈ।



ਮੈਂ ਅਕਤੂਬਰ, 2025 ਦੇ ਪਹਿਲੇ ਹਫ਼ਤੇ ਸਾਨਫਰਾਂਸਿਸਕੋ ਦੇ ਨੇੜਲੇ ਟਾਊਨ ਹੇਵਰਡ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ (ਵਿਪਸਾ) ਵਿਚ ਸ਼ਾਮਿਲ ਹੋਣ ਲਈ ਗਿਆ ਸਾਂ ਤਾਂ ਸੁਭਾਵਿਕ ਹੀ ਉਸ ਨੂੰ ਜਰਮਨੀ ਵਾ਼ਲੇ ਸਾਹਿਤਕ ਸਮਾਗਮ ਨਾ਼ਲ ਮੇ਼ਲ ਕੇ ਵੇਖਣ ਲੱਗ ਪਿਆ। ਤਿੰਨ ਦਿਨਾਂ ਦੀ ਇਸ ਕਾਨਫਰੰਸ ਉੱਤੇ ਵੀ ਅਮਰੀਕਾ ਦੇ ਖੁੱਲ੍ਹੇਪਣ ਦਾ ਪ੍ਰਭਾਵ ਪ੍ਰਤੱਖ ਸੀ, ਖੁੱਲ੍ਹਾ-ਡੁੱਲ੍ਹਾ ਬੈਂਕੁਇਟ ਹਾਲ, ਵੱਖ- ਵੱਖ ਦੇਸ਼ਾਂ ਤੋਂ ਆਏ ਸੈਂਕੜੇ ਮਹਿਮਾਨ, ਖੁੱਲ੍ਹਾ ਖਾਣ-ਪੀਣ, ਖੁੱਲ੍ਹਾ ਖਰਚ-ਪੱਠਾ ਆਦਿ ਸਭ ਕੁਝ ਹੀ ਖੁੱਲ੍ਹੇ ਦਿਲ ਨਾ਼ਲ ਕੀਤਾ ਗਿਆ ਸੀ, ਕਿਉਂਕਿ ਕਾਨਫਰੰਸ ਦੇ ਸਪਾਂਸਰ ਅਮਰੀਕਾ ਵਸਦੇ ਕਈ ਧਨਾਢ ਪਰਵਾਸੀ ਪੰਜਾਬੀ ਸਨ। ਪਰ ਇਹ ਸਾਰਾ ਖੁੱਲ੍ਹਾਪਣ ਟਰੰਪ ਸਰਕਾਰ ਦੀਆਂ ਨਵੀਆਂ ਪਰਵਾਸੀਆਂ-ਵਿਰੋਧੀ ਨੀਤੀਆਂ ਨਾ਼ਲ ਗ੍ਰਹਿਣਿਆ ਗਿਆ ਜਾਪਦਾ ਸੀ। ਹਰ ਵਕਤ ਇਉਂ ਮਹਿਸੂਸ ਹੁੰਦਾ ਜਿਵੇਂ ਬਿਨ ਕੰਧਾਂ ਵਾ਼ਲੀ ਜੇਲ੍ਹ ਵਿਚ ਫਾਥੇ ਹੋਈਏ। ਦੋ-ਤਿੰਨ ਪੀੜ੍ਹੀਆਂ ਤੋਂ ਅਮਰੀਕਾ ਵਸਦੇ ਪੱਕੇ ਸਿਟੀਜ਼ਨਾਂ ਵਿਚ ਵੀ ਡਿਪੋਰਟ ਕੀਤੇ ਜਾਣ ਦੇ ਅਨੇਕਾਂ ਖ਼ੌਫ਼ ਪੈਦਾ ਹੋ ਗਏ ਸਨ।

ਸਵੇਰੇ ਕਾਨਫਰੰਸ ਲਈ ਘਰੋਂ ਨਿਕਲਣ ਲਗਦੇ ਤਾਂ ਮੇਜ਼ਬਾਨ ਇਹ ਯਾਦ ਕਰਾਉਣਾ ਨਾ ਭੁੱਲਦਾ ਕਿ ਪਾਸਪੋਰਟ ਜ਼ਰੂਰ ਨਾ਼ਲ ਲੈ ਲਵੋ। ਰੋਜ਼ ਇਹੋ ਜਿਹੀਆਂ ਖ਼ਬਰਾਂ ਸੁਣਨ ਨੂੰ ਮਿਲਦੀਆਂ



ਸਨ ਕਿ ਜ਼ਰਾ ਕੁ ਸ਼ੱਕ ਪੈਣ 'ਤੇ ਆਈ.ਸੀ.ਈ ਵਾ਼ਲੇ ਬਾਜ਼ ਵਾਂਗ ਝਪਟਦੇ ਸਨ ਅਤੇ ਨੂੜ ਕੇ ਸਿੱਧਾ ਡਿਟੈਂਸ਼ਨ ਸੈਂਟਰ ਲਿਜਾ ਸੁੱਟਦੇ ਸਨ, ਕੋਈ ਦਾਦ-ਫਰਿਆਦ ਨਹੀਂ ਸੀ ਸੁਣੀ ਜਾਂਦੀ ਅਤੇ ਮੰਨੇ-ਪਰਮੰਨੇ ਵਕੀਲ ਵੀ ਡਰਦੇ ਕੇਸ ਲੈਣ ਤੋਂ ਤੌਬਾ ਕਰ ਜਾਂਦੇ ਸਨ। ਮਨੁੱਖੀ ਅਧਿਕਾਰਾਂ ਦੀਆਂ ਟਾਹਰਾਂ ਮਾਰਨ ਵਾ਼ਲੇ, ਸੰਸਾਰ ਦੀ ਵੱਡੀ ਲੋਕਤੰਤਰੀ ਵਿਵਸਥਾ ਦੇ ਧਾਰਨੀ ਦੇਸ਼ ਵਿਚ ਅਜਿਹੀ ਗ਼ੈਰ-ਮਨੁੱਖੀ ਧੱਕੇਸ਼ਾਹੀ ਸਮਝ ਤੋਂ ਬਾਹਰ ਸੀ। ਮੇਜ਼ਬਾਨ ਦਾ ਡਰ ਵੀ ਸੱਚਾ ਸੀ, ਐਵੇਂ ਛੋਲਿਆਂ ਨਾ਼ਲ ਘੁਣ ਪਿਸਣ ਵਾ਼ਲੀ ਗੱਲ ਤਾਂ ਹੋਈ ਪਈ ਸੀ।

ਸਾਰੇ ਦਿਨ ਦੀ ਵਿਚਾਰ-ਚਰਚਾ ਤੋਂ ਬਾਅਦ ਸ਼ਾਮ ਨੂੰ ਪ੍ਰਬੰਧਕ ਮਹਿਮਾਨਾਂ ਦੀ 'ਸੇਵਾ ਪਾਣੀ' ਲਈ ਸੋਚਦੇ ਤਾਂ ਸੋਚਦਿਆਂ ਵੀ ਤ੍ਰਬਕ ਜਾਂਦੇ। ਪ੍ਰਬੰਧਕਾਂ ਨੇ ਘਰ-ਵਾਪਸੀ ਲਈ ਗੱਡੀਆਂ ਚਲਾਉਣੀਆਂ ਹੁੰਦੀਆਂ ਅਤੇ ਮਹਿਮਾਨਾਂ ਨੇ ਕਿਸੇ ਬੇਲੋੜੇ ਝੰਜਟ ਵਿਚ ਪੈਣ ਤੋਂ ਬਚਣਾ ਹੁੰਦਾ। ਸੁਣਦੇ ਸਾਂ ਕਿ ਡੀ.ਯੂ.ਆਈ (Driving Under Influence) ਤਾਂ ਅਜਿਹਾ ਅਪਰਾਧ ਬਣ ਗਿਆ ਸੀ ਕਿ ਅਮਰੀਕਾ-ਨਿਕਾਲੇ ਦਾ ਵਾਰੰਟ ਹੀ ਸੀ, ਅਜਿਹੀ ਸੂਰਤ ਵਿਚ ਤਾਂ ਗਰੀਨ ਕਾਰਡ ਅਤੇ ਸਿਟੀਜ਼ਨਸ਼ਿਪ ਵੀ ਕਿਸੇ ਦਾ ਬਚਾਅ ਨਹੀਂ ਸੀ ਕਰ ਸਕਦੇ। ਪਰਵਾਸੀਆਂ ਨੂੰ ਦਬਕਾਉਣ ਵਾ਼ਲਾ ਨਿੱਤ ਹੀ ਟਰੰਪ ਦਾ ਨਵਾਂ 'ਟਵੀਟ' ਜਾਂ ਫ਼ੁਰਮਾਨ ਆ ਜਾਂਦਾ ਅਤੇ ਸੋਸ਼ਲ ਮੀਡੀਆ ਉਸ ਐਲਾਨ ਨੂੰ ਪ਼ਲਾਂ-ਛਿਣਾਂ ਵਿਚ ਹੀ ਮੁਰਦਾਰ ਦੇ ਮੁਸ਼ਕ ਵਾਂਗ ਇਉਂ ਫੈਲਾਅ ਦਿੰਦਾ ਕਿ ਕੋਈ ਵੀ ਨੱਕ ਇਸ ਦੀ ਬਦਬੂ ਤੋਂ ਬਚਿਆ ਨਾ ਰਹਿ ਜਾਵੇ।

ਕਾਨਫਰੰਸ ਤੋਂ ਬਾਅਦ ਵੀ ਜੇ ਦੋਸਤਾਂ-ਮਿੱਤਰਾਂ ਨਾ਼ਲ ਕਿਧਰੇ ਘੁੰਮਣ-ਫਿਰਨ ਲਈ ਜਾਣ ਦਾ ਪ੍ਰੋਗਰਾਮ ਬਣਦਾ ਤਾਂ ਮੇਜ਼ਬਾਨ ਮਲਵੀਂ ਜਿਹੀ ਜੀਭ ਨਾ਼ਲ ਕਹਿ ਦਿੰਦਾ, 'ਭਾ-ਜੀ ਕੈਪ ਲੈ ਲਵੋ, ਪੱਗ ਨਾ਼ਲ ਤਾਂ ਦੂਰੋਂ ਹੀ ਪਛਾਣੇ ਜਾਉਂਗੇ।' ਮੇਜ਼ਬਾਨ ਨੂੰ ਤੌਖ਼ਲਾ ਹੁੰਦਾ ਕਿ ਮਹਿਮਾਨ ਨੂੰ ਖਾਹ-ਮਖਾਹ ਕੋਈ ਆਂਚ ਨਾ ਆ ਜਾਵੇ। ਇਹ ਸੁਣ ਕੇ ਮਨ ਤਾਂ ਕਰਦਾ ਕਿ ਕਹਾਂ, 'ਯਾਰ ਵੈਲਿਡ ਵੀਜ਼ਾ ਐ, ਫਿਰ ਕਾਹਦਾ ਡਰ', ਪਰ ਹਾਲਾਤ ਵੇਖ ਕੇ ਕਿਹਾ ਨਾ ਜਾਂਦਾ ਅਤੇ ਪੱਗ ਲਾਹ ਕੇ ਕੈਪ ਪਹਿਨ ਲੈਣ 'ਚ ਹੀ ਭਲਾਈ ਲਗਦੀ। ਅਖੇ ਨਾ ਚੋਰੀ ਨਾ ਡਾਕਾ ਸੌਹਰੇ ਕੈਦ ਕੱਟੀ, ਵਾ਼ਲੀ ਬੋਲੀ ਵਾਂਗੂੰ ਅਮਰੀਕਾ ਦੀ ਯਾਤਰਾ ਤਾਂ ਇਸ ਵਾਰ ਕੈਦ ਵਰਗੀ ਹੀ ਜਾਪਣ ਲੱਗ ਪਈ ਸੀ।

ਕਾਨਫਰੰਸ ਦਾ ਕੰਮ ਭੁਗਤਾ ਕੇ ਮੈਂ ਲਾਸ ਏਂਜਲਸ ਬੇਟੇ ਗੁਣਵੰਤ ਹੋਰਾਂ ਕੋ਼ਲ ਆ ਗਿਆ। ਉਸ ਦੀ ਰਿਹਾਇਸ਼ ਬੇਵਰਲੀ ਹਿੱਲਜ਼ ਦੇ ਇਲਾਕੇ ਵਿਚ ਸੇਪਲਵੇਡਾ ਬੁਲੇਵਾਰਡ ਉੱਤੇ ਸੀ। ਇਸ ਮਸ਼ਹੂਰ ਸੜਕ ਉੱਤੇ ਕਾਰਾਂ ਦੀ ਬੇਤਹਾਸ਼ਾ ਆਵਾਜਾਈ ਰਹਿੰਦੀ ਸੀ ਜਿਸ ਦੀ ਗੂੰਜ ਸਾਰੀ ਰਾਤ ਮੈਨੂੰ ਸੁਣਦੀ ਰਹਿੰਦੀ। ਆਸੇ-ਪਾਸੇ ਡਰਾਉਣੇ ਮਾਹੌਲ ਦਾ ਅਸਰ ਹੌ਼ਲੀ-ਹੌ਼ਲੀ ਮੇਰੇ ਅਵਚੇਤਨ ਵਿਚ ਹੀ ਰਮ ਗਿਆ ਸੀ, ਇਸ ਲਈ ਜਦੋਂ ਰਾਤ ਨੂੰ ਸੜਕ ਤੋਂ ਕੋਈ ਐਂਬੂਲੈਂਸ ਜਾਂ ਪੁਲਿਸ ਦੀ ਗੱਡੀ ਸਾਇਰਨ ਵਜਾਉਂਦੀ ਲੰਘਦੀ ਤਾਂ ਸੁਣ ਕੇ ਮਨ ਤ੍ਰਬਕ ਜਾਂਦਾ ਜਿਵੇਂ ਕਿਤੇ ਕੋਈ ਸਾਡੇ ਉੱਤੇ ਹੀ ਛਾਪਾ ਮਾਰਨ ਲਈ ਆ ਰਿਹਾ ਹੋਵੇ।

ਅਮਰੀਕਾ ਵੱਡਾ ਮੁਲਕ ਹੈ, ਬੇਹੱਦ ਅਮੀਰ ਹੈ, ਪੁਖ਼ਤਾ ਸਿਸਟਮ ਵਾ਼ਲਾ ਹੈ, ਸੁਪਰ-ਪਾਵਰ ਹੈ, ਡਾਲਰ ਦੀ ਮਹਿਮਾ ਸਾਰੀ ਦੁਨੀਆਂ ਵਿਚ ਹੈ। ਸਾਰੇ ਸੰਸਾਰ ਦੇ ਲੋਕ ਹਰ ਹੀਲੇ-ਵਸੀਲੇ ਅਮਰੀਕਾ ਪਹੁੰਚਣ ਅਤੇ ਪੱਕਾ ਵੱਸਣ ਦੀ ਤਾਂਘ ਰਖਦੇ ਹਨ। ਸੈਲਾਨੀ ਦੇ ਤੌਰ 'ਤੇ ਵੀ ਅਮਰੀਕਾ ਦੇ ਜਲਵੇ ਹਮੇਸ਼ਾਂ ਜਾਦੂਮਈ ਜਾਪਦੇ ਰਹੇ ਹਨ। ਪਹਿਲੀ ਵਾਰ 1997 ਵਿਚ ਜਦੋਂ ਮਿਲਵਾਕੀ ਵਾ਼ਲੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਬਹਾਨੇ ਅਮਰੀਕਾ ਗਿਆ ਸਾਂ ਤਾਂ ਬੰਦਾ ਵੇਖ ਕੇ ਆਪੇ ਖੁਲ੍ਹਦੇ ਦਰਵਾਜ਼ੇ, ਹੱਥ ਨੇੜੇ ਕੀਤਿਆਂ ਆਪੇ ਚਲਦੀਆਂ ਟੂਟੀਆਂ, ਮਸ਼ੀਨ 'ਚ ਸਿੱਕਾ ਪਾ ਕੇ ਚਲਦੇ ਟੈਲੀਫੋਨ ਆਦਿ ਵੇਖ ਕੇ ਅਸ਼-ਅਸ਼ ਕਰ ਉੱਠਿਆ ਸਾਂ। ਹੁਣ ਤਾਂ ਏ.ਆਈ. ਦਾ ਯੁਗ ਸ਼ੁਰੂ ਹੋ ਗਿਆ ਸੀ ਅਤੇ ਵਰਤੋਂ ਦੀ ਹਰ ਚੀਜ਼ ਵਿਚ ਕ੍ਰਾਂਤੀਕਾਰੀ ਬਦਲਾਅ ਹੋ ਗਏ ਸਨ। ਬਾਥਰੂਮ ਤੱਕ ਸੈਂਸਰਾਂ ਨਾ਼ਲ ਡਿਜੀਟਲ ਰੂਪ ਵਾਲੇ ਹੋ ਗਏ ਸਨ। 'ਟੋਟੋ ਟੋਏਲੈਟਸ' ਦਾ ਆਟੋ ਸਿਸਟਮ ਬਿਨਾਂ ਹੱਥ ਹਿਲਾਇਆਂ ਬੰਦੇ ਦੀਆਂ ਜ਼ਰੂਰਤਾਂ ਪੂਰੀਆਂ ਕਰੀ ਜਾਂਦਾ ਸੀ।

ਵੈਮੋ ਕਾਰ (Autonomous Driving Technology) ਨੇ ਤਾਂ ਨਵੀਂ ਕ੍ਰਾਂਤੀ ਦੀ ਨੀਂਹ ਰੱਖ ਦਿੱਤੀ ਸੀ। ਭੀੜ-ਭੜੱਕੇ ਵਾ਼ਲੀਆਂ ਸੜਕਾਂ ਉੱਤੇ ਬਿਨਾਂ ਡਰਾਈਵਰ ਤੋਂ ਭੱਜੀ ਫਿਰਦੀ ਕਾਰ ਨੂੰ ਵੇਖ ਕੇ ਬੰਦਾ ਅਚੰਭੇ ਨਾ਼ਲ ਭਰ ਜਾਂਦਾ ਸੀ। ਟੈਸਲਾ ਕਾਰ ਦੇ ਸੈਲਫ਼-ਡਰਾਈਵਿੰਗ ਵਾ਼ਲੇ ਕੁਝ ਫੀਚਰਾਂ ਬਾਰੇ ਤਾਂ ਮੈਂ ਆਪਣੀ 2023 ਦੀ ਫੇਰੀ ਦੌਰਾਨ ਹੀ ਵਾਕਫ਼ ਹੋ ਗਿਆ ਸਾਂ ਪਰ ਹੁਣ ਤਾਂ ਉਹ ਟੈਕਨੀਕ ਆਪਣੇ ਸਿਖ਼ਰ ਉੱਤੇ ਪਹੁੰਚ ਗਈ ਸੀ। ਕਾਨਫਰੰਸ ਦੌਰਾਨ ਮਿਲੇ ਦੋਸਤ ਸ਼ਾਇਰ ਕੁਲਵਿੰਦਰ ਨੇ ਦੱਸਿਆ ਸੀ ਕਿ ਉਹ ਤਾਂ ਹੁਣ ਹਮੇਸ਼ਾਂ ਆਪਣੀ ਬਿਨਾਂ ਡਰਾਈਵਰ ਤੋਂ ਚੱਲਣ ਵਾ਼ਲੀ ਟੈਸਲਾ ਕਾਰ ਰਾਹੀਂ ਹੀ ਸਫ਼ਰ ਕਰਦਾ ਸੀ। ਬੇਟੇ ਗੁਣਵੰਤ ਕੋ਼ਲ ਵੀ ਅਜਿਹੀ ਟੈਸਲਾ ਹੀ ਸੀ, ਜਿਸ ਰਾਹੀਂ ਅਸੀਂ ਰੋਜ਼ਾਨਾ ਕਿਧਰੇ ਆਉਂਦੇ-ਜਾਂਦੇ ਸਾਂ। ਉਸ ਵਿਚ ਬੈਠਦਿਆਂ ਹੀ ਮੇਰੇ ਮਨ ਵਿਚ ਇਹ ਖ਼ਿਆਲ ਆਉਂਦਾ ਕਿ ਅਜਿਹੀ ਕਾਰ ਨਾ਼ਲ ਤਾਂ ਮੇਰੇ ਵਰਗਾ ਅਣਜਾਣ ਰਾਹੀ ਵੀ ਏਧਰ-ਓਧਰ ਇਕੱਲਾ ਘੁੰਮ ਸਕਦਾ ਹੈ।




ਇੱਕ ਦਿਨ ਅਸੀਂ ਕਿਸੇ ਦੋਸਤ ਦੇ ਘਰ ਪਾਰਟੀ 'ਤੇ ਜਾਣਾ ਸੀ। ਪਤਾ ਸੀ ਕਿ ਉਥੇ 'ਡਰਿੰਕ' ਲੈ ਹੋ ਜਾਣੀ ਹੈ। ਫਿਰ ਆਪ ਡਰਾਈਵ ਕਰਨ ਦਾ ਜ਼ੋਖ਼ਿਮ ਨਹੀਂ ਸੀ ਉਠਾਇਆ ਜਾ ਸਕਦਾ। ਅਸੀਂ 'ਵੈਮੋ' ਮੰਗਵਾ ਲਈ। ਮਿਥੇ ਵਕਤ ਉੱਤੇ ਉਹ ਘਰ ਦੇ ਨੇੜੇ ਸੜਕ ਉੱਤੇ ਆ ਖੜ੍ਹੀ। ਗੁਣਵੰਤ ਨੇ ਬੈਠਣ ਲਈ ਤਾਕੀ ਖੋਲ੍ਹਣੀ ਚਾਹੀ ਤਾਂ ਤਾਕੀ ਖੁੱਲ੍ਹਣ ਦੀ ਥਾਂ 'ਮੈਸੇਜ' ਆ ਗਿਆ ਕਿ 'ਬੈਠਣ ਦੀ ਕਾਹ਼ਲ ਨਾ ਕਰੋ, ਪਹਿਲਾਂ ਮੈਂ ਠੀਕ ਤਰ੍ਹਾਂ ਸਾਈਡ ਉੱਤੇ ਲੱਗ ਜਾਵਾਂ, ਫਿਰ ਬੈਠਣਾ, ਨਹੀਂ ਤਾਂ ਟ੍ਰੈਫਿਕ ਜਾਮ ਹੋਣ ਦਾ ਖ਼ਤਰਾ ਹੈ।' ਜਦੋਂ ਬਾਅਦ ਵਿਚ ਅਸੀਂ ਬੈਠ ਗਏ ਤਾਂ ਉਹ ਮੋੜਾਂ, ਚੌਂਕਾਂ, ਬੱਤੀਆਂ ਉੱਤੇ ਡਰਾਈਵਰ ਤੋਂ ਵੱਧ ਨੇਮਾਂ ਦਾ ਪਾਲਣ ਕਰਕੇ 'ਸੇਫ਼' ਚੱਲ ਰਹੀ ਸੀ। ਸਾਨੂੰ ਇਹ ਯਕੀਨ ਦੁਆ ਦਿੱਤਾ ਕਿ ਅਸੀਂ ਵੈਮੋ ਉੱਤੇ ਡਰਾਈਵਰ ਤੋਂ ਵੱਧ ਭਰੋਸਾ ਕਰ ਸਕਦੇ ਹਾਂ। ਜਿਵੇਂ ਬਿਮਾਰ ਬੰਦੇ ਨੂੰ ਲਜ਼ੀਜ਼ ਖਾਣੇ ਵੀ ਚੰਗੇ ਨਹੀਂ ਲਗਦੇ ਉਵੇਂ ਹੀ ਮੇਰੇ ਡਰੇ ਮਨ ਨੂੰ ਇਸ ਵਾਰ ਅਮਰੀਕਾ ਦੀ ਟੈਕਨਾਲੋਜੀ ਦੇ ਅਜਿਹੇ ਬੇਮਿਸਾਲ ਨਵੇਂ ਕ੍ਰਿਸ਼ਮੇ ਵੀ 'ਥ੍ਰਿੱਲ' ਨਹੀਂ ਸੀ ਕਰ ਰਹੇ। ਵਾਰ-ਵਾਰ ਆਪਣੀ ਯੂਰਪ ਦੀ ਯਾਤਰਾ ਦੇ ਬੇਫ਼ਿਕਰੀ ਭਰੇ ਬਹਿਸ਼ਤੀ ਵੀਹ ਦਿਨ ਯਾਦ ਆਉਣ ਲਗਦੇ। ਕਿੰਨੇ ਸਕੂਨ ਅਤੇ ਨਿਡਰਤਾ ਨਾ਼ਲ ਉਥੇ ਇੱਕ-ਇੱਕ ਚੀਜ਼ ਦਾ ਆਨੰਦ ਮਾਣਿਆ ਸੀ, ਉਨ੍ਹਾਂ ਦੇਸ਼ਾਂ ਦੇ ਮੂਲ ਵਾਸੀਆਂ ਨਾ਼ਲ ਬੁੱਕ਼ਲਾਂ ਖੋਲ੍ਹਣ ਦਾ ਯਤਨ ਕੀਤਾ ਸੀ। ਇੱਕ ਦੇਸ਼ ਤੋਂ ਦੂਜੇ ਵੱਲ ਜਾਂਦਿਆਂ ਕੋਈ ਹੱਦਾਂ-ਸਰਹੱਦਾਂ ਰਾਹ ਦਾ ਰੋੜਾ ਨਹੀਂ ਸਨ ਬਣੀਆਂ। ਯੂਰਪੀ ਲੋਕਾਂ ਦੀਆਂ ਨਿਗਾਹਾਂ ਕਿੰਨੀਆਂ ਮਮਤਾਮਈ ਭਾਵਾਂ ਨਾ਼ਲ ਲਬਰੇਜ਼ ਜਾਪਦੀਆਂ ਸਨ।



ਇੱਥੇ ਅਮਰੀਕਾ ਵਿਚੋਂ ਬੇਇਜ਼ਤੀ ਭਰੇ ਢੰਗ ਨਾ਼ਲ ਡਿਪੋਰਟ ਕੀਤੇ ਜਾ ਰਹੇ ਲੋਕਾਂ ਦੀਆਂ ਕਹਾਣੀਆਂ ਰਾਤ ਨੂੰ ਸੁਪਨਿਆਂ ਵਿਚ ਆਉਣ ਲੱਗੀਆਂ ਸਨ। ਸੋਚਦਾ ਸਾਂ ਕਿਸੇ ਤਰ੍ਹਾਂ ਦੇ ਰੱਫੜ ਤੋਂ ਬਚ ਕੇ ਬਸ ਸੁੱਖੀ-ਸਾਂਦੀ ਆਪਣੇ ਘਰ ਪਹੁੰਚ ਜਾਈਏ, ਵਰਨਾ ਪਰਦੇਸੀ ਬੰਦੇ ਦੀ ਕੀ ਔਕਾਤ ਹੁੰਦੀ ਹੈ? ਕੱਖਾਂ ਤੋਂ ਹੌ਼ਲਾ ਹੁੰਦਾ ਹੈ, ਜਾਬਿਰ ਸੁਪਰ ਪਾਵਰਾਂ ਦੀ ਹਨੇਰੀ ਮੂਹਰੇ ਅਜਿਹੇ ਕੱਖ-ਕਾਨ ਦੀ ਭਲਾ ਕੀ ਵੱਟੀਦੀ ਹੈ?



ਚਲੋ ਰੱਬ-ਰੱਬ ਕਰਦਿਆਂ ਅੰਤ ਵਾਪਸੀ ਵਾ਼ਲਾ ਦਿਨ ਵੀ ਆ ਗਿਆ, ਸ਼ੁਕਰ ਹੈ ਕਿ ਕਿਸੇ ਵੀ ਬੇਸੁਆਦੀ ਤੋਂ ਬਚ ਕੇ ਯਾਤਰਾ ਪੂਰੀ ਹੋ ਗਈ ਅਤੇ 19 ਜਨਵਰੀ 2026 ਨੂੰ ਮੈਂ ਆਪਣੇ ਘਰ ਪਟਿਆਲੇ ਪਹੁੰਚ ਗਿਆ।

# ਮੰਦਾਕਿਨੀ ਨੇ ਖੋਲ੍ਹੇ 'ਰਾਮ ਤੇਰੀ ਗੰਗਾ ਮੈਲੀ' ਦੇ ਪੁਰਾਣੇ ਰਾਜ਼

## *ਝਰਨੇ ਦੇ ਸੀਨ ਤੋਂ ਲੈ ਕੇ ਰਾਜੀਵ ਕਪੂਰ ਅਤੇ ਦਾਊਦ ਇਬਰਾਹੀਮ ਤੱਕ ਦੀ ਪੂਰੀ ਕਹਾਣੀ*

ਬਲਰਾਜ ਸਿੱਧੂ

1985 ਵਿਚ ਆਈ ਰਾਜ ਕਪੂਰ ਦੀ ਆਖਰੀ ਨਿਰਦੇਸ਼ਿਤ ਫਿਲਮ 'ਰਾਮ ਤੇਰੀ ਗੰਗਾ ਮੈਲੀ' ਸਿਰਫ਼ ਇੱਕ ਫਿਲਮ ਨਹੀਂ ਸੀ, ਸਗੋਂ 80 ਦੇ ਦਹਾਕੇ ਦੇ ਹਿੰਦੀ ਸਿਨੇਮਾ ਦਾ ਇੱਕ ਅਜਿਹਾ ਮੀਲ ਦਾ ਪੱਥਰ ਸੀ ਜਿਸ ਨੇ 1986 ਦੇ ਫਿਲਮਫੇਅਰ ਐਵਾਰਡਾਂ ਵਿੱਚ 'ਬੈਸਟ ਫਿਲਮ' ਅਤੇ 'ਬੈਸਟ ਡਾਇਰੈਕਟਰ' ਸਮੇਤ 5 ਵੱਡੇ ਪੁਰਸਕਾਰ ਆਪਣੇ ਨਾਂ ਕੀਤੇ।

ਰਵਿੰਦਰ ਜੈਨ ਦਾ ਸੰਗੀਤ ਅਤੇ 'ਸੁਨ ਸਾਹਿਬਾ ਸੁਨ' ਵਰਗੇ ਗੀਤ ਅੱਜ ਵੀ ਸਦਾਬਹਾਰ ਹਨ। ਪਰ ਇਸ ਫਿਲਮ ਨਾਲ ਸਭ ਤੋਂ ਵੱਡੀ ਪਛਾਣ ਮਿਲੀ ਅਦਾਕਾਰਾ ਮੰਦਾਕਿਨੀ ਨੂੰ, ਜੋ ਆਪਣੀ ਪਹਿਲੀ ਹੀ ਫਿਲਮ ਨਾਲ ਰਾਤੋ-ਰਾਤ ਸੁਪਰਸਟਾਰ ਬਣ ਗਈ। ਹਾਲ ਹੀ ਵਿਚ ਦਿੱਤੇ ਇੱਕ ਖੁੱਲ੍ਹੇ ਇੰਟਰਵਿਊ ਵਿਚ ਮੰਦਾਕਿਨੀ ਨੇ ਆਪਣੇ ਇਸ ਫਿਲਮੀ ਸਫ਼ਰ, ਰਾਜ ਕਪੂਰ, ਰਾਜੀਵ ਕਪੂਰ ਅਤੇ ਵਿਵਾਦਾਂ ਨਾਲ ਜੁੜੀਆਂ ਕਈ ਅਣਸੁਣੀਆਂ ਗੱਲਾਂ ਸਾਂਝੀਆਂ ਕੀਤੀਆਂ ਹਨ।

30 ਜੁਲਾਈ ਨੂੰ ਮੇਰਠ ਦੇ ਇੱਕ ਐਂਗਲੋ-ਇੰਡੀਅਨ ਪਰਿਵਾਰ ਵਿਚ ਜਨਮੀ ਯਾਸਮੀਨ ਜੋਸਫ਼ ਨੂੰ ਰਾਜ ਕਪੂਰ ਨੇ ਲੱਭਿਆ ਅਤੇ 'ਮੰਦਾਕਿਨੀ' ਦਾ ਨਾਂ ਦਿੱਤਾ। ਮੰਦਾਕਿਨੀ ਨੇ ਦੱਸਿਆ ਕਿ ਜਦੋਂ ਉਹ ਕੈਮਰੇ ਦੇ ਸਾਹਮਣੇ ਆਈ ਤਾਂ ਉਸ ਦੀ ਉਮਰ ਮਹਿਜ਼ 16 ਤੋਂ 19 ਸਾਲ ਦੇ ਵਿਚਕਾਰ ਸੀ। ਰਾਜ ਕਪੂਰ ਦੇ ਨਿਰਦੇਸ਼ਨ ਦੀ ਤਾਰੀਫ਼ ਕਰਦਿਆਂ ਉਸ ਨੇ ਕਿਹਾ, 'ਉਨ੍ਹਾਂ ਦਾ ਤਰੀਕਾ ਇੰਨਾ ਪਿਆਰ ਭਰਿਆ ਅਤੇ ਨਰਮ ਸੀ, ਜਿਵੇਂ ਪਰਿਵਾਰ ਦਾ ਕੋਈ ਮੈਂਬਰ ਕੰਮ ਕਰਵਾ ਰਿਹਾ ਹੋਵੇ। ਤੁਸੀਂ ਉਨ੍ਹਾਂ ਨੂੰ ਕੋਈ ਸਵਾਲ ਹੀ ਨਹੀਂ ਸੀ ਕਰ ਸਕਦੇ, ਬੱਸ ਉਨ੍ਹਾਂ ਦੇ ਨਿਰਦੇਸ਼ਾਂ ਨਾਲ ਵਹਿੰਦੇ ਚਲੇ ਜਾਂਦੇ ਸੀ।'

ਫਿਲਮ ਦੇ ਸਭ ਤੋਂ ਚਰਚਿਤ ਅਤੇ ਵਿਵਾਦਿਤ ਸੀਨਾਂ ਬਾਰੇ ਗੱਲ ਕਰਦਿਆਂ ਮੰਦਾਕਿਨੀ ਨੇ ਸਾਲਾਂ ਤੋਂ ਚੱਲੀਆਂ ਆ ਰਹੀਆਂ ਧਾਰਨਾਵਾਂ ਨੂੰ ਸਪੱਸ਼ਟ ਕੀਤਾ।



(ਬਾਕੀ ਅਗਲੇ ਸਫੇ 'ਤੇ)

# ਬਦਲਦੇ ਜਲਵਾਯੂ ਵਿਚ ਸਮੁੰਦਰਾਂ ਦੀ ਡਿਜੀਟਲ ਨਿਗਰਾਨੀ

***ਸਮੁੰਦਰ ਮਨੁੱਖਤਾ ਦੀਆਂ ਸਭ ਤੋਂ ਕੀਮਤੀ ਧਰੋਹਰਾਂ ਵਿਚੋਂ ਇੱਕ ਹਨ, ਪਰ ਉਹ ਅੱਜ ਕਈ ਖ਼ਤਰਿਆਂ ਨਾਲ ਘਿਰੇ ਹੋਏ ਹਨ। ਉਨ੍ਹਾਂ ਦੀ ਰੱਖਿਆ ਲਈ ਸਹੀ ਜਾਣਕਾਰੀ, ਵਿਗਿਆਨਕ ਸਮਝ ਅਤੇ ਪ੍ਰਭਾਵਸ਼ਾਲੀ ਪ੍ਰਬੰਧਨ ਦੀ ਲੋੜ ਹੈ। ਓਸ਼ਨ ਇੰਟੈਲੀਜੈਂਸ ਸਿਸਟਮ ਕ੍ਰਿਤ੍ਰਿਮ ਬੁੱਧੀਮਤਾ, ਡਾਟਾ ਵਿਸ਼ਲੇਸ਼ਣ ਅਤੇ ਆਧੁਨਿਕ ਸੈਂਸਿੰਗ ਤਕਨਾਲੋਜੀਆਂ ਦੇ ਮਿਲਾਪ ਰਾਹੀਂ ਇਹ ਸੰਭਵ ਬਣਾ ਰਹੇ ਹਨ। ਜਿਵੇਂ-ਜਿਵੇਂ ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਵਧਣਗੀਆਂ, ਤਿਵੇਂ-ਤਿਵੇਂ ਇਹ ਪ੍ਰਣਾਲੀਆਂ ਸਮੁੰਦਰੀ ਪਰਿਸਥਿਤਿਕ ਤੰਤਰਾਂ ਦੀ ਸੁਰੱਖਿਆ, ਜੈਵਿਕ ਵਿਭਿੰਨਤਾ ਦੇ ਸੰਰੱਖਣ ਅਤੇ ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਵਿਚ ਹੋਰ ਵੀ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ। ਸਮੁੰਦਰਾਂ ਨੂੰ ਸਮਝਣਾ ਅਤੇ ਉਨ੍ਹਾਂ ਦੀ ਰੱਖਿਆ ਕਰਨਾ ਸਿਰਫ਼ ਵਿਗਿਆਨਕ ਲੋੜ ਹੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਸਾਡੀ ਜ਼ਿੰਮੇਵਾਰੀ ਵੀ ਹੈ।***





**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**

ਧਰਤੀ ਉੱਤੇ ਜੀਵਨ ਦੀ ਨਿਰੰਤਰਤਾ ਵਿਚ ਸਮੁੰਦਰਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਧਰਤੀ ਦੀ ਸਤ੍ਹਾ ਦੇ ਲਗਭਗ 70 ਫ਼ੀਸਦੀ ਹਿੱਸੇ 'ਤੇ ਫੈਲੇ ਹੋਏ ਸਮੁੰਦਰ ਨਾ ਸਿਰਫ਼ ਮੌਸਮ ਨੂੰ ਨਿਯੰਤਰਿਤ ਕਰਦੇ ਹਨ, ਸਗੋਂ ਆਕਸੀਜਨ ਦੇ ਉਤਪਾਦਨ, ਜੈਵਿਕ ਵਿਭਿੰਨਤਾ ਦੀ ਸੁਰੱਖਿਆ, ਭੋਜਨ ਦੀ ਉਪਲਬਧਤਾ ਅਤੇ ਵਿਸ਼ਵ ਵਪਾਰ ਵਿਚ ਵੀ ਅਹਿਮ ਯੋਗਦਾਨ ਪਾਉਂਦੇ ਹਨ। ਦੁਨੀਆ ਭਰ ਦੇ ਅਰਬਾਂ ਲੋਕ ਆਪਣੀ ਰੋਜ਼ੀ-ਰੋਟੀ ਅਤੇ ਪੋਸ਼ਣ ਲਈ ਸਮੁੰਦਰੀ ਸਰੋਤਾਂ 'ਤੇ ਨਿਰਭਰ ਹਨ। ਵਿਗਿਆਨੀਆਂ ਦੇ ਅਨੁਸਾਰ ਸਮੁੰਦਰ ਮਨੁੱਖੀ ਗਤੀਵਿਧੀਆਂ ਕਾਰਨ ਪੈਦਾ ਹੋਣ ਵਾਲੀ ਵਾਧੂ ਗਰਮੀ ਦਾ ਵੱਡਾ ਹਿੱਸਾ ਆਪਣੇ ਅੰਦਰ ਸਮਾ ਲੈਂਦੇ ਹਨ ਅਤੇ ਵਾਤਾਵਰਣ ਵਿਚ ਛੱਡੀ ਜਾਣ ਵਾਲੀ ਕਾਰਬਨ ਡਾਈਆਕਸਾਈਡ ਦੀ ਇੱਕ ਵੱਡੀ ਮਾਤਰਾ ਨੂੰ ਵੀ ਜਜ਼ਬ ਕਰਦੇ ਹਨ। ਇਸ ਕਰਕੇ ਉਹ ਧਰਤੀ ਦੇ ਜਲਵਾਯੂ ਸੰਤੁਲਨ ਨੂੰ ਬਣਾਈ ਰੱਖਣ ਵਿਚ ਕੇਂਦਰੀ ਭੂਮਿਕਾ ਨਿਭਾਉਂਦੇ ਹਨ।

ਪਰ ਅੱਜ ਇਹ ਕੀਮਤੀ ਸਮੁੰਦਰੀ ਪਰਿਸਥਿਤਿਕ ਤੰਤਰ ਗੰਭੀਰ ਖ਼ਤਰਿਆਂ ਦਾ ਸਾਹਮਣਾ ਕਰ ਰਹੇ ਹਨ। ਜਲਵਾਯੂ ਪਰਿਵਰਤਨ ਕਾਰਨ ਸਮੁੰਦਰਾਂ ਦਾ ਤਾਪਮਾਨ ਵੱਧ ਰਿਹਾ ਹੈ, ਕੋਰਲ ਰੀਫ਼ ਨਸ਼ਟ ਹੋ ਰਹੀਆਂ ਹਨ, ਸਮੁੰਦਰੀ ਪਾਣੀ ਵਿਚ ਅਮਲਤਾ ਵਧ ਰਹੀ ਹੈ ਅਤੇ ਪਲਾਸਟਿਕ ਪ੍ਰਦੂਸ਼ਣ ਨੇ ਸਮੁੰਦਰੀ ਜੀਵਨ ਨੂੰ ਸੰਕਟ ਵਿਚ ਪਾ ਦਿੱਤਾ ਹੈ। ਇਸ ਦੇ ਨਾਲ-ਨਾਲ ਬੇਹਿਸਾਬ ਮੱਛੀ ਪਕੜਨ, ਤੱਟੀ ਖੇਤਰਾਂ ਦੇ ਨੁਕਸਾਨ ਅਤੇ ਜੈਵਿਕ ਵਿਭਿੰਨਤਾ ਵਿਚ ਆ ਰਹੀ ਘਾਟ ਨੇ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਅਜਿਹੇ ਸਮੇਂ ਵਿਚ ਵਿਗਿਆਨ ਅਤੇ ਤਕਨਾਲੋਜੀ ਇੱਕ ਨਵੇਂ ਹੱਲ ਵਜੋਂ ਸਾਹਮਣੇ ਆ ਰਹੇ ਹਨ, ਜਿਸ ਨੂੰ 'ਓਸ਼ਨ ਇੰਟੈਲੀਜੈਂਸ ਸਿਸਟਮ' ਕਿਹਾ ਜਾਂਦਾ ਹੈ।

ਓਸ਼ਨ ਇੰਟੈਲੀਜੈਂਸ ਸਿਸਟਮ ਅਜਿਹੀਆਂ ਆਧੁਨਿਕ ਤਕਨਾਲੋਜੀਆਂ ਦਾ ਸਮੂਹ ਹੈ ਜੋ ਸਮੁੰਦਰਾਂ ਦੀ ਨਿਗਰਾਨੀ, ਵਿਸ਼ਲੇਸ਼ਣ ਅਤੇ ਸੁਰੱਖਿਆ ਲਈ ਕ੍ਰਿਤ੍ਰਿਮ ਬੁੱਧੀਮਤਾ (AI), ਮਸ਼ੀਨ ਲਰਨਿੰਗ, ਸੈਟੇਲਾਈਟ, ਪਾਣੀ ਹੇਠਾਂ ਕੰਮ ਕਰਨ ਵਾਲੇ ਸੈਂਸਰ, ਆਟੋਨੋਮਸ ਜਲ ਵਾਹਨ, ਰੋਬੋਟਿਕਸ ਅਤੇ ਡਾਟਾ ਵਿਸ਼ਲੇਸ਼ਣ ਦੀ ਵਰਤੋਂ ਕਰਦਾ ਹੈ। ਇਹ ਤਕਨਾਲੋਜੀਆਂ ਸਮੁੰਦਰੀ ਵਾਤਾਵਰਣ ਤੋਂ ਮਿਲਣ ਵਾਲੇ ਵਿਸ਼ਾਲ ਡਾਟੇ ਨੂੰ ਰੀਅਲ ਟਾਈਮ ਵਿਚ ਇਕੱਠਾ ਕਰਦੀਆਂ ਹਨ ਅਤੇ ਉਸ ਦਾ ਵਿਸ਼ਲੇਸ਼ਣ ਕਰਕੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਜਿਵੇਂ ਏ ਆਈ ਨੇ ਸਿਹਤ, ਖੇਤੀਬਾੜੀ ਅਤੇ ਆਵਾਜਾਈ ਦੇ ਖੇਤਰਾਂ ਵਿਚ ਕ੍ਰਾਂਤੀ ਲਿਆਂਦੀ ਹੈ, ਉਸੇ ਤਰ੍ਹਾਂ ਹੁਣ ਇਹ ਸਮੁੰਦਰੀ ਸੰਭਾਲ ਅਤੇ ਜਲਵਾਯੂ ਨਿਗਰਾਨੀ ਵਿਚ ਵੀ ਨਵੀਆਂ ਸੰਭਾਵਨਾਵਾਂ ਪੈਦਾ ਕਰ ਰਹੀ ਹੈ।

ਸਮੁੰਦਰਾਂ ਦੀ ਨਿਗਰਾਨੀ ਕਰਨਾ ਹਮੇਸ਼ਾ ਤੋਂ ਇੱਕ ਔਖਾ ਅਤੇ ਮਹਿੰਗਾ ਕੰਮ ਰਿਹਾ ਹੈ। ਸਮੁੰਦਰਾਂ ਦਾ ਵਿਸ਼ਾਲ ਖੇਤਰਫਲ, ਡੂੰਘੇ ਹਿੱਸਿਆਂ ਤੱਕ ਮਨੁੱਖੀ ਪਹੁੰਚ ਦੀ ਘਾਟ ਅਤੇ ਬਦਲਦੇ ਮੌਸਮੀ ਹਾਲਾਤ ਇਸ ਕੰਮ ਨੂੰ ਹੋਰ ਵੀ ਮੁਸ਼ਕਲ ਬਣਾਉਂਦੇ ਹਨ। ਰਵਾਇਤੀ ਤੌਰ 'ਤੇ ਸਮੁੰਦਰੀ ਅਧਿਐਨ ਖੋਜ ਜਹਾਜ਼ਾਂ, ਹੱਥੀਂ ਕੀਤੇ ਸਰਵੇਖਣਾਂ ਅਤੇ ਸਮੇਂ-ਸਮੇਂ 'ਤੇ ਕੀਤੀਆਂ ਮਾਪਾਂ 'ਤੇ ਨਿਰਭਰ ਰਹਿੰਦਾ ਸੀ। ਇਸ ਤਰੀਕੇ ਨਾਲ ਮਿਲਣ ਵਾਲੀ ਜਾਣਕਾਰੀ ਸੀਮਤ ਹੁੰਦੀ ਸੀ ਅਤੇ ਕਈ ਵਾਰ ਦੇਰੀ ਨਾਲ ਮਿਲਦੀ ਸੀ। ਜਦਕਿ ਸਮੁੰਦਰੀ ਵਾਤਾਵਰਣ ਵਿਚ ਤਬਦੀਲੀਆਂ ਬਹੁਤ ਤੇਜ਼ੀ ਨਾਲ ਆ ਸਕਦੀਆਂ ਹਨ, ਇਸ ਲਈ ਸਮੇਂ ਸਿਰ ਅਤੇ ਲਗਾਤਾਰ ਨਿਗਰਾਨੀ ਬਹੁਤ ਜ਼ਰੂਰੀ ਹੈ।

ਇਨ੍ਹਾਂ ਚੁਣੌਤੀਆਂ ਨੂੰ ਦੂਰ ਕਰਨ ਲਈ ਓਸ਼ਨ ਇੰਟੈਲੀਜੈਂਸ ਸਿਸਟਮ ਕਈ ਤਕਨਾਲੋਜੀਆਂ ਨੂੰ ਇੱਕ ਦੂਜੇ ਨਾਲ ਜੋੜਦੇ ਹਨ। ਸੈਟੇਲਾਈਟ ਸਮੁੰਦਰਾਂ ਦੀ ਸਤ੍ਹਾ ਦਾ ਲਗਾਤਾਰ ਅਧਿਐਨ ਕਰਦੇ ਹਨ ਅਤੇ ਤਾਪਮਾਨ, ਸਮੁੰਦਰੀ ਪੱਧਰ, ਮੌਸਮੀ ਹਾਲਾਤਾਂ ਅਤੇ ਪਾਣੀ ਦੀ ਗੁਣਵੱਤਾ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਸਮੁੰਦਰ ਵਿਚ ਤੈਰ ਰਹੀਆਂ ਸਮਾਰਟ ਬੂਈਆਂ ਵੱਖ-ਵੱਖ ਸੈਂਸਰਾਂ ਦੀ ਮਦਦ ਨਾਲ ਪਾਣੀ ਦੀ ਗੁਣਵੱਤਾ, ਧਾਰਾਵਾਂ ਅਤੇ ਵਾਤਾਵਰਣਕ ਹਾਲਾਤਾਂ ਬਾਰੇ ਡਾਟਾ ਇਕੱਠਾ ਕਰਦੀਆਂ ਹਨ। ਪਾਣੀ ਹੇਠਾਂ ਚੱਲਣ ਵਾਲੇ ਡਰੋਨ ਅਤੇ ਆਟੋਨੋਮਸ ਵਾਹਨ ਉਨ੍ਹਾਂ ਖੇਤਰਾਂ ਤੱਕ ਪਹੁੰਚ ਸਕਦੇ ਹਨ ਜਿੱਥੇ ਮਨੁੱਖੀ ਖੋਜਕਾਰਾਂ ਲਈ ਜਾਣਾ ਸੰਭਵ ਨਹੀਂ ਹੁੰਦਾ। ਇਸ ਤੋਂ ਇਲਾਵਾ ਧੁਨੀ ਸੈਂਸਰ ਸਮੁੰਦਰੀ ਜੀਵਾਂ ਅਤੇ ਮਨੁੱਖੀ ਗਤੀਵਿਧੀਆਂ ਨਾਲ ਜੁੜੀਆਂ ਆਵਾਜ਼ਾਂ ਨੂੰ ਰਿਕਾਰਡ ਕਰਦੇ ਹਨ। ਇਹ ਸਾਰਾ ਡਾਟਾ ਏਆਈ ਪ੍ਰਣਾਲੀਆਂ ਦੁਆਰਾ ਵਿਸ਼ਲੇਸ਼ਿਤ ਕੀਤਾ ਜਾਂਦਾ ਹੈ, ਜਿਸ ਨਾਲ ਰੁਝਾਨਾਂ ਦੀ ਪਛਾਣ, ਅਸਧਾਰਨ ਤਬਦੀਲੀਆਂ ਦਾ ਪਤਾ ਲਗਾਉਣ ਅਤੇ ਭਵਿੱਖਬਾਣੀਆਂ ਕਰਨ ਵਿਚ ਮਦਦ ਮਿਲਦੀ ਹੈ।

ਜਲਵਾਯੂ ਪਰਿਵਰਤਨ ਦੀ ਨਿਗਰਾਨੀ ਓਸ਼ਨ ਇੰਟੈਲੀਜੈਂਸ ਸਿਸਟਮ ਦੀ ਸਭ ਤੋਂ ਮਹੱਤਵਪੂਰਨ ਵਰਤੋਂ ਵਿਚੋਂ ਇੱਕ ਹੈ। ਵਿਗਿਆਨਕ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਗਲੋਬਲ ਵਾਰਮਿੰਗ ਕਾਰਨ ਪੈਦਾ ਹੋਣ ਵਾਲੀ ਵਾਧੂ ਗਰਮੀ ਦਾ ਵੱਡਾ ਹਿੱਸਾ ਸਮੁੰਦਰ ਆਪਣੇ ਅੰਦਰ ਜਜ਼ਬ ਕਰ ਲੈਂਦੇ ਹਨ। ਇਸ ਲਈ ਸਮੁੰਦਰਾਂ ਦੇ ਤਾਪਮਾਨ ਵਿਚ ਹੋ ਰਹੀਆਂ ਤਬਦੀਲੀਆਂ ਦਾ ਅਧਿਐਨ ਜਲਵਾਯੂ ਪਰਿਵਰਤਨ ਨੂੰ ਸਮਝਣ ਲਈ ਬਹੁਤ ਜ਼ਰੂਰੀ ਹੈ। ਏ ਆਈ ਦੀ ਮਦਦ ਨਾਲ ਸੈਟੇਲਾਈਟ ਤਸਵੀਰਾਂ ਅਤੇ ਸਮੁੰਦਰੀ ਮਾਪਾਂ ਦਾ ਤੇਜ਼ੀ ਨਾਲ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ, ਜਿਸ ਨਾਲ ਸਮੁੰਦਰੀ ਗਰਮੀ ਦੀਆਂ ਲਹਿਰਾਂ, ਤਾਪਮਾਨ ਵਿਚ ਅਸਧਾਰਨ ਵਾਧੇ ਅਤੇ ਹੋਰ ਵਾਤਾਵਰਣਕ ਤਬਦੀਲੀਆਂ ਦਾ ਪਤਾ ਲੱਗਦਾ ਹੈ। ਇਹ ਜਾਣਕਾਰੀ ਤੂਫ਼ਾਨਾਂ, ਚੱਕਰਵਾਤਾਂ ਅਤੇ ਐਲ ਨੀਨੋ ਵਰਗੀਆਂ ਘਟਨਾਵਾਂ ਦੀ ਭਵਿੱਖਬਾਣੀ ਵਿਚ ਮਦਦ ਕਰਦੀ ਹੈ।

ਸਮੁੰਦਰ ਦੇ ਪੱਧਰ ਵਿਚ ਹੋ ਰਹੇ ਵਾਧੇ ਦੀ ਨਿਗਰਾਨੀ ਵੀ ਬਹੁਤ ਮਹੱਤਵਪੂਰਨ ਹੈ। ਜਿਵੇਂ-ਜਿਵੇਂ ਧਰੁਵੀ ਬਰਫ਼ ਪਿਘਲ ਰਹੀ ਹੈ, ਤਿਵੇਂ-ਤਿਵੇਂ ਸਮੁੰਦਰਾਂ ਦਾ ਪੱਧਰ ਵਧ ਰਿਹਾ ਹੈ, ਜਿਸ ਨਾਲ ਤੱਟੀ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਲਈ ਖ਼ਤਰੇ ਵਧ ਰਹੇ ਹਨ। ਮਸ਼ੀਨ ਲਰਨਿੰਗ ਮਾਡਲਾਂ ਦੀ ਮਦਦ ਨਾਲ ਸੈਟੇਲਾਈਟ ਡਾਟੇ ਦਾ ਵਿਸ਼ਲੇਸ਼ਣ ਕਰਕੇ ਸਮੁੰਦਰੀ ਹੜ੍ਹਾਂ ਅਤੇ ਤੱਟੀ ਕਟਾਅ ਬਾਰੇ ਹੋਰ ਸਹੀ ਭਵਿੱਖਬਾਣੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਸਮੁੰਦਰੀ ਪਾਣੀ ਵਿਚ ਵੱਧ ਰਹੀ ਅਮਲਤਾ, ਕੋਰਲ ਰੀਫ਼ਾਂ ਦੇ ਨੁਕਸਾਨ ਅਤੇ ਸਮੁੰਦਰੀ ਧਾਰਾਵਾਂ ਵਿਚ ਆ ਰਹੀਆਂ ਤਬਦੀਲੀਆਂ ਦੀ ਨਿਗਰਾਨੀ ਲਈ ਵੀ ਏਆਈ ਅਹਿਮ ਭੂਮਿਕਾ ਨਿਭਾ ਰਹੀ ਹੈ।

ਸਮੁੰਦਰੀ ਜੈਵਿਕ ਵਿਭਿੰਨਤਾ ਦੀ ਸੁਰੱਖਿਆ ਵਿਚ ਵੀ ਓਸ਼ਨ ਇੰਟੈਲੀਜੈਂਸ ਸਿਸਟਮ ਬਹੁਤ ਲਾਭਦਾਇਕ ਸਾਬਤ ਹੋ ਰਹੇ ਹਨ। ਹਰ ਸਾਲ ਗੈਰ-ਕਾਨੂੰਨੀ ਅਤੇ ਬੇਨਿਯਮਤ ਮੱਛੀ ਪਕੜਨ ਕਾਰਨ ਵਿਸ਼ਵ ਅਰਥਵਿਵਸਥਾ ਨੂੰ ਅਰਬਾਂ ਡਾਲਰ ਦਾ ਨੁਕਸਾਨ ਹੁੰਦਾ ਹੈ ਅਤੇ ਸਮੁੰਦਰੀ ਜੀਵਨ 'ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਏਆਈ ਅਧਾਰਿਤ ਨਿਗਰਾਨੀ ਪ੍ਰਣਾਲੀਆਂ ਸੈਟੇਲਾਈਟ ਸੰਕੇਤਾਂ ਅਤੇ ਜਹਾਜ਼ਾਂ ਦੀ ਗਤੀਵਿਧੀ ਦਾ ਵਿਸ਼ਲੇਸ਼ਣ ਕਰਕੇ ਸ਼ੱਕੀ ਗਤੀਵਿਧੀਆਂ ਦੀ ਪਛਾਣ ਕਰ ਸਕਦੀਆਂ ਹਨ। ਇਸ ਨਾਲ ਸੁਰੱਖਿਅਤ ਸਮੁੰਦਰੀ ਖੇਤਰਾਂ ਵਿਚ ਹੋ ਰਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਵਿਚ ਮਦਦ ਮਿਲਦੀ ਹੈ।

ਏਆਈ ਦੀ ਮਦਦ ਨਾਲ ਖੋਜਕਾਰ ਹੁਣ ਸਮੁੰਦਰੀ ਜੀਵਾਂ ਦੀ ਪਛਾਣ ਵੀ ਆਸਾਨੀ ਨਾਲ ਕਰ ਰਹੇ ਹਨ। ਪਾਣੀ ਹੇਠਾਂ ਲਈਆਂ ਗਈਆਂ ਤਸਵੀਰਾਂ ਅਤੇ ਵੀਡੀਓਜ਼ ਦਾ ਵਿਸ਼ਲੇਸ਼ਣ ਕਰਕੇ ਵੱਖ-ਵੱਖ ਮੱਛੀਆਂ, ਕੋਰਲਾਂ ਅਤੇ ਹੋਰ ਜੀਵਾਂ ਦੀ ਗਿਣਤੀ ਅਤੇ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਧੁਨੀ ਵਿਸ਼ਲੇਸ਼ਣ ਤਕਨਾਲੋਜੀ ਦੀ ਵਰਤੋਂ ਕਰਕੇ ਵ੍ਹੇਲ, ਡਾਲਫ਼ਿਨ ਅਤੇ ਹੋਰ ਸਮੁੰਦਰੀ ਸਤਨਧਾਰੀ ਜੀਵਾਂ ਦੀ ਮੌਜੂਦਗੀ ਦਾ ਪਤਾ ਲਗਾਇਆ ਜਾ ਸਕਦਾ ਹੈ। ਇਸ ਨਾਲ ਖ਼ਤਰੇ ਵਿਚ ਪਈਆਂ ਪ੍ਰਜਾਤੀਆਂ ਦੀ ਰੱਖਿਆ ਲਈ ਸਮੇਂ ਸਿਰ ਕਦਮ ਚੁੱਕੇ ਜਾ ਸਕਦੇ ਹਨ।

ਸਮੁੰਦਰੀ ਪ੍ਰਦੂਸ਼ਣ, ਖਾਸ ਕਰਕੇ ਪਲਾਸਟਿਕ ਕੂੜਾ, ਅੱਜ ਇੱਕ ਵੱਡੀ ਵਿਸ਼ਵ ਪੱਧਰੀ ਸਮੱਸਿਆ ਬਣ ਚੁੱਕੀ ਹੈ। ਹਰ ਸਾਲ ਲੱਖਾਂ ਟਨ ਪਲਾਸਟਿਕ ਸਮੁੰਦਰਾਂ ਵਿਚ ਪਹੁੰਚਦਾ ਹੈ, ਜੋ ਸਮੁੰਦਰੀ ਜੀਵਾਂ ਅਤੇ ਪਰਿਸਥਿਤਿਕ ਤੰਤਰਾਂ ਲਈ ਖ਼ਤਰਾ ਬਣਦਾ ਹੈ। ਏਆਈ ਅਧਾਰਿਤ ਚਿੱਤਰ ਵਿਸ਼ਲੇਸ਼ਣ ਤਕਨਾਲੋਜੀਆਂ ਸਮੁੰਦਰ ਵਿਚ ਤੈਰ ਰਹੇ ਪਲਾਸਟਿਕ ਅਤੇ ਹੋਰ ਕੂੜੇ ਦੀ ਪਛਾਣ ਕਰ ਸਕਦੀਆਂ ਹਨ। ਡਰੋਨ ਅਤੇ ਰੋਬੋਟਿਕ ਪ੍ਰਣਾਲੀਆਂ ਪ੍ਰਦੂਸ਼ਣ ਵਾਲੇ ਖੇਤਰਾਂ ਦਾ ਨਕਸ਼ਾ ਤਿਆਰ ਕਰਦੀਆਂ ਹਨ ਅਤੇ ਸਫ਼ਾਈ ਮੁਹਿੰਮਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਵਿਚ ਮਦਦ ਕਰਦੀਆਂ ਹਨ।

ਦੁਨੀਆ ਦੀਆਂ ਕਈ ਪ੍ਰਮੁੱਖ ਸੰਸਥਾਵਾਂ ਸਮੁੰਦਰੀ ਸੰਭਾਲ ਲਈ ਇਨ੍ਹਾਂ ਤਕਨਾਲੋਜੀਆਂ ਦੀ ਵਰਤੋਂ ਕਰ ਰਹੀਆਂ ਹਨ। ਸੰਯੁਕਤ ਰਾਸ਼ਟਰ ਨੇ ਟਿਕਾਊ ਵਿਕਾਸ ਲਈ ਸਮੁੰਦਰੀ ਵਿਗਿਆਨ ਦੇ ਦਹਾਕੇ ਦੌਰਾਨ ਡਿਜੀਟਲ ਨਵੀਨਤਾ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ ਹੈ। ਯੂਨੈਸਕੋ, ਨਾਸਾ, ਅਮਰੀਕਾ ਦੀ ਐਨਓਏਏ ਅਤੇ ਯੂਰਪੀ ਸੰਘ ਦਾ ਕੋਪਰਨਿਕਸ ਪ੍ਰੋਗਰਾਮ ਸਮੁੰਦਰੀ ਨਿਗਰਾਨੀ ਅਤੇ ਜਲਵਾਯੂ ਅਧਿਐਨ ਵਿਚ ਏਆਈ ਦੀ ਵਰਤੋਂ ਕਰ ਰਹੇ ਹਨ। ਇਹ ਸੰਸਥਾਵਾਂ ਵਿਸ਼ਾਲ ਪੱਧਰ 'ਤੇ ਡਾਟਾ ਇਕੱਠਾ ਕਰਕੇ ਸਮੁੰਦਰੀ ਵਾਤਾਵਰਣ ਦੀ ਬਿਹਤਰ ਸਮਝ ਵਿਕਸਤ ਕਰਨ ਲਈ ਕੰਮ ਕਰ ਰਹੀਆਂ ਹਨ।

ਭਾਰਤ ਵੀ ਇਸ ਖੇਤਰ ਵਿਚ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। 7,500 ਕਿਲੋਮੀਟਰ ਤੋਂ ਵੱਧ ਲੰਬੀ ਤੱਟ-ਰੇਖਾ ਵਾਲੇ ਭਾਰਤ ਲਈ ਸਮੁੰਦਰੀ ਨਿਗਰਾਨੀ ਆਰਥਿਕ ਅਤੇ ਵਾਤਾਵਰਣਕ ਦ੍ਰਿਸ਼ਟੀ ਨਾਲ ਬਹੁਤ ਮਹੱਤਵਪੂਰਨ ਹੈ। ਧਰਤੀ ਵਿਗਿਆਨ ਮੰਤਰਾਲਾ, ਇੰਡੀਅਨ ਨੈਸ਼ਨਲ ਸੈਂਟਰ ਫਾਰ ਓਸ਼ਨ ਇਨਫਾਰਮੇਸ਼ਨ ਸਰਵਿਸਿਜ਼ (INCOIS), ਇਸਰੋ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਓਸ਼ਨ ਟੈਕਨਾਲੋਜੀ ਸਮੁੰਦਰੀ ਖੋਜ ਅਤੇ ਨਿਗਰਾਨੀ ਨੂੰ ਮਜ਼ਬੂਤ ਕਰਨ ਲਈ ਕਈ ਪ੍ਰੋਜੈਕਟ ਚਲਾ ਰਹੇ ਹਨ। ਭਾਰਤ ਦਾ 'ਡੀਪ ਓਸ਼ਨ ਮਿਸ਼ਨ' ਡੂੰਘੇ ਸਮੁੰਦਰੀ ਖੇਤਰਾਂ ਦੀ ਖੋਜ, ਸਰੋਤਾਂ ਦੇ ਮੁਲਾਂਕਣ ਅਤੇ ਵਿਗਿਆਨਕ ਅਧਿਐਨ ਨੂੰ ਉਤਸ਼ਾਹਿਤ ਕਰ ਰਿਹਾ ਹੈ। ਏਆਈ ਅਧਾਰਿਤ ਪ੍ਰਣਾਲੀਆਂ ਚੱਕਰਵਾਤਾਂ ਦੀ ਭਵਿੱਖਬਾਣੀ, ਸੁਨਾਮੀ ਚੇਤਾਵਨੀ ਅਤੇ ਮੱਛੀ ਪਕੜਨ ਸੰਬੰਧੀ ਸਲਾਹਾਂ ਨੂੰ ਹੋਰ ਸਹੀ ਬਣਾਉਣ ਵਿਚ ਮਦਦ ਕਰ ਰਹੀਆਂ ਹਨ।

ਸਮੁੰਦਰਾਂ ਦਾ ਆਰਥਿਕ ਮਹੱਤਵ ਵੀ ਬੇਹੱਦ ਵੱਡਾ ਹੈ। ਵਿਸ਼ਵ ਦੀ 'ਬਲੂ ਇਕਾਨੋਮੀ' ਖਰਬਾਂ ਡਾਲਰ ਦੀ ਆਰਥਿਕ ਗਤੀਵਿਧੀ ਨੂੰ ਸਮਰਥਨ ਦਿੰਦੀ ਹੈ ਅਤੇ ਕਰੋੜਾਂ ਲੋਕਾਂ ਨੂੰ ਰੋਜ਼ਗਾਰ ਪ੍ਰਦਾਨ ਕਰਦੀ ਹੈ। ਮੱਛੀ ਪਾਲਣ, ਸੈਰ-ਸਪਾਟਾ, ਜਹਾਜ਼ਰਾਨੀ, ਨਵੀਨੀਕਰਨਯੋਗ ਊਰਜਾ ਅਤੇ ਤੱਟੀ ਵਿਕਾਸ ਵਰਗੇ ਖੇਤਰ ਸਿੱਧੇ ਤੌਰ 'ਤੇ ਸਮੁੰਦਰਾਂ ਨਾਲ ਜੁੜੇ ਹੋਏ ਹਨ। ਓਸ਼ਨ ਇੰਟੈਲੀਜੈਂਸ ਸਿਸਟਮ ਇਨ੍ਹਾਂ ਖੇਤਰਾਂ ਵਿਚ ਬਿਹਤਰ ਫ਼ੈਸਲੇ ਲੈਣ, ਖ਼ਤਰਿਆਂ ਨੂੰ ਘਟਾਉਣ ਅਤੇ ਸਰੋਤਾਂ ਦੀ ਟਿਕਾਊ ਵਰਤੋਂ ਨੂੰ ਯਕੀਨੀ ਬਣਾਉਣ ਵਿਚ ਸਹਾਇਤਾ ਕਰਦੇ ਹਨ।

ਹਾਲਾਂਕਿ ਇਨ੍ਹਾਂ ਤਕਨਾਲੋਜੀਆਂ ਸਾਹਮਣੇ ਕੁਝ ਚੁਣੌਤੀਆਂ ਵੀ ਹਨ। ਉੱਚ ਲਾਗਤ, ਸੈਂਸਰਾਂ ਦੀ ਸੰਭਾਲ, ਡਾਟੇ ਦੀ ਗੁਣਵੱਤਾ ਅਤੇ ਸਾਈਬਰ ਸੁਰੱਖਿਆ ਵਰਗੇ ਮੁੱਦੇ ਅਜੇ ਵੀ ਧਿਆਨ ਦੀ ਮੰਗ ਕਰਦੇ ਹਨ। ਸਮੁੰਦਰ ਕਿਸੇ ਇੱਕ ਦੇਸ਼ ਦੀ ਸੀਮਾ ਵਿਚ ਨਹੀਂ ਬੱਝੇ ਹੋਏ, ਇਸ ਲਈ ਅੰਤਰਰਾਸ਼ਟਰੀ ਸਹਿਯੋਗ ਵੀ ਬਹੁਤ ਜ਼ਰੂਰੀ ਹੈ। ਡਾਟਾ ਸਾਂਝਾ ਕਰਨ, ਨਿਯਮਾਂ ਦੀ ਇਕਸਾਰਤਾ ਅਤੇ ਤਕਨਾਲੋਜੀ ਤੱਕ ਬਰਾਬਰ ਪਹੁੰਚ ਵਰਗੇ ਮਸਲਿਆਂ ਦਾ ਹੱਲ ਲੱਭਣਾ ਵੀ ਲਾਜ਼ਮੀ ਹੈ।

ਭਵਿੱਖ ਵੱਲ ਦੇਖਿਆ ਜਾਵੇ ਤਾਂ ਓਸ਼ਨ ਇੰਟੈਲੀਜੈਂਸ ਸਿਸਟਮ ਸਮੁੰਦਰੀ ਵਿਗਿਆਨ ਨੂੰ ਇੱਕ ਨਵੀਂ ਦਿਸ਼ਾ ਦੇ ਸਕਦੇ ਹਨ। ਖੋਜਕਾਰ 'ਡਿਜੀਟਲ ਟਵਿਨ ਆਫ਼ ਓਸ਼ਨ' ਵਰਗੀਆਂ ਪ੍ਰਣਾਲੀਆਂ ਵਿਕਸਤ ਕਰ ਰਹੇ ਹਨ, ਜਿਨ੍ਹਾਂ ਰਾਹੀਂ ਸਮੁੰਦਰੀ ਵਾਤਾਵਰਣ ਦੇ ਵਰਚੁਅਲ ਮਾਡਲ ਬਣਾਏ ਜਾ ਸਕਣਗੇ ਅਤੇ ਭਵਿੱਖ ਦੀਆਂ ਤਬਦੀਲੀਆਂ ਦੀ ਪਹਿਲਾਂ ਹੀ ਭਵਿੱਖਬਾਣੀ ਕੀਤੀ ਜਾ ਸਕੇਗੀ। ਹੋਰ ਸਹੀ ਮੌਸਮ ਅਨੁਮਾਨ, ਸਵੈਚਾਲਿਤ ਸਮੁੰਦਰੀ ਨਿਗਰਾਨੀ ਕੇਂਦਰ, ਸਵਾਰਮ ਰੋਬੋਟਿਕਸ ਅਤੇ ਉੱਨਤ ਸੰਚਾਰ ਤਕਨਾਲੋਜੀਆਂ ਇਸ ਖੇਤਰ ਨੂੰ ਹੋਰ ਮਜ਼ਬੂਤ ਬਣਾਉਣਗੀਆਂ। ਸਮੁੰਦਰ ਮਨੁੱਖਤਾ ਦੀਆਂ ਸਭ ਤੋਂ ਕੀਮਤੀ ਧਰੋਹਰਾਂ ਵਿਚੋਂ ਇੱਕ ਹਨ, ਪਰ ਉਹ ਅੱਜ ਕਈ ਖ਼ਤਰਿਆਂ ਨਾਲ ਘਿਰੇ ਹੋਏ ਹਨ। ਉਨ੍ਹਾਂ ਦੀ ਰੱਖਿਆ ਲਈ ਸਹੀ ਜਾਣਕਾਰੀ, ਵਿਗਿਆਨਕ ਸਮਝ ਅਤੇ ਪ੍ਰਭਾਵਸ਼ਾਲੀ ਪ੍ਰਬੰਧਨ ਦੀ ਲੋੜ ਹੈ। ਓਸ਼ਨ ਇੰਟੈਲੀਜੈਂਸ ਸਿਸਟਮ ਕ੍ਰਿਤ੍ਰਿਮ ਬੁੱਧੀਮਤਾ, ਡਾਟਾ ਵਿਸ਼ਲੇਸ਼ਣ ਅਤੇ ਆਧੁਨਿਕ ਸੈਂਸਿੰਗ ਤਕਨਾਲੋਜੀਆਂ ਦੇ ਮਿਲਾਪ ਰਾਹੀਂ ਇਹ ਸੰਭਵ ਬਣਾ ਰਹੇ ਹਨ। ਜਿਵੇਂ-ਜਿਵੇਂ ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਵਧਣਗੀਆਂ, ਤਿਵੇਂ-ਤਿਵੇਂ ਇਹ ਪ੍ਰਣਾਲੀਆਂ ਸਮੁੰਦਰੀ ਪਰਿਸਥਿਤਿਕ ਤੰਤਰਾਂ ਦੀ ਸੁਰੱਖਿਆ, ਜੈਵਿਕ ਵਿਭਿੰਨਤਾ ਦੇ ਸੰਰੱਖਣ ਅਤੇ ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਵਿਚ ਹੋਰ ਵੀ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ। ਸਮੁੰਦਰਾਂ ਨੂੰ ਸਮਝਣਾ ਅਤੇ ਉਨ੍ਹਾਂ ਦੀ ਰੱਖਿਆ ਕਰਨਾ ਸਿਰਫ਼ ਵਿਗਿਆਨਕ ਲੋੜ ਹੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਸਾਡੀ ਜ਼ਿੰਮੇਵਾਰੀ ਵੀ ਹੈ।

*(ਪਿਛਲੇ ਸਫੇ ਦਾ ਬਾਕੀ)*

ਮੰਦਾਕਿਨੀ ਨੇ ਦੱਸਿਆ ਕਿ ਇੰਨੀ ਛੋਟੀ ਉਮਰ ਵਿਚ ਅਜਿਹਾ ਸੀਨ ਕਰਨ ਸਮੇਂ ਥੋੜ੍ਹੀ ਝਿਜਕ ਹੋਈ, ਤਾਂ ਰਾਜ ਕਪੂਰ ਦੇ ਕਹਿਣ 'ਤੇ ਉਸ ਨੇ ਸਾੜ੍ਹੀ ਨੂੰ ਦੋਹਰੀ (ਡਬਲ) ਕਰ ਲਿਆ, ਜਿਸ ਨਾਲ ਉਹ ਸ਼ਾਟ ਬਹੁਤ ਆਸਾਨੀ ਨਾਲ ਹੋ ਗਿਆ। ਉਸ ਨੇ ਕਿਹਾ ਕਿ ਫਿਲਮ ਦਾ ਨਿਚੋੜ ਗੰਗਾ ਦੀ ਪਵਿੱਤਰਤਾ ਨੂੰ ਦਰਸਾਉਣਾ ਸੀ ਅਤੇ ਉਸ ਨੂੰ ਇਸ ਵਿਚ ਕਿਤੇ ਵੀ ਅਸ਼ਲੀਲਤਾ ਜਾਂ ਘਿਨੌਣਾਪਨ ਮਹਿਸੂਸ ਨਹੀਂ ਹੋਇਆ।

ਉਸ ਨੇ ਸਾਫ਼ ਕੀਤਾ ਕਿ ਪਰਦੇ 'ਤੇ ਜੋ ਦਿਖਾਈ ਦਿੱਤਾ, ਅਸਲ ਵਿਚ ਕੋਈ ਬ੍ਰੈਸਟਫੀਡਿੰਗ ਨਹੀਂ ਹੋਈ ਸੀ। ਉਸ ਨੇ ਲੋ-ਕੱਟ ਕੱਪੜੇ ਪਾ ਕੇ ਬੱਚੇ ਨੂੰ ਸਰੀਰ ਨਾਲ ਘੁੱਟ ਕੇ ਫੜਿਆ ਹੋਇਆ ਸੀ, ਜੋ ਸਿਰਫ਼ ਕੈਮਰੇ ਦੇ ਐਂਗਲ ਅਤੇ ਫਿਲਮਾਂਕਣ ਦਾ ਕਮਾਲ ਸੀ। ਇਸ ਵਿਚ ਕੋਈ ਬਾਡੀ ਡਬਲ ਵੀ ਵਰਤਿਆ ਨਹੀਂ ਗਿਆ ਸੀ। ਬਾਅਦ ਵਿਚ ਜਦੋਂ ਹੋਰ ਫਿਲਮਾਂ ਵਿਚ ਅਜਿਹੇ ਸੀਨ ਮੰਗੇ ਗਏ, ਤਾਂ ਉਸ ਨੇ ਸਾਫ਼ ਇਨਕਾਰ ਕਰ ਦਿੱਤਾ।

ਰਾਜ ਕਪੂਰ ਦੇ ਬੇਟੇ ਅਤੇ ਆਪਣੇ ਕੋ-ਸਟਾਰ ਰਾਜੀਵ ਕਪੂਰ (ਜੋ ਉਦੋਂ 20-21 ਸਾਲ ਦੇ ਸਨ) ਬਾਰੇ ਮੰਦਾਕਿਨੀ ਨੇ ਦੱਸਿਆ ਕਿ ਉਹ ਸੁਭਾਅ ਦੇ ਬਹੁਤ ਚੰਗੇ ਅਤੇ ਪ੍ਰਤਿਭਾਸ਼ਾਲੀ ਸਨ। ਪਰ ਉਨ੍ਹਾਂ ਦੇ ਅੰਦਰ ਇੱਕ ਸੋਚ ਸੀ ਕਿ ਰਾਜ ਕਪੂਰ ਦਾ ਬੇਟਾ ਹੋਣ ਕਰਕੇ ਨਿਰਮਾਤਾ-ਨਿਰਦੇਸ਼ਕਾਂ ਨੂੰ ਖੁਦ ਰੋਲ ਲੈ ਕੇ ਉਨ੍ਹਾਂ ਕੋਲ ਆਉਣਾ ਚਾਹੀਦਾ ਹੈ। ਮੰਦਾਕਿਨੀ ਅਤੇ ਉਸ ਦੇ ਦੋਸਤਾਂ ਨੇ ਉਨ੍ਹਾਂ ਨੂੰ ਖੁਦ ਬਾਹਰ ਨਿਕਲ ਕੇ ਕੰਮ ਲੱਭਣ ਦੀ ਸਲਾਹ ਵੀ ਦਿੱਤੀ, ਪਰ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੋਇਆ। ਸ਼ਾਇਦ ਇਸੇ ਵਜ੍ਹਾ ਕਰਕੇ ਉਹ ਇੰਡਸਟਰੀ ਵਿਚ ਜ਼ਿਆਦਾ ਸਫ਼ਲ ਨਹੀਂ ਹੋ ਸਕੇ।

1990 ਦੇ ਦਹਾਕੇ ਵਿਚ ਦੁਬਈ ਵਿਚ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਨਾਲ ਮੰਦਾਕਿਨੀ ਦੀਆਂ ਤਸਵੀਰਾਂ ਸਾਹਮਣੇ ਆਉਣ ਤੋਂ ਬਾਅਦ ਉਸ ਦੇ ਕਰੀਅਰ ਨੂੰ ਵੱਡਾ ਝਟਕਾ ਲੱਗਾ, ਹਾਲਾਂਕਿ ਉਸ ਨੇ ਦਾਊਦ ਨਾਲ ਕਿਸੇ ਵੀ ਰੋਮਾਂਟਿਕ ਰਿਸ਼ਤੇ ਤੋਂ ਹਮੇਸ਼ਾ ਇਨਕਾਰ ਕੀਤਾ।

ਇਸ ਤੋਂ ਇਲਾਵਾ ਮੰਦਾਕਿਨੀ ਨੇ ਬਾਲੀਵੁੱਡ ਦੇ ਇੱਕ ਹੋਰ ਦੁਖਦ ਪਹਿਲੂ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਉਸ ਨੇ ਆਪਣੇ ਕਰੀਅਰ ਵਿਚ ਲਗਭਗ 16-17 ਫਿਲਮਾਂ ਵਿਚ ਕੰਮ ਕੀਤਾ, ਪਰ ਉਨ੍ਹਾਂ ਦੀ ਫੀਸ (ਭੁਗਤਾਨ) ਉਸ ਨੂੰ ਕਦੇ ਮਿਲੀ ਹੀ ਨਹੀਂ।

1990 ਵਿਚ ਮੰਦਾਕਿਨੀ ਨੇ ਸਾਬਕਾ ਬੋਧੀ ਭਿਕਸ਼ੂ ਡਾ. ਕਾਗਿਓਰ ਟੀ. ਰਿਨਪੋਚੇ ਠਾਕੁਰ ਨਾਲ ਵਿਆਹ ਕਰ ਲਿਆ। ਉਸ ਨੇ ਸੰਗੀਤਕਾਰ ਬੱਪੀ ਲਹਿਰੀ ਨਾਲ 'ਡਾਂਸਿੰਗ ਸਿਟੀ' ਨਾਂ ਦੀ ਪੌਪ ਐਲਬਮ ਵੀ ਕੀਤੀ ਸੀ। ਅੱਜ ਮੰਦਾਕਿਨੀ ਫਿਲਮੀ ਚਮਕ-ਧਮਕ ਤੋਂ ਦੂਰ ਮੁੰਬਈ ਵਿਚ ਇੱਕ ਤਿੱਬਤੀ ਹਰਬਲ ਸੈਂਟਰ ਅਤੇ ਯੋਗਾ ਕਲਾਸਾਂ ਚਲਾ ਕੇ ਸ਼ਾਂਤਮਈ ਜੀਵਨ ਬਤੀਤ ਕਰ ਰਹੀ ਹੈ।

## *ਪਾਰਟੀ ਪ੍ਰਧਾਨ ਆਪ ਤਾਂ ਡੁੱਬਦੇ ਨੇ, ਨਾਲ ਪੂਰੀ ਪਾਰਟੀ ਦਾ ਵੀ ਬੇੜਾ ਗਰਕ ਕਰ ਜਾਂਦੇ ਨੇ!*



ਹਾਈ ਕਮਾਂਡ' ਜਾਂ 'ਪਾਰਟੀ ਪ੍ਰਧਾਨ' ਦੇ ਬੂਹੇ ਅੱਗੇ ਕੁੱਤੇ-ਝਾਕ ਰੱਖ ਕੇ ਬੈਠੇ ਰਹਿਣਾ...ਦਿਲ ਤੇ ਦਿਮਾਗ ਗਹਿਣੇ ਧਰ ਕੇ ਸਦਾ ਜੀ-ਜੀ ਕਰਨਾ...ਜੇ ਕੋਈ ਸਵਾਲ ਉੱਠੇ ਵੀ ਤਾਂ ਡਿਸਪਲਿਨ ਦੇ ਨਾਂ 'ਤੇ ਅੰਦਰ ਹੀ ਨੱਪ ਲੈਣਾ...ਇਹ ਸਾਰੀਆਂ ਸਿਆਸੀ ਪਾਰਟੀਆਂ ਦੇ ਅੰਦਰ ਦਾ ਮਾਹੌਲ ਹੈ। ਵਰਕਰਾਂ ਨੂੰ ਦਬਾ ਕੇ ਰੱਖਣ ਦੇ ਆਦੀ ਆਗੂ ਜਦੋਂ ਸੱਤਾ ਵਿਚ ਆਉਂਦੇ ਹਨ, ਉਹ ਲੋਕਾਂ ਨੂੰ ਵੀ ਦਬਾਉਣ ਲੱਗਦੇ ਹਨ।

ਨਜ਼ਰ ਮਾਰ ਕੇ ਵੇਖੋ, ਹੈ ਦੇਸ਼ ਦੀ ਕਿਸੇ ਪਾਰਟੀ ਅੰਦਰ ਡੈਮੋਕ੍ਰੇਟਿਕ ਮਾਹੌਲ! ਕਰ ਸਕਦਾ ਹੈ ਕੋਈ ਮੁੱਦੇ ਦੀ ਗੱਲ! ਖੋਲ੍ਹ ਸਕਦਾ ਹੈ ਕੋਈ ਮੂੰਹ ਪਾਰਟੀ ਪ੍ਰਧਾਨਾਂ ਤੇ ਉਸ ਦੇ ਚਮਚੀ-ਸਰਕਲ ਅੱਗੇ? ਉਸੇ ਵੇਲੇ ਖੂੰਜੇ ਲਾ ਦਿੱਤਾ ਜਾਵੇਗਾ ਜਾਂ ਕੱਢ ਦਿੱਤਾ ਜਾਵੇਗਾ।

ਸਵਾਲ ਇਹ ਹੈ, ਜਿਹੜਾ ਪਾਰਟੀ ਦੇ ਅੰਦਰ ਮੁੱਦਾ ਨਹੀਂ ਚੁੱਕ ਸਕਦਾ, ਉਹ ਬਾਹਰ ਕੀ ਚੁੱਕੇਗਾ? ਜੋ ਪਾਰਟੀ ਦਾ ਕੁਝ ਨਹੀਂ ਸੁਆਰ ਸਕਦਾ, ਉਹ ਪੰਜਾਬ ਦਾ ਕੀ ਸੁਆਰੇਗਾ? ਪਰ ਅਫ਼ਸੋਸ! ਸਭ ਪਾਰਟੀਆਂ ਨੂੰ ਇਹੋ ਜਿਹੇ ਘੁੱਗੂ-ਘੋੜੇ ਹੀ ਚਾਹੀਦੇ ਹਨ। ਬੋਲਣ ਵਾਲਾ ਤਾਂ ਪਾਰਟੀ ਦਫ਼ਤਰ ਦੇ ਨੇੜਿਓਂ ਲੰਘਦਾ ਵੀ ਨਜ਼ਰ ਨਹੀਂ ਆਉਣਾ ਚਾਹੀਦਾ। ਸਿੱਟਾ ਇਹ ਨਿਕਲਦਾ ਹੈ, ਪਾਰਟੀ ਪ੍ਰਧਾਨ ਆਪ ਤਾਂ ਡੁੱਬਦੇ ਹੀ ਹਨ, ਨਾਲ ਪੂਰੀ ਪਾਰਟੀ ਦਾ ਬੇੜਾ ਗਰਕ ਕਰ ਜਾਂਦੇ ਹਨ।

***-ਪਾਲੀ ਭੁਪਿੰਦਰ***

# ਕਿੰਨੇ ਸੰਵੇਦਨਸ਼ੀਲ ਹਾਂ ਅਸੀਂ !

19 ਸਤੰਬਰ 2026 ਦੇ 'ਇੰਡੀਅਨ ਐਕਸਪ੍ਰੈਸ' ਦੇ ਪਹਿਲੇ ਸਫ਼ੇ 'ਤੇ ਆਈ.ਆਈ.ਟੀ.-ਬੰਬੇ ਦੇ ਵੀਹ ਸਾਲਾ ਵਿਦਿਆਰਥੀ, ਸਾਹਿਲ ਵਕੋਦੇ ਦੀ ਆਤਮ-ਹੱਤਿਆ ਬਾਰੇ ਛਪੀ ਖਬਰ ਨੇ ਬਹੁਤ ਬੇਚੈਨ ਕੀਤਾ। ਸਾਹਿਲ ਵਕੋਦੇ ਨੇ ਇਮਿਤਿਹਾਨ ਵਿਚ ਅਣਉਚਿਤ ਸਾਧਨ ਵਰਤੇ ਜਾਂ ਨਹੀਂ ਅਤੇ ਪ੍ਰੋਫੈਸਰ ਸੂਰਿਆ ਨਰਾਇਣ ਦੂਲਾ ਨੇ ਉਸ ਨੂੰ ਗਲਤ ਢੰਗ ਨਾਲ ਫਸਾਇਆ ਜਾਂ ਨਹੀਂ- ਇਹ ਤਾਂ ਜਾਂਚ ਤੋਂ ਬਾਅਦ ਹੀ ਸਾਹਮਣੇ ਆਵੇਗਾ, ਪਰ ਖਬਰ 'ਤੇ ਪਹਿਲੀ ਨਜ਼ਰ ਇਸ ਗੱਲ ਵੱਲ ਇਸ਼ਾਰਾ ਕਰ ਰਹੀ ਸੀ ਕਿ ਪ੍ਰੋ. ਸਾਹਿਬ ਸਾਹਿਲ ਵਕੋਦੇ ਨੂੰ ਦਲਿਤ ਹੋਣ ਦੇ ਨਾਤੇ ਕਿਵੇਂ ਨਾ ਕਿਵੇਂ ਪ੍ਰੇਸ਼ਾਨ ਕਰਦੇ ਰਹੇ ਹੋਣਗੇ। ਮੇਰੇ ਜ਼ਿਹਨ 'ਚ ਇਹ ਨਹੀਂ ਆ ਰਿਹਾ ਕਿ ਵਕੋਦੇ ਨਕਲ ਕਰ ਰਿਹਾ ਹੋਵੇਗਾ, ਕਿਉਂਕਿ ਨਕਲਾਂ ਮਾਰਨ ਵਾਲੇ ਆਈ.ਆਈ.ਟੀ. ਵਿਚ ਦਾਖਲਾ ਨਹੀਂ ਲੈ ਸਕਦੇ। ਇਹ ਸਾਰੇ ਬੱਚੇ ਮਿਹਨਤੀ ਹੁੰਦੇ ਹਨ

**ਜਗਰੂਪ ਸਿੰਘ**
**ਆਈ.ਆਰ.ਐਸ. (ਰਿਟਾ.)**
**ਫੋਨ: 98888-28406**

ਅਤੇ ਫਿਰ ਦਾਖਲਾ ਵੀ ਸਰਬ-ਭਾਰਤੀ ਪੱਧਰ ਦੇ ਮੁਕਾਬਲੇ ਦੇ ਇਮਿਤਹਾਨ ਰਾਹੀਂ ਹੁੰਦਾ ਹੈ। ਨਕਲ ਗਰੀਬ ਦੇ ਵਸ ਦਾ ਰੋਗ ਵੀ ਨਹੀਂ...ਪੈਸੇ ਵਾਲੇ ਜਾਂ ਬਦਮਾਸ ਕਿਸਮ ਦੇ ਲੋਕ ਹੀ ਨਕਲ ਮਾਰ ਸਕਦੇ ਹਨ। ਨਕਲ ਮਰਵਾਉਣ ਵਾਲੇ ਵੀ ਘੱਟ ਨਹੀਂ ਹੁੰਦੇ। ਗਰੀਬ ਵਿਦਿਆਰਥੀ ਜਮਾਤਾਂ ਅਤੇ ਇਮਿਤਹਾਨਾਂ ਦੇ ਸਮੁੰਦਰ ਨਕਲ ਮਾਰ ਕੇ ਨਹੀਂ ਤੈਰ ਸਕਦਾ। ਸ਼ੁਭ ਸੰਕੇਤ ਹੈ ਕਿ ਆਈ.ਆਈ.ਟੀ. ਬੰਬੇ ਦੇ ਵਿਦਿਆਰਥੀ ਇਸ ਘਟਨਾ ਦੀ ਨਿਰਪੱਖ ਜਾਂਚ ਮੰਗ ਰਹੇ ਹਨ ਅਤੇ ਜਾਂਚ ਨਿਰਪੱਖ ਹੋਣੀ ਹੀ ਚਾਹੀਦੀ ਹੈ। ਪ੍ਰਬੰਧਕਾਂ ਨੇ ਪ੍ਰੋ. ਸਾਹਿਬ ਨੂੰ ਡੀਨ (ਵਿਦਿਆਰਥੀ) ਦੀ ਅਸਾਮੀ ਤੋਂ ਲਾਂਭੇ ਵੀ ਕਰ ਦਿੱਤਾ ਹੈ। ਪ੍ਰੋ. ਸਾਹਿਬ ਦੇ ਹੱਕ 'ਚ ਆਈ.ਆਈ.ਟੀ. ਬੰਬੇ ਦੀ ਫੈਕਲਟੀ ਪ੍ਰਦਰਸ਼ਨ ਕਰ ਰਹੀ ਹੈ। ਦਿੱਲੀ ਅਤੇ ਚੇਨਈ ਦੇ ਆਈ.ਆਈ.ਟੀਜ. ਦੀਆਂ ਫੈਕਲਟੀਜ਼ ਵੀ ਉਸ ਨਾਲ ਆ ਖੜ੍ਹੀਆਂ ਹਨ। ਹੈਰਾਨੀ ਹੁੰਦੀ ਹੈ ਕਿ ਆਤਮ-ਹੱਤਿਆ ਕਰਨ ਵਾਲੇ ਗਰੀਬ ਦਲਿਤ ਦੇ ਹੱਕ 'ਚ ਨਾ ਦਿੱਲੀ ਅਤੇ ਨਾ ਚੇਨਈ ਹਿੱਲੀ ਹੈ।

ਲਿਖਦੇ-ਲਿਖਦੇ ਮੈਂ ਆਪਣੇ ਬਚਪਨ ਦੇ ਸਕੂਲਾਂ ਅਤੇ ਕਾਲਜਾਂ ਵਿਚੋਂ ਲੰਘਦਾ ਯੂਨੀਵਰਸਟੀ ਪਹੁੰਚ ਜਾਂਦਾ ਹਾਂ। ਬਚਪਨ ਵਿਚ ਜੋ ਵਰਤਾਰਾ ਅਸੀਂ ਦੇਖਦੇ ਹਾਂ, ਉਹ ਹੀ ਜ਼ਿੰਦਗੀ ਦੀ ਸਚਾਈ ਦਿਖਾਈ ਦਿੰਦਾ ਹੈ। ਸਕੂਲ ਵਿਚ ਥੱਪੜ, ਡੰਡੇ ਵੱਜਣੇ ਆਮ ਗੱਲ ਸੀ। ਸਾਨੂੰ ਸਿਰਫ ਇਹ ਲਗਦਾ ਸੀ ਕਿ ਮਾਸਟਰ ਜੀ ਸਾਨੂੰ ਪੜ੍ਹਾਉਣ ਵਾਸਤੇ ਹੀ ਮਾਰਦੇ ਸਨ— ਇਹ ਗੱਲ ਅੱਜ ਦੇ ਸੰਦਰਭ ਵਿਚ ਠੀਕ ਵੀ ਸੀ ਪਰ ਹੁਣ ਪਿੱਛਲਝਾਤ ਮਾਰਿਆਂ ਅਜਿਹਾ ਨਹੀਂ ਲਗਦਾ।

1952-53 ਵਿਚ ਜਦ ਅਸੀਂ ਪਹਿਲੀ ਦੂਜੀ ਜਮਾਤ 'ਚ ਸਾਂ, ਅਖੌਤੀ ਨੀਵੀਂ ਜਾਤ ਦੇ ਬੱਚੇ ਅਲੱਗ ਤੱਪੜਾਂ 'ਤੇ ਬੈਠਦੇ, ਉਨ੍ਹਾਂ ਨੂੰ ਆਪ ਨਲਕਾ ਗੇੜ ਕੇ ਪਾਣੀ ਪੀਣ ਦੀ ਇਜਾਜਤ ਨਹੀਂ ਸੀ, ਮਾਸਟਰ ਜੀ ਉਨ੍ਹਾਂ 'ਤੇ ਡੰਡਾ ਦੂਰੋਂ ਹੀ ਵਗਾਹ ਮਾਰਦੇ...ਮਾਰਨਾ ਕਿਸੇ ਦੇ ਹੁੰਦਾ ਵਜਦਾ ਕਿਸੇ ਦੇ। ਸਾਨੂੰ ਲਗਦਾ ਇਹ ਇਵੇਂ ਹੀ ਹੋਣਾ ਹੈ। ਪੰਜਵੀਂ ਜਮਾਤ ਵਿਚ ਇੱਕ ਦਿਨ ਮਾਸਟਰ ਜੀ ਨੇ ਅਜਿਹਾ ਥੱਪੜ ਜੜਿਆ ਕਿ ਨੱਕ ਚੋਂ ਖੂਨ ਵਹਿਣ ਲੱਗਾ। ਹਾਲਾਂ ਕਿ ਮੈਂ ਮਾਨੀਟਰ ਸੀ। ਉਸ ਦਿਨ ਚਾਚਾ ਜੀ ਸਕੂਲ ਆਏ ਹੋਏ ਸਨ। ਉਨ੍ਹਾਂ ਨੂੰ ਮਾਸਟਰ ਜੀ ਤੇ ਬਹੁਤ ਗੁੱਸਾ ਆਇਆ ਸੀ— ਇਹ ਮੈਨੂੰ ਉਨ੍ਹਾਂ ਨੇ ਬਹੁਤ ਸਾਲਾਂ ਬਾਅਦ ਦੱਸਿਆ ਸੀ। ਅੱਜ ਮੈਨੂੰ ਲੱਗਦਾ ਹੈ ਕਿ ਮਾਸਟਰ ਜੀ ਥੱਪੜ ਰਾਹੀਂ ਚਾਚਾ ਜੀ ਨੂੰ ਸੁਨੇਹਾ ਦੇਣਾ ਚਾਹੁੰਦੇ ਸਨ...ਲੈ ਜਾ" ਇਹਨੂੰ...ਜਿਆਦਾ ਹੀ ਹੁਸ਼ਿਆਰ ਹੈ...ਪੜ੍ਹ ਜਾਵੇਗਾ, ਪਰ ਅਸੀਂ ਨਹੀਂ ਚਾਹੁੰਦੇ ਕਿ...ਇਹੋ ਜਿਹਾ ਵਰਤਾਰਾ ਹੀ ਬਾਲਕ ਡਾ. ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨਾਲ ਮਹਾਰਾਸ਼ਟਰ ਵਿਚ ਹੋਇਆ ਪੜ੍ਹ ਰਹੇ ਹਾਂ।



ਜਿਵੇਂ ਸਾਨੂੰ ਕੁੱਟ ਦਾ ਪਤਾ ਨਹੀਂ ਸੀ ਕਿਉਂ ਪੈ ਰਹੀ ਸੀ, ਉਵੇਂ ਹੀ ਸਾਨੂੰ ਇਹ ਪਤਾ ਨਾ ਲੱਗਿਆ ਕਿ ਪੇਂਡੂ ਗਰੀਬ, ਖਾਸ ਕਰਕੇ ਦਲਿਤ, ਬੱਚਿਆਂ ਨੂੰ ਛੇਵੀਂ ਦੇ ਸਰਕਾਰੀ ਸ਼ਹਿਰੀ ਸਕੂਲ ਵਿਚ ਸੰਸਕ੍ਰਿਤ ਦਾ ਵਿਸ਼ਾ ਕਿਉਂ ਪੜ੍ਹਾਇਆ ਜਾ ਰਿਹਾ ਸੀ। ਪੇਂਡੂ ਖੇਤਰ ਵਿਚ ਵਿੱਦਿਆ ਬਾਰੇ ਆਮ ਜਾਣਕਾਰੀ ਨਾ ਹੋਣ ਕਰਕੇ ਮਾਂ-ਬਾਪ ਜਾਂ ਹੋਰ ਰਿਸ਼ਤੇਦਾਰ ਮਿੱਤਰ ਕੋਈ ਅਗਵਾਈ ਨਹੀਂ ਕਰ ਸਕਦੇ ਸਨ। ਇਹ ਵੀ ਜਦ ਅੱਧੀ ਉਮਰ ਲੰਘ ਗਈ ਤਦ ਪਤਾ ਲੱਗਿਆ ਕਿ ਸ਼ਾਸ਼ਤਰੀ ਜੀ ਦੀ ਨੌਕਰੀ ਕਾਇਮ ਰੱਖਣ ਲਈ ਦਲਿਤਾਂ ਅਤੇ ਪੇਂਡੂ ਗਰੀਬ ਬੱਚਿਆਂ ਦੀ ਬਲੀ ਦਿੱਤੀ ਗਈ ਸੀ। ਕੌਣ ਸ਼ਹਿਰੀ ਬੱਚਾ ਪੜ੍ਹਦਾ ਸੀ ਸੰਸਕ੍ਰਿਤ ਉਨ੍ਹਾਂ ਸਮਿਆਂ 'ਚ? ਇਹ ਇੱਕ ਲੁਕਵਾਂ ਹਥਿਆਰ ਸੀ। ਇਹ ਵੱਖਰੀ ਗੱਲ ਹੈ ਕਿ ਹਾਲਾਤ ਨੇ ਇਸ ਵਿਸ਼ੇ ਤੋਂ ਸਾਡਾ ਖਹਿੜ੍ਹਾ ਛੁਡਾ ਦਿੱਤਾ ਸੀ।

ਹੁਣ ਮੈਂ ਪੌੜੀ ਦੇ ਅੱਠਵੇਂ ਡੰਡੇ 'ਤੇ ਪਹੁੰਚ ਗਿਆ ਹਾਂ। ਕਲਾਸ ਇੰਚਾਰਜ ਹਰ ਰੋਜ ਸੂਈ ਕੁੱਤੀ ਵਾਂਗ ਵੱਢ-ਖਾਣ ਨੂੰ ਪੈਂਦਾ। ਹਰ ਰੋਜ ਥੱਪੜ ਤੇ ਥੱਪੜ...ਫਿਰ ਉਸ ਨੇ ਇੱਕ ਦਿਨ ਜ਼ੋਰ ਦਾ ਥੱਪੜ ਮਾਰਦੇ ਆਪਣੇ ਦਿਲ ਦੀ ਭੜ੍ਹਾਸ ਵੀ ਕੱਢ ਹੀ ਲਈ...ਪਤਾ ਨਹੀਂ ਕਿੱਥੋਂ ਰੂੜੀਆਂ ਤੋਂ ਉੱਠ ਕੇ ਆ ਜਾਂਦੇ ਨੇ...ਪੜ੍ਹਨ। ਇਹ ਬੋਲ ਅੱਜ ਵੀ ਮੇਰੇ ਕੰਨਾਂ ਵਿਚ ਗੂੰਜ ਰਹੇ ਹਨ। ਉਸ ਦਿਨ ਦੂਸਰੇ ਬੱਚੇ ਕੰਬ ਉੱਠੇ ਸਨ। ਮਾਸਟਰ ਜੀ ਦੇ ਗੰਜ 'ਤੇ ਰਹਿੰਦੇ ਚਾਰ ਵਾਲ ਖੜ੍ਹੇ ਹੋ ਗਏ ਸਨ। ਉਹ ਡਰਾਵਣਾ ਦਿਖਣ ਲੱਗ ਪਏ ਸਨ। ਮੇਰੇ ਅੰਦਰੋਂ ਇੱਕ ਅਦਿੱਖ ਤਾਕਤ ਬੋਲ ਪਈ ਸੀ...ਮੈਂ ਹਿੰਮਤ ਕਰਕੇ ਉਨ੍ਹਾਂ ਵੱਲ ਦੇਖਦਿਆਂ ਕਿਹਾ- 'ਮਾਸਟਰ ਜੀ ਤੁਸੀਂ ਮੈਨੂੰ ਐਵੇਂ ਰੋਜ ਕੁੱਟੀਂ ਜਾਂਦੇ ਹੋ, ਜੇਕਰ ਅੰਗਰੇਜ਼ੀ 'ਚੋਂ ਫੇਲ੍ਹ ਹੋ ਗਿਆ ਤਾਂ ਮੇਰੀ ਜਾਨ ਕੱਢ ਲੈਣਾ। ਕੁੱਟ ਬੰਦ ਹੋ ਗਈ ਸੀ। ਮੈਂ ਅੰਗਰੇਜ਼ੀ ਚੋਂ 72 ਫੀ ਸਦ ਅੰਕ ਪ੍ਰਾਪਤ ਕਰਕੇ ਪਾਸ ਹੋ ਗਿਆ ਸੀ।

ਦਸਵੀਂ ਜਮਾਤ ਦੇ ਵਿਸ਼ੇ ਲੈਣ ਵੇਲੇ ਮਾਸਟਰ ਜੀ ਨੇ ਕੱਪੜੇ ਦੇਖ ਕੇ ਲਾਈਨ ਵਿਚੋਂ ਬਾਹਰ ਕੱਢ ਕੇ ਟਿੱਪਣੀ ਕੀਤੀ...ਕਿਆ ਆਪ ਕੇ ਮਾਤਾ-ਪਿਤਾ ਡਾਕਟਰੀ ਕੀ ਫੀਸ ਭਰ ਦੇਂਗੇ (ਮਾਸਟਰ ਜੀ ਬੋਲਣ ਵੇਲੇ ਨੱਕ ਦਾ ਇਸਤੇਮਾਲ ਜਿਆਦਾ ਕਰਦੇ ਸਨ) ਗਰੀਬੀ ਬੋਲ ਕੇ ਜ਼ਲੀਲ ਨਹੀਂ ਕਰਦੀ ਪਰ ਉਹ ਤਾਂ ਬੋਲਣ ਤੋਂ ਵੀ ਗੁਰੇਜ਼ ਨਹੀਂ ਕਰਦੇ ਸਨ। ਇਨ੍ਹਾਂ ਕੱਪੜਿਆਂ ਨੇ ਹੀ ਕਾਲਜ ਪ੍ਰਿੰਸੀਪਲ ਨੂੰ ਬਹਾਨਾ ਦੇ ਦਿੱਤਾ ਕਿ ਉਹ ਸਾਇੰਸ ਵਿਸ਼ਿਆਂ ਵਿਚ ਦਾਖਲਾ ਦੇਣ 'ਤੋਂ ਸਿੱਧਾ ਇਨਕਾਰ ਕਰਨ ਦੀ ਬਜਾਏ 'ਹੋਸਟਲ ਵਿਚ ਰਹਿਣ' ਦੀ ਸ਼ਰਤ ਲਗਾ ਦੇਵੇ। ਉਹ ਜਾਣਦੇ ਸਨ ਕਿ ਗਰੀਬੀ ਇਸ ਨੂੰ ਹੋਸਟਲ ਵਿਚ ਰਹਿਣ ਦੀ ਇਜਾਜਤ ਨਹੀਂ ਦਿੰਦੀ ਸੀ। ਉਹ ਸ਼ਰਤ ਵੀ ਕਿਸੇ ਅਦਿੱਖ ਹੱਥ ਨੇ ਹਟਵਾ ਦਿੱਤੀ ਸੀ। ਕਾਲਜ ਦੇ ਚਾਰ ਸਾਲਾਂ ਦੌਰਾਨ ਉੱਚ-ਜਾਤੀਏ ਕਦੇ ਪ੍ਰਤੱਖ ਅਤੇ ਕਦੇ ਲੁਕਵੇਂ ਰੂਪ 'ਚ ਭੇਦ-ਭਾਵ ਕਰਦੇ। ਪਹਿਲੇ ਹੀ ਸਾਲ ਮੈਨੂੰ ਤੇ ਮੇਰੇ ਦੋਸਤ ਨੂੰ ਗਰੁੱਪ ਫੋਟੋ ਵਿਚੋਂ ਚਲਾਕੀ ਨਾਲ ਬਾਹਰ ਕਰ ਦਿੱਤਾ ਗਿਆ ਸੀ। ਲਾਇਬ੍ਰੇਰੀ ਵਿਚ ਉਪਲੱਭਧ ਮਹਿੰਗੀਆਂ ਕਿਤਾਬਾਂ ਸਾਡੇ ਹੱਥ ਹੀ ਨਾ ਲੱਗਣ ਦੇਣੀਆਂ। ਕਈ ਪ੍ਰੋਫੈਸਰ ਸਹਿਬਾਨ ਤਾਂ ਸਾਡੇ ਵੱਲ ਦੇਖਦੇ ਵੀ ਨਹੀਂ ਸਨ। ਖੈਰ ਬੀ.ਐਸ.ਸੀ ਵਿਚ ਇੱਕੋ-ਇੱਕ ਫਸਟ ਡਵੀਜਨ ਸੀ ਕਾਲਜ ਵਿਚ...ਉਹ ਦਾਸ ਦੇ ਹਿੱਸੇ ਸੀ।

ਯੂਨੀਵਰਸਟੀ ਨਵੀਂ-ਨਵੀਂ ਬਣੀ ਸੀ। ਜਿਆਦਾ ਕੁਝ ਨਹੀਂ ਵਾਪਰਿਆ। ਪਹਿਲੇ ਸਾਲ ਹਰਿਆਣੇ ਦਾ ਓਮ ਪ੍ਰਕਾਸ਼— ਜਿਸ ਦੇ ਅੰਦਰ ਓਮ ਦਾ ਪ੍ਰਕਾਸ਼ ਹੈ...ਜੱਗ ਦੇ ਰੂਪ (ਜਗਰੂਪ ਸਿੰਘ) ਦਾ ਦੋਸਤ ਬਣ ਜਾਂਦਾ ਹੈ। ਜਦ ਜੱਗ ਦੇ ਰੂਪ ਦਾ ਅਖੌਤੀ ਨੀਵੀਂ ਜਾਤ ਵਿਚ ਪ੍ਰਗਟ ਹੋਣ ਦਾ ਪਤਾ ਲਗਦਾ ਹੈ, ਓਮ ਦੇ ਪ੍ਰਕਾਸ਼ ਵਿਚ ਜਗਰੂਪ ਗ਼ਾਇਬ ਹੋ ਜਾਂਦਾ ਹੈ। ਦੂਸਰੇ ਸਾਲ ਓਮ ਜੀ ਬੋਲਣਾ ਵੀ ਜਾਇਜ਼ ਨਹੀਂ ਸਮਝਦੇ। ਇੱਕ ਜੱਟ ਭਰਾ ਨੂੰ ਸੱਚ ਸੁਣਾ ਬੈਠਿਆ...ਵੀਰ ਜੀ ਗਾਲੀ-ਗਲੋਚ 'ਤੇ ਉੱਤਰ ਆਏ। ਇਨਾ ਪ੍ਰੇਸ਼ਾਨ ਕਰੇ ਕਿ ਕਦੇ-ਕਦੇ ਤਾਂ 'ਸਾਹਿਲ ਵਕੋਦੇ' ਵਾਲੀ ਸਥਿਤੀ ਪੈਦਾ ਹੋ ਜਾਂਦੀ ਸੀ। ਸਾਰੇ ਇੱਕੋ ਜਿਹੇ ਨਹੀਂ ਹੁੰਦੇ, ਮੇਰੇ ਇੱਕ ਹੋਰ ਦੋਸਤ ਨੇ ਉਸ ਕਮਿਊਨਿਸਟ ਦਾ ਅਜਿਹਾ ਅਰਦਾਸਾ ਸੋਧਿਆ ਕਿ ਉਹ ਸਿੱਧਾ ਹੋ ਗਿਆ। ਘੱਟ ਫੈਕਲਟੀ ਵੀ ਨਹੀਂ ਕਰਦੀ ਸੀ। ਵਿਭਾਗ ਦਾ ਮੁਖੀ ਪ੍ਰੋਗ੍ਰੈਸ ਰਿਪੋਰਟ 'ਤੇ ਦਸਤਖਤ ਕਰਨ ਵੇਲੇ ਜਲੀਲ ਕਰਨ ਵਿਚ ਕੋਈ ਕਸਰ ਨਾ ਛੱਡਦਾ...ਅਖੇ ਤੁਹਾਨੂੰ ਤਾਂ ਸਰਕਾਰ ਵਜੀਫਾ ਦਿੰਦੀ ਹੈ, ਤੁਸੀਂ ਹੜਤਾਲ ਕਰਨ ਵਾਲਿਆਂ ਨਾਲ ਕਿਉਂ ਗਏ? ਜੇ ਨਹੀਂ ਜਾਂਦੇ ਤਾਂ ਹੜਤਾਲੀਏ ਜਿਸਮਾਨੀ ਤੌਰ 'ਤੇ ਨੁਕਸਾਨ ਪਚਾਉਂਦੇ ਸਨ। ਹੱਦ ਤਾਂ ਓਦੋਂ ਹੁੰਦੀ ਹੈ, ਜਦ ਤੁਸੀਂ ਬਾਹਰਲੇ ਅਗਜ਼ਾਮੀਨਰ ਵੱਲੋਂ ਪੁੱਛੇ ਹਰ ਸਵਾਲ ਦਾ ਸਹੀ ਉੱਤਰ ਦਿੰਦੇ ਹੋ ਅਤੇ ਉਹ ਥਾਪੀ ਦਿੰਦਾ ਹੋਇਆ ਅੰਦਰੂਨੀ ਅਗਜ਼ਾਮੀਨਰ ਨੂੰ ਕਹਿੰਦਾ ਹੈ; 'ਬੱਚੇ ਨੂੰ ਫਿਜਿਕਸ ਆਉਂਦੀ ਹੈ, ਖਿਆਲ ਰੱਖਣਾ'; ਜਿਸ ਨੂੰ ਗੋਲਡ ਮੈਡਲ ਦੇਣਾ ਹੈ ਉਸ ਨੂੰ ਪ੍ਰੈਕਟੀਕਲ ਵਿਚੋਂ ਹੀ 12% ਜਿਆਦਾ ਦੇ ਦਿੱਤੇ ਜਾਂਦੇ ਹਨ ਅਤੇ ਤੁਹਾਨੂੰ ਹੇਠਾਂ ਖਿਸਕਾ ਕੇ ਖਿਆਲ ਰੱਖ ਲਿਆ ਜਾਂਦਾ ਹੈ।

ਅਜਿਹਾ ਨਹੀਂ ਕਿ ਇਹ ਮੇਰੇ ਨਾਲ ਹੀ ਹੋਇਆ। ਹੋਰ ਵੀ ਬਹੁਤਿਆਂ ਨਾਲ ਹੋਇਆ ਹੋਣਾ ਹੈ। ਹੋ ਰਿਹਾ ਹੈ। ਵਿਦਿਆਰਥੀ ਦੀ ਜਾਤੀ ਸਕੂਲ/ਕਾਲਜ / ਆਈ.ਆਈ.ਟੀ. /ਯੂਨੀਵਰਸਟੀ ਵਿਚ ਦਾਖਲੇ ਤੋਂ ਹੀ ਉਸ ਦੇ ਨਾਲ ਚਲਦੀ ਹੈ। ਵਿੱਦਿਅਕ ਸੰਸਥਾਵਾਂ ਜਾਂ ਹੋਰ ਜਨਤਕ ਅਦਾਰਿਆਂ ਅਤੇ ਸਮਾਜ ਵਿਚ ਜਾਤੀ ਭੇਦ-ਭਾਵ ਦੀਆਂ ਜਟਿਲਤਾਵਾਂ ਕਿਉਂ ਅਤੇ ਕਿਵੇਂ ਸਕਿਰਿਆ ਹੁੰਦੀਆਂ ਹਨ ਅਤੇ ਇਹ ਮਾਨਸਿਕਤਾ ਨੂੰ ਕਿਵੇਂ ਅਤੇ ਕਿਸ ਹੱਦ ਤੱਕ ਪ੍ਰਭਾਵਿਤ ਕਰਦੀਆਂ ਹਨ, ਇੱਕ ਦਲਿਤ ਹੋ ਕੇ ਹੀ ਜਾਣਿਆ ਅਤੇ ਸਮਝਿਆ ਜਾ ਸਕਦਾ ਹੈ।

5 ਸਤੰਬਰ 2011 ਦੇ 'ਦੀ ਹਿੰਦੂ' ਅਖਬਾਰ ਦੀ ਇੱਕ ਰਿਪੋਰਟ ਮੁਤਾਬਿਕ People's World form ਨੇ ਇੱਕ ਡਾਕੂਮੈਂਟਰੀ 'Death of Merit' ਦਾ ਪ੍ਰਦਰਸ਼ਨ ਕਰਵਾਇਆ ਸੀ। ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਅਖੌਤੀ ਨੀਵੀਂ ਜਾਤ ਦੇ ਬੱਚੇ ਪ੍ਰਤਿਭਾਵਾਨ ਹੁੰਦੇ ਹੋਏ ਵੀ ਜਾਤੀ-ਭੇਦ ਭਾਵ ਦਾ ਸ਼ਿਕਾਰ ਹੁੰਦੇ ਹਨ। ਉੱਤਰ ਪ੍ਰਦੇਸ਼ ਤੋਂ ਬਾਲ ਮੁਕੰਦ (ਜਾਤਵ-ਦਲਿਤ) ਦਿੱਲੀ ਦੇ ਏਮਜ਼ ਵਿਚ ਕਿਵੇਂ ਸਤਾਇਆ ਗਿਆ...ਚਮਾਰ ਕਿਵੇਂ ਡਾਕਟਰ ਬਣ ਸਕਦੇ ਨੇ...ਤੂੰ ਤਾਂ ਇੱਥੇ ਰਾਖਵੇਂਕਰਨ ਕਰਕੇ ਹੈਂ...ਆਦਿ ਚੁਭਵੇਂ ਬੋਲਾਂ ਦਾ ਸ਼ਿਕਾਰ ਹੋ ਗਿਆ। ਉਸ ਨੇ ਮਾਰਚ 2010 ਵਿਚ ਆਤਮ-ਹੱਤਿਆ ਕਰ ਲਈ ਸੀ। ਚੰਡੀਗੜ੍ਹ ਦਾ ਜਸਪ੍ਰੀਤ ਸਿੰਘ ਬੀ.ਸੀ.ਏ (Bachelor of Computer Application) ਦਾ ਕੋਰਸ ਕਰ ਰਿਹਾ ਸੀ। ਵਿਭਾਗ ਦਾ ਮੁਖੀ ਉਸ ਨੂੰ ਇਸ ਲਈ ਫੇਲ੍ਹ ਕਰ ਦਿੰਦਾ ਸੀ ਕਿ ਉਹ ਦਲਿਤ ਹੈ। ਮਾਮਲਾ ਅਨੁਸੂਚਿਤ ਜਾਤੀ ਨੈਸ਼ਨਲ ਕਮਿਸ਼ਨ ਦੇ ਧਿਆਨ ਵਿਚ ਲਿਆਂਦਾ ਗਿਆ। ਉਸ ਦੀਆਂ ਉੱਤਰ ਪੱਤਰੀਆਂ ਦਾ ਨਿਰਪੱਖ ਮੁਲਾਂਕਣ ਕਰਵਾਇਆ ਗਿਆ ਅਤੇ ਉਸ ਨੂੰ ਪਾਸ ਐਲਾਨਿਆ ਗਿਆ। ਵਿਭਾਗੀ ਮੁਖੀ ਦੇ ਵਿਰੁੱਧ ਐਫ.ਆਈ.ਆਰ ਹੋਈ। ਆਈ.ਆਈ.ਟੀ ਰੁੜਕੀ ਦੇ ਮਨੀਸ਼ ਕੁਮਾਰ ਨੇ ਹੋਸਟਲ ਵਿਚ ਫਾਹਾ ਲੈ ਲਿਆ ਸੀ। ਫਿਲਮ ਵੀ ਉਨ੍ਹਾਂ ਨੇ ਬਣਾਈ ਸੀ, ਜਿਨ੍ਹਾਂ ਇਸ ਦਾ ਅਨੁਭਵ ਕੀਤਾ ਸੀ।

ਫਿਰ 2016 ਵਿਚ ਯੂਨੀਵਰਸਟੀ ਆਫ ਹੈਦਰਾਬਾਦ ਵਿਚ ਇੱਕ ਪੀ.ਐਚ.ਡੀ ਵਿਦਿਆਰਥੀ ਰੋਹਿਥ ਵੇਮੁੱਲਾ ਨੇ ਜਾਤੀ ਭੇਦ-ਭਾਵ ਤੋਂ ਪ੍ਰੇਸ਼ਾਨ ਹੋ ਕੇ ਆਤਮ-ਹੱਤਿਆ ਕਰ ਲਈ ਸੀ। ਉਸ ਵੇਲੇ ਇਹ ਕੇਸ ਕਾਫੀ ਚਰਚਿਤ ਰਿਹਾ। ਦਸ ਸਾਲ ਬੀਤ ਚੁੱਕੇ ਹਨ। ਇਨ੍ਹਾਂ ਸਾਲਾਂ ਵਿਚ ਬਹੁਤ ਅਜਿਹੇ ਮਾਮਲੇ ਹੋਏ ਹੋਣੇ ਹਨ, ਜਿਹੜੇ ਸਾਹਮਣੇ ਨਹੀਂ ਆ ਸਕੇ। 2026 ਵਿਚ ਸਾਹਿਲ ਵਕੋਦੇ ਦੀ ਆਤਮ ਹੱਤਿਆ ਇੱਕ ਵਾਰ ਫਿਰ ਸਾਹਮਣੇ ਲੈ ਆਈ ਹੈ ਕਿ ਉੱਚ ਸਿੱਖਿਆ ਸੰਸਥਾਵਾਂ ਵਿਚ ਜਾਤੀ ਭੇਦ-ਭਾਵ ਹੋ ਰਿਹਾ ਹੈ।

ਕੋਈ ਪੰਝੀ ਕੁ ਸਾਲ ਪਹਿਲਾਂ ਜਦ ਮੈਂ ਵਿਭਾਗ ਵਿਚ ਉੱਚ ਅਹੁਦੇ 'ਤੇ ਤਾਇਨਾਤ ਸੀ, ਇੱਕ ਪ੍ਰਾਈਵੇਟ ਮੈਡੀਕਲ ਕਾਲਜ ਦੇ ਕੁਝ ਵਿਦਿਆਰਥੀ ਸ਼ਿਕਾਇਤ ਲੈ ਕੇ ਆਏ ਸਨ ਕਿ ਉਨ੍ਹਾਂ ਨੂੰ ਜਾਤੀ ਭੇਦ-ਭਾਵ ਕਰਕੇ ਫੇਲ੍ਹ ਕੀਤਾ ਜਾ ਰਿਹਾ ਹੈ। ਡਾਕਟਰਾਂ ਨੂੰ ਘੂਰਨਾ ਪਿਆ ਸੀ, ਕਿਉਂਕਿ ਮੈਂ ਉਨ੍ਹਾਂ ਵਿਦਿਆਰਥੀਆਂ ਦਾ ਦਰਦ ਸਮਝ ਸਕਦਾ ਸੀ। ਘੂਰ ਕੋਈ ਇਲਾਜ ਨਹੀਂ ਸੀ ਅਤੇ ਨਾ ਹੀ ਹੈ। ਕਾਲਜ ਅਧਿਆਪਨ ਦੇ ਦੌਰਾਨ ਮੈਂ ਫੇਲ੍ਹ ਹੋਣ ਵਾਲਾ ਪਾਸ ਅਤੇ ਪਾਸ ਹੋਣ ਵਾਲਾ ਫੇਲ੍ਹ ਕੀਤਾ ਜਾਂਦਾ ਵੀ ਦੇਖਿਆ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਜਾਤੀ ਭੇਦ-ਭਾਵ ਤੋਂ ਬਿਨਾਂ ਹੋਰ ਮੁੱਦੇ ਸੰਵੇਦਨਸ਼ੀਲਤਾ ਦੀ ਮੰਗ ਨਹੀਂ ਕਰਦੇ? ਬੇਰੁਜਗਾਰੀ, ਆਰਥਿਕ ਨਾ-ਬਰਾਬਰੀ, ਵਾਤਾਵਰਨ ਦੀ ਸੰਭਾਲ, ਪਾਣੀ ਅਤੇ ਹਵਾ ਦਾ ਪ੍ਰਦੂਸ਼ਿਤ ਹੋਣਾ...ਆਦਿ ਸਮੁੱਚੇ ਜੀਵਨ ਲਈ ਸੰਵੇਦਨਸ਼ੀਲਤਾ ਦੀ ਮੰਗ ਕਰਦੇ ਹਨ। ਦਰਅਸਲ ਅਸੀਂ ਸੰਵੇਦਨਸ਼ੀਲ ਕਦੇ ਵੀ ਨਹੀਂ ਸੀ। ਸੰਵੇਦਨਸ਼ੀਲਤਾ ਸਾਡੇ ਸਮਾਜਿਕ ਵਰਤਾਰੇ ਦਾ ਹਿੱਸਾ ਬਣੀ ਹੀ ਨਹੀਂ। ਯੂਨਾਨੀਆਂ ਨੇ 400 ਬੀ.ਸੀ ਵਿਚ ਹੀ ਗੁਲਾਮ-ਪ੍ਰਥਾ ਦਾ ਖਾਤਮਾ ਕਰ ਦਿੱਤਾ ਸੀ। ਜੇਕਰ ਅਸੀਂ ਸੰਵੇਦਨਸ਼ੀਲ ਹੁੰਦੇ ਤਾਂ ਹੁਣ ਤੱਕ ਅਸੀਂ ਵੀ ਜਾਤ-ਪਾਤ ਦਾ ਫਸਤਾ ਵੱਢਿਆ ਹੁੰਦਾ, ਪਰ ਹੋ ਉਲਟ ਰਿਹਾ ਹੈ; ਅਸੀਂ ਜਾਤੀ ਭੇਦ-ਭਾਵ ਰਾਹੀਂ ਜਾਤ ਨੂੰ ਪ੍ਰੋਸਤਾਹਨ ਦੇ ਰਹੇ ਹਾਂ। ਜਾਪਦਾ ਹੈ ਕਿ ਅਸੀਂ ਅਸੰਵੇਦਨਸ਼ੀਲ ਹੁੰਦੇ ਜਾ ਰਹੇ ਹਾਂ। ਸਮੂਹਿਕ ਤੌਰ 'ਤੇ ਅਸੀਂ ਸਮਾਜ ਦੇ ਉੱਚ ਜਾਤੀ ਤਬਕਿਆਂ ਲਈ ਹੀ ਸੰਵੇਦਨਸ਼ੀਲ ਹਾਂ। ਸਭ ਤੋਂ ਹੇਠਲੀ ਸ਼੍ਰੇਣੀ ਨੂੰ ਅਸੀਂ ਪਤਾ ਨਹੀਂ ਕਿੰਨੇ ਕੁ ਨਾਂ ਦੇ ਦਿੱਤੇ ਹਨ ਤਾਂ ਕਿ ਉਹ ਨਾਂ ਤੋਂ ਹੀ ਪਛਾਣੀ ਜਾ ਸਕੇ ਤੇ ਫਿਰ ਅਸੀਂ ਆਪਣੀ ਸੰਵੇਦਨਸ਼ੀਲਤਾ ਦੇ ਮਾਪ-ਦੰਡ ਦੀ ਦਰਜਾਬੰਦੀ ਤਹਿ ਕਰ ਲਈਏ। ਸਾਡੇ ਇਹ ਮਾਪ ਦੰਡ ਤਾਂ ਪਸ਼ੂਆਂ, ਜਾਨਵਰਾਂ, ਪੰਛੀਆਂ ਲਈ ਵੀ ਵੱਖਰੇ-ਵੱਖਰੇ ਹਨ। ਹੋਰ ਤਾਂ ਹੋਰ ਧਾਰਮਿਕ ਅਸਥਾਨਾਂ ਪ੍ਰਤੀ ਸਾਡੀ ਸਵੇਂਦਨਸ਼ੀਲਤਾ ਵੀ ਵੱਖ ਵੱਖ ਕਿਸਮ ਦੀ ਹੈ।

ਅਜਿਹਾ ਵੀ ਨਹੀਂ ਕਿ ਜਾਤੀ ਭੇਦ-ਭਾਵ ਦੀ ਸਮੱਸਿਆ ਨੂੰ ਹੱਲ ਕਰਨ ਦਾ ਯਤਨ ਨਹੀਂ ਕੀਤਾ ਗਿਆ। ਦੇਸ਼ ਆਜ਼ਾਦ ਹੁੰਦਿਆਂ ਹੀ ਸੰਵਿਧਾਨ ਰਾਹੀਂ ਜਾਤੀ ਭੇਦ-ਭਾਵ ਕਾਨੂੰਨੀ ਅਪਰਾਧ ਕਰਾਰ ਦੇ ਦਿੱਤਾ ਗਿਆ ਸੀ। ਬੇਰੁਜਗਾਰੀ, ਆਰਥਿਕ ਨਾ-ਬਰਾਬਰੀ, ਪ੍ਰਦੂਸ਼ਣ ਵਰਗੇ ਹੋਰ ਮਸਲੇ ਵੀ ਸਰਕਾਰੀ ਨੀਤੀਆਂ ਨਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਸਲਿਆਂ ਦੇ ਸਰਕਾਰੀ ਹੱਲ ਉਤਨੇ ਕਾਰਗਰ ਸਾਬਤ ਨਹੀਂ ਹੋ ਰਹੇ ਜਿਤਨੇ ਹੋਣੇ ਚਾਹੀਦੇ ਹਨ। ਮਿਲਟਨ ਫਰੀਡਮੈਨ ਦਾ ਕਥਨ; 'ਕਿਸੇ ਮਸਲੇ ਦਾ ਸਰਕਾਰੀ ਹੱਲ ਆਮ ਤੌਰ 'ਤੇ ਉਸ ਮਸਲੇ ਜਿੰਨਾ ਹੀ ਮਾੜਾ ਹੁੰਦਾ ਹੈ' ਸਹੀ ਜਾਪਦਾ ਹੈ। ਹੱਲ ਦਾ ਅਸਲ ਬਦਲ ਸਾਡੀ ਮਾਨਸਿਕਤਾ ਵਿਚ ਤਬਦੀਲੀ ਨਾਲ ਹੀ ਹੋ ਸਕਦਾ ਹੈ ਪਰ ਸਾਡੇ 'ਮੁੱਖ ਧਾਰਾ ਸਮਾਜ' ਦੀ ਕੁਢੱਬੀ ਮਾਨਸਿਕਤਾ ਦੀ ਵਿਆਖਿਆ ਕਰਨਾ ਹੀ ਅਤਿ ਮੁਸ਼ਕਿਲ ਹੈ, ਇਸ ਵਿਚ ਬਦਲਾਵ ਲਈ ਸਭ ਨੂੰ ਸੰਵੇਦਨਸ਼ੀਲ ਹੋਣਾ ਪਵੇਗਾ। ਅਸੀਂ ਕਿੰਨੇ ਕੁ ਸੰਵੇਦਨਸ਼ੀਲ ਹਾਂ...?

---

# ਧੰਨ ਕੁਰ ਦੌਧਰ ਦੀ.. !

ਦੌਧਰ ਆਲੀ ਧੰਨ ਕੁਰ ਤੋਂ ਵੱਧ ਅੱਜ ਕੱਲ੍ਹ ਪੰਜਾਬ ਦੀ ਹੱਟੀ-ਭੱਠੀ 'ਤੇ ਇੱਕ ਦੇਵੀ ਦੀ ਚਰਚਾ ਹੈ। ਏਸ ਨਾਰੀ ਨੇ ਪੰਜਾਬ ਦੇ ਇੱਕ ਮੰਤਰੀ ਦੇ ਗ਼ਰੀਬਖ਼ਾਨੇ 'ਚ ਚਰਨ ਕੀ ਪਾਏ, ਕਈ ਐਰਿਆਂ-ਗੈਰਿਆਂ ਦਾ ਢਿੱਡ ਦੁੱਖਣ ਲੱਗ ਪਿਆ। ਦੇਵੀਓ ਤੇ ਸੱਜਣੋ! ਕਿਸੇ ਐਰੇ-ਗੈਰੇ ਦੀ ਪ੍ਰਵਾਹ ਨੀ ਕਰਨੀ। ਬੱਸ, ਪੰਜਾਬ ਨੂੰ ਐਨ ਰੰਗਲਾ ਬਣਾ ਕੇ ਸਾਹ ਲੈਣਾ। ਕੌਣ ਘਰ-ਬਾਰ ਛੱਡਦੈ, ਤੁਸਾਂ ਦੇ ਜਜ਼ਬੇ ਤੋਂ ਕੁਰਬਾਨ, ਅਸਾਡੇ ਲਈ ਤਸ਼ਰੀਫ਼ ਆਲਾ ਟੋਕਰਾ ਲੈ ਪੰਜਾਬ ਪਧਾਰੇ ਹੋ। ਜ਼ਰਾ ਬਚਣਾ!



**ਚਰਨਜੀਤ ਭੁੱਲਰ**

ਈ ਡੀ ਆਲੇ ਵੀ ਕੂਚੀ ਲੈ ਕੇ ਹਰਲ-ਹਰਲ ਕਰਦੇ ਫਿਰਦੇ ਨੇ। ਅਖੇ, ਕੀਤੇ ਕਰਾਏ 'ਤੇ ਫੇਰਾਂਗੇ।

ਪੰਜਾਬ 'ਚ ਵੀ ਕਈ 'ਚਾਚਾ ਚੌਧਰੀ' ਨੇ, ਜਿਨ੍ਹਾਂ ਨੂੰ ਕ੍ਰਾਂਤੀਵੀਰਾਂ ਦੀਆਂ ਛੁਪਣਗਾਹਾਂ ਚੁੱਭਦੀਆਂ ਨੇ। ਅੱਕੀਂ-ਪਲਾਹੀ ਹੱਥ ਮਾਰਦੇ ਪਏ ਨੇ, ਅਖੇ! ਗੁਫਾਵਾਂ ਚੋਂ ਲੱਭ ਕੇ ਦਮ ਲਵਾਂਗੇ। ਭਾਈ ਜਾਨ! ਅੱਗੇ ਦੀਵਾਲੀ ਐ, ਹਰ ਕੋਈ ਆਪਣੇ ਘਰ ਨੂੰ ਰੰਗ ਕਰਾਉਂਦੈ। ਏਹ ਰੰਗ ਕਰਨ ਵਾਲੇ ਕੌਣ ਹੁੰਦੇ ਨੇ। ਕੋਈ ਬਿਹਾਰ ਤੋਂ ਹੁੰਦੈ, ਕੋਈ ਯੂ.ਪੀ ਤੋਂ। ਭਲਿਓ ਲੋਕੋ! ਜੇ ਚੰਦ ਸੱਜਣ ਪੰਜਾਬ ਨੂੰ 'ਰੰਗਲਾ' ਬਣਾਉਣ ਲਈ ਬਾਹਰੋਂ ਆ ਵੀ ਗਏ, ਤੁਸਾਂ ਨੂੰ ਮਚੇਵਾਂ ਕਿਉਂ ਹੁੰਦਾ ਪਿਐ। ਪੜਤਾਲ ਚੰਦ ਨਾ ਬਣੋ, ਪੰਜਾਬੀ ਬਣੋ ਤੇ ਫ਼ਰਜ਼ ਨਿਭਾਓ, ਘਰ ਆਏ ਪ੍ਰਾਹੁਣਿਆਂ ਦੀ ਸੇਵਾ 'ਚ ਜੁਟ ਜਾਓ।

ਐਰਿਆਂ-ਗੈਰਿਆਂ ਨਾਲੋਂ ਪੰਜਾਬ ਦੇ ਮੰਤਰੀ ਜਨ ਸੌ ਗੁਣਾ ਚੰਗੇ ਨੇ, ਜਿਨ੍ਹਾਂ ਆਪਣੇ ਸਰਕਾਰੀ ਘਰ 'ਸੇਵਾ ਸੈਂਟਰ' ਬਣਾ ਦਿੱਤੇ ਹਨ। ਭਾਵੇਂ ਕੋਈ ਵੀ ਦੀਨ-ਦੁਖੀਆ ਹੋਵੇ, ਬੱਸ ਇੱਕੋ




ਸ਼ਰਤ ਹੈ ਕਿ ਮਨ 'ਚ ਪੰਜਾਬ ਪ੍ਰਤੀ ਸੇਵਾ ਭਾਵ ਜ਼ਰੂਰ ਹੋਵੇ, ਉਸ ਲਈ ਮੰਤਰੀ ਭਰਾ ਖ਼ੁਦ ਗਲੀਚੇ ਵਿਛਾਉਂਦੇ ਨੇ, ਘਰ ਠਹਿਰਾਉਂਦੇ ਨੇ। ਭਾਵੇਂ ਖ਼ੁਦ ਰੁੱਖੀ ਮਿੱਸੀ ਖਾ ਕੇ ਗੁਜ਼ਾਰਾ ਕਰਨ, ਮਹਿਮਾਨਾਂ ਨੂੰ ਤਲੀਆਂ 'ਤੇ ਚੋਗ ਚੁਗਾਉਣਾ ਨੀਂ ਭੁੱਲਦੇ। ਪੰਜਾਬੀ ਪਰੰਪਰਾ ਦੇ ਅਸਲੀ ਹਲਫ਼ਨਾਮੇ ਤਾਂ ਇਹੋ ਭੱਦਰ ਪੁਰਸ਼ ਨੇ। ਭੁਲੱਖਵਾਦੀ ਸੋਚ 'ਚੋਂ ਨਿਕਲੋ, ਪੁਰਾਣੇ ਯੁੱਗ 'ਚ ਕਿਹੜੇ ਮਾਹਿਰ ਹੁੰਦੇ ਸਨ। ਦਵਾਖ਼ਾਨੇ 'ਚ ਬੈਠਾ ਇੱਕੋ ਵੈਦ ਐਸੀ ਵੈਦਗੀ ਕਰਦਾ, ਨਾਲੇ ਅੱਖਾਂ ਦਾ ਟੀਰ ਦੇਖ ਲੈਂਦਾ, ਨਾਲੇ ਦਿਲ ਦੇ ਰੋਗ ਬੁੱਝ ਲੈਂਦਾ।

ਸ਼ਰਤੀਆ ਇਲਾਜ ਸੀ, ਨਾ ਕੋਈ ਖਾਣ ਪੀਣ ਦੀ ਬੰਦਿਸ਼, ਚਾਹੇ ਰੱਜ ਕੇ ਭਟੂਰੇ ਖਾਓ। ਪੰਜਾਬੀ ਵੀਰ ਤਾਂ ਘਰ ਆਏ ਦੁਸ਼ਮਣ ਨੂੰ ਗਲ ਨਾਲ ਲਾਉਂਦੇ ਨੇ। ਅਸਾਡੇ ਲੋਕਲ ਕ੍ਰਾਂਤੀਵੀਰ, ਦਿੱਲੀ-ਦੱਖਣ ਤੋਂ ਆਏ ਲਲਾਰੀਆਂ ਨੂੰ ਐਨ ਪੈਰ ਜੋੜ ਸਲੂਟ ਮਾਰਦੇ ਨੇ, ਜਿਵੇਂ ਅਰਜਨ ਵੈਲੀ ਦੇ ਪੜਪੋਤੇ ਹੋਣ। ਮੀਨ ਮੇਖ ਕੱਢਣ ਵਾਲਿਓ, ਅਹਿਸਾਨ ਫ਼ਰਾਮੋਸ਼ ਨਾ ਬਣੋ, ਬੱਸ ਧਿਆਨ ਧਰ ਸੇਵਾ ਕਰੋ। ਇੱਕ ਚੁਗਲਈ ਮਹਿਫ਼ਲ ਦਾ ਤਾਨਸੈਨ ਆਖਦੈ, ਬਈ! ਜਿਹੜੇ ਕੱਲ੍ਹ ਤੱਕ ਗ਼ਰੀਬੀ ਰੇਖਾ ਤੋਂ ਥੱਲੇ ਸਨ, ਉਨ੍ਹਾਂ ਦੀ ਹੁਣ ਖ਼ੁਸ਼ਹਾਲੀ ਰੇਖਾ ਰਾਕੇਟ ਬਣੀ ਐ, ਖ਼ਾਸ ਕਰਕੇ ਜਦੋਂ ਦਾ ਉਨ੍ਹਾਂ ਨੇ ਪੰਜਾਬ ਦੀ ਭੂ-ਮੱਧ ਰੇਖਾ 'ਤੇ ਧੂਣਾ ਤਪਾਇਐ।

ਯਾਦ ਕਰੋ ਉਹ ਵੇਲਾ, ਜਦੋਂ ਸੁਭਾਸ਼ ਚੰਦਰ ਬੋਸ ਨੇ ਸਿੰਗਾਪੁਰ ਦੀ ਧਰਤੀ ਤੋਂ 'ਆਜ਼ਾਦ ਹਿੰਦ ਫ਼ੌਜ' ਨੂੰ ਨਾਅਰਾ ਦਿੱਤਾ, 'ਦਿੱਲੀ ਚੱਲੋ'। ਆਜ਼ਾਦੀ ਤਾਂ ਮਿਲ ਗਈ ਪਰ ਇਨਕਲਾਬ ਗੁਆਚ ਗਿਆ। ਦਿੱਲੀ ਦੇ ਸੱਜਣਾਂ ਨੇ ਕਾਕਾ ਇਨਕਲਾਬ ਨੂੰ ਲੱਭਣ ਲਈ ਨਾਅਰਾ ਦਿੱਤਾ, 'ਪੰਜਾਬ ਚੱਲੋ'। ਕਿੰਨੇ ਹੀ ਕ੍ਰਾਂਤੀਵੀਰ ਪੰਜਾਬ ਦੀ ਜੂਹ 'ਚ ਆ ਸਜੇ। ਫਿਰ ਝਾਂਸੀ ਦੀਆਂ ਰਾਣੀਆਂ ਕਿਉਂ ਪਿੱਛੇ ਰਹਿਣ। ਮੁੱਕਦੀ ਗੱਲ ਇਹ ਕਿ ਭਾਈ! ਜੇ ਕੋਈ ਤਿਆਗੀ ਮੱਲ ਪੰਜਾਬ ਦੀ ਸੇਵਾ ਕਰਨਾ ਲੋਚਦੈ ਤਾਂ ਕਰਨ ਦਿਓ, ਐਵੇਂ ਅੜਿੱਕਾ ਸਿੰਘ ਨਾ ਬਣਿਆ ਕਰੋ।

# ਫ਼ਿਲਮ ਲੋਕ

## ‘ਲੱਕ 28’ ਤੋਂ ਤੁਰ ਕੇ ‘ਸਤਲੁਜ’ ਤੱਕ ਪੁੱਜਣ ਵਾਲਾ ਦਿਲਜੀਤ ਦੁਸਾਂਝ



ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

ਦਿਲਜੀਤ ਦੁਸਾਂਝ ਅੱਜ ਕੇਵਲ ਪੰਜਾਬੀ ਸਿਨੇਮਾ ਜਾਂ ਬਾਲੀਵੁੱਡ ਦੀ ਹੀ ਜਾਣੀ-ਪਛਾਣੀ ਹਸਤੀ ਨਹੀਂ ਹੈ ਸਗੋਂ ਸੰਗੀਤ ਦੇ ਖੇਤਰ ਵਿਚ ਵੀ ਉਸਦੀ ਪਛਾਣ ਕੌਮਾਂਤਰੀ ਪੱਧਰ ਦੀ ਹੈ। ਇਹ ਸੱਚ ਹੈ ਕਿ ਨਾ ਤਾਂ ਉਸਦਾ ਪਿਛੋਕੜ ਕਿਸੇ ਸੰਗੀਤਕ ਘਰਾਣੇ ਦਾ ਹੈ ਤੇ ਨਾ ਹੀ ਉਹ ਕਿਸੇ ਵੱਡੇ ਲੈਂਡਲਾਰਡ ਜਾਂ ਅਮੀਰ ਘਰਾਣੇ ਦਾ ਫ਼ਰਜ਼ੰਦ ਹੈ। ਅੱਜ ਉਹ ਜਿਸ ਵੀ ਮੁਕਾਮ 'ਤੇ ਹੈ ਆਪਣੀ ਸਖ਼ਤ ਮਿਹਨਤ, ਲਗਨ ਅਤੇ ਦ੍ਰਿੜ ਨਿਸ਼ਚੇ ਕਰਕੇ ਹੈ। ਬਤੌਰ ਗਾਇਕ ਕਲਾ ਦੀ ਦੁਨੀਆਂ 'ਚ ਕਦਮ ਰੱਖਣ ਵਾਲੇ ਦਿਲਜੀਤ ਨੇ ਬੇਸ਼ੱਕ ਸ਼ੁਰੂਆਤ ਵਿਚ ਸਫ਼ਲਤਾ ਅਤੇ ਸਸਤੀ ਸ਼ੁਹਰਤ ਲਈ 'ਲੱਕ 28 ਕੁੜੀ ਦਾ 47 ਵੇਟ' ਜਿਹੇ ਹਲਕੇ ਪੱਧਰ ਦੇ ਬੋਲਾਂ ਵਾਲੇ ਇਕ-ਦੋ ਗੀਤਾਂ ਦਾ ਸਹਾਰਾ ਲਿਆ ਸੀ ਪਰ ਫਿਰ ਉਸਨੂੰ ਛੇਤੀ ਹੀ ਸਮਝ ਲੱਗ ਗਈ ਸੀ ਕਿ ਲੰਮੀ ਰੇਸ ਦਾ ਘੋੜਾ ਬਣਨ ਲਈ ਕੱਚੇ ਗੀਤਾਂ ਨਾਲ ਗੱਲ ਨਹੀਂ ਬਣੇਗੀ ਤੇ ਉਸਨੇ ਆਪਣੀ ਗਾਇਕੀ ਵਿਚ ਨਿਖ਼ਾਰ ਲਿਆਉਣ ਲਈ ਖ਼ਾਸੀ ਮਿਹਨਤ ਸ਼ੁਰੂ ਕਰ ਦਿੱਤੀ ਤੇ ਫਿਰ ਉਹ ਸਹਿਜੇ-ਸਹਿਜੇ ਕਰ ਕੇ ਕਾਮਯਾਬੀ ਦੀਆਂ ਪੌੜੀਆਂ ਚੜ੍ਹਨ ਲਗ ਪਿਆ। ਛੇਤੀ ਹੀ ਉਹ ਗਾਇਕੀ ਦੇ ਨਾਲ-ਨਾਲ ਅਦਾਕਾਰੀ ਦੇ ਪਿੜ ਵਿਚ ਵੀ ਉਤਰ ਆਇਆ ਤੇ ਆਪਣੀ ਦਿਲਕਸ਼ ਆਵਾਜ਼ ਅਤੇ ਲਾਜਵਾਬ ਅਦਾਕਾਰੀ ਸਦਕਾ ਉਸਦਾ ਸ਼ੁਮਾਰ ਪਾਲੀਵੁੱਡ ਤੇ ਬਾਲੀਵੁੱਡ ਦੇ ਪਹਿਲੀ ਕਤਾਰ ਦੇ ਅਦਾਕਾਰਾਂ ਵਿਚ ਹੋਣ ਲਗ ਪਿਆ। ਅੱਜ ਉਹ ਪੰਜਾਬੀ ਸੰਗੀਤ ਦਾ ਕੌਮਾਂਤਰੀ ਪੱਧਰ 'ਤੇ ਝੰਡਾ ਬੁਲੰਦ ਕਰਨ ਵਾਲਾ ਇਕ ਅਜ਼ੀਮ ਫ਼ਨਕਾਰ ਹੈ। ਸੰਨ 2022 ਤੋਂ ਉਹ ਅਮਰੀਕਾ ਦਾ ਨਾਗਰਿਕ ਹੈ ਪਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਉਸਦਾ ਮੋਹ ਅਥਾਹ ਅਤੇ ਅਪਾਰ ਹੈ।

ਜ਼ਿਲਾ ਜਲੰਧਰ ਦੀ ਤਹਿਸੀਲ ਫਿਲੌਰ ਵਿਚ ਪੈਂਦੇ ਪਿੰਡ ਦੁਸਾਂਝ ਕਲਾਂ ਦੇ ਵਸਨੀਕ ਅਤੇ ਕਿੱਤੇ ਵਜੋਂ ਪੰਜਾਬ ਰੋਡਵੇਜ਼ ਦੇ ਮੁਲਾਜ਼ਮ ਸ.ਬਲਬੀਰ ਸਿੰਘ ਦੇ ਘਰ ਮਾਤਾ ਸੁਖਵਿੰਦਰ ਕੌਰ ਦੀ ਕੁੱਖੋਂ 6 ਜਨਵਰੀ,1984 ਨੂੰ ਜਨਮੇ ਦਿਲਜੀਤ ਦੁਸਾਂਝ ਦਾ ਅਸਲ ਨਾਂ ਦਲਜੀਤ ਸਿੰਘ ਹੈ ਤੇ ਦੁਸਾਂਝ ਕਲਾਂ ਉਸਦੇ ਪਿੰਡ ਦਾ ਨਾਂ ਹੈ। ਕਿਸੇ ਅਮੀਰ ਘਰਾਣੇ ਦਾ ਮੁੰਡਾ ਨਾ ਹੋਣ ਕਰਕੇ ਦਿਲਜੀਤ ਨੂੰ ਵੀ ਆਮ ਘਰਾਂ ਦੇ ਬੱਚਿਆਂ ਵਾਂਗ ਕੁਝ ਵਿੱਤੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਸੀ ਤੇ ਫਿਰ ਉਹ ਛੋਟੀ ਉਮਰੇ ਹੀ ਆਪਣੇ ਇਕ ਨਜ਼ਦੀਕੀ ਰਿਸ਼ਤੇਦਾਰ ਕੋਲ ਲੁਧਿਆਣਾ ਚਲਾ ਗਿਆ ਜਿੱਥੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਉਸਨੇ ਆਪਣੀ ਮੁੱਢਲੀ ਪੜ੍ਹਾਈ ਮੁਕੰਮਲ ਕੀਤੀ। ਸਕੂਲ ਤੋਂ ਹੀ ਗਾਇਕੀ ਦਾ ਸ਼ੌਕ ਪਾਲ ਚੁੱਕੇ ਦਿਲਜੀਤ ਨੂੰ ਨਾ ਤਾਂ ਖ਼ੁਦ ਤੇ ਨਾ ਹੀ ਉਸਦੇ ਦੋਸਤਾਂ-ਰਿਸ਼ਤੇਦਾਰਾਂ ਨੂੰ ਪਤਾ ਸੀ ਕਿ ਅੱਗੇ ਜਾ ਕੇ ਪੰਜਾਬੀ ਦਾ ਸਭ ਤੋਂ ਮਕਬੂਲ ਗਾਇਕ ਅਤੇ ਅਦਾਕਾਰ ਹੋ ਨਿੱਬੜੇਗਾ।

ਸਾਲ 2002 ਵਿਚ 'ਦਿਲ' ਨਾਮਕ ਗੀਤ ਨਾਲ ਗਾਇਕੀ ਦੇ ਸਫ਼ਰ ਦਾ ਆਗਾਜ਼ ਕਰਨ ਵਾਲੇ ਮੁੱਛ-ਫੁੱਟ ਗਭਰੂ ਦਲਜੀਤ ਸਿੰਘ ਦੀ ਸ਼ੁਰੂਆਤੀ ਐਲਬਮ 'ਇਸ਼ਕ ਦਾ ੳ ਅ' ਸੀ ਜਿਸਨੂੰ ਫਾਈਨਟੋਨ ਕੰਪਨੀ ਦੇ ਸ.ਰਜਿੰਦਰ ਸਿੰਘ ਨੇ ਰਿਕਾਰਡ ਤੇ ਰਿਲੀਜ਼ ਕੀਤਾ ਸੀ । ਇਕ ਦਿਲਚਸਪ ਤੱਥ ਇਹ ਵੀ ਹੈ ਕਿ ਉਨ੍ਹਾ ਨੇ ਹੀ ਉਸਦਾ ਨਾਂ 'ਦਲਜੀਤ ਸਿੰਘ' ਤੋਂ ਬਦਲ ਕੇ 'ਦਿਲਜੀਤ ਦੁਸਾਂਝ' ਰੱਖਿਆ ਸੀ। ਦਿਲਜੀਤ ਦੀ



ਇਹ ਪਲੇਠੀ ਐਲਬਮ ਕੋਈ ਵੱਡਾ ਕਰਿਸ਼ਮਾ ਨਾ ਕਰ ਸਕੀ ਤੇ ਦਿਲਜੀਤ ਹੋਰ ਮਿਹਨਤ ਕਰਨ ਵੱਲ ਨੂੰ ਤੁਰ ਪਿਆ। ਦਿਲਜੀਤ ਨੂੰ ਵੱਡੀ ਕਾਮਯਾਬੀ ਉਦੋਂ ਮਿਲੀ ਜਦੋਂ ਉਸਦੀ ਤੀਜੀ ਐਲਬਮ 'ਸਮਾਈਲ' ਰਿਲੀਜ਼ ਹੋਈ ਤੇ ਉਸ ਐਲਬਮ ਵਿਚਲੇ ਦੋ ਗੀਤਾਂ ''ਆ ਗਏ ਪੱਗਾਂ ਪੋਚਵੀਆਂ ਵਾਲੇ'' ਅਤੇ ''ਨੱਚ ਦੀਆਂ ਅੱਲ੍ਹੜਾਂ ਕੁਆਰੀਆਂ ਸੱਪ ਕਾਲ੍ਹੀਆਂ ਗੁੱਤਾਂ ਦੇ ਹਵਾ ਵਿੱਚ ਉੱਡਦੇ'', ਨੇ ਤਾਂ ਜ਼ਮਾਨੇ ਭਰ ਵਿਚ ਧੁੰਮਾਂ ਪਾ ਦਿੱਤੀਆਂ। ਇਸ ਤੋਂ ਬਾਅਦ ਆਈਆਂ 'ਇਸ਼ਕ ਹੋ ਗਿਆ' ਅਤੇ 'ਚਾਕਲੇਟ' ਨਾਮਕ ਐਲਬਮਾਂ ਵੀ ਸੁਪਰਹਿਟ ਹੀ ਰਹੀਆਂ। ਸਾਲ 2009 ਵਿਚ ਦਿਲਜੀਤ ਨੇ ਤਿੰਨ ਵੱਖ-ਵੱਖ ਰੰਗਾਂ ਦੇ ਗੀਤ ਸਰੋਤਿਆਂ ਦੀ ਨਜ਼ਰ ਕੀਤੇ ਤੇ ਸਰੋਤਿਆਂ ਨੇ ਵੀ ਇਨ੍ਹਾ ਗੀਤਾਂ ਨੂੰ ਭਰਪੂਰ ਪਿਆਰ ਦਿੱਤਾ। ਇਹ ਗੀਤ ਸਨ 'ਭਗਤ ਸਿੰਘ','ਈਗੋ' ਅਤੇ 'ਨੋ ਟੈਨਸ਼ਨ'। ਫਿਰ ਇਕ ਦਿਨ ਦਿਲਜੀਤ ਦਾ ਮੇਲ ਗਾਇਕ ਤੇ ਸੰਗੀਤਕਾਰ ਹਨੀ ਸਿੰਘ ਨਾਲ ਹੋ ਗਿਆ ਤੇ ਜਦੋਂ ਹਨੀ ਸਿੰਘ ਦੇ ਸੰਗੀਤ ਨਿਰਦੇਸ਼ਨ ਵਿਚ ਤਿਆਰ ਕੀਤੀ ਐਲਬਮ 'ਦਿ ਨੈਕਸਟ ਲੈਵਲ' ਰਿਲੀਜ਼ ਹੋਈ ਤਾਂ ਇਸ ਐਲਬਮ ਵਿਚ ਸ਼ਾਮਿਲ 'ਦਿਲ ਨੱਚਦਾ','ਦੇਸੀ ਦਾਰੂ','ਐਲ.ਏ.'(ਲੌਸ ਏਂਜਲਸ), ਕਬੱਡੀ', 'ਪੰਗਾ' ਅਤੇ 'ਪੰਜਾਬ' ਨਾਮਕ ਗੀਤ ਤਾਂ



ਚਾਰਟਬਸਟਰ ਸਾਬਿਤ ਹੋਏ। ਇਸ ਤੋਂ ਬਾਅਦ 'ਸਿੱਖ','ਬੈਕ ਟੂ ਬੇਸਿਕਸ','ਕਾਨਫ਼ੀਡੈਂਸ਼ਲ','ਰੋਅਰ','ਗੋਟ','ਮੂਨ ਚਾਈਲਡ ਈਰਾ', 'ਘੋਸਟ' ਅਤੇ 'ਔਰ੍ਹਾ' ਨਾਮਕ ਐਲਬਮਾਂ ਨਾਲ ਸੰਗੀਤ ਪ੍ਰੇਮੀਆਂ ਦੀ ਤ੍ਰਿਪਤੀ ਕਰਦਿਆਂ ਦਿਲਜੀਤ ਨਿਰੰਤਰ ਅੱਗੇ ਵਧ ਰਿਹਾ ਹੈ ਤੇ ਉਸਦੇ ਪ੍ਰਸ਼ੰਸ਼ਕਾਂ ਦੀ ਗਿਣਤੀ ਅੱਜ ਲੱਖਾਂ ਤੋਂ ਕਰੋੜਾਂ 'ਚ ਪੁੱਜ ਗਈ ਹੈ। ਉਸਨੇ ਆਪਣੇ ਤਾਜ਼ਾ 'ਵਰਲਡ ਟੂਰ' ਸਦਕਾ ਪੰਜਾਬੀ ਸੰਗੀਤ ਦੀ ਮਹਿਕ ਦੁਨੀਆਂ ਭਰ ਵਿਚ ਬਿਖੇਰਨ ਦਾ ਵੱਡਾ ਅਤੇ ਸਫ਼ਲ ਉਪਰਾਲਾ ਵੀ ਕੀਤਾ ਹੈ।

ਗ਼ੈਰਪੰਜਾਬੀ ਫ਼ਿਲਮਾਂ ਵਿਚ ਪਲੇਬੈਕ ਗਾਇਕੀ ਹਿਤ ਸੰਨ 2010 ਵਿਚ ਬਣੀ ਫ਼ਿਲਮ 'ਮੇਲ ਕਰਾ ਦੇ ਰੱਬਾ' ਵਿਚਲੇ ਇਕ ਗੀਤ ਰਾਹੀਂ ਉਤਰੇ ਦਿਲਜੀਤ ਦੁਸਾਂਝ ਨੇ ਬਤੌਰ ਹੀਰੋ ਸੰਨ 2011 ਵਿਚ ਬਣੀ ਐਕਸ਼ਨ ਅਤੇ ਰੁਮਾਂਸ ਭਰਪੂਰ ਪੰਜਾਬੀ ਫ਼ਿਲਮ 'ਦਿ ਲਾਇਨ ਆਫ਼ ਪੰਜਾਬ' ਰਾਹੀਂ ਆਪਣੀ ਅਦਾਕਾਰੀ ਦਾ ਸਫ਼ਰ ਸ਼ੁਰੂ ਕੀਤਾ। ਇਹ ਫ਼ਿਲਮ ਬਾਕਸ ਆ ਫ਼ਿਸ 'ਤੇ ਸਧਾਰਨ ਸਫ਼ਲਤਾ ਹੀ ਹਾਸਿਲ ਕਰ ਸਕੀ ਪਰ ਇਸ ਫ਼ਿਲਮ ਵਿਚਲਾ



ਗੀਤ 'ਲੱਕ 28' ਬੇਹੱਦ ਮਕਬੂਲ ਰਿਹਾ ਸੀ। ਸਾਲ 2011 ਵਿਚ ਆਈ ਉਸਦੀ ਦੂਜੀ ਫ਼ਿਲਮ 'ਜਿਹਨੇ ਮੇਰਾ ਦਿਲ ਲੁਟਿਆ' ਵਿਚ ਉਸਦੇ ਸਾਥੀ ਅਦਾਕਾਰ ਗਿੱਪੀ ਗਰੇਵਾਲ ਅਤੇ ਨੀਰੂ ਬਾਜਵਾ ਸਨ ਤੇ ਇਸ ਫ਼ਿਲਮ ਵਿਚਲੇ ਕੁੱਲ 12 ਗੀਤਾਂ ਵਿੱਚੋਂ ਛੇ ਗੀਤ ਦਿਲਜੀਤ ਦੇ ਸਨ। ਸਾਲ 2012 ਵਿਚ ਆਈ ਦਿਲਜੀਤ ਤੇ ਨੀਰੂ ਬਾਜਵਾ ਦੀ ਜੋੜੀ 'ਤੇ ਆਧਾਰਿਤ ਫ਼ਿਲਮ 'ਜੱਟ ਐਂਡ ਜੂਲੀਅਟ' ਬਲਾਕਬਸਟਰ ਰਹੀ ਤੇ ਫਿਰ ਬਾਅਦ ਵਾਲੇ ਸਾਲਾਂ ਵਿਚ ਇਸ ਫ਼ਿਲਮ ਦਾ ਦੂਜਾ ਤੇ ਤੀਜਾ ਭਾਗ ਵੀ ਬਣਾਏ ਗਏ ਤੇ ਇਹ ਦੋਵੇਂ ਭਾਗ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨ ਦੇ ਨਾਲ-ਨਾਲ ਕਰੋੜਾਂ ਰੁਪਏ ਦੀ ਕਮਾਈ ਕਰਨ ਵਿਚ ਵੀ ਕਾਮਯਾਬ ਰਹੇ। ਇਸ ਤੋਂ ਇਲਾਵਾ 'ਸਾਡੀ ਲਵ ਸਟੋਰੀ','ਡਿਸਕੋ ਸਿੰਘ','ਸੁਪਰ ਸਿੰਘ','ਸਰਦਾਰ ਜੀ',' ਅੰਬਰਸਰੀਆ', 'ਮੁਖ਼ਤਿਆਰ ਚੱਢਾ' ਅਤੇ 'ਛੜਾ' ਜਿਹੀਆਂ ਸੁਪਰਹਿਟ ਕਾਮੇਡੀ ਫ਼ਿਲਮਾਂ ਦੇਣ ਵਾਲੇ ਦਿਲਜੀਤ ਨੇ ਕਈ ਸੰਜੀਦਾ ਵਿਸ਼ਿਆਂ 'ਤੇ ਬਣੀਆਂ ਫ਼ਿਲਮਾਂ ਵਿਚ ਭਾਵਪੂਰਤ ਕਿਰਦਾਰ ਅਦਾ ਕਰਕੇ ਆਪਣੇ ਇਕ ਸਫ਼ਲ ਅਭਿਨੇਤਾ ਅਤੇ ਸੁਰੀਲਾ ਗਾਇਕ ਹੋਣ ਦਾ ਪ੍ਰਮਾਣ ਪੇਸ਼ ਕਰ ਦਿੱਤਾ ਹੈ।

ਆਪਣੀ ਅਦਾਕਾਰੀ ਵਿਚ ਨਿਖ਼ਾਰ ਅਤੇ ਸੰਜੀਦਗੀ ਲਿਆਉਂਦਿਆਂ ਹੋਇਆਂ ਦਿਲਜੀਤ ਨੇ ਹੁਣ ਤੱਕ ਕੁਝ ਬੇਹੱਦ ਸੰਜੀਦਾ ਅਤੇ ਯਾਦਗਾਰੀ ਭੂਮਿਕਾਵਾਂ ਵੀ ਅਦਾ ਕੀਤੀਆਂ ਹਨ। ਸੰਨ 2014 ਵਿਚ ਬਣੀ 'ਪੰਜਾਬ 1984' ਨਾਮਕ ਫ਼ਿਲਮ ਵਿਚ ਦਿਲਜੀਤ ਨੇ ਪੁਲਿਸ ਦੇ ਤਸ਼ੱਦਦ ਤੋਂ ਪੀੜਿਤ ਹੋ ਕੇ ਅੱਤਵਾਦੀ ਬਣਨ ਵਾਲੇ ਇਕ ਨਿਰਦੋਸ਼ ਅਤੇ ਅਣਭੋਲ ਪੰਜਾਬੀ ਗਭਰੂ ਦਾ ਕਿਰਦਾਰ ਬੜੀ ਹੀ ਸ਼ਿੱਦਤ ਨਾਲ ਅਦਾ ਕਰਕੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ ਸੀ। ਸੰਨ 2018 ਵਿਚ ਬਣੀ ਫ਼ਿਲਮ 'ਸੱਜਣ ਸਿੰਘ ਰੰਗਰੂਟ' ਵਿਚ ਉਸ ਵੱਲੋਂ ਨਿਭਾਇਆ ਗਿਆ ਬਹਾਦਰ ਤੇ ਬਲਿਦਾਨੀ ਸੱਜਣ ਸਿੰਘ ਨਾਮਕ ਫ਼ੌਜੀ ਨੌਜਵਾਨ ਦਾ ਕਿਰਦਾਰ ਹਰੇਕ ਦਰਸ਼ਕ ਦੇ ਚੇਤੇ ਵਿਚ ਵੱਸਿਆ ਹੋਇਆ ਹੈ। ਉਸਦੀਆਂ 'ਜੋੜੀ' ਅਤੇ 'ਅਮਰ ਸਿੰਘ ਚਮਕੀਲਾ' ਨਾਮਕ ਫ਼ਿਲਮਾਂ ਇਕ ਸੰਘਰਸ਼ਸ਼ੀਲ ਗਾਇਕ ਦੇ ਉਭਾਰ ਅਤੇ ਦੁੱਖਦਾਇਕ ਅੰਤ ਦੀ ਕਹਾਣੀ ਨੂੰ ਬਾਖ਼ੂਬੀ ਬਿਆਨ ਕਰ ਚੁੱਕੀਆਂ ਹਨ। ਪੰਜਾਬੀ ਸਿਨੇਮਾ ਤੋਂ ਹਿੰਦੀ ਸਿਨੇਮਾ ਭਾਵ ਬਾਲੀਵੁੱਡ ਦਾ ਚਹੇਤਾ ਕਲਾਕਾਰ ਬਣਨ ਵਾਲੇ ਦਿਲਜੀਤ ਨੇ ਸੰਨ 2012 ਵਿਚ ਬਣੀ ਫ਼ਿਲਮ 'ਤੇਰੇ ਨਾਲ ਲਵ ਹੋ ਗਿਆ' ਰਾਹੀਂ ਬਾਲੀਵੁੱਡ ਵਿਚ ਪ੍ਰਵੇਸ਼ ਕੀਤਾ ਸੀ ਪਰ ਬਾਲੀਵੁੱਡ ਵਿਚ ਉਸਨੂੰ ਵੱਖਰੀ ਪਛਾਣ ਸਾਲ 2016 ਵਿਚ ਆਈ ਫ਼ਿਲਮ 'ਉੜਤਾ ਪੰਜਾਬ' ਰਾਹੀਂ ਮਿਲੀ ਸੀ। ਇਸ ਤੋਂ ਬਾਅਦ ਉਹ ' ਫ਼ਿਲੌਰੀ','ਸੂਰਮਾ','ਅਰਜੁਨ ਪਟਿਆਲਾ','ਗੁੱਡ ਨਿਊਜ਼','ਜੋਗੀ','ਸੂਰਜ ਪੇ ਮੰਗਲ ਭਾਰੀ' ਅਤੇ 'ਅਮਰ ਸਿੰਘ ਚਮਕੀਲਾ' ਆਦਿ ਫ਼ਿਲਮਾਂ ਵਿਚ ਵਧੀਆ ਕਿਰਦਾਰ ਅਦਾ ਕਰਦਿਆਂ ਹੋਇਆਂ ਬਾਲੀਵੁੱਡ ਦੇ ਸਭ ਤੋਂ ਚਹੇਤੇ



ਅਦਾਕਾਰਾਂ ਦੀ ਕਤਾਰ ਵਿਚ ਸ਼ਾਮਿਲ ਹੋ ਚੁੱਕਾ ਹੈ।

ਵਰਤਮਾਨ ਸਾਲ 2026 ਵਿਚ ਦਿਲਜੀਤ ਨੇ ਤਿੰਨ ਜ਼ਬਰਦਸਤ ਫ਼ਿਲਮਾਂ ਨਾਲ ਆਪਣੀ ਸੰਜੀਦਾ ਅਤੇ ਸਾਰਥਕ ਅਦਾਕਾਰੀ ਦਾ ਭਰਪੂਰ ਮੁਜ਼ਾਹਰਾ ਕਰਕੇ ਦਰਸ਼ਕਾਂ, ਸਮੀਖਿਅਕਾਂ ਅਤੇ ਆਲੋਚਕਾਂ ਤੋਂ ਭਰਪੂਰ ਪ੍ਰਸ਼ੰਸਾ ਹਾਸਿਲ ਕੀਤੀ ਹੈ ਤੇ ਆਪਣੀ ਅਦਾਕਾਰੀ ਦਾ ਗ੍ਰਾਫ਼ ਹੋਰ ਉੱਚਾ ਚੁੱਕਿਆ ਹੈ। ਫ਼ਿਲਮ 'ਬਾਰਡਰ-2' ਵਿਚ ਉਸ ਵੱਲੋਂ ਨਿਭਾਇਆ ਗਿਆ ਫਲਾਇੰਗ ਅਫ਼ਸਰ ਸ.ਨਿਰਮਲਜੀਤ ਸਿੰਘ ਸੇਖੋਂ ਦਾ ਕਿਰਦਾਰ ਬਾਕਮਾਲ ਰਿਹਾ ਹੈ। ਸੰਨ 1947 ਵਿਚ ਹੋਈ ਦੇਸ਼ ਵੰਡ ਦੇ ਵਿਸ਼ੇ 'ਤੇ ਆਧਾਰਿਤ ਫ਼ਿਲਮ 'ਮੈਂ ਵਾਪਿਸ ਆਊਗਾ' ਵਿਚ ਵੀ ਉਸਦੀ ਅਦਾਕਾਰੀ ਮਨਮੋਹਕ ਅਤੇ ਭਾਵਪੂਰਤ ਰਹੀ ਹੈ ਪਰ ਉਸਨੂੰ ਸਭ ਤੋਂ ਵੱਧ ਸ਼ਲਾਘਾ ਤਾਜ਼ਾ ਰਿਲੀਜ਼ ਅਤੇ ਫ਼ਿਲਹਾਲ ਸਰਕਾਰੀ ਪਾਬੰਦੀ ਝੱਲ ਰਹੀ ਫ਼ਿਲਮ 'ਸਤਲੁਜ' ਤੋਂ ਮਿਲੀ ਹੈ।

ਪੰਜਾਬ 'ਚੋਂ ਅੱਤਵਾਦ ਖ਼ਤਮ ਕਰਨ ਦੇ ਨਾਂ 'ਤੇ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਪੰਜਾਬ ਦੇ ਹਜ਼ਾਰਾਂ ਬੇਕਸੂਰ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦੇਣ ਅਤੇ ਅਣਪਛਾਤੀਆਂ ਲਾਸ਼ਾਂ ਦੱਸ ਕੇ ਸਸਕਾਰ ਕਰ ਦੇਣ ਦੇ ਘਿਨਾਉਣੇ ਮਾਮਲਿਆਂ ਦੀ ਪੜਤਾਲ ਕਰਕੇ ਦੋਸ਼ੀਆਂ ਦੇ ਚਿਹਰਿਆਂ ਤੋਂ ਨਕਾਬ ਨੋਚ ਲੈਣ ਵਾਲੇ ਬਹਾਦਰ ਤੇ ਬੇਬਾਕ ਮਨੁੱਖੀ ਅਧਿਕਾਰ ਕਾਰਕੁਨ ਸ.ਜਸਵੰਤ ਸਿੰਘ ਖਾਲੜਾ ਦਾ ਕਿਰਦਾਰ ਜਿਸ ਕਦਰ ਸ਼ਿੱਦਤ ਅਤੇ ਸੰਜੀਦਗੀ ਨਾਲ ਦਿਲਜੀਤ ਨੇ ਨਿਭਾਇਆ ਹੈ,ਉਹ ਲਫ਼ਜ਼ਾਂ ਵਿਚ ਬਿਆਨ ਤੋਂ ਪਰ੍ਹੇ ਹੈ। ਜਸਵੰਤ ਸਿੰਘ ਖਾਲੜਾ ਦੇ ਸਿਸਟਮ ਨਾਲ ਟਕਰਾਉਣ ਦੇ ਸੰਘਰਸ਼ ਅਤੇ ਉਸਦੇ ਦਰਦਨਾਕ ਅੰਤ ਦੀ ਗਾਥਾ ਬਿਆਨ ਕਰਦੀ ਫ਼ਿਲਮ 'ਸਤਲੁਜ' ਵਿਚ ਦਿਲਜੀਤ ਵੱਲੋਂ ਨਿਭਾਇਆ ਗਿਆ ਜਸਵੰਤ ਸਿੰਘ ਖਾਲੜਾ ਦਾ ਕਿਰਦਾਰ ਲੋਕਾਂ ਅੰਦਰ ਰੋਹ ਦੀ ਭਾਵਨਾ ਜਗਾਉਣ ਦੇ ਨਾਲ-ਨਾਲ ਸਰਕਾਰਾਂ ਦੀ ਰੀੜ੍ਹ ਦੀ ਹੱਡੀ ਨੂੰ ਕੰਬਣੀ ਲਿਆ ਦੇਣ ਵਿਚ ਸਫ਼ਲ ਰਿਹਾ ਹੈ। ਆਨੇ-ਬਹਾਨੇ ਸਰਕਾਰਾਂ ਨੇ ਫ਼ਿਲਮ 'ਤੇ ਪਾਬੰਦੀ ਆਇਦ ਕਰ ਦਿੱਤੀ ਹੈ ਪਰ ਪੰਜਾਬ ਦੇ ਲੋਕਾਂ ਨੇ ਪਿੰਡ-ਪਿੰਡ ਤੇ ਸ਼ਹਿਰ-ਸ਼ਹਿਰ ਇਹ ਫ਼ਿਲਮ ਪ੍ਰਦਰਸ਼ਿਤ ਕਰਕੇ ਸਰਕਾਰਾਂ ਨੂੰ ਇਹ ਦਰਸਾ ਦਿੱਤਾ ਹੈ ਕਿ ਸੱਚ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ ਹੈ। ਜਸਵੰਤ ਸਿੰਘ ਖਾਲੜਾ ਦੀ ਕੁਰਬਾਨੀ ਨੂੰ ਬੜੇ ਹੀ ਅਰਥਪੂਰਨ ਢੰਗ ਨਾਲ ਲੋਕਾਂ ਦੇ ਰੂਬਰੂ ਕਰਕੇ ਸੱਚ ਨੂੰ ਉਭਾਰਨ ਵਾਲੇ ਦਿਲਜੀਤ ਦੀ ਅਦਾਕਾਰੀ ਨੂੰ ਸਲਾਮ ਹੈ।

-410,ਚੰਦਰ ਨਗਰ,ਬਟਾਲਾ।
ਮੋ. 97816-46008



# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 3284 Faith Ct, San Jose CA 95127
2. 5405 Farina Ln, Fremont CA 94538
3. 32432 Deborah Dr, Union City CA 94587
4. 5560 Boscell Commom Ter, Fremont, CA 94538
5. 116 Mahogany Ln, Union City CA, 94587
6. 2447 Capri Ct, Manteca CA 95337
7. 830 Heaven Court, Hayward CA 94544
8. 38573 Farwell Drive, Fremont CA 94536
9. 4737 Valencia Way, Union City CA 94587
10. 333 Raymundo Dr, Woodside, CA 94062
11. 3690 Cowell Rd, Concord, CA, 94518
12. 4201 Saturn way, Union city CA 94587
13. 6746 Sapphire Street, Dublin CA 94568
14. 7722 Curry Dr, Gilroy CA 95020

## Purchase Loan and Refinance

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095

19-20